ਐਤਵਾਰ, 24 ਨਵੰਬਰ, 2024

9 ਮੱਘਰ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 174

# ਨਵਾਂ ਜ਼ਮਾਨਾ

DAILY NAWAN ZAMANA • SUNDAY, 24 NOVEMBER, 2024 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14


# ਝਾਰਖੰਡ 'ਚ ਫਿਰ ਸੋਰੇਨ ਸਰਕਾਰ, ਮਹਾਰਾਸ਼ਟਰ 'ਚ ਮਹਾਯੁਤੀ



**ਮੁੰਬਈ** : ਮਹਾਯੁਤੀ ਦੇ ਹੱਕ 'ਚ ਜਨਤਾ ਨੇ ਭਰਪੂਰ ਵੋਟ ਦਿੱਤਾ ਅਤੇ ਉਨ੍ਹਾਂ ਨੂੰ 223 ਸੀਟਾਂ ਮਿਲੀਆਂ। ਮਹਾਯੁਤੀ ਦੀ ਹਨੇਰੀ ਅੱਗੇ ਮਹਾਂਵਿਕਾਸ ਅਘਾੜੀ ਕਿਤੇ ਨਹੀਂ ਟਿਕੀ। ਉਨ੍ਹਾਂ ਨੂੰ 288 'ਚੋਂ ਸਿਰਫ਼ 55 ਸੀਟਾਂ ਹੀ ਮਿਲ ਸਕੀਆਂ। ਮਹਾਰਾਸ਼ਟਰ ਦੀ ਸਿਆਸੀ ਬੈਟਲ ਦੇ ਸਭ ਤੋਂ ਵੱਡੇ ਖਿਡਾਰੀ ਤਾਂ ਉਹ ਨੇਤਾ ਬਣ ਕੇ ਸਾਹਮਣੇ ਆਏ, ਜਿਸ ਨੂੰ ਚੋਣ ਰੈਲੀਆਂ ਦੌਰਾਨ ਮੰਚਾਂ ਤੋਂ ਊਧਵ ਠਾਕਰੇ ਅਤੇ ਉਨ੍ਹਾ ਦੇ ਪੁੱਤਰ ਅਦਿੱਤਿਆ ਨੇ 'ਗੱਦਾਰ' ਕਹਿ ਕੇ ਵਾਰ-ਵਾਰ ਸੰਬੋਧਨ ਕੀਤਾ, ਪਰ ਹੁਣ ਇਸ ਤਰ੍ਹਾਂ ਲੱਗਦਾ ਹੈ ਕਿ ਮਹਾਰਸ਼ਟਰ ਦੇ ਲੋਕਾਂ ਨੇ 'ਗੱਦਾਰ' ਨੂੰ ਹੀ ਅਸਲੀ ਹੱਕਦਾਰ ਮੰਨ ਲਿਆ।

ਜਿੱਤ 'ਤੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਸਾਰੇ ਵੋਟਰਾਂ ਦਾ ਧੰਨਵਾਦ ਕੀਤਾ। ਉਥੇ ਹੀ ਦੂਜੇ ਪਾਸੇ ਦੇਵੇਂਦਰ ਫੜਨਵੀਸ ਨੇ ਮੁੱਖ ਮੰਤਰੀ ਚਿਹਰੇ 'ਤੇ ਹਾਲੇ ਕੁਝ ਵੀ ਬੋਲਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਕੋਈ ਵਿਵਾਦ ਨਹੀਂ ਹੈ। ਤਿੰਨੇ ਪਾਰਟੀਆਂ ਮਿਲ ਕੇ ਇਸ 'ਤੇ ਫੈਸਲਾ ਲੈਣਗੀਆਂ। ਇਸ ਜਿੱਤ ਲਈ ਮਹਾਰਾਸ਼ਟਰ ਦੀ ਜਨਤਾ ਦਾ ਧੰਨਵਾਦ। ਉਨ੍ਹਾ ਕਿਹਾ ਕਿ ਇਹ ਸਾਡੀ ਨਹੀਂ, ਮਹਾਰਾਸ਼ਟਰ ਦੀ ਜਨਤਾ ਦੀ ਜਿੱਤ ਹੈ। ਮਹਾਂਵਿਕਾਸ ਅਘਾੜੀ ਵੱਲੋਂ ਊਧਵ ਦੀ ਸ਼ਿਵ ਸੈਨਾ ਦੇ ਸਾਂਸਦ ਸੰਜੈ ਰਾਊਤ ਇਨ੍ਹਾਂ ਨਤੀਜਿਆਂ ਤੋਂ ਖੁਸ਼ ਨਹੀਂ ਦਿਖਾਈ ਦਿੱਤੇ। ਉਨ੍ਹਾਂ ਇਸ 'ਤੇ ਸਵਾਲ ਉਠਾਏ।

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਝਾਰਖੰਡ ਅਤੇ ਮਹਾਰਾਸ਼ਟਰ ਦੇ ਨਤੀਜਿਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਐੱਕਸ 'ਤੇ ਲਿਖਿਆ, "ਝਾਰਖੰਡ ਦੇ ਲੋਕਾਂ ਦਾ 'ਇੰਡੀਆ' ਨੂੰ ਵਿਸ਼ਾਲ ਜਨਾਦੇਸ਼ ਦੇਣ ਲਈ ਦਿਲ ਤੋਂ ਧੰਨਵਾਦ। ਮੁੱਖ ਮੰਤਰੀ ਹੇਮੰਤ ਸੋਰੇਨ, ਕਾਂਗਰਸ ਅਤੇ ਝਾਮੂਮੋ ਦੇ ਸਾਰੇ ਵਰਕਰਾਂ ਨੂੰ ਇਸ ਜਿੱਤ ਲਈ ਧੰਨਵਾਦ ਅਤੇ ਸ਼ੁਭਕਾਮਨਾਵਾਂ। ਪ੍ਰਦੇਸ਼ 'ਚ ਗਠਜੋੜ ਦੀ ਇਹ ਜਿੱਤ ਸੰਵਿਧਾਨ ਦੇ ਨਾਲ ਜਲ-ਜੰਗਲ-ਜ਼ਮੀਨ ਦੀ ਸੁਰੱਖਿਆ ਦੀ ਜਿੱਤ ਹੈ।" ਉਥੇ ਹੀ ਮਹਾਰਾਸ਼ਟਰ ਦੇ ਨਤੀਜਿਆਂ 'ਤੇ ਸਵਾਲ ਖੜੇ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ, 'ਮਹਾਰਾਸ਼ਟਰ ਦੇ ਨਤੀਜੇ ਨਾ-ਮੰਨਣਯੋਗ ਵਾਲੇ ਹਨ, ਇਨ੍ਹਾਂ 'ਤੇ ਅਸੀਂ ਵਿਸਥਾਰ ਨਾਲ ਵਿਸ਼ਲੇਸ਼ਣ ਕਰਾਂਗੇ। ਸੂਬੇ ਦੇ ਸਾਰੇ ਵੋਟਰਾਂ ਨੂੰ ਉਨ੍ਹਾਂ ਦਾ ਸਮਰਥਨ ਅਤੇ ਸਾਰੇ ਵਰਕਰਾਂ ਨੂੰ ਉਨ੍ਹਾਂ ਦੀ ਮਿਹਨਤ ਲਈ ਧੰਨਵਾਦ।'

ਊਧਵ ਠਾਕਰੇ ਨੇ ਪ੍ਰੈੱਸ ਕਾਨਫਰੰਸ ਕਰਕੇ ਵੋਟਰਾਂ ਨੂੰ ਧੰਨਵਾਦ ਦਿੱਤਾ। ਨਾਲ ਹੀ ਉਨ੍ਹਾ ਮਹਾਯੁਤੀ ਸਰਕਾਰ 'ਤੇ ਨਿਸ਼ਾਨਾ

● ਬਾਕੀ ਸਫ਼ਾ 2 'ਤੇ

# ਤਿੰਨ ਸੀਟਾਂ 'ਤੇ ਆਪ ਦੀ ਝੰਡੀ, ਇੱਕ ਕਾਂਗਰਸ ਦੇ ਹਿੱਸੇ

## ਡਾ. ਇਸ਼ਾਂਕ ਨੇ ਦਿੱਗਜਾਂ ਨੂੰ ਦਿੱਤੀ ਮਾਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**-ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਨੌਜਵਾਨ ਉਮੀਦਵਾਰ ਇਸ਼ਾਂਕ ਚੱਬੇਵਾਲ ਨੇ ਸਿਆਸੀ ਦਿੱਗਜ਼ਾਂ ਨੂੰ ਮਾਤ ਦਿੰਦੇ ਹੋਏ ਵੱਡੀ ਜਿੱਤ ਹਾਸਲ ਕੀਤੀ ਹੈ।ਇਸ਼ਾਂਕ ਚੱਬੇਵਾਲ 28690 ਵੋਟਾਂ ਦੀ ਲੀਡ ਨਾਲ ਜੇਤੂ ਰਹੇ।ਇਸ਼ਾਂਕ ਨੂੰ 51904 ਵੋਟਾਂ ਮਿਲੀਆਂ, ਜਦਕਿ ਕਾਂਗਰਸ ਦੇ ਐਡਵੋਕੇਟ ਰਣਜੀਤ ਕੁਮਾਰ ਨੂੰ 23214 ਵੋਟਾਂ ਹਾਸਲ ਹੋਈਆਂ। ਇਸ ਤੋਂ ਇਲਾਵਾ ਭਾਜਪਾ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੂੰ 8692 ਵੋਟਾਂ ਹਾਸਲ ਹੋਈਆਂ।ਸਮਾਜ ਭਲਾਈ ਮੋਰਚਾ ਦੇ ਦਵਿੰਦਰ ਕੁਮਾਰ ਸਰੋਆ ਨੂੰ 307, ਆਜ਼ਾਦ ਉਮੀਦਵਾਰ ਦਵਿੰਦਰ ਘੇੜਾ

● ਬਾਕੀ ਸਫ਼ਾ 2 'ਤੇ

## ਗੁਰਦੀਪ ਸਿੰਘ ਰੰਧਾਵਾ 5699 ਵੋਟਾਂ ਨਾਲ ਜੇਤੂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡਿਪਟੀ ਕਮਿਸ਼ਨਰ ਕਮ-ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਜੇਤੂ ਰਹੇ। ਉਨ੍ਹਾ 5699 ਵੋਟਾਂ ਦੀ ਲੀਡ ਨਾਲ ਜਿੱਤ ਹਾਸਲ ਕੀਤੀ। ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ 59104 ਵੋਟਾਂ ਪਈਆਂ।ਇਸ ਤਰ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਨੂੰ 53405,

● ਬਾਕੀ ਸਫ਼ਾ 2 'ਤੇ

## ਕਾਂਗਰਸ ਦੇ ਕਾਲਾ ਢਿੱਲੋਂ ਜੇਤੂ

**ਬਰਨਾਲਾ** : ਬਰਨਾਲਾ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਵਿੱਚ ਕਾਂਗਰਸ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਜਿੱਤ ਹਾਸਲ ਕੀਤੀ ਹੈ। ਕਾਲਾ ਢਿੱਲੋਂ ਨੇ 2147 ਵੋਟਾਂ ਦੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ। ਕਾਲਾ ਢਿੱਲੋਂ ਨੂੰ 28226 ਵੋਟਾਂ ਹਾਸਲ ਹੋਈਆਂ ਹਨ, ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ 26079 ਵੋਟਾਂ ਮਿਲੀਆਂ।ਇਸ ਤੋਂ ਇਲਾਵਾ ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 17937 ਵੋਟਾਂ ਹਾਸਲ ਹੋਈਆਂ, ਜਦਕਿ ਆਜ਼ਾਦ ਉਮੀਦਵਾਰ ਗੁਰਦੀਪ ਬਾਠ ਨੂੰ 16893 ਵੋਟਾਂ ਮਿਲੀਆਂ।

## ਡਿੰਪੀ ਢਿੱਲੋਂ ਨੇ ਮਾਰੀ ਬਾਜ਼ੀ

**ਗਿੱਦੜਬਾਹਾ** : ਵਿਧਾਨ ਸਭਾ ਹਲਕਾ ਗਿੱਦੜਬਾਹਾ 'ਚ ਆਮ ਆਦਮੀ ਪਾਰਟੀ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੱਡੀ ਜਿੱਤ ਹਾਸਲ ਕੀਤੀ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ 21801 ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਰਹੇ ਹਨ। ਡਿੰਪੀ

● ਬਾਕੀ ਸਫ਼ਾ 2 'ਤੇ

## ਪ੍ਰਿਅੰਕਾ ਗਾਂਧੀ ਦੀ ਜ਼ਬਰਦਸਤ ਜਿੱਤ



**ਵਾਇਨਾਡ** : ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਸ਼ਨੀਵਾਰ ਵਾਇਨਾਡ ਲੋਕ ਸਭਾ ਉਪ ਚੋਣ ਜਿੱਤ ਲਈ, ਜੋ ਉਨ੍ਹਾ ਦੀ ਪਹਿਲੀ ਚੋਣ ਜਿੱਤ ਹੈ। ਉਨ੍ਹਾ ਇਸ ਸਾਲ ਦੀ ਸ਼ੁਰੂਆਤ 'ਚ 2024 ਦੀਆਂ ਲੋਕ ਸਭਾ ਚੋਣਾਂ 'ਚ ਆਪਣੇ ਭਰਾ ਰਾਹੁਲ ਗਾਂਧੀ ਵੱਲੋਂ ਹਾਸਲ ਕੀਤੇ ਗਏ ਵੋਟਾਂ ਦੇ ਫਰਕ ਨੂੰ ਪਾਰ ਕਰ ਲਿਆ। ਵਾਇਨਾਡ 'ਚ ਪ੍ਰਿਅੰਕਾ ਗਾਂਧੀ 4 ਲੱਖ ਤੋਂ ਵੱਧ ਵੱਡੇ ਫਰਕ ਨਾਲ ਜਿੱਤੀ। ਇਸ ਤੋਂ ਬਾਅਦ ਪ੍ਰਿਅੰਕਾ ਨੇ 'ਐੱਕਸ' 'ਤੇ ਟਵੀਟ ਕਰਦੇ ਹੋਏ ਲਿਖਿਆ—ਵਾਇਨਾਡ ਦੀਆਂ ਮੇਰੀਆਂ ਪਿਆਰੀਆਂ ਭੈਣਾਂ ਅਤੇ ਭਰਾ, ਤੁਸੀਂ ਮੇਰੇ 'ਤੇ ਜੋ ਭਰੋਸਾ ਪ੍ਰਗਟਾਇਆ, ਉਸ ਲਈ ਮੈਂ ਕੋਟਿਨ ਕੋਟ ਧੰਨਵਾਦੀ ਹਾਂ। ਮੈਂ ਇਹ ਪੱਕਾ ਕਰੂੰਗੀ ਕਿ ਸਮੇਂ ਦੇ ਨਾਲ ਤੁਸੀਂ ਇਹ ਮਹਿਸੂਸ ਕਰੋਗੇ ਕਿ ਇਹ ਜਿੱਤ ਤੁਹਾਡੀ ਆਪਣੀ ਜਿੱਤ ਹੈ ਅਤੇ ਜਿਸ ਵਿਅਕਤੀ ਨੂੰ ਤੁਸੀਂ ਆਪਣੀ ਅਗਵਾਈ ਕਰਨ ਲਈ ਚੁਣਿਆ ਹੈ, ਉਹ ਤੁਹਾਡੀਆਂ ਆਸ਼ਾਵਾਂ ਤੇ ਸੁਪਨਿਆਂ ਨੂੰ ਸਮਝਦਾ ਅਤੇ ਤੁਹਾਡੇ ਲਈ ਲੜਦਾ ਹੈ। ਪ੍ਰਿਅੰਕਾ ਨੇ ਲਿਖਿਆ ਕਿ ਮੈਨੂੰ ਇਹ ਸਨਮਾਨ ਦੇਣ ਲਈ ਵਾਇਨਾਡ ਵਾਸੀਆਂ ਨੂੰ ਧੰਨਵਾਦ ਅਤੇ ਇਸ ਤੋਂ ਵੱਧ ਤੁਸੀਂ ਮੈਨੂੰ ਜੋ ਪਿਆਰ ਦਿੱਤਾ, ਉਸ ਲਈ ਧੰਨਵਾਦ।

## ਯੂ ਪੀ 'ਚ ਭਾਜਪਾ ਦਾ 7 ਸੀਟਾਂ 'ਤੇ ਕਬਜ਼ਾ

**ਨਵੀਂ ਦਿੱਲੀ** : ਉਤਰ ਪ੍ਰਦੇਸ਼ ਦੀਆਂ 9 ਵਿਧਾਨ ਸਭਾ ਸੀਟਾਂ 'ਤੇ ਹੋਈ ਉਪ ਚੋਣ 'ਚ ਭਾਜਪਾ ਨੇ 9 'ਚੋਂ 7 ਸੀਟਾਂ 'ਤੇ ਜਿੱਤ ਹਾਸਲ ਕੀਤੀ, ਜਦਕਿ ਦੋ ਸੀਟਾਂ 'ਤੇ ਸਮਾਜਵਾਦੀ ਪਾਰਟੀ ਦੀ ਜਿੱਤ ਹੋਈ। ਐੱਨ ਡੀ ਏ ਦੀ ਸਹਿਯੋਗੀ ਆਰ ਐੱਲ ਡੀ ਮੀਰਾਪੁਰ ਸੀਟ ਤੋਂ ਚੋਣ ਲੜ ਰਹੀ ਸੀ, ਜਿੱਥੋਂ ਉਸ ਨੂੰ ਜਿੱਤ ਹਾਸਲ ਹੋਈ। ਬਾਕੀ 8 ਸੀਟਾਂ 'ਤੇ ਭਾਜਪਾ ਲੜ ਰਹੀ ਸੀ। ਉਥੇ ਹੀ 'ਇੰਡੀਆ' ਗਠਜੋੜ ਵੱਲੋਂ ਸਾਰੀਆਂ 9 ਸੀਟਾਂ 'ਤੇ ਸਪਾ ਲੜ ਰਹੀ ਸੀ। ਉਤਰ ਪ੍ਰਦੇਸ਼ ਦੀ ਕੁੰਦਰਕੀ ਵਿਧਾਨ ਸਭਾ ਸੀਟ 'ਤੇ 62 ਫੀਸਦੀ ਮੁਸਲਿਮ ਵੋਟਰ ਹਨ, ਪਰ ਇੱਥੇ ਭਾਜਪਾ ਨੂੰ 130,000 ਤੋਂ ਵੀ ਵੱਧ ਵੋਟਾਂ ਨਾਲ ਜਿੱਤ ਹਾਸਲ ਹੋਈ।

## ਸਵਰਾ ਨੇ ਈ ਵੀ ਐੱਮ 'ਤੇ ਉਠਾਏ ਸਵਾਲ



**ਮੁੰਬਈ** : ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਮਸ਼ਹੂਰ ਅਦਾਕਾਰਾ ਸਵਰਾ ਭਾਸਕਰ ਦੇ ਪਤੀ ਫਹਾਦ ਅਹਿਮਦ ਮੁੰਬਈ ਉਪ ਨਗਰ ਜ਼ਿਲ੍ਹੇ ਦੀ ਅਣੂਸ਼ਕਤੀ ਨਗਰ ਵਿਧਾਨ ਸਭਾ ਸੀਟ 'ਤੇ ਐਨ ਸੀ ਪੀ ਨੇਤਾ ਨਵਾਬ ਮਲਿਕ ਦੀ ਬੇਟੀ ਸਨਾ ਮਲਿਕ ਖਿਲਾਫ਼ ਚੋਣ ਲੜ ਰਹੇ ਸਨ। ਫਹਾਦ ਅਹਿਮਦ ਆਪਣੇ ਵਿਰੋਧੀ ਐੱਨ ਸੀ ਪੀ ਉਮੀਦਵਾਰ ਸਨਾ ਮਲਿਕ ਤੋਂ ਹਾਰ ਗਏ। ਇਸ ਹਾਰ ਤੋਂ ਬਾਅਦ ਸਵਰਾ ਭਾਸਕਰ ਨੇ ਆਪਣੇ ਪਤੀ ਦੀ ਹਾਰ ਤੋਂ ਬਾਅਦ ਈ ਵੀ ਐੱਮ 'ਤੇ ਸਵਾਲ ਉਠਾਏ ਹਨ। ਨਾਲ ਹੀ ਚੋਣ ਕਮਿਸ਼ਨ ਤੋਂ ਜਵਾਬ ਵੀ ਮੰਗਿਆ। ਅਸਲ 'ਚ ਫਹਾਦ ਅਹਿਮਦ ਦੇ ਹਾਰਨ ਤੋਂ ਬਾਅਦ ਸਵਰਾ ਭਾਸਕਰ ਨੇ 'ਐੱਕਸ' 'ਤੇ ਟਵੀਟ ਕਰਦੇ ਲਿਖਿਆ ਕਿ ਪੂਰਾ ਦਿਨ ਵੋਟ ਹੋਣ ਦੇ ਬਾਵਜੂਦ ਈ ਵੀ ਐੱਮ ਮਸ਼ੀਨ 99 ਫੀਸਦੀ ਕਿਸ ਤਰ੍ਹਾਂ ਚਾਰਜ ਹੋ ਸਕਦੀ ਹੈ ? ਇਲੈਕਸ਼ਨ ਕਮਿਸ਼ਨ ਜਵਾਬ ਦੇਵੇ। ਅਣੂਸ਼ਕਤੀ ਨਗਰ ਵਿਧਾਨ ਸਭਾ 'ਚ ਜਦੋਂ ਹੀ 99 ਫੀਸਦੀ ਚਾਰਜ ਮਸ਼ੀਨ ਖੋਲ੍ਹੀ, ਉਸ 'ਚੋਂ ਐੱਨ ਸੀ ਪੀ ਨੂੰ ਵੋਟ ਮਿਲਣ ਲੱਗੇ, ਇਹ ਕਿਸ ਤਰ੍ਹਾਂ ਹੋ ਗਿਆ।

## ਸੁਖਬੀਰ ਬਾਦਲ ਬਾਰੇ ਫ਼ੈਸਲਾ ਜਲਦ ਲਿਆ ਜਾਵੇਗਾ : ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ** : ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਫ਼ੈਸਲਾ ਜਲਦ ਲਿਆ ਜਾਵੇਗਾ। ਇਹ ਐਲਾਨ ਸ਼ਨੀਵਾਰ ਇੱਥੇ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ 'ਚ ਸ਼ਮੂਲੀਅਤ ਕਰਨ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਕੀਤਾ।


ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਮਸਲਾ ਬਹੁਤ ਵੱਡਾ ਹੈ ਅਤੇ ਸੰਸਾਰ ਭਰ ਦੇ ਸਿੱਖਾਂ ਦੀ ਇਸ ਪਾਸੇ ਨਜ਼ਰ ਹੈ।ਇਸ ਲਈ ਜਲਦੀ ਹੀ ਸਮੂਹ ਜਥੇਦਾਰ ਸਹਿਬਾਨ ਦੀ ਬੈਠਕ ਬੁਲਾਈ ਜਾ ਰਹੀ ਹੈ ਅਤੇ ਮਸਲਾ ਵਿਚਾਰਿਆ ਜਾਵੇਗਾ।

ਸੁਖਬੀਰ ਬਾਦਲ ਨੂੰ ਧਾਰਮਕ ਜਾਂ ਰਾਜਨੀਤਕ ਸਜ਼ਾ ਦੇਣ ਬਾਰੇ ਪੁੱਛਣ 'ਤੇ ਜਥੇਦਾਰ ਨੇ ਟਾਲਾ ਵੱਟਦੇ ਹੋਏ ਕਿਹਾ ਕਿ ਸਭ ਸਮੇਂ ਅਨੁਸਾਰ ਵੇਖਿਆ ਜਾਵੇਗਾ। ਜਥੇਦਾਰ ਰਘਬੀਰ ਸਿੰਘ ਨੇ ਇੱਕ ਸੁਆਲ ਦੇ ਜੁਆਬ ਵਿੱਚ ਕਿਹਾ ਕਿ ਪੰਜਾਬ ਅਕਾਲੀ ਦਲ ਤੋਂ ਬਿਨਾਂ ਵਿਕਾਸ ਨਹੀਂ ਕਰ ਸਕਦਾ।

## ਅੱਜ-ਨਾਮਾ

ਅਡਾਨੀ ਫਸਿਆ ਤੇ ਕਈ ਨੇ ਫਸਣ ਲੱਗੇ,
ਕਈਆਂ ਰਾਜਾਂ ਤੱਕ ਪਹੁੰਚਦਾ ਕੇਸ ਬੇਲੀ।
ਕਿਧਰੇ ਭਾਜਪਾ, ਕਿਤੇ ਕੋਈ ਕਾਂਗਰਸੀਏ,
ਰਿਸ਼ਵਤ ਛਕਣ ਦੀ ਲੱਗੀ ਸੀ ਰੇਸ ਬੇਲੀ।
ਕਿਨ੍ਹਾਂ ਚਿਹਰਿਆਂ ਦੀ ਕਾਲਖ ਨਜ਼ਰ ਆਵੇ,
ਗੱਡੀਆਂ ਅੱਖਾਂ ਤੋਂ ਵਿੰਹਦਾ ਈ ਦੇਸ਼ ਬੇਲੀ।
ਸ਼ਰਾਫਤ ਓਹਲੇ ਸਭ ਹੋਈ ਸੀ ਚਾਲਬਾਜ਼ੀ,
ਧੁਆਂਖੇ ਕਈਆਂ ਦੇ ਦਿੱਸ ਰਹੇ ਫੇਸ ਬੇਲੀ।
ਬੇੜਾ ਗਰਕ ਕੀਤਾ ਸਾਰਾ ਆਰਥਿਕਤਾ ਦਾ,
ਕਰਿਆ ਮੁਲਕ ਇਹ ਜਿਨ੍ਹਾਂ ਨੇ ਨੰਗ ਬੇਲੀ।
ਰਹਿੰਦਾ-ਸਹਿੰਦਾ ਵੱਕਾਰ ਵੀ ਡੋਬ ਧਰਿਆ,
ਆਉਣੀ ਕਿਸੇ ਨੂੰ ਸ਼ਰਮ ਨਹੀਂ ਸੰਗ ਬੇਲੀ।

-ਤੀਸ ਮਾਰ ਖਾਂ

## ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਬੈਂਕ ਦੇ ਮੈਨੇਜਰ ਨੂੰ ਮੰਗ ਪੱਤਰ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਖੇਤ ਮਜ਼ਦੂਰ ਯੂਨੀਅਨ ਅਤੇ ਪਿੰਡ ਵਾਸੀਆਂ ਵੱਲੋਂ ਸਿੰਧ ਬੈਂਕ ਮੈਨੇਜਰ ਹਿੰਮਤਪੁਰਾ ਨੂੰ ਮੰਗ ਪੱਤਰ ਦਿੱਤਾ ਤੇ ਕਿਹਾ ਕੇ ਬੈਂਕ ਵਿੱਚ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਨ ਲਈ ਤੇ ਮੁਲਾਜ਼ਮ ਦਾ ਡੈਪੂਟੇਸ਼ਨ ਕਰਨਾ ਬੰਦ ਕੀਤਾ ਜਾਵੇ ਤੇ ਬਰਾਂਚ ਦੇ ਮੁਤਾਬਿਕ ਨਫਰੀ ਦਾ ਹਰ ਸਮੇਂ ਪ੍ਰਬੰਧ ਕੀਤਾ ਜਾਵੇ, ਪਾਸਬੁੱਕ 'ਤੇ ਐਂਟਰੀ ਕਰਨ ਵਾਲੀ ਮਸ਼ੀਨ ਵਿੱਚ ਵਾਰ ਵਾਰ ਆ ਰਹੀ ਖਰਾਬੀ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਵੇ ਅਤੇ ਹਰੇਕ ਪਾਸਬੁੱਕ 'ਤੇ ਇੱਕ ਦਿਨ ਤੋਂ ਐਂਟਰੀ ਕੀਤੀ ਜਾਵੇ ਤੇ ਨਾਲ ਨਵੀਂ ਆਈ ਏ ਟੀ ਐੱਮ ਮਸ਼ੀਨ ਨੂੰ ਤੁਰੰਤ ਚਾਲੂ ਕੀਤਾ ਜਾਵੇ ਅਤੇ ਏ ਟੀ ਐੱਮ ਬੰਦ ਕਰਨ ਵਾਲਾ ਫੈਸਲਾ ਤਰੁੰਤ ਵਾਪਸ ਲਿਆ ਜਾਵੇ। ਬੈਂਕ ਵਿੱਚ ਪਾਣੀ ਦਾ ਹਰ ਸਮੇਂ ਪ੍ਰਬੰਧ ਕੀਤਾ ਜਾਵੇ। ਬੈਂਕ ਦੇ ਮੂਹਰੇ ਸ਼ੈੱਡ ਬਣਾਇਆ ਜਾਵੇ ਤੇ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨ ਹਰ ਮਹੀਨੇ ਦੇਣੀ ਯਕੀਨੀ ਬਣਾਈ ਜਾਵੇ।

## ਦੀ ਆਕਸਫੋਰਡ ਪਬਲਿਕ ਸਕੂਲ ਦਾ ਵਿਦਿਆਰਥੀ ਖੇਡਾਂ 'ਚ ਮੋਹਰੀ



**ਚੀਮਾ (ਰਵਿੰਦਰ ਚੀਮਾ)**-ਇਲਾਕੇ ਦੀ ਨਾਮਵਰ ਸੰਸਥਾ ਦੀ ਆਕਸਫੋਰਡ ਪਬਲਿਕ ਸਕੂਲ ਚੀਮਾ ਦੇ ਵਿਦਿਆਰਥੀ ਨੇ ਰਾਜ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਮਾਪਿਆਂ ਦਾ ਰੌਸ਼ਨ ਕੀਤਾ ਹੈ। ਮੈਨੇਜਿੰਗ ਡਾਇਰੈਕਟਰ ਗੁਰਧਿਆਨ ਸਿੰਘ ਚਹਿਲ ਨੇ ਦੱਸਿਆ ਕਿ ਰਾਜ ਪੱਧਰੀ ਖੇਡਾਂ ਵੂਸ਼ੂ ਸਾਂਡਾ ਜੋ ਕਿ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਖੇ ਕਰਵਾਈਆਂ ਗਈਆਂ 'ਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਵਿੱਚੋਂ ਦੀ ਆਕਸਫੋਰਡ ਪਬਲਿਕ ਸਕੂਲ ਚੀਮਾ ਦੇ ਵਿਦਿਆਰਥੀ ਅਰਸ਼ਵੀਰ ਸਿੰਘ ਅੰਡਰ-17 ਨੇ ਖੇਡ ਵੂਸ਼ੂ ਸਾਂਡਾ ਵਿੱਚੋਂ ਕਾਂਸੇ ਮੈਡਲ ਹਾਸਲ ਕੀਤਾ। ਉਨ੍ਹਾਂ ਜੇਤੂ ਵਿਦਿਆਰਥੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਸਾਡੀ ਜ਼ਿੰਦਗੀ ਵਿੱਚ ਮਿਲਵਰਤਣ ਦੀ ਭਾਵਨਾ ਪੈਦਾ ਕਰਦੀਆਂ ਹਨ ਤੇ ਸਰੀਰ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਰੱਖਦੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਜ਼ੀਸ਼ਨਾਂ ਨੂੰ ਪ੍ਰਾਪਤੀ ਦਾ ਕਾਰਨ ਕੋਚ ਰਾਹੁਲ ਕੁਮਾਰ ਅਤੇ ਡੀ.ਪੀ. ਹਰਪ੍ਰੀਤ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਹੈ ।ਇਸ ਮੌਕੇ ਸਕੂਲ ਦੇ ਐੱਮ. ਡੀ. ਗੁਰਧਿਆਨ ਸਿੰਘ ਚਹਿਲ ਨੇ ਕੋਚ ਰਾਹੁਲ ਕੁਮਾਰ, ਡੀ.ਪੀ. ਹਰਪ੍ਰੀਤ ਸਿੰਘ ਅਤੇ ਵਿਦਿਆਰਥੀ ਅਰਸ਼ਵੀਰ ਸਿੰਘ ਨੂੰ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ।

## ਬੇਲਦਾਰ ਸ਼ਿੰਦਰ ਸਿੰਘ ਦੇ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ : ਮਜ਼ਦੂਰ ਮੋਰਚਾ ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਸੱਦੋਵਾਲ, ਮਨਰੇਗਾ ਰੁਜ਼ਗਾਰ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਰਾਜ ਸਿੰਘ ਰਾਮਾ, ਸਕੱਤਰ ਖੁਸ਼ੀਆ ਸਿੰਘ, ਸੀ ਆਈ ਟੀ ਯੂ ਦੇ ਸੂਬਾ ਸਕੱਤਰ ਸ਼ੇਰ ਸਿੰਘ ਫਰਵਾਹੀ, ਬਹੁਜਨ ਸਮਾਜ ਭਲਾਈ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਚੀਮਾ, ਪੰਜਾਬੀ ਸਭਿਆਚਾਰ ਸੱਥ ਦੇ ਸੂਬਾ ਸਰਪ੍ਰਸਤ ਭਾਨ ਸਿੰਘ ਜੱਸੀ, ਬਹੁਜਨ ਸਮਾਜ ਪਾਰਟੀ ਦੇ ਹਲਕਾ ਇੰਚਾਰਜ ਏਕਮ ਸਿੰਘ ਛੀਨੀਵਾਲ, ਪੀੜਤ ਪਰਿਵਾਰ ਦੇ ਮੈਂਬਰ ਕੌਰ ਸਿੰਘ, ਤਰਸੇਮ ਸਿੰਘ, ਭੋਲਾ ਸਿੰਘ ਕਲਾਲ ਮਾਜਰਾ ਦੀ ਅਗਵਾਈ ਹੇਠ ਇਕ ਵਫਦ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਨੂੰ ਮਿਲਣ ਗਿਆ।ਆਗੂਆਂ ਨੇ ਮੰਗ ਕੀਤੀ ਕਿ ਮਜ਼ਦੂਰ ਸ਼ਿੰਦਰ ਸਿੰਘ ਬੇਲਦਾਰ ਪੁੱਤਰ ਪਿਆਰਾ ਸਿੰਘ ਵਾਸੀ ਕਲਾਲ ਮਾਜਰਾ ਦੀ ਮੌਤ ਦੇ ਮਾਮਲੇ 'ਚ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਪਰ ਚਾਰ ਦੋਸ਼ੀ ਅਜੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ।ਆਗੂਆਂ ਨੇ ਮੰਗ ਕੀਤੀ ਕਿ ਰਹਿੰਦੇ ਦੋਸ਼ੀ ਤੁਰੰਤ ਫੜੇ ਜਾਣ।ਉਨ੍ਹਾਂ ਸਪੱਸ਼ਟ ਕਿਹਾ ਕਿ ਜੇਕਰ 30 ਨਵੰਬਰ ਤੱਕ ਸ਼ਿੰਦਰ ਸਿੰਘ ਬੇਲਦਾਰ ਦੇ ਕਤਲ ਕੇਸ ਵਿੱਚ ਸ਼ਾਮਲ ਬਾਕੀ ਰਹਿੰਦੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ, ਤਾਂ ਸਾਂਝੇ ਮਜ਼ਦੂਰ ਮੋਰਚੇ ਵੱਲੋਂ ਸ਼ੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਬੰਧਤ ਪੁਲਸ ਅਧਿਕਾਰੀਆਂ ਸਿਰ ਹੋਵੇਗੀ।ਡੀ ਐੱਸ ਪੀ ਮਹਿਲ ਕਲਾਂ ਸੁਬੇਗ ਸਿੰਘ ਨੇ ਮਜ਼ਦੂਰ ਆਗੂਆਂ ਦੇ ਵਫਦ ਨੂੰ ਭਰੋਸਾ ਦੁਆਇਆ ਕਿ ਰਹਿੰਦੇ ਦੋਸ਼ੀਆਂ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਜਲ ਸਪਲਾਈ ਤੇ ਸਵੱਛ ਭਾਰਤ ਮਿਸ਼ਨ ਤਹਿਤ ਸਮੀਖਿਆ ਮੀਟਿੰਗ



**ਬਠਿੰਡਾ (ਰਾਜੀਵ ਗੋਇਲ)**-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਜਲ ਸਪਲਾਈ ਤੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਕਾਰਜਾਂ ਦੇ ਮੱਦੇਨਜ਼ਰ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਜ਼ਿਲ੍ਹੇ ਦੇ ਪਿੰਡਾਂ ਵਿੱਚ ਬਣਾਏ ਜਾਣ ਵਾਲੇ ਪਖਾਨਿਆਂ ਦੇ ਕੰਮ ਨੂੰ ਜਨਵਰੀ 2025 ਤੱਕ ਹਰ ਹਾਲਤ 'ਚ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਮੁਕੰਮਲ ਹੋਏ, ਹੋਣ ਵਾਲੇ ਵਿਕਾਸ ਤੇ ਚੱਲ ਰਹੇ ਵਿਕਾਸ ਕਾਰਜਾਂ ਤੋਂ ਇਲਾਵਾ ਡੀਐੱਫਐੱਮ, ਸੀਐੱਸਆਰ ਫੰਡ ਤੇ ਥਰਮਲ ਲੈਂਡ ਦੇ ਕੰਮਾਂ ਦਾ ਰੀਵਿਊ ਕੀਤਾ। ਇਸ ਮੌਕੇ ਉਨ੍ਹਾਂ ਸੋਇਲਡ ਵੇਸਟ, ਲਿਕੁਇਡ ਵੇਸਟ ਤੇ ਜਲ ਸਪਲਾਈ ਦੇ ਕਾਰਜਾਂ ਬਾਰੇ ਵੀ ਅਧਿਕਾਰੀਆਂ ਕੋਲੋਂ ਬਰੀਕੀ ਨਾਲ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਰਨਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਰਿੰਦਰ ਸਿੰਘ, ਐੱਸਡੀਐੱਮ ਮੌੜ ਸੁਖਰਾਜ ਸਿੰਘ, ਕਾਰਜਕਾਰੀ ਇੰਜੀਨੀਅਰ ਮਨਪ੍ਰੀਤ ਸਿੰਘ ਅਰਸ਼ੀ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਗੁਰਪ੍ਰਤਾਪ ਸਿੰਘ ਗਿੱਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

## ਅਕਾਲ ਅਕੈਡਮੀ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਕਾਲ ਅਕੈਡਮੀ ਮਹਿਲ ਕਲਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ ਵਿਦਿਆਰਥੀਆਂ ਤੇ ਮਾਪਿਆਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਸ਼ਬਦ ਕੀਰਤਨ, ਕਵਿਤਾਵਾਂ, ਭਾਸ਼ਣ, ਕੁਇੱਜ਼, ਭਗਤ ਨਾਮ ਦੇਵ ਜੀ, ਸਕਿੱਟਾਂ, ਨਾਟਕ ਪੇਸ਼ ਕੀਤੇ ਗਏ।ਮੈਗਾ ਕਲੱਸਟਰ ਦੇ ਮੁਖੀ ਗੁਰਵਿੰਦਰ ਕੌਰ ਪ੍ਰਿੰਸੀਪਲ ਅਕੈਡਮੀ ਸਵੱਦੀ ਕਲਾਂ ਤੇ ਪ੍ਰਿੰਸੀਪਲ ਅਕਾਲ ਅਕੈਡਮੀ ਮਹਿਲ ਕਲਾਂ ਬਲਵਿੰਦਰ ਕੌਰ ਚੀਮਾ ਨੇ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਸੋਚ 'ਤੇ ਚਾਨਣਾ ਪਾਇਆ ਅਤੇ ਨਰਸਰੀ ਤੋਂ ਪੀ.ਐੱਚ.ਡੀ. ਤੱਕ ਸਸ਼ਕਤ ਵਿੱਦਿਆ ਪ੍ਰਾਪਤ ਕਰਨ ਬਾਰੇ ਜਾਗਰੂਕ ਕੀਤਾ।ਵਿਦਿਆਰਥੀਆਂ ਨੇ ਖੁਦ ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਗਣਿਤ, ਵਿਗਿਆਨ 'ਤੇ ਕਾਰਜਕਾਰੀ ਮਾਡਲ ਤਿਆਰ ਕੀਤੇ ਅਤੇ ਗੁਰੂ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਵਿਸ਼ੇ 'ਤੇ ਆਧਾਰਤ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ।ਅਕਾਲ ਅਕੈਡਮੀ ਮਹਿਲ ਕਲਾਂ ਦੇ ਨਿੱਕੇ-ਨਿੱਕੇ ਖਿਡਾਰੀਆਂ ਵੱਲੋਂ ਗਤਕਾ ਪ੍ਰਦਰਸ਼ਨ ਬੜੇ ਜੋਸ਼ ਨਾਲ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਵੱਲੋਂ ਪੜ੍ਹਾਈ, ਖੇਡਾਂ, ਵੱਖ-ਵੱਖ ਧਾਰਮਿਕ ਸਰਗਰਮੀਆਂ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ, ਵੱਖ ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਬਾਬਾ ਚਤਰ ਸਿੰਘ ਗੁਰਮਾ, ਜਥੇਦਾਰ ਗੁਰਦੀਪ ਸਿੰਘ ਟਿਵਾਣਾ, ਹਰਬਖਸ਼ੀਸ਼ ਸਿੰਘ ਰਾਏ, ਹਰਮਨਦੀਪ ਸਿੰਘ ਬੰਟੀ ਮਹਿਲ ਕਲਾਂ, ਗੁਰਪ੍ਰੀਤ ਸਿੰਘ ਗਰੇਵਾਲ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਦੇ ਵਫ਼ਦ ਨੇ ਸੇਂਟ ਵਿਨਸੈਂਟ ਤੇ ਗ੍ਰੇਨਾਡਾਈਨਜ਼ ਦੇ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ

### ਡਾ. ਜ਼ੋਰਾ ਸਿੰਘ ਦੀ ਅਗਵਾਈ 'ਚ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨੂੰ ਕੀਤਾ ਸਨਮਾਨਤ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ ਇੱਕ ਇਤਿਹਾਸਕ ਮੀਲ ਪੱਥਰ ਵਜੋਂ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਤੇ ਡੀ.ਬੀ.ਯੂ. ਅਮਰੀਕਾ ਦੇ ਐਗਜ਼ੈਕਟਿਵ ਸੰਚਾਲਨ ਦੇ ਨਿਰਦੇਸ਼ਕ ਅਰੁਣ ਮਲਿਕ ਸੇਂਟ ਵਿਨਸੈਂਟ ਤੇ ਗ੍ਰੇਨਾਡਾਈਨਜ਼ (ਅਮਰੀਕਾ) ਦੇ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨਾਲ ਮੁਲਾਕਾਤ ਕਰਕੇ ਅਹਿਮ ਮੁੱਦਿਆਂ ਉੱਪਰ ਗੱਲਬਾਤ ਕੀਤੀ ਗਈ।ਇਹ ਮੀਟਿੰਗ ਸੇਂਟ ਵਿਨਸੈਂਟ ਵਿੱਚ ਯੂਨੀਵਰਸਿਟੀ ਦੇ ਨਵੇਂ ਸਥਾਪਤ ਕੀਤੇ ਗਏ ਡੀਬੀਯੂ ਅਮਰੀਕਾ ਸਕੂਲ ਆਫ਼ ਮੈਡੀਸਨ ਦੇ ਆਲੇ-ਦੁਆਲੇ ਕੇਂਦਰਿਤ ਸੀ, ਜੋ ਇੱਕ ਗਲੋਬਲ ਦ੍ਰਿਸ਼ਟੀਕੋਣ ਨਾਲ ਵਿਸ਼ਵ ਪੱਧਰੀ ਡਾਕਟਰੀ ਸਿੱਖਿਆ ਦੀ ਪੇਸ਼ਕਸ਼ ਕਰਨ ਲਈ ਤਿਆਰ ਕੀਤੀ ਗਈ ਇੱਕ ਮੋਹਰੀ ਪਹਿਲਕਦਮੀ ਹੈ।

ਪ੍ਰਧਾਨ ਮੰਤਰੀ ਡਾ. ਗੋਂਸਾਲਵੇਸ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਦੀ ਤਾਰੀਫ਼ ਕਰਦਿਆਂ ਡਾ. ਜ਼ੋਰਾ ਸਿੰਘ ਤੇ ਡਾ. ਤਜਿੰਦਰ ਕੌਰ ਦੀ ਸਿੱਖਿਆ ਤੇ ਨਵੀਨਤਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ।ਉਨ੍ਹਾਂ ਸਕੂਲ ਆਫ਼ ਮੈਡੀਸਨ ਦੀਆਂ ਅਥਾਹ ਸੰਭਾਵਨਾਵਾਂ ਬਾਰੇ ਗੱਲਬਾਤ ਕਰਦਿਆਂ ਇਸ ਦੇ ਵਿਕਾਸ ਤੇ ਸਫਲਤਾ ਦੀ ਸਹੂਲਤ ਲਈ ਸਰਕਾਰ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਮੌਕੇ ਆਪਸੀ ਸਨਮਾਨ ਤੇ ਸਹਿਯੋਗ ਦੇ ਸੰਬੰਧ ਵਿੱਚ ਡੀਬੀਯੂ ਦੇ ਵਫ਼ਦ ਨੇ ਸਿੱਖਿਆ ਤੇ ਸਿਹਤ ਸੰਭਾਲ ਨੂੰ ਅੱਗੇ ਵਧਾਉਣ ਲਈ ਦੋਵਾਂ ਸੰਸਥਾਵਾਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨੂੰ ਸਨਮਾਨਤ ਕੀਤਾ।ਡੀਬੀਯੂ ਦੇ ਵਫ਼ਦ ਨੇ ਦੱਸਿਆ ਕਿ ਅਮਰੀਕਾ ਸਕੂਲ ਆਫ਼ ਮੈਡੀਸਨ ਉਮੀਦ ਤੇ ਤਰੱਕੀ ਦੀ ਇੱਕ ਰੋਸ਼ਨੀ ਵਜੋਂ ਖੜਾ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਯੋਗ ਮੈਡੀਕਲ ਪੇਸ਼ੇਵਰ ਬਣਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।

## ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣ ਵਾਲੇ ਸਨ ਸੁਰਿੰਦਰ ਪਾਲ ਕੌਰ

**ਭੋਗ 'ਤੇ ਵਿਸ਼ੇਸ਼**



ਕੁਝ ਅਜਿਹੀਆਂ ਸ਼ਖ਼ਸੀਅਤਾਂ ਹੁੰਦੀਆਂ ਹਨ, ਜੋ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਵੀ ਆਪਣੇ ਸਨੇਹੀਆਂ ਦੇ ਮਨਾਂ ਵਿੱਚ ਸਦਾ ਜਿਉਂਦੀਆਂ ਰਹਿੰਦੀਆਂ ਹਨ। ਮੈਡਮ ਸੁਰਿੰਦਰ ਪਾਲ ਕੌਰ ਵੀ ਉਨ੍ਹਾਂ ਵਿੱਚੋਂ ਇੱਕ ਹਨ।ਬੀਤੇ 18 ਨਵੰਬਰ ਨੂੰ ਸਾਥੋਂ ਸਦਾ ਲਈ ਵਿਛੜ ਗਏ ਸੁਰਿੰਦਰ ਪਾਲ ਕੌਰ ਦਾ ਜਨਮ ਪਿੰਡ ਜੌਹਲਾਂ (ਰਾਏਕੋਟ) ਵਿਖੇ ਸੰਨ 1966 ਵਿੱਚ ਮਾਤਾ ਗੁਰਦੇਵ ਕੌਰ ਦੀ ਕੁੱਖ ਉੱਚੋਂ ਕਾਮਰੇਡ ਆਗੂ ਪਿਤਾ ਸੁਰਜੀਤ ਸਿੰਘ ਦੇ ਘਰ ਹੋਇਆ।ਇਹ ਉਹ ਸਮਾਂ ਸੀ ਜਦੋਂ ਮਾਲਵੇ ਵਿੱਚ ਕਮਿਊਨਿਸਟ ਲਹਿਰ ਦੀ ਤੂਤੀ ਬੋਲਦੀ ਸੀ।ਸੋ ਸੁਰਿੰਦਰ ਪਾਲ ਕੌਰ ਨੇ ਬਚਪਨ ਵਿੱਚ ਹੀ ਲੋਕ ਸੰਘਰਸ਼ਾਂ ਨੂੰ ਨੇੜਿਓਂ ਤੱਕਿਆ।ਸੁਰਿੰਦਰ ਪਾਲ ਕੌਰ ਦਾ ਵਿਆਹ ਸੰਗਰੂਰ ਵਿਖੇ ਲੋਕ ਹੱਕਾਂ ਲਈ ਸਮਰਪਤ ਕਾਮਰੇਡ ਸਰਬਜੀਤ ਸਿੰਘ ਵੜੈਚ (ਅਧਿਆਪਕ) ਨਾਲ ਹੋਇਆ।ਸੁਰਿੰਦਰ ਪਾਲ ਕੌਰ ਨੇ ਪਰਵਾਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਲਈ, ਜਿਸ ਕਾਰਨ ਉਨ੍ਹਾਂ ਦੇ ਪਤੀ ਲਗਾਤਾਰ ਲੋਕ ਹੱਕਾਂ ਲਈ ਮੋਹਰੀ ਹੋ ਕੇ ਸੰਘਰਸ਼ਸ਼ੀਲ ਰਹੇ। ਸੁਰਿੰਦਰ ਪਾਲ ਕੌਰ ਨੇ ਕੁਝ ਸਮਾਂ ਸਰਕਾਰੀ ਰਣਬੀਰ ਕਾਲਜ ਵਿੱਚ ਨੌਕਰੀ ਕੀਤੀ ਤੇ ਬਾਅਦ ਵਿੱਚ ਸਰਕਾਰੀ ਅਧਿਆਪਕ ਵਜੋਂ ਸੇਵਾ ਨਿਭਾਉਂਦੇ ਰਹੇ। ਇਨ੍ਹਾਂ ਦੇ ਪਰਵਾਰ ਦੀ ਫੁੱਲਵਾੜੀ ਵਿੱਚੋਂ ਦੋ ਬੇਟੇ [illegible] ਸਿੰਘ ਤੇ ਸੁਰਪ੍ਰੀਤ ਸਿੰਘ ਹਨ।ਡਾਕਟਰ ਗੁਰਵਿੰਦਰ ਸਿੰਘ ਸਰਕਾਰੀ ਵੈਟਰਨਰੀ ਅਫਸਰ ਹਨ, ਜਦੋਂ ਕਿ ਸੁਰਿੰਦਰ ਪਾਲ ਕੌਰ ਦੀ ਨੂੰਹ ਰਾਣੀ ਗੁਰਪ੍ਰੀਤ ਕੌਰ ਆਬਕਾਰੀ ਤੇ ਕਰ ਅਫਸਰ ਵਜੋਂ ਸੇਵਾ ਨਿਭਾਅ ਰਹੇ ਹਨ।ਬਤੌਰ ਅਧਿਆਪਕ ਪਹਿਲਾਂ ਮੈਡਮ ਸੁਰਿੰਦਰ ਪਾਲ ਕੌਰ ਨੂੰ ਦਿਲ ਦੀ ਬਿਮਾਰੀ ਵਰਗੀ ਜਟਿਲ ਬਿਮਾਰੀ ਹੋ ਜਾਣ ਬਾਰੇ ਅਚਾਨਕ ਪਤਾ ਚੱਲਿਆ।ਪੂਰੇ ਪਰਿਵਾਰ ਅੱਗੇ ਗੰਭੀਰ ਸੰਕਟ ਖੜਾ ਹੋ ਗਿਆ। ਦੋਨੋਂ ਬੱਚੇ ਅਜੇ ਛੋਟੇ ਸਨ, ਪਰ ਮੈਡਮ ਸੁਰਿੰਦਰ ਪਾਲ ਕੌਰ ਨੇ ਹੌਸਲਾ ਨਹੀਂ ਹਾਰਿਆ ਤੇ ਆਪਣੀ ਇੱਛਾ ਸ਼ਕਤੀ ਦੇ ਜ਼ੋਰ ਤੇ ਬਿਮਾਰੀ ਨੂੰ ਆਪਣੇ ਪਰਿਵਾਰਕ ਜ਼ਿੰਮੇਵਾਰੀਆਂ 'ਤੇ ਭਾਰੂ ਨਾ ਪੈਣ ਦਿੱਤਾ।ਆਖਰ ਇਸ ਬਿਮਾਰੀ ਨਾਲ ਲੜਦਿਆਂ ਹੀ 18 ਨਵੰਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਦੇ ਆਤਮਿਕ ਸ਼ਾਂਤੀ ਨਮਿੱਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 24 ਨਵੰਬਰ ਨੂੰ ਗੁਰਦੁਆਰਾ ਮਹਿਲ ਮੁਬਾਰਕ, ਧੂਰੀ ਰੋਡ ਸੰਗਰੂਰ ਵਿਖੇ 12 ਤੋਂ 1 ਵਜੇ ਪਾਏ ਜਾਣਗੇ।ਇਸ ਮੌਕੇ ਇਨਕਲਾਬੀ ਲਹਿਰ ਦੇ ਆਗੂਆਂ ਵੱਲੋਂ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਜਾਣਗੇ।

*-ਫਤਿਹ ਪ੍ਰਭਾਕਰ, ਸੰਗਰੂਰ*

## ਔਰਤ ਦੇ ਸਿਰ 'ਚ ਗੋਲੀ ਮਾਰ ਕੇ ਕੀਤਾ ਕਤਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਮਮਦੋਟ ਇਲਾਕੇ ਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿੱਚ ਪਤਨੀ ਦਾ ਕਤਲ ਕਰਨ ਦੇ ਮਾਮਲੇ ਨੇ ਲੋਕਾਂ ਨੂੰ ਸਦਮਾ ਵਿੱਚ ਪਾ ਦਿੱਤਾ ਹੈ। ਦੋਸ਼ੀ ਵੱਲੋਂ ਲਾਇਸੰਸੀ ਰਿਵਾਲਵਰ ਨਾਲ ਕਤਲ ਕਰਨ ਦੀ ਪੁਸ਼ਟੀ ਹੋਈ ਹੈ।ਸ਼ਿਕਾਇਤਕਰਤਾ ਹਰਜਿੰਦਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੀ ਭੈਣ ਮਨਜੀਤ ਕੌਰ ਨੇ 20 ਨਵੰਬਰ 2024 ਨੂੰ ਰਾਤ 7-8 ਵਜੇ ਫੋਨ ਕਰਕੇ ਕਿਹਾ ਕਿ ਉਸ ਦਾ ਪਤੀ ਸੁਖਵਿੰਦਰ ਸਿੰਘ ਉਸ ਨਾਲ ਲੜ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਸੁਖਵਿੰਦਰ ਦੀ ਮਾਂ ਬਖਸ਼ੀਸ਼ ਕੌਰ ਵੀ ਆਪਣੇ ਪੁੱਤਰ ਦਾ ਸਾਥ ਦੇ ਰਹੀ ਸੀ। 21 ਨਵੰਬਰ ਸ਼ਾਮ ਕਰੀਬ 4 ਵਜੇ ਸੁਖਵਿੰਦਰ ਸਿੰਘ ਨੇ ਹਰਜਿੰਦਰ ਸਿੰਘ ਨੂੰ ਫੋਨ ਕਰਕੇ ਦੱਸਿਆ ਕਿ ਮਨਜੀਤ ਕੌਰ ਨੇ ਆਪਣੇ ਸਿਰ ਵਿੱਚ ਗੋਲੀ ਮਾਰ ਲਈ ਹੈ। ਜਦੋਂ ਪਰਿਵਾਰਕ ਮੈਂਬਰ ਪਹੁੰਚੇ ਤਾਂ ਪਤਾ ਲੱਗਿਆ ਕਿ ਮਨਜੀਤ ਕੌਰ ਦੇ ਸਿਰ ਦੇ ਪਿਛਲੇ ਪਾਸੇ 32 ਬੋਰ ਦੇ ਲਾਇਸੰਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਉਸ ਦਾ ਕਤਲ ਕੀਤਾ ਗਿਆ ਸੀ। ਥਾਣਾ ਮਮਦੋਟ ਦੇ ਇੰਸਪੈਕਟਰ ਮੁੱਖ ਅਫਸਰ ਅਭਿਨਵ ਚੌਹਾਨ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਦੋਸ਼ੀ ਸੁਖਵਿੰਦਰ ਸਿੰਘ ਤੇ ਉਸ ਦੀ ਮਾਤਾ ਬਖਸ਼ੀਸ਼ ਕੌਰ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਅਗਲੀ ਜਾਂਚ ਜਾਰੀ ਹੈ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪ੍ਰਯਾਸ ਕੀਤੇ ਜਾ ਰਹੇ ਹਨ।

# ਉਗਰਾਹਾਂ ਜਥੇਬੰਦੀ ਵੱਲੋਂ ਦੁੱਨੇਵਾਲਾ ਮੋਰਚਾ ਮੁਲਤਵੀ




**ਬਠਿੰਡਾ** : ਦੁੱਨੇਵਾਲਾ, ਭਗਵਾਨਗੜ੍ਹ ਤੇ ਸ਼ੇਰਗੜ੍ਹ ਦੇ ਕਿਸਾਨਾਂ ਦੀ ਜ਼ਮੀਨ ਉੱਤੇ ਭਾਰਤ ਮਾਲ਼ਾ ਹਾਈਵੇ ਸੜਕ ਦੀ ਠੇਕੇਦਾਰ ਕਾਰਪੋਰੇਟ ਕੰਪਨੀ ਵੱਲੋਂ ਬਿਨਾਂ ਅਦਾਇਗੀ ਪੁਲਸ ਧੱਕੇਸ਼ਾਹੀ ਨਾਲ ਕਬਜ਼ਾ ਕਰਨ ਵਿਰੁੱਧ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੱਦੇ 'ਤੇ ਪੁਲਸ ਡਾਂਗਾਂ, ਅੱਥਰੂ ਗੈਸ ਗੋਲਿਆਂ ਤੇ ਬਰਫੀਲੇ ਪਾਣੀ ਦੀਆਂ ਬੁਛਾੜਾਂ ਸਿਦਕਦਿਲੀ ਨਾਲ਼ ਝੱਲਦਿਆਂ ਕੱਲ੍ਹ ਤੋਂ ਦੁੱਨੇਵਾਲਾ ਵਿਖੇ ਭਾਰੀ ਗਿਣਤੀ ਔਰਤਾਂ ਸਮੇਤ ਸੈਂਕੜਿਆਂ ਦੀ ਤਾਦਾਦ ਵਿੱਚ ਕਿਸਾਨ ਡਟੇ ਹੋਏ ਸਨ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਸਵੇਰ ਤੋਂ ਪ੍ਰਸ਼ਾਸਨ ਨੇ ਗੱਲਬਾਤ ਦੇ ਦੌਰ ਚਲਾ ਕੇ 10-12 ਪੁਲਸ ਨਾਕਿਆਂ 'ਤੇ ਰੋਕੇ ਹੋਏ ਸਨ। ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਦੱਸਿਆ ਕਿ ਸਾਰੇ ਗ੍ਰਿਫਤਾਰ ਕਿਸਾਨਾਂ ਦੀ ਰਿਹਾਈ ਮਗਰੋਂ ਗੱਲਬਾਤ ਦੇ ਦੂਜੇ ਦੌਰ ਵਿੱਚ ਸਰਕਾਰ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਸਹਿਮਤੀ ਬਣੀ ਕਿ ਪੰਜ ਦਿਨਾਂ ਵਿੱਚ ਜ਼ਮੀਨ ਦੇ ਰੇਟਾਂ ਵਿੱਚ 10 ਲੱਖ ਰੁਪਏ ਪ੍ਰਤੀ ਏਕੜ ਵਾਧਾ ਕੀਤਾ ਜਾਵੇਗਾ ਅਤੇ ਪੁਲਸ ਕੇਸਾਂ ਦਾ ਨਿਪਟਾਰਾ ਵੀ ਕੀਤਾ ਜਾਵੇਗਾ। ਇਸ ਸੰਬੰਧੀ ਡੀ ਸੀ ਬਠਿੰਡਾ ਵੱਲੋਂ ਸਟੇਜ ਤੋਂ ਭਰੋਸਾ ਦਿਵਾਉਣ ਮਗਰੋਂ ਕੱਲ੍ਹ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਮੁਲਤਵੀ ਕਰਨ ਦਾ ਐਲਾਨ ਉਗਰਾਹਾਂ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਧਿਕਾਰੀ ਤਾਂ ਆਪ ਪਾਰਟੀ ਦੀ ਸਰਕਾਰ ਦਾ ਹੁਕਮ ਹੀ ਵਜਾਉਂਦੇ ਹਨ ਇਕੱਠ ਨੂੰ ਸੰਬੋਧਨ ਕਰਨ ਵਾਲੇ ਹੋਰ ਬੁਲਾਰਿਆਂ ਵਿੱਚ ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਜਿੰਦਰ ਸਿੰਘ ਬੱਗੀ, ਹਰਿੰਦਰ ਕੌਰ ਬਿੰਦੂ, ਕਰਮਜੀਤ ਕੌਰ ਲਹਿਰਾਖਾਨਾ ਅਤੇ ਸੰਦੀਪ ਕੌਰ ਬਰਨਾਲਾ ਸ਼ਾਮਲ ਸਨ।

# 'ਆਪ' ਵਿਧਾਇਕਾਂ ਦੇ ਸੌਂਹ ਚੁੱਕ ਸਮਾਗਮ 'ਚ ਨਾ ਪੁੱਜਣ 'ਤੇ ਕਾਂਗਰਸੀਆਂ 'ਚ ਚਰਚਾ

**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਪਟਿਆਲਾ ਵਿਚ ਪੰਚਾਂ ਦੇ ਹੋਏ ਸੌਂਹ ਚੁੱਕ ਸਮਾਗਮ ਵਿਚ ਕੈਬਨਿਟ ਮੰਤਰੀ ਬਲਬੀਰ ਸਿੰਘ ਤੋਂ ਬਗੈਰ ਕਿਸੇ ਵੀ ਹਲਕੇ ਦਾ ਕੋਈ ਵੀ ਵਿਧਾਇਕ ਨਾ ਪੁੱਜਣ 'ਤੇ ਪਟਿਆਲਾ ਵਿਚ ਤਾਂ ਘੁਸਰ ਮੁਸਰ ਹੋ ਹੀ ਰਹੀ ਹੈ ਪਰ ਦੂਜੇ ਪਾਸ ਕਾਂਗਰਸੀ ਇਸ ਦੇ ਚਟਕਾਰੇ ਲੈ ਰਹੇ ਹਨ। ਕਾਂਗਰਸੀਆਂ ਨੇ ਤਾਂ ਅੱਜ ਬਿਆਨ ਜਾਰੀ ਕਰਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਦੀ ਗੱਲ ਦੂਰ ਹੈ ਪਰ ਪਟਿਆਲਾ ਵਿਚ ਤਾਂ ਆਮ ਆਦਮੀ ਪਾਰਟੀ ਦੇ ਭਾਂਡੇ ਵਿਕ ਗਏ ਹਨ, ਕਿਉਂਕਿ ਪਟਿਆਲਾ ਜ਼ਿਲ੍ਹੇ ਦਾ ਇੱਕੋ ਇਕ ਮੰਤਰੀ ਹੋਵੇ ਤੇ ਉਸ ਵੱਲੋਂ ਰੱਖੇ ਸੌਂਹ ਚੁੱਕ ਸਮਾਗਮ ਵਿਚ ਇਕ ਵੀ ਵਿਧਾਇਕ ਨਾ ਪੁੱਜੇ। ਇਸ ਬਾਰੇ ਹਲਕਾ ਸਨੌਰ ਤੋਂ ਕਾਂਗਰਸੀ ਇੰਚਾਰਜ ਹਰਿੰਦਰਪਾਲ ਸਿੰਘ ਹੈਰੀ ਮਾਨ ਨੇ ਚਟਕਾਰਾ ਲੈਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਕੱਕੜੀ ਕਰੇਲੇ ਹੋ ਗਈ ਹੈ, ਇਸ ਦੀ ਪਟਿਆਲਾ ਵਿਚ ਤਾਂ ਫੁੱਟ ਜੱਗ ਜ਼ਾਹਰ ਹੈ। ਉਨ੍ਹਾਂ ਕਿਹਾ ਜਿਸ ਦਿਨ 19 ਨਵੰਬਰ ਨੂੰ ਸੌਂਹ ਚੁੱਕ ਸਮਾਗਮ ਸੀ। ਉਸ ਦਿਨ ਉਸ ਨੂੰ ਪਸਿਆਣਾ ਕੋਲ ਆਪ ਦਾ ਸਾਬਕਾ ਮੰਤਰੀ ਮਿਲਿਆ। ਉਸ ਨੇ ਤਾਂ ਇਹ ਸੋਚਿਆ ਸੀ ਕਿ ਉਹ ਸੌਂਹ ਚੁੱਕ ਸਮਾਗਮ ਵਿਚ ਜਾਵੇਗਾ ਪਰ ਉਹ ਵੀ ਨਹੀਂ ਗਿਆ, ਭਾਵ ਸਾਰੇ ਵਿਧਾਇਕ ਪਟਿਆਲਾ ਵਿਚ ਹੀ ਸਨ ਪਰ ਉਹ ਉਸ ਸਮਾਗਮ ਵਿਚ ਨਹੀਂ ਪੁੱਜੇ। ਉਸ ਸਮਾਗਮ ਵਿਚ ਸਿਰਫ਼ ਚੇਅਰਮੈਨ ਜਿਨ੍ਹਾਂ ਵਿਚ ਹਰਚੰਦ ਸਿੰਘ ਬਰਸਟ, ਜੱਸੀ ਸੋਹੀਆਂ ਵਾਲਾ, ਮੇਘ ਚੰਦ ਸ਼ੇਰ ਮਾਜਰਾ ਆਦਿ ਹੀ ਪੁੱਜੇ ਪਰ ਉੱਥੇ ਕੋਈ ਵੀ ਵਿਧਾਇਕ ਨਾ ਪੁੱਜਿਆ। ਇਸ ਬਾਰੇ ਬਿਆਨ ਜਾਰੀ ਕਰਦਿਆਂ ਕਾਂਗਰਸ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਹਰਵਿੰਦਰ ਸਿੰਘ ਖਨੌੜਾ ਨੇ ਕਿਹਾ ਕਿ ਪਟਿਆਲਾ ਵਿਚ ਆਮ ਆਦਮੀ ਪਾਰਟੀ ਦੁਫਾੜ ਹੈ, ਇਹ ਗੱਲ ਪਹਿਲਾਂ ਅੰਦਰੋਂ ਅੰਦਰ ਸੁਲਗ ਰਹੀ ਸੀ ਪਰ ਹੁਣ ਜੱਗ ਜ਼ਾਹਰ ਹੋ ਗਈ ਹੈ, ਉਨ੍ਹਾਂ ਕਿਹਾ ਪਹਿਲਾਂ ਤਾਂ ਸਰਕਾਰ ਨੇ ਪੰਚਾਂ ਨੂੰ ਸੌਂਹ ਚੁਕਾਉਣ ਨਾਲ ਪੰਜਾਬ ਦਾ ਕਰੋੜਾਂ ਰੁਪਿਆ ਖ਼ਰਚ ਕੀਤਾ ਜਿਸ ਦਾ ਕੋਈ ਲਾਭ ਨਹੀਂ ਹੋਇਆ। ਸੌਂਹ ਤਾਂ ਇਕ ਫਾਰਮ ਭਰਵਾ ਕੇ ਵੀ ਚੁਕਾਈ ਜਾ ਸਕਦੀ ਸੀ। ਚੋਣਾਂ ਤੋਂ ਇਕ ਦਿਨ ਪਹਿਲਾਂ ਸੌਂਹ ਚੁੱਕ ਸਮਾਗਮ ਰੱਖਣਾ ਸਹੀ ਨਹੀਂ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਚੇਤਨ ਸਿੰਘ ਜੌੜਾਮਾਜਰਾ ਨੂੰ ਅਕਾਰਨ ਹੀ ਮੰਤਰੀ ਦੇ ਅਹੁਦੇ ਤੋਂ ਹਟਾਉਣ ਨਾਲ ਵੀ ਜ਼ਿਲ੍ਹੇ ਦੇ ਵਿਧਾਇਕਾਂ ਵਿਚ ਕਾਫ਼ੀ ਗ਼ੁਸਾ ਹੈ।ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ਰਮਾ ਨੇ ਕਿਹਾ ਪਾਰਟੀ ਵਿਚ ਕੋਈ ਦੁਫਾੜ ਨਹੀਂ ਹੈ, ਸਾਡੀ ਸਾਰੀ ਪਾਰਟੀ ਇੱਕਜੁੱਟ ਹੈ। ਸਾਨੂੰ ਸਰਕਾਰੀ ਸੱਦਾ-ਪੱਤਰ ਆਇਆ ਸੀ ਪਰ ਚੋਣਾਂ ਵਿਚ ਪ੍ਰਚਾਰ ਦੌਰਾਨ ਥਕਾਵਟ ਕਰਕੇ ਵਿਧਾਇਕ ਨਹੀਂ ਆਏ, ਇਸ ਵਿਚ ਕੋਈ ਪ੍ਰੇਸ਼ਾਨ ਹੋਣ ਵਾਲੀ ਗੱਲ ਨਹੀਂ ਹੈ।

# 26 ਨੂੰ ਡੀ ਸੀ ਦਫਤਰਾਂ ਮੂਹਰੇ ਕੀਤੇ ਜਾਣਗੇ ਰੋਸ ਪ੍ਰਦਰਸ਼ਨ : ਰਾਧੇ ਸ਼ਿਆਮ, ਮਸੀਤਾਂ



**ਚੌਕੀਮਾਨ (ਬਲਬੀਰ ਮਾਨ)**-ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਕੂਮਤ ਵੱਲੋਂ ਧੱਕੇ ਨਾਲ ਪਾਸ ਕਰਕੇ ਤਿੰਨ ਕਿਸਾਨ, ਮਜ਼ਦੂਰ ਵਿਰੋਧੀ ਕਾਲੇ ਕਾਨੂੰਨਾਂ ਵਿਰੁੱਧ 26 ਨਵੰਬਰ ਵਾਲੇ ਦਿਨ ਕੀਤੇ ਦਿੱਲੀ ਮਾਰਚ ਅਤੇ ਸਾਰੀਆਂ ਟਰੇਡ ਯੂਨੀਅਨਾਂ ਵੱਲੋਂ ਕੀਤੀ ਦੇਸ਼ ਵਿਆਪੀ ਹੜਤਾਲ ਦੀ ਵਰ੍ਹੇਗੰਢ ਮੌਕੇ ਰੱਦ ਕਰਵਾਏ ਖੇਤੀ ਕਾਨੂੰਨਾਂ ਨੂੰ ਮੁੱਢੋਂ ਖਤਮ ਕਰਵਾਉਣ ਲਈ, ਖੇਤੀ ਦੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਵਾ ਕੇ, ਫ਼ਸਲੀ ਬੀਮੇ ਦੇ ਯੋਗ ਮੁਆਵਜ਼ੇ ਤੇ ਦੇਸ਼ ਅੰਦਰ 44 ਕਿਰਤ ਕਾਨੂੰਨਾਂ ਨੂੰ ਰੱਦ ਕਰਕੇ ਬਣਾਏ 4 ਕੋਡਾਂ ਨੂੰ ਖ਼ਤਮ ਕਰਵਾਉਣ ਲਈ ਕੇਂਦਰ ਦੀ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ, ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ ਤੇ ਹਰ ਵਰਗ 'ਤੇ ਕੀਤੇ ਜਾ ਰਹੇ ਹਮਲਿਆਂ ਨੂੰ ਪਛਾੜਨ ਲਈ ਸਮੂਹ ਲੋਕ ਹਿਤੈਸ਼ੀ ਜਥੇਬੰਦੀਆਂ ਨੇ ਲਗਾਤਾਰ ਮੀਟਿੰਗਾਂ ਕਰਕੇ ਕੀਤੇ ਫ਼ੈਸਲਿਆਂ ਅਨੁਸਾਰ 26 ਨਵੰਬਰ ਨੂੰ ਦੇਸ਼ ਪੱਧਰੀ ਸੰਘਰਸ਼ ਦਾ ਸਮਰਥਨ ਕਰਦੇ ਹੋਏ ਸਾਰੇ ਪੰਜਾਬ ਅੰਦਰ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਮੂਹਰੇ ਜ਼ਿਲ੍ਹਾ ਪੱਧਰੀ ਧਰਨੇ ਲਾ ਕੇ ਅੰਨ੍ਹੀਂ, ਗੂੰਗੀ, ਬੋਲ਼ੀ ਕੇਂਦਰ ਦੀ ਮੋਦੀ ਸਰਕਾਰ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਪੰਜਾਬ ਪਾਵਰਕੌਮ, ਥਰਮਲ ਪਾਵਰ, ਕਾਰਪੋਰੇਸ਼ਨਾਂ, ਟਰਾਂਸਪੋਰਟ, ਰੋਡਵੇਜ਼, ਅੰਬੂਜਾ ਸੀਮਿੰਟ, ਸਰਕਾਰੀ ਤੇ ਅਰਧ ਸਰਕਾਰੀ ਅਦਾਰੇ ਇਸ ਸੰਘਰਸ਼ ਵਿੱਚ ਸ਼ਾਮਲ ਹੋ ਕੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਪਿੱਟ ਸਿਆਪਾ ਕਰਕੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਵਾਉਣ ਲਈ ਰੋਸ ਪ੍ਰਦਰਸ਼ਨ ਕਰਨਗੇ। ਪੰਜਾਬ ਸਰਕਾਰ ਦੀਆਂ ਠੱਗੀਆਂ- ਠੋਰੀਆਂ ਖਿਲਾਫ, ਚੋਣਾਂ ਦੌਰਾਨ ਝੂਠੇ ਵਾਅਦੇ ਕਰਕੇ ਸੱਤਾ ਹਥਿਆਉਣ ਖਿਲਾਫ, ਲੋਕਾਂ ਨੂੰ ਇਨਸਾਫ ਲਈ ਸੰਘਰਸ਼ਾਂ ਵਿੱਚ ਕੁੱਦਣ ਦਾ ਹੋਕਾ ਦਿੰਦਿਆਂ ਅਗਲੇ ਤਿੱਖੇ ਸੰਘਰਸ਼ਾਂ ਲਈ ਲਾਮਬੰਦੀ ਵਜੋਂ ਵੱਡੇ ਇਕੱਠ ਕਰਕੇ ਪੰਜਾਬ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਨੂੰ ਚਲਦਾ ਕਰਨ ਲਈ ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਰਜਿ) ਸਬੰਧਤ ਏਟਕ ਦੇ ਪ੍ਰਧਾਨ ਰਾਧੇ ਸ਼ਿਆਮ, ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ, ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀ, ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਤਾਰਾ ਸਿੰਘ ਖਹਿਰਾ ਆਦਿ ਨੇ ਹੰਗਾਮੀ ਮੀਟਿੰਗ ਦੌਰਾਨ ਸਮੂਹ ਡਵੀਜ਼ਨ, ਸਰਕਲ ਅਤੇ ਸੂਬਾ ਪੱਧਰੀ ਆਗੂਆਂ ਨੂੰ ਵੱਡੇ ਇਕੱਠ ਕਰਕੇ ਇਸ ਜ਼ਿਲ੍ਹਾ ਪੱਧਰੀ ਧਰਨਿਆਂ ਨੂੰ ਕਾਮਯਾਬ ਕਰਨ ਲਈ ਪ੍ਰੈਸ ਸਕੱਤਰ ਪੰਜਾਬ ਬਲਬੀਰ ਸਿੰਘ ਮਾਨ ਰਾਹੀਂ ਅਪੀਲ ਕੀਤੀ।

# ਤਿੰਨ ਜ਼ਿਮਨੀ ਚੋਣਾਂ ਜਿੱਤਣ 'ਤੇ ਜੌੜਾਮਾਜਰਾ ਦੇ ਦਫਤਰ 'ਚ ਵੰਡੇ ਲੱਡੂ ਤੇ ਪਾਏ ਭੰਗੜੇ



**ਸਮਾਣਾ (ਇਕਬਾਲ ਸਿੰਘ ਬੱਲ)**

ਗੁਰਪਿਆਰ ਸਿੰਘ ਬੱਲ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਵਿੱਚੋਂ ਤਿੰਨ ਸੀਟਾਂ ਆਮ ਆਦਮੀ ਪਾਰਟੀ ਨੇ ਜਿੱਤ ਕੇ ਇਤਿਹਾਸ ਸਿਰਜਣ ਤੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਦਫਤਰ ਵਿਖੇ ਉਨ੍ਹਾਂ ਦੇ ਭਰਾ ਹਰਜਿੰਦਰ ਸਿੰਘ ਮਿੱਠੂ ਅਤੇ ਪੀ ਏ ਗੁਰਦੇਵ ਸਿੰਘ ਟਿਵਾਣਾ ਦੀ ਅਗਵਾਈ ਵਿੱਚ ਲੱਡੂ ਵੰਡੇ ਗਏ ਅਤੇ ਭੰਗੜੇ ਪਾ ਕੇ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਹਰਜਿੰਦਰ ਸਿੰਘ ਮਿੱਠੂ ਅਤੇ ਪੀ ਏ ਗੁਰਦੇਵ ਸਿੰਘ ਟਿਵਾਣਾ ਨੇ ਕਿਹਾ ਕਿ ਇਨ੍ਹਾਂ ਜ਼ਿਮਨੀ ਚੋਣਾਂ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਰਸਤਾ ਤੈਅ ਕਰ ਦਿੱਤਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਫਿਰ ਦੁਬਾਰਾ ਲਿਆਉਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਬਿਨਾਂ ਕਿਸੇ ਵਿਤਕਰੇ ਅਤੇ ਬਿਨਾਂ ਕਿਸੇ ਭਿੰਨ ਭੇਦ ਤੋਂ ਪੰਜਾਬ ਵਿੱਚ ਕੰਮ ਕਰ ਰਹੀ ਹੈ।

ਉਨ੍ਹਾਂ ਕਾਂਗਰਸ ਪਾਰਟੀ 'ਤੇ ਤਨਜ਼ ਕੱਸਦਿਆਂ ਕਿਹਾ ਕਿ ਪੰਜਾਬ ਦੇ ਵੱਡੇ ਲੀਡਰ ਜੋ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਦਾਅਵੇਦਾਰ ਕਹਾਉਂਦੇ ਹਨ ਇਨਾਂ ਚੋਣਾਂ ਵਿੱਚ ਹੋਈ ਹਾਰ ਤੋਂ ਸਬਕ ਜ਼ਰੂਰ ਲੈਣ ।ਇਸ ਮੌਕੇ ਸੰਦੀਪ ਸ਼ਰਮਾ, ਕੁਲਵਿੰਦਰ ਸਿੰਘ ਘੁੰਮਣ, ਜਤਿੰਦਰ ਝੰਡ, ਅਮਿਤ ਧਾਲੀਵਾਲ, ਨਿਰਭੈ ਸਿੰਘ ਜਵੰਦਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ

## ...ਸ.ਫਾ 1 ਦੇ ਬਾਕੀ

### ਝਾਰਖੰਡ 'ਚ ਫਿਰ ਸੋਰੇਨ ...

ਲਾਇਆ। ਉਨ੍ਹਾ ਕਿਹਾ, 'ਇੱਕ ਦੇਸ਼, ਇੱਕ ਚੋਣ, ਇੱਕ ਪਾਰਟੀ, ਇਸ ਤਰ੍ਹਾਂ ਹੀ ਲੱਗਦਾ ਹੈ।' ਊਧਵ ਠਾਕਰੇ ਨੇ ਕਿਹਾ, 'ਮੈਨੂੰ ਸਮਝ ਨਹੀਂ ਆ ਰਿਹਾ ਕਿ ਇਹ ਸੁਨਾਮੀ ਕਿਉਂ ਆਈ। ਇਸ 'ਤੇ ਖੋਜ ਕਰਨੀ ਹੋਵੇਗੀ।' ਉਨ੍ਹਾ ਕਿਹਾ, 'ਕਿਸਾਨ ਪ੍ਰੇਸ਼ਾਨ ਹੈ, ਬੇਰੁਜ਼ਗਾਰੀ ਸਿਖਰਾਂ 'ਤੇ ਹੈ।' ਸੂਬੇ 'ਚ ਮੁੱਖ ਮੰਤਰੀ ਕੌਣ ਬਣੇਗਾ, ਇਸ 'ਤੇ ਅੰਦਾਜ਼ਾ ਲਾਉਂਦੇ ਹੋਏ ਊਧਵ ਠਾਕਰੇ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਭਾਜਪਾ ਦਾ ਮੁੱਖ ਮੰਤਰੀ ਹੋਵੇਗਾ।' ਊਧਵ ਠਾਕਰੇ ਨੇ ਸਵਾਲ ਉਠਾਏ ਕਿ ਇਸ ਪ੍ਰਕਾਰ ਦੀ ਸੁਨਾਮੀ ਲਿਆਉਣ ਲਈ ਭਾਜਪਾ ਨੇ ਕੀ ਕੀਤਾ? ਊਧਵ ਠਾਕਰੇ ਨੇ ਇਹ ਵੀ ਕਿਹਾ ਕਿ ਮੈਨੂੰ ਇਸ ਤਰ੍ਹਾਂ ਨਹੀਂ ਲੱਗਦਾ ਕਿ 'ਬਟੋਗੇ ਤੋ ਕਟੋਗੇ' ਨੇ ਸੂਬੇ 'ਚ ਕੰਮ ਕੀਤਾ।

## ਜਿੱਤ ਤੋਂ ਬਾਅਦ ਹੇਮੰਤ ਨੇ ਆਪਣੀ ਪਤਨੀ ਨੂੰ ਦੱਸਿਆ 'ਵਨ-ਮੈਨ ਆਰਮੀ'

ਮਹਾਰਾਸ਼ਟਰ 'ਚ ਖਰਾਬ ਪ੍ਰਦਰਸ਼ਨ ਦੌਰਾਨ ਕਾਂਗਰਸ ਅਤੇ 'ਇੰਡੀਆ' ਗਠਜੋੜ ਨੂੰ ਝਾਰਖੰਡ ਤੋਂ ਕੁਝ ਰਾਹਤ ਮਿਲੀ ਹੈ। ਝਾਰਖੰਡ 'ਚ ਇੰਡੀਆ ਗਠਜੋੜ ਨੇ ਇੱਕ ਵਾਰ ਫਿਰ ਸੱਤਾ 'ਚ ਵਾਪਸੀ ਕੀਤੀ ਹੈ। ਹੇਮੰਤ ਸੋਰੇਨ ਨੇ ਇਸ ਜਿੱਤ ਦਾ ਕ੍ਰੈਡਿਟ ਆਪਣੀ ਪਤਨੀ ਕਲਪਨਾ ਸੋਰੇਨ ਅਤੇ ਉਨ੍ਹਾ ਦੀ ਟੀਮ ਨੂੰ ਦਿੱਤਾ। ਸੋਰੇਨ ਨੇ ਕਿਹਾ, 'ਅਸੀਂ ਆਪਣਾ ਹੋਮਵਰਕ ਕਰ ਲਿਆ ਸੀ ਅਤੇ ਆਪਣੇ ਟੀਚੇ ਨਿਰਧਾਰਤ ਕਰ ਲਏ ਸਨ। ਅਸੀਂ ਜਾਣਦੇ ਸੀ ਕਿ ਇੱਥੇ ਬਹੁਤ ਮੁਸ਼ਕਲ ਮੁਕਾਬਲਾ ਹੋਣ ਵਾਲਾ ਹੈ। ਇਸ ਲਈ ਅਸੀਂ ਆਪਣੀ ਟੀਮ ਦੇ ਨਾਲ ਜ਼ਮੀਨ 'ਤੇ ਕੰਮ ਕਰਨ ਲਈ ਨਿਕਲ ਪਏ। ਇਹ ਬੇਹਤਰੀਨ ਟੀਮ ਵਰਕ ਸੀ ਅਤੇ ਅਸੀਂ ਉਹ ਸੰਦੇਸ਼ ਦੇਣਾ ਚਾਹੁੰਦੇ ਸੀ। ਉਨ੍ਹਾ ਕਿਹਾ—ਤੁਸੀਂ ਦੇਖਿਆ ਕਿ ਲੋਕ ਸਭਾ ਚੋਣਾਂ 'ਚ ਅਸੀਂ ਕਿਸ ਤਰ੍ਹਾਂ ਪ੍ਰਦਰਸ਼ਨ ਕੀਤਾ (ਜੇ ਐੱਮ ਐੱਮ-ਕਾਂਗਰਸ ਗਠਜੋੜ ਨੇ ਪੰਜ ਸੀਟਾਂ ਜਿੱਤੀਆਂ ਸਨ।) ਜੇਕਰ ਮੈਂ ਜੇਲ੍ਹ 'ਚੋਂ ਬਾਹਰ ਹੁੰਦਾ ਤਾਂ ਅਸੀਂ ਹੋਰ ਵੀ ਚੰਗਾ ਪ੍ਰਦਰਸ਼ਨ ਕਰਦੇ। ਉਸ ਸਮੇਂ ਮੇਰੀ ਪਤਨੀ ਕਲਪਨਾ ਸੋਰੇਨ 'ਵਨ ਮੈਨ ਆਰਮੀ' ਦੇ ਰੂਪ 'ਚ ਕੰਮ ਕਰ ਰਹੀ ਸੀ, ਇਸ ਵਾਰ ਅਸੀਂ ਦੋ ਸਾਂ।

ਪੂਰੀ ਤਾਕਤ ਲਗਾਉਣ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਲੈ ਕੇ ਵੱਡੇ ਵੱਡੇ ਨੇਤਾਵਾਂ ਨੂੰ ਚੋਣ ਪ੍ਰਚਾਰ 'ਚ ਉਤਾਰਨ ਤੋਂ ਬਾਅਦ ਵੀ ਭਾਜਪਾ ਨੂੰ ਇੱਥੇ ਹਾਰ ਦਾ ਸਾਹਮਣਾ ਕਰਨਾ ਪਿਆ। ਝਾਰਖੰਡ 'ਚ ਵਿਧਾਨ ਸਭਾ ਦੀਆ 81 ਸੀਟਾਂ ਹਨ ਅਤੇ ਇਸ ਸੂਬੇ 'ਚ 13 ਨਵੰਬਰ ਅਤੇ 20 ਨਵੰਬਰ ਨੂੰ ਦੋ ਗੇੜਾਂ 'ਚ ਵੋਟਿੰਗ ਹੋਈ ਸੀ। ਸੂਬੇ 'ਚ ਸਰਕਾਰ ਬਣਾਉਣ ਲਈ ਜ਼ਰੂਰੀ ਅੰਕੜਾ 45 ਹੈ। 'ਇੰਡੀਆ' ਗਠਜੋੜ ਇੱਥੇ ਇੱਕ ਵਾਰ ਫਿਰ ਤੋਂ ਸਰਕਾਰ ਬਣਾਉਣ ਜਾ ਰਿਹਾ ਹੈ।

ਭਾਜਪਾ ਨੇ ਸੂਬੇ 'ਚ ਕਥਿਤ ਰੂਪ ਨਾਲ ਹੋ ਰਹੀ ਬੰਗਲਾਦੇਸ਼ੀ ਅਤੇ ਰੋਹਿੰਗਿਆ ਦੀ ਘੁਸਪੈਠ ਨੂੰ ਮੁੱਦਾ ਬਣਾਇਆ, ਪਰ ਚੋਣ ਨਤੀਜਿਆਂ ਤੋਂ ਸਾਫ਼ ਹੈ ਕਿ ਇਹ ਕਾਰਡ ਨਹੀਂ ਚੱਲਿਆ। ਦੂਜੇ ਪਾਸੇ ਝਾਮੂਮੋ ਅਤੇ ਇੰਡੀਆ ਗਠਜੋੜ 'ਚ ਸ਼ਾਮਲ ਬਾਕੀ ਦਲਾਂ ਨੇ ਸੋਰੇਨ ਸਰਕਾਰ ਦੀਆਂ ਉਪਲੱਬਧੀਆਂ ਨੂੰ ਮੁੱਦਾ ਬਣਾਇਆ।

ਝਾਰਖੰਡ 'ਚ ਭਾਜਪਾ ਨੇ ਨਵੀਂਆਂ ਸੀਟਾਂ ਜਿੱਤਣ 'ਤੇ ਫੋਕਸ ਕੀਤਾ ਅਤੇ 11 ਨਵੀਂਆਂ ਸੀਟਾਂ ਜਿੱਤੀਆਂ, ਪਰ 14 ਇਸ ਤਰ੍ਹਾਂ ਦੀਆਂ ਗੁਆ ਦਿੱਤੀਆਂ, ਜਿੱਥੇ 2019 'ਚ ਜਿੱਤ ਮਿਲੀ ਸੀ। ਦੂਜੇ ਪਾਸੇ ਝਾਰਖੰਡ ਮੁਕਤੀ ਮੋਰਚਾ ਨੇ 30 'ਚੋਂ 25 ਸੀਟਾਂ ਰਿਟੇਨ ਕੀਤੀਆਂ। ਇਸ ਤੋਂ ਇਲਾਵਾ 8 ਨਵੀਂਆਂ ਸੀਟਾਂ ਵੀ ਜਿੱਤੀਆਂ। ਕਾਂਗਰਸ ਨੇ 16 'ਚੋਂ 11 ਸੀਟਾਂ ਬਰਕਰਾਰ ਰੱਖੀਆਂ ਅਤੇ 5 ਨਵੀਂਆਂ ਸੀਟਾਂ ਵੀ ਜਿੱਤੀਆਂ। ਝਾਰਖੰਡ ਨੂੰ 5 ਪਾਲੀਟੀਕਲ ਜ਼ੋਨਾਂ 'ਚ ਵੰਡਿਆ ਜਾਂਦਾ ਹੈ। ਭਾਜਪਾ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਆਪਣੇ ਗੜ੍ਹ ਮੰਨੇ ਜਾਂਦੇ ਛੋਟਾ ਨਾਗਪੁਰ ਇਲਾਕੇ 'ਚ ਹੋਇਆ। ਭਾਜਪਾ ਪ੍ਰਦੇਸ਼ ਪ੍ਰਧਾਨ ਬਾਬੂਲਾਲ ਮਰਾਂਡੀ ਇੱਥੋਂ ਹੀ ਆਉਂਦੇ ਹਨ। ਇਸ ਤੋਂ ਇਲਾਵਾ ਆਦਿਵਾਸੀ ਗਿਣਤੀ ਸੰਥਾਲ ਪਰਗਨਾ 'ਚ ਭਾਜਪਾ ਲਗਭਗ ਸਾਫ਼ ਹੋ ਗਈ। ਚੰਪਾਈ ਸੋਰੇਨ ਦੇ ਇਲਾਕੇ ਕੋਲਹਾਨ 'ਚ ਭਾਜਪਾ 2 ਨਵੀਂਆਂ ਸੀਟਾਂ ਜਿੱਤ ਸਕੀ। ਝਾਰਖੰਡ ਮੁਕਤੀ ਮੋਰਚਾ ਨੇ ਆਦਿਵਾਸੀ ਗਿਣਤੀ ਵਾਲੇ ਸੰਥਾਲ ਪਰਗਨਾ ਅਤੇ ਕੋਲਹਾਨ ਦਾ ਗੜ੍ਹ ਬਰਕਰਾਰ ਰੱਖਿਆ, ਨਾਲ ਹੀ ਛੋਟਾ ਨਾਗਪੁਰ 'ਚ 6 ਨਵੀਂਆਂ ਸੀਟਾਂ ਜਿੱਤੀਆਂ।

## ਪਾਰਟੀ ਵਰਕਰਾਂ ਨੇ ਲੱਡੂ ਵੰਡ ਕੇ ਮਨਾਇਆ ਜਿੱਤ ਦਾ ਜਸ਼ਨ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੰਜਾਬ ਦੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਅੱਜ ਆਏ ਨਤੀਜਿਆਂ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਲਹਿਰ ਦਿਖਾਈ ਦੇ ਰਹੀ ਹੈ।ਚਾਰ ਵਿਧਾਨ ਸਭਾ ਸੀਟਾਂ ਤੋਂ ਤਿੰਨ ਤੇ ਆਮ ਆਦਮੀ ਪਾਰਟੀ ਕਾਬਜ਼ ਰਹੀ, ਜਿਸ ਨੂੰ ਲੈ ਕੇ ਅੱਜ ਹਲਕਾ ਸਮਰਾਲਾ ਦੇ ਬਲਾਕ ਮਾਛੀਵਾੜਾ ਸਾਹਿਬ ਦੇ ਮੇਨ ਖਾਲਸਾ ਚੌਕ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਢੋਲ ਵਜਾ ਕੇ ਲੱਡੂ ਵੰਡੇ ਗਏ, ਜਿਸ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਸਾਬਕਾ ਵਿਧਾਇਕ ਅਤੇ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਜਗਜੀਵਨ ਸਿੰਘ ਖੀਰਨੀਆਂ ਵੀ ਉਚੇਚੇ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਜੋ ਚਾਰ ਸੀਟਾਂ ਤੋਂ ਤਿੰਨ ਸੀਟਾਂ ਤੇ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਹੈ, ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਵੋਟਰਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਹ ਜਿੱਤ ਦਾ ਫਤਵਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪ ਪਾਰਟੀ ਨੇ ਜੋ ਕਿਹਾ ਉਹ ਕਰਕੇ ਦਿਖਾਇਆ ਹੈ ਤੇ ਬਹੁਤ ਜਲਦ ਜੋ ਪੰਜਾਬ ਦੀਆਂ ਔਰਤਾਂ ਲਈ ਇੱਕ-ਇੱਕ ਹਜ਼ਾਰ ਰੁਪਿਆ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਗਰੰਟੀ ਵੀ ਬਹੁਤ ਜਲਦ ਪੂਰੀ ਹੋਣ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ 'ਤੇ ਵੀ ਆਮ ਆਦਮੀ ਪਾਰਟੀ ਪੂਰਨ ਤੌਰ 'ਤੇ ਕਾਬਜ਼ ਰਹੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

### ਡਾ. ਇਸ਼ਾਂਕ ਨੇ ਦਿੱਗਜਾਂ...

ਨੂੰ 226 ਤੇ ਨੋਟਾ ਨੂੰ 884 ਵੋਟਾਂ ਮਿਲੀਆਂ। ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦੇ ਪੁੱਤਰ ਇਸ਼ਾਂਕ ਚੱਬੇਵਾਲ ਨੂੰ ਚੋਣ ਮੈਦਾਨ 'ਚ ਉਤਾਰਿਆ ਸੀ।ਇਸ਼ਾਂਕ ਚੱਬੇਵਾਲ ਪੇਸ਼ੇ ਤੋਂ ਡਾਕਟਰ ਹਨ।

ਇਸ਼ਾਨ ਚੱਬੇਵਾਲ ਦੇ ਪਿਤਾ ਰਾਜ ਕੁਮਾਰ ਚੱਬੇਵਾਲ 2024 ਦੀਆਂ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸਨ ਤੇ ਚੋਣ ਜਿੱਤ ਕੇ ਲੋਕ ਸਭਾ ਪਹੁੰਚੇ ਸਨ।ਇਸ ਤੋਂ ਬਾਅਦ ਚੱਬੇਵਾਲ ਵਿਧਾਨ ਸਭਾ ਸੀਟ ਖਾਲੀ ਹੋ ਗਈ ਸੀ।

### ਗੁਰਦੀਪ ਸਿੰਘ ਰੰਧਾਵਾ ...

ਭਾਜਪਾ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਨੂੰ 6505, ਸ਼੍ਰੋਮਣੀ ਅਕਾਲੀ ਦਲ (ਅਮ੍ਰਿੰਤਸਰ) ਦੇ ਉਮੀਦਵਾਰ ਲਵਪ੍ਰੀਤ ਸਿੰਘ ਤੂਫਾਨ ਨੂੰ 2358 ਵੋਟਾਂ ਪਈਆਂ ਅਤੇ ਸਤਨਾਮ ਸਿੰਘ ਨੂੰ 197, ਸੰਤ ਸੇਵਕ ਨੂੰ 283, ਜਤਿੰਦਰ ਕੌਰ ਰੰਧਾਵਾ ਨੂੰ 161, ਨਵਪ੍ਰੀਤ ਸਿੰਘ ਨੂੰ 284, ਪਾਲਾ ਸਿੰਘ ਨੂੰ 124, ਰਣਜੀਤ ਸਿੰਘ ਨੂੰ 462, ਆਯੂਬ ਮਸੀਹ ਨੂੰ 214 (ਸਾਰੇ ਆਜ਼ਾਦ ਉਮੀਦਵਾਰ) ਅਤੇ ਨੋਟਾ ਨੂੰ 875 ਵੋਟਾਂ ਪਈਆਂ।

### ਡਿੰਪੀ ਢਿੱਲੋਂ ਨੇ...

ਢਿੱਲੋਂ ਨੂੰ 71198 ਵੋਟਾਂ ਹਾਸਲ ਹੋਈਆਂ, ਜਦਕਿ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਦੂਜੇ ਨੰਬਰ 'ਤੇ ਰਹੇ, ਜਿਨ੍ਹਾਂ ਨੂੰ 49397 ਵੋਟਾਂ ਮਿਲੀਆਂ।

ਇਸ ਹਲਕੇ ਵਿੱਚ ਸਭ ਤੋਂ ਪਤਲੀ ਹਾਲਤ ਮਨਪ੍ਰੀਤ ਸਿੰਘ ਬਾਦਲ ਦੀ ਰਹੀ, ਜਿਨ੍ਹਾਂ ਨੂੰ ਮਹਿਜ਼ 12174 ਵੋਟਾਂ ਨਾਲ ਹੀ ਸਬਰ ਕਰਨਾ ਪਿਆ।

## ਖੇਤੀਬਾੜੀ ਮੰਤਰੀ ਖੁੱਡੀਆਂ ਵੱਲੋਂ 21ਵੀਂ ਪਸ਼ੂ ਧਨ ਗਣਨਾ ਦੀ ਸ਼ੁਰੂਆਤ




**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਲੰਬੀ ਹਲਕੇ ਦੇ ਵਿਧਾਇਕ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸ਼ਨੀਵਾਰ 21ਵੀਂ ਪਸ਼ੂ ਧਨ ਗਣਨਾ ਦੀ ਪੰਜਾਬ ਵਿਚ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਖੇਤੀਬਾੜੀ ਮੰਤਰੀ ਖੁੱਡੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ 21ਵੀਂ ਪਸ਼ੂ ਧਨ ਗਣਨਾ ਦੀ ਪੰਜਾਬ ਵਿਚ ਸ਼ੁਰੂਆਤ ਕੀਤੀ ਗਈ ਅਤੇ ਇਸ ਦੀ ਸ਼ੁਰੂਆਤ ਸਾਰੇ ਦੇਸ਼ ਵਿਚ ਹੋਣੀ ਹੈ ਅਤੇ ਇਸ ਵਿਚ 16 ਤਰ੍ਹਾਂ ਦੀਆਂ ਪ੍ਰਜਾਤੀਆਂ ਦੇ ਜਾਨਵਰਾਂ ਅਤੇ ਪੰਛੀਆਂ ਦੀ ਗਿਣਤੀ ਹੋਣੀ ਹੈ, ਜਿਸ ਵਿਚ ਆਵਾਰਾ ਪਸ਼ੂ ਜਿਵੇਂ ਕੁੱਤੇ ਆਦਿ ਅਤੇ ਜੋ ਬਾਹਰਲੇ ਰਾਜਾਂ ਤੋਂ ਆ ਕੇ ਪੰਜਾਬ ਵਿਚ ਪਸ਼ੂ ਸੰਭਾਲ ਰਹੇ ਹਨ, ਉਨ੍ਹਾਂ ਦਾ ਪਤਾ ਕੀਤਾ ਜਾਵੇਗਾ ਕਿ ਉਹ ਕਿਸ ਨਸਲ ਦੇ ਜਾਨਵਰ ਪਾਲ ਰਹੇ ਹਨ ਅਤੇ ਇਨ੍ਹਾਂ ਜਾਨਵਰਾਂ ਦੀਆਂ ਕੀ ਲੋੜਾਂ ਹਨ। ਉਨ੍ਹਾਂ ਦੱਸਿਆ ਕਿ ਇਹ ਗਣਨਾ ਕੇਂਦਰ ਸਰਕਾਰ ਵੱਲੋਂ ਕਰਵਾਈ ਜਾ ਰਹੀ ਹੈ ਅਤੇ ਇਸ ਗਣਨਾ ਰਾਹੀਂ ਉਹ ਪੰਜਾਬ ਰਾਜ ਦੇ ਜਾਨਵਰਾਂ ਦੀਆਂ ਸੁੱਖ ਸਹੂਲਤਾਂ ਬਾਰੇ ਕੇਂਦਰ ਸਰਕਾਰ ਤੋਂ ਮਦਦ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਵਰਕਰ ਇਸ ਗਣਨਾ ਤਹਿਤ ਕਿਸੇ ਦੇ ਘਰ ਜਾਂਦਾ ਹੈ ਤਾਂ ਉਸ ਤੋਂ ਕੁਝ ਵੀ ਛੁਪਾਇਆ ਨਾ ਜਾਵੇ। ਉਸ ਨੂੰ ਸਭ ਕੁਝ ਘਰ ਵਿਚ ਪਾਲੇ ਜਾ ਰਹੇ ਜਾਨਵਰਾਂ ਬਾਰੇ ਖੁੱਲ੍ਹ ਕੇ ਦੱਸਿਆ ਜਾਵੇ ਤਾਂ ਜੋ ਕੇਂਦਰ ਸਰਕਾਰ ਵੱਲੋਂ ਮਿਲ ਰਹੀ ਸਹੂਲਤ ਇਨ੍ਹਾਂ ਜਾਨਵਰਾਂ ਨੂੰ ਦਿੱਤੀ ਜਾ ਸਕੇ।

## ਕਿਸਾਨਾਂ ਦੇ ਜਥੇ ਨੂੰ ਰੋਕਣ ਨੂੰ ਲੈ ਕੇ ਕੀਤਾ ਚੱਕਾ ਜਾਮ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਆਈ ਟੀ ਆਈ ਚੌਂਕ ਦੇ ਨੇੜੇ ਓਵਰਬ੍ਰਿਜ ਕੋਲ ਕਿਸਾਨਾਂ ਨੂੰ ਪ੍ਰਸ਼ਾਸਨ ਵੱਲੋਂ ਬਠਿੰਡਾ ਵੱਲ ਜਾਣ ਨੂੰ ਰੋਕਣ ਨੂੰ ਲੈ ਕੇ ਕਿਸਾਨਾਂ ਵੱਲੋਂ ਓਵਰ ਬਰਿਜ ਦਾ ਰਸਤਾ ਰੋਕ ਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਮੌਕੇ 'ਤੇ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਸਹਿਮਤ ਕਰਕੇ ਜਾਣ ਦਿੱਤਾ ਗਿਆ। ਇਸ ਮੌਕੇ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ, ਜਿਸ ਨੂੰ ਲੈ ਕੇ ਅੱਜ ਵੱਖ-ਵੱਖ ਥਾਵਾਂ ਤੋਂ ਕਿਸਾਨ ਉਥੇ ਇਕੱਠੇ ਹੋ ਕੇ ਪਹੁੰਚ ਰਹੇ ਹਨ ਅਤੇ ਅੱਜ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਰੋਕਿਆ ਗਿਆ ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਓਵਰ ਬ੍ਰਿਜ ਦੇ ਉੱਪਰ ਇੱਕ ਬਜ਼ੁਰਗ ਨਾਲ ਕਿਸਾਨ ਯੂਨੀਅਨ ਦੇ ਆਗੂਆਂ ਨਾਲ ਤਿੱਖੀ ਬਹਿਸ ਹੋ ਗਈ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਮਾਮਲਾ ਸੁਲਝਾਇਆ ਗਿਆ ਅਤੇ ਉਨ੍ਹਾਂ ਨੂੰ ਬੱਸ ਰਾਹੀਂ ਜਾਣ ਦਿੱਤਾ ਗਿਆ। ਜਦੋਂ ਪੁਲਸ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਤਾਂ ਹਰ ਰੋਜ਼ ਦੀ ਤਰ੍ਹਾਂ ਚੈਕਿੰਗ ਲਈ ਖੜ੍ਹੇ ਹਨ , ਕਿਸੇ ਨੂੰ ਪਰੇਸ਼ਾਨ ਨਹੀਂ ਕੀਤਾ ਜਾ ਰਿਹਾ।

## ਸਕੂਲ ਦੀ ਸਪੋਰਟਸ ਮੀਟ 'ਚ ਬਰਸਟ ਨੇ ਕੀਤੀ ਸ਼ਿਰਕਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੇਂਟ ਥਰੇਸਾ ਕਾਨਵੈਂਟ ਸਕੂਲ ਸਮਾਣਾ ਵਿਖੇ ਸ਼ਨੀਵਾਰ ਸਲਾਨਾ ਸਪੋਰਟਸ ਮੀਟ ਕਰਵਾਈ ਗਈ ਜਿਸ ਵਿੱਚ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਮੁੱਖ ਮਹਿਮਾਨ ਵਜੋਂ ਪਹੁੰਚੇ, ਜਿਨ੍ਹਾਂ ਨਾਲ ਸ਼ਾਮ ਲਾਲ ਦੱਤ, ਹਰਤੇਜ ਸਿੰਘ ਸੰਧੂ ਐਡਵੋਕੇਟ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਕੂਲ ਪ੍ਰਿੰਸੀਪਲ ਵੱਲੋਂ ਬਰਸਟ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਵਾਗਤ ਕੀਤਾ ਗਿਆ । ਸਕੂਲ ਦੀ ਸਪੋਰਟਸ ਮੀਟ ਪ੍ਰਾਰਥਨਾ ਨਾਲ ਸ਼ੁਰੂ ਹੋਈ। ਸਕੂਲੀ ਬੱਚਿਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ।

ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਬਰਸਟ ਨੇ ਕਿਹਾ ਕਿ ਸਕੂਲ ਨੂੰ ਆਉਣ ਵਾਲੀ ਸੜਕ ਜਲਦੀ ਹੀ ਪੱਕੀ ਕਰਵਾ ਦਿੱਤੀ ਜਾਵੇਗੀ। ਇਸ ਮੌਕੇ ਸਕੂਲੀ ਬੱਚਿਆਂ ਤੋਂ ਇਲਾਵਾ ਉਨ੍ਹਾਂ ਦੇ ਮਾਤਾ ਪਿਤਾ ਵੀ ਇਸ ਸਲਾਨਾ ਸਪੋਰਟਸ ਮੀਟ ਵਿੱਚ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਸੰਯੁਕਤ ਕਿਸਾਨ ਮੋਰਚਾ ਤੇ ਟ੍ਰੇਡ ਯੂਨੀਅਨਾਂ ਡੀ ਸੀ ਦਫ਼ਤਰ ਅੱਗੇ ਦੇਣਗੀਆਂ ਰੋਸ ਧਰਨਾ



**ਪਠਾਨਕੋਟ (ਦਵਿੰਦਰ ਸਿੰਘ)**-ਜ਼ਿਲ੍ਹੇ ਪਠਾਨਕੋਟ ਦੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਤੇ ਜ਼ਿਲੇ ਵਿੱਚ ਕੰਮ ਕਰਦੀਆਂ ਟ੍ਰੇਡ ਯੂਨੀਅਨਾਂ ਵੱਲੋਂ ਸਾਂਝੇ ਤੌਰ ਤੇ ਡੀ ਸੀ ਦਫ਼ਤਰ ਅੱਗੇ 12 ਵਜੇ ਤੋਂ 3 ਵਜੇ ਤੱਕ ਰੋਸ ਧਰਨਾ ਦੇ ਕੇ ਡੀ ਸੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ।ਇਹ ਜਾਣਕਾਰੀ ਆਗੂਆਂ ਨੇ ਬਾਰਠ ਸਾਹਿਬ ਵਿਖੇ ਮੀਟਿੰਗ ਕਰਨ ਉਪਰੰਤ ਦਿੱਤੀ।ਇਸ ਮੀਟਿੰਗ ਵਿੱਚ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਖਤਿਆਰ ਸਿੰਘ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਸਿੰਘ ਭੋਆ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਵੱਲੋਂ ਅਮਰੀਕ ਸਿੰਘ, ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਆਈ ਐੱਸ ਗੁਲਾਟੀ ਅਤੇ ਸੀਟੂ ਏਟਕ ਸੀਟੀਯੂ ਟ੍ਰੇਡ ਯੂਨੀਅਨਾਂ ਵੱਲੋਂ ਕੇਵਲ ਕਾਲੀਆ, ਵਿਜੈ ਕੁਮਾਰ, ਕੇਵਲ ਸਿੰਘ, ਬਹਾਦਰ ਸਿੰਘ,ਕੁਲਬੀਰ ਸਿੰਘ ਹਾਜ਼ਰ ਸਨ।ਆਗੂਆਂ ਨੇ ਦੱਸਿਆ ਕਿ ਕਿਸਾਨ ਸੰਘਰਸ਼ ਦਿੱਲੀ ਦੇ ਚਾਰ ਸਾਲ ਪੂਰੇ ਹੋਣ ਤੇ ਕਿਸਾਨਾਂ ਦੀ ਹੋ ਰਹੀ ਖੱਜਲ-ਖੁਆਰੀ ਨੂੰ ਲੋਕਾਂ ਸਾਹਮਣੇ ਦੱਸਣ ਲਈ ਸਾਰੇ ਪੰਜਾਬ ਵਿੱਚ ਧਰਨੇ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕਿਸਾਨੀ ਸਬੰਧੀ ਤਿੰਨ ਕਾਲੇ ਕਨੂੰਨਾਂ ਨੂੰ ਰੱਦ ਤਾਂ ਕਰ ਦਿੱਤਾ ਗਿਆ ਪਰ ਕਿਸਾਨ ਵਿਰੋਧੀ ਨੀਤੀਆਂ ਤਹਿਤ ਕਿਸਾਨਾਂ ਨੂੰ ਖੱਜਲ ਖਰਾਬ ਕੀਤਾ ਜਾ ਰਿਹਾ ਹੈ।ਹੁਣ ਕਣਕ ਦੀ ਬਿਜਾਈ ਲਈ ਲੋੜੀਂਦੀ ਡੀ ਏ ਪੀ ਖਾਦ ਨਹੀਂ ਮਿਲ ਰਹੀ।ਮਜ਼ਦੂਰਾਂ ਦੇ ਲੇਬਰ ਲਾਅ ਖਤਮ ਕਰਕੇ ਮਜ਼ਦੂਰ ਵਿਰੋਧੀ ਚਾਰ ਕੋਡ ਬਣਾ ਦਿੱਤੇ ਹਨ ਜਿਸ ਨਾਲ ਮਜ਼ਦੂਰ ਦੀ ਸੁਰੱਖਿਆ ਨਹੀਂ ਰਹੀ।ਘੱਟ-ਘੱਟ ਉਜਰਤ ਵੀ ਮਜ਼ਦੂਰ ਨੂੰ ਨਹੀਂ ਮਿਲ ਰਹੀ।ਆਗੂਆਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕਿਸਾਨ ਵਿਰੋਧੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਜਾਰੀ ਰੱਖਿਆ ਤਾਂ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਾਂਝੇ ਸੰਘਰਸ਼ ਹੋਰ ਤੇਜ਼ ਕੀਤੇ ਜਾਣਗੇ।

# ਆਮ ਆਦਮੀ ਪਾਰਟੀ ਦੇ ਦਫਤਰ ਡੇਰਾ ਬਾਬਾ ਨਾਨਕ ਵਿਖੇ ਖੁਸ਼ੀ 'ਚ ਜਸ਼ਨ ਮਨਾਏ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਜਿੱਤ ਦੀ ਖਬਰ ਸੁਣਦਿਆਂ ਹੀ ਆਮ ਆਦਮੀ ਪਾਰਟੀ ਦੇ ਦਫਤਰ ਡੇਰਾ ਬਾਬਾ ਨਾਨਕ ਵਿਖੇ ਪਾਰਟੀ ਵਰਕਰ ਵੱਡੀ ਗਿਣਤੀ ਵਿੱਚ ਪੁੱਜਣੇ ਸ਼ੁਰੂ ਹੋ ਗਏ।ਇਸ ਮੌਕੇ ਵਰਕਰਾਂ ਵੱਲੋਂ ਗੁਰਦੀਪ ਸਿੰਘ ਰੰਧਾਵਾ ਦੀ ਜਿੱਤ ਦੀ ਖੁਸ਼ੀ ਵਿੱਚ ਆਤਸ਼ਬਾਜ਼ੀ ਚਲਾਈ, ਲੱਡੂ ਵੰਡੇ ਤੇ ਭੰਗੜੇ ਪਾਏ ਗਏ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪਰਵਿੰਦਰ ਸਿੰਘ ਘਣੀਆਂ, ਉਹਨਾਂ ਦੇ ਪੁੱਤਰ ਮਨਤੁਖ ਸਿੰਘ ਰੰਧਾਵਾ, ਮਨਜੋਤ ਸਿੰਘ ਰੰਧਾਵਾ, ਭਰਾ ਕੁਲਦੀਪ ਸਿੰਘ ਰੰਧਾਵਾ, ਤਜਵੀਰ ਸਿੰਘ ਰੰਧਾਵਾ, ਪਰਮਿਦਰ ਸਿੰਘ ਰੰਧਾਵਾ, ਥਾਣੇਦਾਰ ਪ੍ਰਭਜੋਤ ਸਿੰਘ ਰੰਧਾਵਾ, ਕੈਪਟਨ ਹਰਮਿੰਦਰ ਸਿੰਘ ਅੰਮ੍ਰਿਤਸਰ, ਮਨਿੰਦਰਬੀਰ ਸਿੰਘ ਰੰਧਾਵਾ, ਤਬਤੇਜਬੀਰ ਸਿੰਘ ਰੰਧਾਵਾ, ਹਰਪ੍ਰੀਤ ਸਿੰਘ ਕੋਟੀਆਂ, ਜਸਨਪ੍ਰੀਤ ਰੰਧਾਵਾ, ਹਰਜੀਤ ਸਿੰਘ ਠੇਠਰਕੇ, ਰਜੇਸ਼ ਕੁਮਾਰ ਬਿੱਟਾ, ਮੇਜਰ ਸਿੰਘ ਠੇਠਰਕੇ, ਮਾਸਟਰ ਓਮ ਪ੍ਰਕਾਸ਼, ਗੋਲਾ ਸੁਨਿਆਰਾ, ਗਗਨਦੀਪ ਸਿੰਘ, ਬਿਕਰਮਜੀਤ ਬੰਟੀ, ਬਿੱਟੂ ਠੇਕੇਦਾਰ ਜੋੜੀਆਂ ਕਲਾਂ, ਮੈਂਬਰ ਕੁਲਦੀਪ ਸਿੰਘ, ਜੱਗੀ ਸਰਪੰਚ ਜੋੜੀਆਂ ਕਲਾਂ,ਹਰਦੇਵ ਸਿੰਘ ਹਰੂਵਾਲ, ਹੈਪੀ ਬਹਿਲੋਲਪੁਰ, ਵਿਪਨ ਸੋਨੀ, ਸੰਜੀਵ ਸੋਨੀ ਪੱਪੂ ਮਾਨ,



ਤਜਿੰਦਰ ਸਿੰਘ ਪੂਨੀ, ਸਤਪਾਲ ਸੈਣੀ, ਕੁਲਵਿੰਦਰ ਸਿੰਘ ਜੁਗਨੂੰ ਬੇਦੀ, ਬਲਦੇਵ ਰਾਜ ਡਾਇਮੰਡ, ਨੀਰਜ ਲਾਹੌਰੀਆ, ਸੁਧੀਰ ਬੇਦੀ, ਰਜਤ ਮਰਵਾਹਾ, ਕਿਸ਼ਨ ਕੁਮਾਰ ਹੈਪੀ, ਮਨਜੀਤ ਸਿੰਘ ਬੇਦੀ, ਡਾਕਟਰ ਗੁਰਦੇਵ ਸਿੰਘ, ਕੁਲਦੀਪ ਸਿੰਘ ਰੱਤਾ, ਰੇਸ਼ਮ ਸਿੰਘ ਪੱਡਾ, ਗੁਰਵਿੰਦਰ ਸਿੰਘ ਪੱਡਾ, ਸੋਨੂੰ ਰੱਤਾ, ਡਾਕਟਰ ਜਗਰੂਪ ਸਿੰਘ ਪੱਡਾ, ਸੰਜਮ ਪੱਡਾ, ਹਰੀ ਪੱਡਾ, ਸ਼ੇਰਾ ਮੰਗੀਆਂ, ਮਾਨ ਸਿੰਘ ਸਰਾਂ ਸਮੇਤ ਵੱਡੀ ਗਿਣਤੀ ਵਿੱਚ ਆਪ ਵਰਕਰ ਤੇ ਆਗੂ ਹਾਜ਼ਰ ਸਨ।

# ਡੇਰਾ ਬਾਬਾ ਨਾਨਕ ਜ਼ਿਮਨੀ ਚੋਣ 'ਚ ਸਾਡੀ ਜਿੱਤ ਨੇ ਵਿਰੋਧੀਆਂ ਦੇ ਭਰਮ-ਭੁਲੇਖੇ ਕੱਢੇ : ਸ਼ੈਰੀ ਕਲਸੀ



**ਬਟਾਲਾ (ਤਰਲੋਕ ਬੰਗਾ)**-ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਜਿੱਤ ਨੇ ਵਿਰੋਧੀ ਪਾਰਟੀਆਂ ਦੇ ਭੁਲੇਖੇ ਦੂਰ ਕਰ ਦਿੱਤੇ ਹਨ ਅਤੇ ਵੋਟਰਾਂ ਸਾਫ ਸੁਨੇਹਾ ਦੇ ਦਿੱਤਾ ਹੈ ਕਿ 'ਆਪ' ਹੀ ਲੋਕਾਂ ਦੀ ਪਹਿਲੀ ਪਸੰਦ ਹੈ।ਇਹ ਪ੍ਰਗਟਾਵਾ ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਆਪ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ।ਪੱਤਰਕਾਰਾਂ ਨਾਲ ਗੱਲ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਡੇਰਾ ਬਾਬਾ ਨਾਨਕ ਦੇ ਵੋਟਰਾਂ ਨੇ ਮੋਹਰ ਲਗਾਈ ਹੈ ਅਤੇ ਨਤੀਜਾ ਦਰਸਾਉਂਦਾ ਹੈ ਕਿ ਮਾਨ ਸਰਕਾਰ ਹੀ ਲੋਕਾਂ ਦੀ ਹਮਦਰਦ ਸਰਕਾਰ ਹੈ।ਵਿਰੋਧੀ ਪਾਰਟੀਆਂ 'ਤੇ ਤੰਜ ਕੱਸਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਨੇ ਮਾਨ ਸਰਕਾਰ ਦੇ ਹੱਕ ਵਿੱਚ ਫਤਵਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਪ ਪਾਰਟੀ ਦੀਆਂ ਵਿਕਾਸ ਪੱਖੀ ਨੀਤੀਆਂ ਅੱਗੇ ਵਿਰੋਧੀ ਪਾਰਟੀਆਂ ਟਿਕ ਨਹੀਂ ਸਕੀਆਂ ਤੇ ਵਿਰੋਧੀ ਪਾਰਟੀਆਂ ਦੇ ਗੁੰਮਰਾਹਕੁੰਨ ਪ੍ਰਚਾਰ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ।ਹੋਰ ਜਾਣਕਾਰੀ ਦਿੰਦਿਆਂ ਕਿ ਆਪ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ 5699 ਵੋਟਾਂ ਦੀ ਲੀਡ ਨਾਲ ਜੇਤੂ ਰਹੇ।ਕਾਂਗਰਸ ਪਾਰਟੀ ਦੂਜੇ ਨੰਬਰ ਅਤੇ ਤੀਜੇ ਸਥਾਨ ਤੇ ਭਾਜਪਾ ਰਹੀ ਹੈ।ਉਨ੍ਹਾਂ ਨੇ ਜ਼ਿਮਨੀ ਚੋਣ ਚੱਬੇਵਾਲ ਅਤੇ ਗਿੱਦੜਬਾਹਾ ਵਿੱਚ ਆਪ ਦੇ ਜੇਤੂ ਉਮੀਦਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਲੋਕ ਹਿੱਤ ਵਿੱਚ ਹੋਰ ਉਤਸ਼ਾਹ ਨਾਲ ਕੰਮ ਕਰਨ ਲਈ ਪ੍ਰੇਰਿਆ।

# ਕੁਲਦੀਪ ਸਿੰਘ ਸਾਧਪੁਰ ਨੂੰ ਸਦਮਾ; ਮਾਤਾ ਦਾ ਦਿਹਾਂਤ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਐੱਸਡੀਐੱਮ ਬਾਬਾ ਬਕਾਲਾ ਦੇ ਦਫਤਰ ਵਿੱਚ ਡਰਾਈਵਰ ਵਜੋਂ ਸੇਵਾ ਨਿਭਾ ਰਹੇ ਕੁਲਦੀਪ ਸਿੰਘ ਸਾਧਪੁਰ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਲਖਵਿੰਦਰ ਕੌਰ ਦਾ ਅਚਾਨਕ ਦਿਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਐੱਸਡੀਐੱਮ ਬਾਬਾ ਬਕਾਲਾ ਤੋਂ ਇਲਾਵਾ ਵੱਖ-ਵੱਖ ਸਿਆਸੀ ਅਤੇ ਧਾਰਮਿਕ ਆਗੂਆਂ ਵੱਲੋਂ ਕੁਲਦੀਪ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ। ਮਾਤਾ ਨਮਿੱਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨਾਂ ਦੇ ਗ੍ਰਹਿ ਪਿੰਡ ਸਾਧਪੁਰ ਵਿਖੇ 25 ਨਵੰਬਰ ਦਿਨ ਸੋਮਵਾਰ ਨੂੰ ਪੈਣ ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਬਾਬਾ ਦੀਪ ਸਿੰਘ ਵਿਖੇ ਸ਼ਰਧਾਂਜਲੀ ਸਮਾਰੋਹ ਅਤੇ ਕੀਰਤਨ ਹੋਵੇਗਾ।

# ਪਿੰਡ ਦੇ ਵਿਕਾਸ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ : ਸਰਪੰਚ ਕੁਲਵੰਤ ਕੌਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਫਜ਼ੁੱਲਾਚੱਕ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਦੇ ਨਵੇਂ ਬਣੇ ਸਰਪੰਚ ਕੁਲਵੰਤ ਕੌਰ ਅਤੇ ਉਹਨਾਂ ਦੇ ਪਤੀ ਰਸ਼ਪਾਲ ਸਿੰਘ ਪੁੱਤਰ ਸੁੱਚਾ ਸਿੰਘ ਨੇ ਕੀਤਾ।ਉਹਨਾਂ ਦੱਸਿਆ ਕਿ ਪਿੰਡ ਵਿੱਚ ਕੁੱਲ 1000 ਦੇ ਕਰੀਬ ਵੋਟਾਂ ਹਨ।889 ਵੋਟਾਂ ਪੋਲ ਹੋਈਆਂ ਹਨ ਤੇ 8 ਵੋਟਾਂ 'ਤੇ ਉਹ ਜੇਤੂ ਰਹੇ ਹਨ ਜਿਸ ਵਿੱਚ ਉਹਨਾਂ ਦੇ ਮੈਂਬਰ ਪੰਚਾਇਤ ਨਵਜੋਤ ਸਿੰਘ, ਗੁਰਿੰਦਰ ਕੌਰ ਪਤਨੀ ਜਤਿੰਦਰ ਸਿੰਘ ਸੇਠੀ, ਹਰਜਿੰਦਰ ਕੌਰ, ਇੰਦਰਜੀਤ ਸਿੰਘ ਸਾਬਾ, ਅਵਤਾਰ ਸਿੰਘ ਬਣੇ ਹਨ।ਅਖੀਰ ਵਿੱਚ ਸਰਪੰਚ ਕੁਲਵੰਤ ਕੌਰ ਅਤੇ ਉਹਨਾਂ ਦੇ ਪਤੀ ਰਸ਼ਪਾਲ ਸਿੰਘ ਨੇ ਸਮੂਹ ਪਿੰਡ ਵਾਸੀਆਂ ਅਤੇ ਵੋਟਰਾਂ ਸਪੋਰਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੇ ਵੋਟਰਾਂ ਸਪੋਰਟਰਾਂ ਤੇ ਸਮਰਥਕਾਂ ਦੇ ਸਦਾ ਰਿਣੀ ਰਹਿਣਗੇ।ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ, ਬਲਜਿੰਦਰ ਸਿੰਘ ਫੌਜੀ, ਸਾਬਕਾ ਸਰਪੰਚ ਸਾਬ ਸਿੰਘ, ਜਸਵੰਤ ਸਿੰਘ, ਸੂਬੇਦਾਰ ਕੁੰਨਨ ਸਿੰਘ, ਕਾਬਲ ਸਿੰਘ, ਲਖਵਿੰਦਰ ਸਿੰਘ ਅਤੇ ਸਮੂਹ ਵੋਟਰ ਸਪੋਰਟਰ ਹਾਜ਼ਰ ਸਨ।

# ਡੀ ਸੀ ਵੱਲੋਂ ਪੋਲਿੰਗ ਸਟਾਫ, ਸਿਵਲ/ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਧੰਨਵਾਦ



**ਗੁਰਦਾਸਪੁਰ (ਜਨਕ ਮਹਾਜਨ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਲਈ ਨਤੀਜਿਆਂ ਦੀ ਸਮੁੱਚੀ ਪ੍ਰਕਿਰਿਆਂ ਆਮਨ-ਸ਼ਾਂਤੀ ਨਾਲ ਸਫਲਤਾਪੂਰਵਕ ਨੇਪਰੇ ਚੜ੍ਹੀ ਹੈ।ਉਨ੍ਹਾਂ ਸਮੁੱਚੇ ਪੋਲਿੰਗ ਸਟਾਫ, ਸਿਵਲ ਅਤੇ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ।ਡੀਸੀ ਨੇ ਅੱਗੇ ਦੱਸਿਆ ਕਿ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮਦੀਵਾਰ ਗੁਰਦੀਪ ਸਿੰਘ ਰੰਧਾਵਾ ਜੇਤੂ ਰਹੇ ਹਨ ਅਤੇ ਉਨ੍ਹਾਂ ਨੇ 5699 ਵੋਟਾਂ ਦੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ ।ਉਨ੍ਹਾਂ ਨੂੰ 59104 ਵੋਟਾਂ ਪਈਆਂ।ਇਸ ਤਰ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਨੂੰ 53405, ਭਾਜਪਾ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਨੂੰ 6505, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮਦੀਵਾਰ ਲਵਪ੍ਰੀਤ ਸਿੰਘ ਤੂਫਾਨ ਨੂੰ 2358 ਵੋਟਾਂ ਪਈਆਂ ਅਤੇ ਸਤਨਾਮ ਸਿੰਘ ਨੂੰ 197, ਸੰਤ ਸੇਵਕ ਨੂੰ 283, ਜਤਿੰਦਰ ਕੌਰ ਰੰਧਾਵਾ ਨੂੰ 161, ਨਵਪ੍ਰੀਤ ਸਿੰਘ ਨੂੰ 284, ਪਾਲਾ ਸਿੰਘ ਨੂੰ 124, ਰਣਜੀਤ ਸਿੰਘ ਨੂੰ 462, ਆਯੂਬ ਮਸੀਹ ਨੂੰ 214 (ਸਾਰੇ ਆਜ਼ਾਦ ਉਮੀਦਵਾਰ) ਅਤੇ ਨੋਟਾ ਨੂੰ 875 ਵੋਟਾਂ ਪਈਆਂ।

# ਦੂਨੇਵਾਲਾ 'ਚ ਕਿਸਾਨਾਂ ਉਪਰ ਲਾਠੀਚਾਰਜ ਤੇ ਜਬਰ-ਜ਼ੁਲਮ ਦੀ ਨਿਖੇਧੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤ ਮਾਲਾ ਪ੍ਰਾਜੈਕਟ ਲਈ ਐਕਵਾਇਰ ਕੀਤੀਆਂ ਜਾ ਰਹੀਆਂ ਜ਼ਮੀਨਾਂ ਲਈ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੀ ਅਗਵਾਈ ਵਿੱਚ ਯੋਗ ਮੁਆਵਜ਼ੇ ਦੀ ਹੱਕੀ ਮੰਗ ਕਰ ਰਹੇ ਕਿਸਾਨਾਂ ਤੇ ਦੂਨੇਵਾਲਾ ਪਿੰਡ ਵਿੱਚ ਬੀਤੀ ਸ਼ਾਮ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ, ਅੱਥਰੂ ਗੈਸ ਦੇ ਗੋਲੇ ਦਾਗੇ ਗਏ ਤੇ ਝੂਠੇ ਕੇਸ ਦਰਜ ਕੀਤੇ ਗਏ ਹਨ।ਔਰਤਾਂ ਸਮੇਤ ਕਿਸਾਨਾਂ ਦੀਆਂ ਗ੍ਰਿਫਤਾਰੀਆ ਕੀਤੀਆਂ ਗਈਆਂ ਹਨ।ਇਸ ਤੋਂ ਪਹਿਲਾਂ ਕੱਲ ਦੂਨੇਵਾਲਾ ਵਿਖੇ ਵੱਡੇ ਤੜਕੇ ਭਾਰੀ ਪੁਲਸ ਫੋਰਸ ਨੇ ਆਕੇ ਧਰਨਾਕਾਰੀ ਕਿਸਾਨਾਂ ਦੇ ਟੈਂਟ ਵਗੈਰਾ ਉਖਾੜ ਦਿੱਤੇ ਸਨ। ਜਮਹੂਰੀ ਅਧਿਕਾਰ ਸਭਾ ਇਕਾਈ ਅੰਮ੍ਰਿਤਸਰ ਪੰਜਾਬ ਸਰਕਾਰ ਦੇ ਇਸ ਵਹਿਸ਼ੀ ਕਾਰੇ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ।ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਇਕਾਈ ਅੰਮ੍ਰਿਤਸਰ ਸੂਬਾ ਕਮੇਟੀ ਆਗੂਆਂ ਧਰ.ਪਰਮਿੰਦਰ, ਪਰਧਾਨ ਅਮਰਜੀਤ ਭੱਲਾ, ਸਕੱਤਰ ਯਸ਼ਪਾਲ ਚੌਹਾਨ, ਸੁਮਿਤ ਸਿੰਘ, ਅਮਰਜੀਤ ਅਤੇ ਗੁਰਬਚਨ ਸਿੰਘ ਨੇ ਕਿਹਾ ਕਿ ਦੂਨੇਵਾਲਾ, ਸ਼ੇਰਗੜ੍ਹ ਅਤੇ ਭੁੱਖਿਆਂਵਾਲੀ ਪਿੰਡਾਂ ਦੇ ਕਿਸਾਨ ਭਾਰਤ ਮਾਲਾ ਸੜਕ ਪ੍ਰਾਜੈਕਟ ਤਹਿਤ ਐਕਵਾਇਰ ਜ਼ਮੀਨਾਂ ਦੇ ਵਾਜਬ ਮੁਆਵਜ਼ੇ ਦੀ ਮੰਗ ਲਈ ਸੰਘਰਸ਼ ਕਰ ਰਹੇ ਹਨ।ਇਹਨਾਂ ਪਿੰਡਾਂ ਦੇ ਦੋਹੋਂ ਪਾਸੇ ਲਗਦੇ ਪਿੰਡਾਂ ਨਾਲੋਂ ਇਹਨਾਂ ਪਿੰਡਾਂ ਨੂੰ ਲੱਗਭੱਗ ਅੱਧਾ ਮੁਆਵਜਾ ਦਿਤਾ ਜਾ ਰਿਹਾ ਹੈ।ਕਿਸਾਨ ਬਰਾਬਰ ਮੁਆਵਜੇ ਦੀ ਮੰਗ ਕਰ ਰਹੇ ਹਨ।ਉਹਨਾਂ ਅੱਗੇ ਕਿਹਾ ਕਿ ਬਠਿੰਡਾ ਜ਼ਿਲੇ ਅੰਦਰ ਪਿਛਲੇ ਕੁਝ ਦਿਨਾਂ ਅੰਦਰ ਕਿਸਾਨਾਂ ਤੇ ਇਹ ਦੂਸਰਾ ਲਾਠੀਚਾਰਜ ਹੈ।ਇਸ ਤੋਂ ਪਹਿਲਾਂ ਝੋਨੇ ਦੀ ਖਰੀਦ ਦਾ ਸੰਘਰਸ਼ ਕਰ ਰਹੇ ਕਿਸਾਨਾਂ ਤੇ ਰਾਇਕੇ ਕਲਾਂ ਵਿਖੇ ਲਾਠੀਚਾਰਜ ਕੀਤਾ ਗਿਆ ਸੀ।ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਦੀ ਫਸਲਾਂ ਦੀ ਖਰੀਦ ਤੋਂ ਹੱਥ ਪਿੱਛੇ ਖਿਚ ਕੇ ਕਿਸਾਨਾਂ ਨੂੰ ਸੰਘਰਸ਼ਾਂ ਦੇ ਰਾਹ ਤੁਰਨ ਲਈ ਮਜਬੂਰ ਕਰ ਰਹੀ ਹੈ ਅਤੇ ਆਪਣੀਆਂ ਫਸਲਾਂ ਦੀ ਵਿਕਰੀ ਲਈ ਸੰਘਰਸ਼ ਕਰਨਾ ਕਿਸਾਨਾਂ ਦਾ ਜਮਹੂਰੀ ਹੱਕ ਹੈ ਅਤੇ ਸਰਕਾਰ ਕਿਸਾਨਾਂ ਦਾ ਮਸਲਾ ਹੱਲ ਕਰਨ ਦੀ ਬਜਾਏ ਜ਼ਬਰਦਸਤੀ ਸੰਘਰਸ਼ ਨੂੰ ਕੁਚਲਣ ਦੇ ਰਾਹ ਪਈ ਹੈ ਜੋ ਸਰਾਸਰ ਲੋਕਾਂ ਦੇ ਸੰਘਰਸ਼ ਦੇ ਹੱਕ ਤੇ ਛਾਪੇ ਮਾਰਨ ਦੀ ਕਾਰਵਾਈ ਹੈ।ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਦੀ ਜ਼ਮੀਨ ਦਾ ਉਚਿਤ ਮੁਆਵਜ਼ਾ ਦੇ ਕੇ ਉਹਨਾਂ ਦੀ ਤਸੱਲੀ ਕਰਵਾਈ ਜਾਵੇ, ਲਾਠੀਚਾਰਜ ਦੇ ਦੋਸ਼ੀ ਪੁਲਸ ਅਧਿਕਾਰੀਆਂ ਤੇ ਕਾਰਵਾਈ ਹੋਵੇ, ਕਿਸਾਨਾਂ ਤੇ ਪਾਏ ਝੂਠੇ ਕੇਸ ਰੱਦ ਕੀਤੇ ਜਾਣ ਤੇ ਗ੍ਰਿਫਤਾਰ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ।

# ਰੰਧਾਵਾ ਦੇ ਜਿੱਤਣ ਦੀ ਖ਼ੁਸ਼ੀ 'ਚ 'ਆਪ' ਵਰਕਰਾਂ ਨੇ ਭੰਗੜੇ ਪਾਏ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਜੱਦੀ ਪਿੰਡ ਸ਼ਾਹਪੁਰ ਜਾਜਨ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ, ਰਿਸ਼ਤੇਦਾਰ ਅਤੇ ਸਮਰਥਕਾਂ ਵੱਲੋਂ ਗੁਰਦੀਪ ਸਿੰਘ ਰੰਧਾਵਾ ਦੀ ਵੱਡੀ ਜਿੱਤ ਦੀ ਖੁਸ਼ੀ ਵਿੱਚ ਢੋਲ ਦੇ ਡੱਗੇ ਤੇ ਭੰਗੜਾ, ਬੋਲੀਆਂ ਤੇ ਗਿੱਧਾ ਪਾਇਆ ਅਤੇ ਆਤਿਸ਼ਬਾਜ਼ੀ ਚਲਾਈ ਤੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ।

ਇਸ ਮੌਕੇ ਰੰਧਾਵਾ ਦੀ ਮਾਤਾ ਗੁਰਮੀਤ ਕੌਰ ਰੰਧਾਵਾ ਅਤੇ ਧਰਮ ਪਤਨੀ ਕੁਲਬੀਰ ਕੌਰ ਰੰਧਾਵਾ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਦੇ ਗ੍ਰਹਿ ਵਿਖੇ ਵਧਾਈ ਦੇਣ ਵਾਲਿਆਂ ਦਾ ਸਾਰਾ ਦਿਨ ਤਾਂਤਾ ਲੱਗਿਆ ਰਿਹਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੀਪ ਸਿੰਘ ਰੰਧਾਵਾ ਦੇ ਮਾਤਾ ਗੁਰਮੀਤ ਕੌਰ ਰੰਧਾਵਾ ਅਤੇ ਧਰਮ ਪਤਨੀ ਕੁਲਬੀਰ ਕੌਰ ਰੰਧਾਵਾ ਨੇ ਜਿੱਥੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਉਥੇ ਹੀ ਹਲਕੇ ਦੇ ਵੋਟਰਾਂ ਸਪੋਟਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੇ ਪਿਆਰ ਸਦਕਾ ਹੀ ਅੱਜ ਗੁਰਦੀਪ ਸਿੰਘ ਰੰਧਾਵਾ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਅਸੀਂ ਹਲਕੇ ਦੇ ਲੋਕਾਂ ਦੇ ਸਦਾ ਰਿਣੀ ਰਹਾਂਗੇ।

ਉਨ੍ਹਾਂ ਕਿਹਾ ਕਿ ਇਸ ਜਿੱਤ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਮੁੱਚੀ ਹਾਈਕਮਾਂਡ ਨੂੰ ਵੀ ਜਾਂਦਾ ਹੈ ਜਿਸ ਨੇ ਦਿਨ ਰਾਤ ਚੋਣ ਪ੍ਰਚਾਰ ਦੌਰਾਨ ਮਿਹਨਤ ਕਰਕੇ ਗੁਰਦੀਪ ਸਿੰਘ ਰੰਧਾਵਾ ਦੀ ਜਿੱਤ ਨੂੰ ਯਕੀਨੀ ਬਣਾਇਆਂ ਹੈ।

ਇਸ ਮੌਕੇ ਸਰਪੰਚ ਤਜਿੰਦਰ ਸਿੰਘ ਮਾਨ, ਐੱਸਡੀਓ ਗੁਰਚਰਨ ਸਿੰਘ ਬੰਬ,ਬਾਬਾ ਹਰਜੀਤ ਲਾਲ ਪੰਚ, ਥਾਣੇਦਾਰ ਡੇਵਡ ਮਸੀਹ, ਬਲਦੇਵ ਮਸੀਹ ਫੌਜੀ, ਬਲਦੇਵ ਸਿੰਘ ਬਲੀ ਪੰਚ, ਗੁਰਵਿੰਦਰ ਸਿੰਘ ਪੰਚ, ਸੋਨੀ ਰੰਧਾਵਾ, ਡਾਕਟਰ ਇੰਦਰਜੀਤ ਸਿੰਘ, ਪ੍ਰਧਾਨ ਜਗਮੀਤ ਸਿੰਘ, ਗੁਰਮੁਖ ਸਿੰਘ ਪੰਚ, ਗੁਰਪ੍ਰੀਤ ਸਿੰਘ ਗੋਪੀ ਪਾਂਧਾ, ਬੀਬੀ ਭੋਲੀ, ਬੀਬੀ ਅਲਕਾ, ਕੋਮਲਪ੍ਰੀਤ ਕੌਰ, ਜਗਜੀਤ ਕੌਰ, ਅਰਨਜੀਤ, ਰਾਜਵਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਟਾਟੂ ਪ੍ਰਧਾਨ ਅਤੇ ਬੀਬੀ ਕਮਲੇਸ਼ ਆਦਿ ਹਾਜ਼ਰ ਸਨ।

# ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਵਿਦਿਆਰਥੀਆਂ ਨੇ ਚਲਾਈ ਸਫ਼ਾਈ ਮੁਹਿੰਮ



**ਗੁਰਦਾਸਪੁਰ (ਜਨਕ ਮਹਾਜਨ)**-ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਮਿਸ਼ਨ ਲਾਈਵ ਇਨਵਾਇਰਮੈਂਟ ਪ੍ਰੋਗਰਾਮ ਦੇ ਤਹਿਤ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਦੀ ਸਫਾਈ ਕੀਤੀ। ਇਹ ਸਾਰਾ ਪ੍ਰੋਗਰਾਮ ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਅਤੇ ਡਾ. ਵਿਨੋਦ ਮਹਾਜਨ ਮੈਨੇਜਰ ਪ੍ਰਬੰਧਕ ਕਮੇਟੀ ਦੀ ਯੋਗ ਅਗਵਾਈ ਹੇਠ ਆਰੰਭ ਹੋਇਆ। ਸਫਾਈ ਕਰਦੇ ਵਿਦਿਆਰਥੀਆਂ ਨੇ ਵਾਤਾਵਰਨ ਦੀ ਸਾਂਭ-ਸੰਭਾਲ ਦਾ ਪ੍ਰਣ ਲਿਆ। ਈਕੋ ਕਲੱਬ ਦੇ ਇੰਚਾਰਜ ਅਨੂ ਸੈਣੀ ਨੇ ਪ੍ਰੋਗਰਾਮ ਦਾ ਆਰੰਭ ਮੁੱਖ ਮਹਿਮਾਨ ਡਾ. ਵਿਨੋਦ ਮਹਾਜਨ ਅਤੇ ਪ੍ਰੋਫੈਸਰ ਰਵੀਸ਼ੰਕਰ ਦਾ ਸਵਾਗਤ ਕਰਦਿਆਂ ਕੀਤਾ। ਇਸ ਮੌਕੇ ਬੀ. ਐੱਡ. ਦੇ ਵਿਦਿਆਰਥੀਆਂ ਨੇ ਕੈਂਪਸ ਦੇ ਵੱਖ-ਵੱਖ ਹਿੱਸਿਆਂ ਦੀ ਸਫਾਈ ਕੀਤੀ। ਵਿਦਿਆਰਥੀਆਂ ਨੂੰ ਵੱਖ-ਵੱਖ ਗਰੁੱਪਾਂ ਵਿਚ ਵੰਡਿਆ ਗਿਆ ਅਤੇ ਹਰੇਕ ਗਰੁੱਪ ਦੇ ਵਿਦਿਆਰਥੀਆਂ ਨੇ ਆਪਣੇ ਦਿੱਤੇ ਹੋਏ ਸਫਾਈ ਦੇ ਕੰਮ ਨੂੰ ਬਾਖੂਬੀ ਨਿਭਾਇਆ। ਇਸ ਮੌਕੇ ਪ੍ਰਿੰ. ਡਾ. ਰੁਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸਫਾਈ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਆਸ-ਪਾਸ ਦੀ ਸਫਾਈ ਰੱਖਦੇ ਹਾਂ ਤਾਂ ਹੀ ਵਾਤਾਵਰਨ ਸਾਫ ਸੁਥਰਾ ਰਹਿ ਸਕਦਾ ਹੈ। ਡਾ. ਵਿਨੋਦ ਮਹਾਜਨ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਆਸ-ਪਾਸ ਦੀ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਉਮਾ ਸ਼ਰਮਾ, ਰਜਨੀਸ਼ ਬਾਲਾ, ਅਤੁਲ ਅਗਰਵਾਲ, ਪੂਜਾ, ਨਿਧੀ ਆਦਿ ਹਾਜ਼ਰ ਸਨ।

# ਨਾਨਕ ਚੱਕ ਵਿਖੇ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ 1 ਦਸੰਬਰ ਨੂੰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਰੂਬੀ ਨੈਲਸਨ ਹਸਪਤਾਲ ਜਲੰਧਰ ਅਤੇ ਨਿਊ ਅਕਾਲ ਹਸਪਤਾਲ ਬਟਾਲਾ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈੱਕਅਪ ਕੈਂਪ ਇਕ ਦਸੰਬਰ ਨੂੰ ਲਗਾਇਆ ਜਾ ਰਿਹਾ ਹੈ ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਤਪ ਅਸਥਾਨ ਭਗਵਾਨ ਸ੍ਰੀ ਚੰਦ ਜੀ ਨਾਨਕ ਚੱਕ ਦੇ ਗੱਦੀਨਸ਼ੀਨ ਮਹੰਤ ਹਰੀ ਕੁੰਭ ਦਾਸ ਨੇ ਦੱਸਿਆ ਕਿ ਧੰਨ-ਧੰਨ ਬਾਬਾ ਸ੍ਰੀ ਚੰਦ ਜੀ ਦੀ ਅਪਾਰ ਕਿਰਪਾ ਸਦਕਾ ਨਿਊ ਅਕਾਲ ਹਸਪਤਾਲ ਬਟਾਲਾ ਵੱਲੋਂ ਬ੍ਰਹਮਲੀਨ ਮਹੰਤ ਤਿਲਕ ਦਾਸ ਦੀ ਯਾਦ ਨੂੰ ਸਮਰਪਿਤ ਅੱਖਾਂ ਦਾ ਫਰੀ ਚੈੱਕਅਪ ਕੈਂਪ 1 ਦਸੰਬਰ ਨੂੰ ਗੁਰਦੁਆਰਾ ਕਾਦਰਾਬਾਦ ਨਜ਼ਦੀਕ ਨਾਨਕ ਚੱਕ ਵਿਖੇ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਰਾਜਬੀਰ ਸਿੰਘ ਬਾਜਵਾ ਅਤੇ ਡਾ. ਗੁਰਬਾਜ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿਚ ਰੂਬੀ ਨੈਲਸਨ ਹਸਪਤਾਲ ਜਲੰਧਰ ਦੇ ਮਾਹਿਰ ਡਾਕਟਰਾਂ ਵੱਲੋਂ ਚੈੱਕਅਪ ਅਤੇ ਫਰੀ ਆਪਰੇਸ਼ਨ ਕੀਤੇ ਜਾਣਗੇ ਅਤੇ ਇਸ ਕੈਂਪ ਵਿੱਚ ਅੱਖਾਂ ਦਾ ਮੁਫਤ ਚੈੱਕਅਪ ਤੋਂ ਇਲਾਵਾ ਮੁਫਤ ਦਵਾਈਆਂ ਅਤੇ ਚਿੱਟੇ ਮੋਤੀਏ ਦਾ ਓਪਰੇਸ਼ਨ ਲੈਂਜ਼ ਦੇ ਨਾਲ ਫਰੀ ਕੀਤਾ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਜਿਹੜੇ ਮਰੀਜ਼ਾਂ ਨੇ ਇਸ ਕੈਂਪ ਦਾ ਲਾਭ ਉਠਾਉਣਾ ਹੈ ਉਹ ਆਪਣੇ ਆਧਾਰ ਕਾਰਡ ਜ਼ਰੂਰ ਲੈ ਕੇ ਆਉਣ ਅਤੇ ਜਿਹੜੇ ਵੀ ਰੋਗੀ ਅੱਖਾਂ ਦੀ ਬਿਮਾਰੀ ਤੋਂ ਪੀੜਤ ਹਨ ਉਹ ਗੁਰਦੁਆਰਾ ਕਾਦਰਾਬਾਦ (ਜਾਂਗਲਾ) ਨੇੜੇ ਨਾਨਕਚੱਕ ਵਿਖੇ ਪਹੁੰਚ ਕੇ ਇਸ ਕੈਂਪ ਦਾ ਲਾਭ ਜ਼ਰੂਰ ਉਠਾਉਣ।

# ਟੀਲਿੰਗ ਵਿੱਸਕੀ ਨੇ ਭਾਰਤ ਵਿੱਚ ਸਮਾਲ ਬੈਚ ਕਲਾਸਿਕ ਲਾਂਚ ਕੀਤਾ

**ਅੰਮ੍ਰਿਤਸਰ** : ਟੀਲਿੰਗ ਵਿਸਕੀ ਆਪਣੀ ਨਵੀਨਤਾ ਅਤੇ ਕਾਰੀਗਰੀ ਲਈ ਜਾਣੀ ਜਾਂਦੀ ਹੈ।ਇਹ ਇੱਕ ਐਵਾਰਡ ਜੇਤੂ ਆਇਰਿਸ਼ ਵਿ ਸਕੀ ਨਿਰਮਾਤਾ ਕੰਪਨੀ ਹੈ।ਟੀਲਿੰਗ ਨੇ ਟੀਲਿੰਗ ਸਮਾਲ ਬੈਚ ਕਲਾਸਿਕ ਆਇਰਿਸ਼ ਵਿਸਕੀ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ, ਜੋ ਵਿਸ਼ੇਸ਼ ਤੌਰ ਤੇ ਭਾਰਤੀ ਬਾਜ਼ਾਰ ਲਈ ਤਿਆਰ ਕੀਤੀ ਗਈ ਹੈ।ਸਮਾਲ ਬੈਚ ਕਲਾਸਿਕ ਟੀਲਿੰਗ ਦੇ ਅਵਾਰਡ ਜੇਤੂ ਆਇਰਿਸ਼ ਵਿ ਸਕੀ ਕਲੈਕਸ਼ਨ ਦਾ ਹਿੱਸਾ ਹੈ।ਇਹ ਰਵਾਇਤੀ ਆਇਰਿਸ਼ ਵਿਸਕੀ ਬਣਾਉਣ ਨੂੰ ਇੱਕ ਆਧੁਨਿਕ ਅਤੇ ਵਿਲੱਖਣ ਰੂਪ ਦੇਣ ਦੀ ਕੋਸ਼ਿਸ਼ ਹੈ ।ਟੀਲਿੰਗ ਵਿ ਸਕੀ ਦੇ ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਜੈਕ ਟੇਲਿੰਗ ਨੇ ਕਿਹਾ ਕਿ ਅਸੀਂ ਭਾਰਤ ਵਿੱਚ ਟੀਲਿੰਗ ਸਮਾਲ ਬੈਚ ਕਲਾਸਿਕ ਨੂੰ ਲਾਂਚ ਕਰਕੇ ਬਹੁਤ ਖੁਸ਼ ਹਾਂ।ਅਸੀਂ ਭਾਰਤੀ ਕਾਰੀਗਰੀ ਅਤੇ ਨਵੀਨਤਾ ਦੀ ਬਹੁਤ ਕਦਰ ਕਰਦੇ ਹਾਂ।ਬਕਾਰਡੀ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਵਿਨੈ ਗੋਲੀਕੇਰੀ ਨੇ ਕਿਹਾ ਕਿ ਸਾਨੂੰ ਭਾਰਤੀ ਖਪਤਕਾਰਾਂ ਲਈ ਖਾਸ ਤੌਰ ਤੇ ਤਿਆਰ ਕੀਤਾ ਗਿਆ ਟੀਲਿੰਗ ਸਮਾਲ ਬੈਚ ਕਲਾਸਿਕ ਨੂੰ ਲਾਂਚ ਕਰਨ 'ਤੇ ਮਾਣ ਮਹਿਸੂਸ ਹੋ ਰਿਹਾ ਹੈ।

# 27ਵੇਂ ਕਿੰਡਰ ਗਾਰਟਨ ਸਮਾਗਮ 'ਚ ਨੰਨੇ-ਮੁੰਨ੍ਹੇ ਬੱਚਿਆਂ ਨੇ ਪਾਈਆਂ ਧੁੰਮਾਂ



**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਕਿੰਡਰਗਾਟਨ ਵਿੰਗ ਦੇ ਛੋਟੇ-ਛੋਟੇ ਬੱਚਿਆਂ ਦਾ ਸਾਲਾਨਾ ਸਮਾਗਮ ਸੰਤ ਬਾਬਾ ਪਰਮਾਨੰਦ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਬਾਬਾ ਹੰਦਾਲ ਜੀ ਦੇ ਅਸ਼ੀਰਵਾਦ ਨਾਲ ਸਕੂਲ ਦੇ ਸ਼ਾਨਦਾਰ ਆਟੋਡੋਰੀਅਮ ਵਿੱਚ ਕਰਵਾਇਆ ਗਿਆ। ਮੁੱਖ ਮਹਿਮਾਨ ਦੇ ਤੌਰ 'ਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਐਕਸ ਆਈਜੀ ਪੀਪੀ ਐੱਮਐੱਲਏ ਨੌਰਥ ਅੰਮ੍ਰਿਤਸਰ ਅਤੇ ਪ੍ਰਮੋਦ ਭਾਟੀਆ ਚੇਅਰਮੈਨ ਸਪੋਰਟਸ ਸੈੱਲ ਪੰਜਾਬ ਸ਼ਾਮਿਲ ਹੋਏ।ਵੈਲਕਮ ਗੀਤ ਉਪਰੰਤ ਬੱਚਿਆਂ ਨੇ ਕਲਾ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਜਿਨ੍ਹਾਂ ਵਿੱਚ ਡਾਂਸ, ਭੰਗੜਾ, ਗਿੱਧਾ, ਨਾਟਕ ਆਦਿ ਨਾਲ ਸ਼ਾਨਦਾਰ ਸਮਾਂ ਬੰਨਿਆ।ਸਟੇਜ ਸੈਕਟਰੀ ਦੀ ਭੂਮਿਕਾ ਨਵਜੀਤ ਕੌਰ ਅਤੇ ਜਸਬੀਰ ਸਿੰਘ ਨੇ ਬਾਖੂਬੀ ਨਿਭਾਈ।ਸਮਾਗਮ ਵਿੱਚ ਅਮਨਦੀਪ ਕੌਰ ਪ੍ਰਿੰ. ਐੱਸਐੱਸਈ ਸਕੂਲ ਮਜੀਠਾ, ਕਾਬਲ ਸਿੰਘ ਮਾਲਕ ਸਿਗਨੇਚਰ ਗਰੀਨ ਅੰਮ੍ਰਿਤਸਰ, ਹਰਦੇਵ ਸਿੰਘ ਪ੍ਰਾਪਰਟੀ ਐਡਵਾਈਜ਼ਰ, ਰਜਿੰਦਰ ਕੁਮਾਰ ਸ਼ਰਮਾ ਆਈਟੀਬੀ, ਸਰਪੰਚ ਕਿਰਪਾਲ ਸਿੰਘ ਰਾਮਦਿਵਾਲੀ ਪ੍ਰਧਾਨ ਕੰਬੋਜ ਸਭਾ ਅੰਮ੍ਰਿਤਸਰ, ਬਲਵਿੰਦਰ ਸਿੰਘ ਮਹਿਰੋਕ, ਸਵਿੰਦਰ ਸਿੰਘ ਚੰਦੀ, ਬਲਵਿੰਦਰ ਸਿੰਘ ਬੀਜੇਪੀ, ਮੇਜਰ ਪਸ਼ੌਰਾ ਸਿੰਘ, ਕਾਮਰੇਡ ਪਿਆਰਾ ਸਿੰਘ ਧਾਰੜ, ਲੈਕਚਰਾਰ ਜਰਮਨਜੀਤ ਸਿੰਘ ਅਤੇ ਰਵਿੰਦਰ ਸਿੰਘ ਛੱਜਲਵੱਡੀ, ਗੁਲਸ਼ਨ ਜੈਨ, ਰਜਨੀਸ਼ ਜੈਨ, ਚੇਅਰਮੈਨ ਜਸਵਿੰਦਰ ਸਿੰਘ ਕਾਹਲੋਂ, ਐੱਸ ਐੱਸ ਈ ਐੱਸ ਐੱਸ ਮਜੀਠਾ, ਪੰਡਿਤ ਕ੍ਰਿਸ਼ਨ ਦੇਵ, ਜਰਨੈਲ ਸਿੰਘ, ਬਲਵਿੰਦਰ ਕੁਮਾਰ, ਪੱਤਰਕਾਰ ਭਾਈਚਾਰਾ ਸ਼ਾਮਿਲ ਹੋਇਆ।ਅੰਤ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰ. ਅਮਰਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਦੀ ਬਿਹਤਰ ਪੇਸ਼ਕਾਰੀ ਤੇ ਅਧਿਆਪਕਾਂ ਦੀ ਮਿਹਨਤ ਨੂੰ ਸਰਾਹਿਆ।ਇਸ ਮੌਕੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ, ਕੋਆਰਡੀਨੇਟਰ ਪ੍ਰਿਅੰਕਾ ਸ਼ਰਮਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ

# ਪੀ ਐੱਸ ਪੀ ਸੀ ਐੱਲ ਦਾ ਜੇ ਈ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਸਬ-ਡਵੀਜ਼ਨ ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਰਵਿੰਦਰ ਕੁਮਾਰ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰਦਾਸਪੁਰ ਦੇ ਪਿੰਡ ਸਠਿਆਲੀ ਦੇ ਵਸਨੀਕ ਸਰੂਪ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਸ ਨੇ ਆਪਣੇ ਘਰ ਦੇ ਨੇੜੇ ਪਾਈਪ ਫੈਕਟਰੀ ਬਣਾਈ ਹੋਈ ਹੈ ਪਰ ਉਕਤ ਮੁਲਜ਼ਮ ਨੇ ਕਮਰਸ਼ੀਅਲ ਬਿਜਲੀ ਮੀਟਰ ਲਗਾਉਣ ਬਦਲੇ ਰਿਸ਼ਵਤ ਵਜੋਂ 30,000 ਰੁਪਏ ਦੀ ਮੰਗ ਕੀਤੀ ਹੈ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਪੁੱਛਗਿੱਛ ਜਾਰੀ ਹੈ।

# ਜ਼ਿਮਨੀ ਚੋਣਾਂ ਦੀ ਜਿੱਤ ਸਾਡੇ ਵਿਕਾਸ ਕਾਰਜਾਂ 'ਤੇ ਲਾਈ ਮੋਹਰ ਹੈ : ਈ ਟੀ ਓ

**ਅੰਮ੍ਰਿਤਸਰ, ਜੰਡਿਆਲਾ ਗੁਰੂ (ਨਰਿੰਦਰਜੀਤ ਸਿੰਘ, ਹਰਿੰਦਰ ਪਾਲ ਸਿੰਘ)**-ਪੰਜਾਬ 'ਚ ਹੋਈਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਦੌਰਾਨ ਲੋਕਾਂ ਨੇ ਸਾਡੇ ਵਿਕਾਸ ਕਾਰਜਾਂ 'ਤੇ ਮੋਹਰ ਲਾਈ ਹੈ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਕੰਮਾਂ ਸਦਕਾ ਹੀ ਚਾਰ ਵਿਚੋਂ ਤਿੰਨ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਰਦਿਆਂ ਕਿਹਾ ਕਿ ਵਿਰੋਧੀਆਂ ਵਲੋਂ ਕਈ ਤਰ੍ਹਾਂ ਦੇ ਪਾਖੰਡ ਕੀਤੇ ਜਾ ਰਹੇ ਸਨ, ਇਨ੍ਹਾਂ ਪਾਖੰਡਾਂ ਨੂੰ ਜ਼ਿਮਨੀ ਚੋਣਾਂ ਵਿੱਚ ਆਪ ਦੀ ਜਿੱਤ ਨੇ ਸਿਰੋਂ ਹੀ ਨਕਾਰ ਦਿੱਤਾ ਹੈ। ਇਹ ਜਿੱਤ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਨੀਂਹ ਪੱਥਰ ਹੈ।ਉਨ੍ਹਾਂ ਕਿਹਾ ਕਿ ਅਸੀਂ 2027 ਵਿੱਚ ਹੋਰ ਵੱਡੇ ਬਹੁਮਤ ਨਾਲ ਜਿਤਾਂਗੇ। ਸ: ਈਟੀਓ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਤੇ ਅਸੀਂ ਆਮ ਲੋਕਾਂ ਦੀ ਭਲਾਈ ਲਈ ਵਚਨਬੱਧ ਹਾਂ।ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਨੇ ਸਿੱਧ ਕਰ ਦਿੱਤਾ ਹੈ ਕਿ ਅਸੀਂ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਜੋ ਵੀ ਕੰਮ ਕੀਤੇ ਹਨ ਲੋਕਾਂ ਨੇ ਉਨਾਂ ਨੂੰ ਪਸੰਦ ਕੀਤਾ ਹੈ। ਉਨ੍ਹਾਂ ਕਿਹਾ ਕਿ 2025 ਦੌਰਾਨ ਦਿੱਲੀ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਕੇਜਰੀਵਾਲ ਦੀ ਅਗਵਾਈ ਵਿੱਚ ਫਿਰ ਜਿੱਤੇਗੀ ।ਉਨ੍ਹਾਂ ਕਿਹਾ ਕਿ ਅਸੀਂ ਰਾਜਨੀਤੀ ਵਿੱਚ ਸਿਰਫ ਵਿਕਾਸ ਕਰਨ ਲਈ ਆਏ ਹਾਂ ਅਤੇ ਵਿਕਾਸ ਹੀ ਕਰਾਂਗੇ।ਅਸੀਂ ਆਪਣੇ ਛੋਟੇ ਜਿਹੇ ਕਾਰਜਕਾਲ ਦੌਰਾਨ ਹੀ ਕਰੀਬ 50 ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਹੈ।ਪਹਿਲੀਆਂ ਸਰਕਾਰਾਂ ਰੋਜ਼ਗਾਰ ਦੇਣ ਲਈ ਭਾਈ ਭਤੀਜਾਵਾਦ ਜਾਂ ਭ੍ਰਿਸ਼ਟਾਚਾਰ ਕਰਦੀਆਂ ਸਨ ਪਰ ਸਾਡੀ ਸਰਕਾਰ ਨੇ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ ਨੌਕਰੀ ਮੁਹੱਈਆ ਕਰਵਾਈ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਰੋਧੀਆਂ ਦੇ ਝਾਂਸੇ ਵਿੱਚ ਨਾ ਆਉਣ ਅਤੇ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਤਾਂ ਜੋ ਸੂਬੇ ਦਾ ਵਿਕਾਸ ਹੋਰ ਤੇਜ਼ੀ ਨਾਲ ਕੀਤਾ ਜਾ ਸਕੇ।

# ਸਸਸ ਸਕੂਲ ਪੰਡੋਰੀ ਰਣ ਸਿੰਘ ਵਿਖੇ ਮਾਸ ਕੌਂਸਲਿੰਗ ਪ੍ਰੋਗਰਾਮ ਕਰਵਾਇਆ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਰਣ ਸਿੰਘ ਵਿਖੇ ਮਾਸ ਕੌਂਸਲਿੰਗ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਭਾਗ ਲਿਆ ਜਿਨ੍ਹਾਂ ਨੂੰ ਅਲੱਗ-ਅਲੱਗ ਵਿਭਾਗਾਂ ਦੇ ਦੇ ਪੁੱਜੇ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੰਦਿਆਂ ਕਿ ਕਿਵੇਂ ਅਸੀਂ ਕਿਹੜਾ ਕੋਰਸ ਕਰਕੇ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਾਂ, ਦੱਸਿਆ ਜਦਕਿ ਵਿਸ਼ਸ਼ ਤੌਰ 'ਤੇ ਪੁੱਜੇ ਭਾਰਤੀ ਫੌਜ 24 ਪੰਜਾਬ ਦੇ ਸੀ. ਓ. ਪ੍ਰਮਜੀਤ ਸਿੰਘ ਰਿਆੜ ਨੇ ਵਿਦਿਆਰਥੀਆਂ ਨੂੰ ਭਾਰਤੀ ਫੌਜ ਵਿੱਚ ਵੱਧ ਤੋਂ ਵੱਧ ਨੌਕਰੀਆਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਿਆਂ ਐੱਨ. ਸੀ. ਸੀ. ਵਿੱਚ ਭਾਗ ਲੈਣ ਲਈ ਕਿਹਾ।ਇਸ ਮੌਕੇ ਮੈਡਮ ਹਰਪ੍ਰੀਤ ਕੌਰ ਪ੍ਰਿੰਸੀਪਲ ਸਕੂਲ ਪੰਡੋਰੀ ਰਣ ਸਿੰਘ ਨੇ ਪੁੱਜੇ ਅਧਿਕਾਰੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਸਮੇਂ ਸੀ ਓ ਸਿੰਘ ਦਾ ਸੀਟੀਓ ਗਗਨਦੀਪ ਸਿੰਘ ਅਤੇ ਬਿਕਰਮਜੀਤ ਸਿੰਘ ਵੱਲੋਂ ਸੀਓ ਪ੍ਰਮਜੀਤ ਸਿੰਘ ਰਿਆੜ ਦਾ ਸਕੂਲ ਵਿਖੇ ਪੁੱਜਣ ਤੇ ਉਨਾਂ ਨੂੰ ਜੀ ਆਇਆਂ ਆਖਦਿਆਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਵਾਂਗ ਰਚਣ ਵਾਲਿਆਂ ਵੱਲੋਂ ਮੁਆਫੀਨਾਮਾ ਪੇਸ਼



**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**-ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਇੱਕ ਧਾਰਮਿਕ ਅਸਥਾਨ ਸ਼ਾਹਡੋਲ ਵਿਖੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵੇਸ਼ਭੂਸ਼ਾ ਧਾਰਨ ਕਰਨ ਦਾ ਸਵਾਂਗ ਰਚਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਸੀ, ਜਿਸ ਕਰਕੇ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ। ਤਖਤ ਸੱਚਖੰਡ ਬੋਰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ. ਏ. ਐੱਸ. ਨੇ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਦਿਆਂ ਹੋਇਆਂ ਤੁਰੰਤ ਹੀ ਨਾਂਦੇੜ ਦੇ ਜ਼ਿਲ੍ਹਾ ਕੁਲੈਕਟਰ ਤੇ ਪੁਲਸ ਪ੍ਰਸ਼ਾਸਨ ਪਾਸ ਲਿਖਤੀ ਸ਼ਿਕਾਇਤ ਦਰਜ ਕਰਵਾਈ ਸੀ ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦੋਸ਼ੀਆਂ ਖਿਲਾਫ ਐੱਫ. ਆਈ. ਆਰ. ਦਰਜ ਕਰਵਾ ਕੇ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਸੀ। ਡਾ. ਵਿਜੇ ਸਤਬੀਰ ਸਿੰਘ ਨੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਦੋਸ਼ੀ ਪੱਖ ਸਾਹਮਣੇ ਆਇਆ ਤੇ ਸਿੰਧੀ ਸਮਾਜ ਸ਼ਾਹਡੋਲ (ਮੱਧ ਪ੍ਰਦੇਸ਼) ਦੇ ਪ੍ਰਧਾਨ ਨੇ ਮਾਨਯੋਗ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਤੇ ਸਮੂਹ ਪੰਜ ਪਿਆਰੇ ਸਾਹਿਬਾਨ ਪਾਸੋਂ ਇਸ ਗੁਸਤਾਖੀ ਲਈ ਲਿਖਤੀ ਮੁਆਫੀ ਦੀ ਯਾਚਨਾ ਕੀਤੀ ਹੈ ਜਿਸ ਵਿੱਚ ਪ੍ਰਧਾਨ ਰਮੇਸ਼ ਖੱਤਰੀ ਨੇ ਲਿਖਿਆ ਹੈ ਕਿ ਪੂਰੇ ਸਿੰਧੀ ਸਮਾਜ ਦੀ ਸਮੂਹ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਪਾਰ ਆਸਥਾ ਹੈ ਤੇ ਸਿੱਖ ਗੁਰੂ ਸਾਹਿਬਾਨ ਦੀ ਸ਼ਾਨ ਦੇ ਖਿਲਾਫ ਕਦੀ ਵੀ ਅਚੇਤ ਤੌਰ 'ਤੇ ਵੀ ਗੁਸਤਾਖੀ ਕਰਨ ਦੀ ਮਨਸ਼ਾ ਨਹੀਂ ਰੱਖਦੇ ।ਇਸ ਘਟਨਾ ਸੰਬੰਧੀ ਉਨ੍ਹਾਂ ਦੱਸਿਆ ਕਿ 12 ਸਾਲ ਦੀ ਇੱਕ ਬੱਚੀ ਜੋ ਕਿ ਰਾਮਲੀਲਾ ਆਦਿ ਨਾਟਕਾਂ ਵਿੱਚ ਅਲੱਗ-ਅਲੱਗ ਪਾਤਰਾਂ ਦਾ ਰੋਲ ਅਦਾ ਕਰਦੀ ਸੀ, ਉਸੇ ਪ੍ਰਕਾਰ ਉਸ ਬੱਚੀ ਵੱਲੋਂ ਅਣਜਾਣੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕਰਨ ਦੀ ਗਲਤੀ ਹੋਈ ਹੈ।ਇਸ ਲਈ ਸ਼ਾਹਡੋਲ ਦੇ ਸਮੂਹ ਸਿੰਧੀ ਪੰਚਾਇਤ ਦੇ ਸਾਰੇ ਅਹੁਦੇਦਾਰ, ਬੱਚੀ ਤੇ ਬੱਚੀ ਦੇ ਮਾਤਾ-ਪਿਤਾ ਨੇ ਖਿਮਾ ਦੀ ਯਾਚਨਾ ਕੀਤੀ ਹੈ ।ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਤੋਂ ਬਾਹਰ ਰਹਿਣ ਕਾਰਨ ਸਿੱਖ ਗੁਰੂ ਸਾਹਿਬਾਨ ਤੇ ਧਾਰਮਿਕ ਮਰਿਯਾਦਾ ਬਾਰੇ ਉਨ੍ਹਾਂ ਨੂੰ ਕੋਈ ਬਹੁਤੀ ਜਾਣਕਾਰੀ ਨਹੀਂ ਸੀ ਤੇ ਇਹ ਸਾਰਾ ਕੁਝ ਅਣਜਾਣਪੁਣੇ ਵਿੱਚ ਹੋਇਆ ਹੈ। ਡਾ. ਵਿਜੇ ਸਤਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਯੋਗ ਧਾਰਮਿਕ ਨਿਰਣੈ ਲੈਣ ਲਈ ਇਹ ਲਿਖਤੀ ਮੁਆਫੀਨਾਮਾ ਮਾਨਯੋਗ ਜੱਥੇਦਾਰ ਸਾਹਿਬ ਤੇ ਪੰਜ ਪਿਆਰੇ ਸਾਹਿਬਾਨ ਦੇ ਪਾਸ ਪੇਸ਼ ਕੀਤਾ ਗਿਆ ਹੈ। ਮਾਨਯੋਗ ਸਿੰਘ ਸਾਹਿਬਾਨ ਵੱਲੋਂ ਜੋ ਵੀ ਫੈਸਲਾ ਲਿਆ ਜਾਵੇਗਾ, ਉਸ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਂਵਾਗੇ ।

# ਟਰੈਫਿਕ ਐਜੂਕੇਸ਼ਨ ਸੈੱਲ ਗੁਰਦਾਸਪੁਰ ਵੱਲੋਂ ਵੱਖ-ਵੱਖ ਥਾਈਂ ਸੈਮੀਨਾਰ ਆਯੋਜਿਤ



**ਗੁਰਦਾਸਪੁਰ (ਜਨਕ ਮਹਾਜਨ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਸੈਕਟਰੀ ਰਮਨੀਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਟਰੈਫਿਕ ਐਜੂਕੇਸ਼ਨ ਸੈੱਲ ਗੁਰਦਾਸਪੁਰ ਵੱਲੋਂ ਆਦਰਸ਼ ਵਿੱਦਿਆ ਮੰਦਰ ਹਾਈ ਸਕੂਲ ਧਾਰੀਵਾਲ ਦੇ ਡਾਇਰੈਕਟਰ ਕੁਲਭੂਸ਼ਨ ਅਤੇ ਪ੍ਰਿੰ. ਸਵਿਤਾ ਮਹਾਜਨ, ਪ੍ਰਿੰ. ਬਰਿੰਦਰ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਸੁਰਜੀਤ ਸਿੰਘ ਦੇ ਸਹਿਯੋਗ ਨਾਲ ਸੈਮੀਨਾਰ ਲਗਾਏ ਗਏ। ਸੈਮੀਨਾਰਾਂ ਵਿੱਚ ਐਡਵੋਕੇਟ ਵਿਕਰਮ ਕਪਿਲ ਅਤੇ ਟਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਏ. ਐੱਸ. ਆਈ. ਸੰਜੀਵ ਕੁਮਾਰ ਏ. ਐੱਸ. ਆਈ. ਅਮਨਦੀਪ ਸਿੰਘ ਮੌਜੂਦ ਸਨ। ਸੈਮੀਨਾਰਾਂ ਵਿੱਚ ਵਿੱਚ ਐਡਵੋਕੇਟ ਵਿਕਰਮ ਕਪਿਲ ਨੇ ਬੱਚਿਆਂ ਨੂੰ ਲੀਗਲ ਸਰਵਿਸ ਅਥਾਰਟੀ ਵੱਲੋਂ ਮਿਲਣ ਵਾਲੀਆਂ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਔਰਤਾਂ ਦੀ ਰੱਖਿਆ ਸਬੰਧੀ ਕਾਨੂੰਨਾਂ ਬਾਰੇ ਦੱਸਿਆ ਅਤੇ ਇਸ ਦੇ ਨਾਲ ਨਾਲ ਹੈਲਪਲਾਈਨ ਨੰਬਰ 15100 ਬਾਰੇ ਵੀ ਜਾਣਕਾਰੀ ਦਿੱਤੀ ਗਈ। ਏ. ਐੱਸ. ਆਈ. ਸੰਜੀਵ ਕੁਮਾਰ ਅਤੇ ਏ. ਐੱਸ. ਆਈ. ਅਮਨਦੀਪ ਸਿੰਘ ਨੇ ਬੱਚਿਆਂ ਨੂੰ ਰੋਡ ਸੇਫਟੀ ਬਾਰੇ ਜਾਣਕਾਰੀ ਦਿੰਦੇ ਹੋਏ ਦੋਪਹੀਆ ਵਾਹਨ ਚਲਾਉਂਦੇ ਹੋਏ ਤਿੰਨ ਤਿੰਨ ਸਵਾਰੀਆਂ ਨਾ ਬੈਠਣ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਹੋਏ ਸੀਟ ਬੈਲਟ ਦੀ ਅਹਿਮੀਅਤ ਬਾਰੇ ਦੱਸਿਆ। ਇਸ ਦੇ ਨਾਲ ਨਾਲ ਡਰਾਈਵਿੰਗ ਲਾਇਸੰਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੋਟਰ ਵਹੀਕਲ ਐਕਟ ਦੇ ਅਨੁਸਾਰ ਨਾਬਾਲਗ ਬੱਚਿਆਂ ਨੂੰ ਕੋਈ ਵੀ ਵਾਹਨ ਚਲਾਉਣ ਦੀ ਆਗਿਆ ਨਹੀਂ ਹੈ, ਜੇਕਰ ਕਿਸੇ ਵੀ ਨਾਬਾਲਗ ਬੱਚੇ ਦਾ ਵਾਹਨ ਚਲਾਉਂਦੇ ਹੋਏ ਮੋਟਰ ਵਹੀਕਲ ਐਕਟ ਦੇ ਅਨੁਸਾਰ ਚਲਾਨ ਹੁੰਦਾ ਹੈ ਤਾਂ ਉਸ ਨੂੰ 25 ਹਜ਼ਾਰ ਰੁਪਏ ਜੁਰਮਾਨਾ ਅਤੇ ਉਸ ਦੇ ਮਾਂ ਬਾਪ ਨੂੰ ਤਿੰਨ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਸੈਮੀਨਾਰਾਂ ਵਿੱਚ ਹਾਜ਼ਰ ਸਕੂਲਾਂ ਦੇ ਡਾਇਰੈਕਟਰ ਕੁਲਭੂਸ਼ਨ, ਪ੍ਰਿੰ. ਸਵਿਤਾ ਮਹਾਜਨ ਅਤੇ ਮੈਨੇਜਿੰਗ ਡਾਇਰੈਕਟਰ ਸੁਰਜੀਤ ਸਿੰਘ, ਪ੍ਰਿੰ. ਬਰਿੰਦਰ ਕੌਰ ਨੇ ਬੱਚਿਆਂ ਨੂੰ ਲੀਗਲ ਸਰਵਿਸ ਅਥਾਰਟੀ ਵੱਲੋਂ ਮਿਲਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣ 'ਤੇ ਆਏ ਹੋਏ ਸਾਰੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੀਆਂ ਖੇਡਾਂ ਅਮਿੱਟ ਯਾਦਾਂ ਬਿਖੇਰਦੀਆਂ ਸੰਪੰਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਇੰਟਰ ਹਾਊਸ ਖੇਡਾਂ 2024 ਕਰਵਾਈਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਧਰਮ ਸਿੰਘ ਗੁਰਾਇਆ ਯੂ.ਐੱਸ.ਏ (ਪੰਜਾਬੀ ਲੇਖਕ ਅਤੇ ਇਤਿਹਾਸਕਾਰ) ਗੈਸਟ ਆਫ ਆਨਰ ਬਲਬੀਰ ਕੌਰ ਗੁਰਾਇਆ ਯੂ.ਐੱਸ.ਏ., ਅਸ਼ਵਨੀ ਕੁਮਾਰ ਦੁੱਗਲ ਪ੍ਰਧਾਨ ਨਗਰ ਕੌਂਸਲ ਧਾਰੀਵਾਲ ਅਤੇ ਉਹਨਾਂ ਦੇ ਨਾਲ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ, ਡਾਕਟਰ ਗੁਰਦਵਿੰਦਰ ਸਿੰਘ ਚਾਹਲ, ਆਰ. ਐੱਸ. ਧਾਰੀਵਾਲ, ਅਜੈਬ ਸਿੰਘ ਚਾਹਲ ਅਤੇ ਗਗਨਦੀਪ ਸਿੰਘ ਬੇਦੀ ਬਤੌਰ ਵਿਸ਼ੇਸ਼ ਮਹਿਮਾਨ ਸਾਮਿਲ ਹੋਏ। ਸਕੂਲ ਦੇ ਵਿਦਿਆਰਥੀਆਂ ਦੇ ਪ੍ਰਾਰਥਨਾ ਕਰਨ ਤੋਂ ਬਾਅਦ ਮੁੱਖ ਮਹਿਮਾਨ ਧਰਮ ਸਿੰਘ ਗੁਰਾਇਆ ਯੂ.ਐੱਸ.ਏ ਵੱਲੋਂ ਮਸ਼ਾਲ ਜਲਾ ਕੇ ਅਤੇ ਝੰਡਾ ਲਹਿਰਾ ਕੇ ਖੇਡ ਸਮਾਰੋਹ ਦਾ ਆਰੰਭ ਕੀਤਾ ਗਿਆ। ਲਿਟਲ ਸਪਰਾਊਟ ਦੇ ਵਿਦਿਆਰਥੀ ਅਤੇ ਚਾਰ ਹਾਊਸ ਕ੍ਰਮਵਾਰ ਅਜੀਤ ਹਾਊਸ, ਜੁਝਾਰ ਹਾਊਸ, ਜ਼ੋਰਾਵਰ ਹਾਊਸ, ਫਤਿਹ ਹਾਊਸ ਅਤੇ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀ ਪਰੇਡ 'ਚ ਸ਼ਾਮਿਲ ਹੋਏ। ਇਸ ਮੌਕੇ ਲਿਟਲ ਸਪਰਾਊਟ ਦੇ ਵਿਦਿਆਰਥੀਆਂ ਦੀਆਂ ਬਾਲ ਬੈਲੇਂਸ ਰੇਸ, ਬੈਲੂਨ ਰੇਸ ਅਤੇ ਰਿੰਗ ਦੌੜ ਆਦਿ ਗੇਮਾਂ ਨੇ ਸਭ ਦਾ ਮਨ ਮੋਹਿਆ। ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਦੌੜਾਂ, ਲੈਮਨ ਰੇਸ, ਬੋਰੀ ਰੇਸ, ਚੈਸ, ਕੈਰਮ ਬੋਰਡ ਅਤੇ ਸਲੋਅ ਸਾਈਕਲਿੰਗ ਦੌੜਾਂ ਕਰਵਾਈਆਂ ਗਈਆਂ। ਜਮਾਤ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੀਆਂ ਵੱਖ-ਵੱਖ ਖੇਡਾਂ ਜਿਵੇਂ ਵਾਲੀਬਾਲ, ਬੈਡਮਿੰਟਨ, ਖੋ-ਖੋ, ਫੈਂਸਿੰਗ, ਵੂਸ਼ੂ, ਤਾਇਲੋ ਅਤੇ ਰੱਸਾ ਕੱਸੀ ਆਦਿ ਖੇਡਾਂ ਹਾਊਸ ਵਾਈਜ਼ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਫੈਂਸਿੰਗ, ਵੂਸ਼ੂ ਅਤੇ ਗਤਕਾ ਦੇ ਸ਼ੋਅ ਮੈਚ ਕੀਤੇ ਗਏ ਅਤੇ ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ। ਰੱਸਾ ਕੱਸੀ ਸਭ ਖੇਡਾਂ ਵਿੱਚੋਂ ਖਿੱਚ ਦਾ ਕੇਂਦਰ ਬਣਿਆ। ਓਵਰਆਲ ਟਰਾਫੀ ਅਜੀਤ ਹਾਊਸ ਨੇ ਪ੍ਰਾਪਤ ਕੀਤੀ। ਮੁੱਖ ਮਹਿਮਾਨਾਂ ਵੱਲੋਂ ਵੱਖ-ਵੱਖ ਖੇਡਾਂ ਵਿੱਚ ਵਧੀਆ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਪ੍ਰਿੰ. ਕਿਰਨ ਕੇਸਰ, ਸਕੱਤਰ ਪਰਮਿੰਦਰ ਕੌਰ ਅਤੇ ਆਏ ਹੋਏ ਮਹਿਮਾਨਾਂ ਵੱਲੋਂ ਖੇਡ ਟੂਰਨਾਮੈਂਟਾਂ ਵਿੱਚ ਵਧੀਆ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਿਲਪ੍ਰੀਤ ਸਿੰਘ, ਤਕਸ਼ਿਲ ਬੇਦੀ, ਦਮਨਪ੍ਰੀਤ ਕੌਰ, ਹਰਮਨਜੀਤ ਸਿੰਘ, ਅਨਮੋਲਪ੍ਰੀਤ ਸਿੰਘ ਅਤੇ ਸਿਮਰਨਪ੍ਰੀਤ ਕੌਰ ਨੂੰ ਸ਼ਾਈਨਿੰਗ ਸਟਾਰ ਆਫ ਸਪੋਰਟਸ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਸਰੀਰਕ ਵਿਕਾਸ ਲਈ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 255 ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦਿੱਤੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 255 ਲੋੜਵੰਦ ਲੋਕਾਂ ਨੂੰ ਸ ਅਵਤਾਰ ਸਿੰਘ ਵਣਵਾਲਾ ਸਾਬਕਾ ਓ ਐੱਸ ਡੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਤਕਸੀਮ ਕੀਤੇ ਗਏ ਅਤੇ ਓ ਐੱਸ ਡੀ ਸਾਹਿਬ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ, ਬਜ਼ੁਰਗ, ਬੇਸਹਾਰਾ ਹਨ ਤੇ ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਡਾਕਟਰ ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਸਮਰੱਥ ਹੋਏ ਹਾਂ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਮਾਲਵਾ ਖੇਤਰ ਨੇ ਕਿਹਾ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ, ਇਹ ਰਾਸ਼ੀ ਡਾਕਟਰ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ।ਇਸ ਮੌਕੇ ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਰਿਟਾ. ਲੈਕਚਰਾਰ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਮੀਤ ਪ੍ਰਧਾਨ ਰਿਟਾਇਰਡ ਬੈਂਕ ਮੈਨੇਜਰ, ਜਤਿੰਦਰ ਸਿੰਘ ਕੈਂਥ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾਇਰਡ ਏ ਐੱਸ ਆਈ, ਗੁਰਚਰਨ ਸਿੰਘ ਭੋਣ, ਗੁਰਜੀਤ ਸਿੰਘ ਜੀਤਾ, ਜਸਵਿੰਦਰ ਸਿੰਘ ਮਣਕੂ ਆਦਿ ਹਾਜ਼ਰ ਸਨ।

## ਹੋਲੀ ਹਾਰਟ ਸਕੂਲ ਅਜੀਤਵਾਲ ਦੇ ਬੱਚਿਆਂ ਨੂੰ ਦਿਖਾਇਆ ਮੈਜਿਕ ਸ਼ੋਅ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਦੇ ਬੱਚਿਆਂ ਨੂੰ ਚੋਖਾ ਪੈਲੇਸ ਵਿੱਚ ਮੈਜਿਕ ਸ਼ੋਅ ਦਿਖਾਇਆ ਗਿਆ।ਇਸ ਸ਼ੋਅ ਵਿੱਚ ਹੋਲੀ ਹਾਰਟ ਸਕੂਲ ਦੇ ਐੱਲਕੇਜੀ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਬੱਚਿਆਂ ਨੇ ਮੋਗਾ ਚੋਖਾ ਪੈਲੇਸ ਵਿੱਚ ਜਾ ਕੇ ਇਸ ਸ਼ੋਅ ਦਾ ਆਨੰਦ ਮਾਣਿਆ।ਇਸ ਸ਼ੋਅ ਵਿੱਚ ਜਾਦੂਗਰ ਪ੍ਰਿੰਸ ਵੱਲੋਂ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਆਈਟਮਾਂ ਦਿਖਾਈਆਂ ਗਈਆਂ, ਜਿਨ੍ਹਾਂ ਨੂੰ ਦੇਖ ਕੇ ਵਿਦਿਆਰਥੀਆਂ ਨੇ ਬਹੁਤ ਹੀ ਆਨੰਦ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਬੱਚਿਆਂ ਦਾ ਦਿਮਾਗ ਚੁਸਤ ਹੁੰਦਾ ਹੈ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਰੇਲਵੇ ਪਾਰਕ ਦੀ ਕੰਧ 'ਤੇ ਲੱਗੀਆਂ ਗਰਿੱਲਾਂ ਚੋਰੀ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ਼ਹਿਰ ਦੀ ਰੇਲਵੇ ਪਾਰਕ ਦੀ ਕੰਧ 'ਤੇ ਲੱਗੀਆਂ ਗਰਿੱਲਾਂ ਚੋਰਾਂ ਵੱਲੋਂ ਚੋਰੀ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਕਾਸ ਗਲਹੋਤਰਾ, ਅਮਿਤ ਅਰੋੜਾ, ਲੱਕੀ ਬੇਦੀ, ਸੁਰਿੰਦਰ ਸ਼ਰਮਾ, ਅਜਮੇਰ ਸੋਢੀ ਤੇ ਹੋਰ ਪਾਰਕ ਦੇ ਮੈਂਬਰਾਂ ਨੇ ਦੱਸਿਆ ਕਿ ਉਹ ਸਵੇਰੇ ਜਦ ਸੈਰ ਕਰਨ ਰੇਲਵੇ ਪਾਰਕ ਵਿੱਚ ਆਏ ਤਾਂ ਉਨ੍ਹਾਂ ਨੇ ਦੇਖਿਆ ਕਿ ਪਾਰਕ ਦੀ ਕੰਧ 'ਤੇ ਲੱਗੀਆਂ ਗਰਿੱਲਾਂ ਗਾਇਬ ਸਨ। ਉਨ੍ਹਾਂ ਵੱਲੋਂ ਇਨ੍ਹਾਂ ਗਰਿੱਲਾਂ ਸਬੰਧੀ ਪਾਰਕ ਵਿੱਚ, ਬਾਹਰ ਤੇ ਆਸ-ਪਾਸ ਕਾਫੀ ਭਾਲ ਕੀਤੀ, ਪਰ ਗਰਿੱਲਾਂ ਨਹੀਂ ਲੱਭੀਆਂ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਨੇ ਦੱਸਿਆ ਕਿ ਇਹ ਗਰਿੱਲਾਂ ਰਾਤ ਸਮੇਂ ਚੋਰਾਂ ਵੱਲੋਂ ਚੋਰੀ ਕਰ ਲਈਆਂ ਗਈਆਂ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਾਰਕ ਦੀਆਂ ਚੋਰੀ ਹੋਈਆਂ ਗਰਿੱਲਾਂ ਬਰਾਮਦ ਕੀਤੀਆਂ ਜਾਣ ਅਤੇ ਚੋਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਜੇ.ਐੱਮ.ਐੱਸ. ਨੇ ਰਫਿਊਜ਼ਲ ਦੇ ਬਾਵਜੂਦ ਲਵਾਇਆ ਕੈਨੇਡਾ ਦਾ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮਸ਼ਹੂਰ ਤੇ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਹੁਣ ਤੱਕ ਅਨੇਕਾਂ ਹੀ ਰਫਿਊਜ ਹੋਏ ਕੇਸਾਂ ਨੂੰ ਹੱਲ ਕਰਕੇ ਲੋਕਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਪੂਰਾ ਕਰ ਚੁੱਕੀ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਭਿੰਦਰਜੀਤ ਸਿੰਘ ਵਾਸੀ ਜੋਧਪੁਰ ਜ਼ਿਲ੍ਹਾ ਬਰਨਾਲਾ ਦਾ ਕਿਸੇ ਹੋਰ ਸੰਸਥਾਂ ਵੱਲੋਂ 4 ਵਾਰ ਵੀਜ਼ਾ ਰਫਿਊਜ ਹੋਣ ਦੇ ਬਾਵਜੂਦ ਜੇ.ਐੱਮ.ਐੱਸ. ਨੇ ਬਹੁਤ ਹੀ ਜਲਦ ਕੈਨੇਡਾ ਦਾ ਸਪਾਊਸ ਵੀਜ਼ਾ ਲਗਵਾ ਕੇ ਉਨ੍ਹਾਂ ਦਾ ਵਿਦੇਸ਼ ਵਿੱਚ ਜਾਣ ਦਾ ਸੁਪਨਾ ਪੂਰਾ ਕੀਤਾ ਹੈ।ਸੰਸਥਾ ਵੱਲੋਂ ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ ਵਿੱਚ ਲਗਾਏ ਜਾਂਦੇ ਹਨ। ਡਾਇਰੈਕਟਰ ਹਰਲਾਲ ਸਿੰਘ ਮਾਨ ਜੀ ਨੇ ਵੀਜ਼ੇ ਸਬੰਧੀ ਸਲਾਹ ਦਿੰਦੇ ਹੋਏ ਜਾਣਕਾਰੀ ਸਾਂਝੀ ਕੀਤੀ ਕਿ ਜੇਕਰ ਕਿਸੇ ਦਾ ਵੀਜ਼ਾ ਵਾਰ-ਵਾਰ ਰਫਿਊਜ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਅਜਿਹੇ ਵੀਜ਼ਾ ਚਾਹਵਾਨ ਇੱਕ ਵਾਰ ਸਲਾਹ ਲੈਣ ਲਈ ਆਪਣੇ ਦਸਤਾਵੇਜ਼ ਸਮੇਤ ਸੰਸਥਾ ਵਿਖੇ ਜ਼ਰੂਰ ਪਹੁੰਚੋ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਸੰਸਥਾ ਨੂੰ ਰਫਿਊਜ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਮੰਨਿਆ ਜਾਂਦਾ ਹੈ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਭਿੰਦਰਜੀਤ ਸਿੰਘ ਬਰਾੜ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ-ਕਾਮਨਾ ਕੀਤੀ।

## ਆਧੁਨਿਕ ਸਹੂਲਤਾਂ ਨਾਲ ਲੈਸ ਪੀ ਸੀ ਆਰ ਵਾਹਨਾਂ ਨੂੰ ਦਿੱਤੀ ਹਰੀ ਝੰਡੀ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਨਿਹਾਲ ਸਿੰਘ ਵਾਲਾ ਸ਼ਹਿਰ ਦੀ ਟ੍ਰੈਫਿਕ ਸਮੱਸਿਆ ਦੇ ਹੱਲ ਤੇ ਸ਼ਹਿਰ ਨੂੰ ਜੁਰਮਾਂ ਤੋਂ ਮੁਕਤ ਰੱਖਣ ਅਤੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਤੇ ਡੀ. ਐੱਸ. ਪੀ. ਅਨਵਰ ਅਲੀ ਦੀ ਹਾਜ਼ਰੀ 'ਚ 3 ਪੀ. ਸੀ. ਆਰ. ਮੋਟਰਸਾਈਕਲ, 1 ਐਕਟਿਵਾ ਤੇ 2 ਈ. ਆਰ. ਵੀ. ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਹਰ ਪੱਖ ਤੋਂ ਸੁਰੱਖਿਆ ਯਕੀਨੀ ਬਣਾਉਣ ਲਈ ਸੂਬੇ ਦੀ ਪੁਲਸ ਨੂੰ ਨਵੀਂ ਤਕਨਾਲੋਜੀ ਨਾਲ ਜੋੜਿਆ ਜਾ ਰਿਹਾ ਹੈ, ਉੱਥੇ ਹਰ ਕਿਸਮ ਦੀ ਸਹੂਲਤ ਨਾਲ ਲੈਸ ਵਾਹਨ ਵੀ ਦਿੱਤੇ ਜਾ ਰਹੇ ਹਨ।ਇਸ ਮੌਕੇ ਡੀ. ਐੱਸ. ਪੀ. ਅਨਵਰ ਅਲੀ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਨਵੀਂ ਤਕਨਾਲੌਜੀ ਨਾਲ ਲੈਸ ਪੀ. ਸੀ. ਆਰ. ਵਾਹਨਾਂ ਦੀ ਗਸ਼ਤ ਵਧਣ ਨਾਲ ਜਿੱਥੇ ਮੰਡੀ ਨਿਹਾਲ ਸਿੰਘ ਵਾਲਾ ਦੇ ਵਾਸੀਆਂ ਨੂੰ ਟ੍ਰੈਫਿਕ ਸਮੱਸਿਆ ਤੋਂ ਰਾਹਤ ਮਿਲੇਗੀ, ਉੱਥੇ ਸਮਾਜ ਅੰਦਰ ਵਿਚਰ ਰਹੇ ਗਲਤ ਅਨਸਰਾਂ ਨੂੰ ਨੱਥ ਪਾਉਣ ਲਈ ਪੀ. ਸੀ. ਆਰ. ਵਾਹਨਾਂ 'ਤੇ ਤਾਇਨਾਤ ਪੁਲਸ ਕਰਮਚਾਰੀ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਉਣ ਲਈ ਤਿੱਖੀ ਨਜ਼ਰ ਰੱਖਣਗੇ।ਇਸ ਮੌਕੇ ਸਬ-ਇੰਸਪੈਕਟਰ ਮੰਗਲ ਸਿੰਘ, ਰੀਡਰ ਸਰਬਣ ਸਿੰਘ, ਮੁੱਖ ਮੁਨਸ਼ੀ ਜਗਜੀਤ ਸਿੰਘ, ਗੁਰਪ੍ਰੀਤ ਸਿੰਘ ਸਾਂਝ ਕੇਂਦਰ, ਹਰਬੰਸ ਸਿੰਘ, ਸੁਰਿੰਦਰ ਸਿੰਘ, ਜਗਦੀਪ ਸਿੰਘ, ਹੌਲਦਾਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਸ਼ਹੀਦੀ ਸਭਾ ਨੂੰ ਧਿਆਨ 'ਚ ਰੱਖਦਿਆਂ ਫੰਡ ਜਾਰੀ ਕਰਨ ਲਈ ਸਰਕਾਰ ਦਾ ਧੰਨਵਾਦ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਧੰਨ ਧੰਨ ਬਾਬਾ ਜੋਰਾਵਰ ਸਿੰਘ, ਧੰਨ ਧੰਨ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਜੋੜ ਮੇਲ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਆਲੇ ਦੁਆਲੇ ਦੀਆਂ ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਫੰਡ ਜਾਰੀ ਕੀਤਾ ਗਿਆ ਹੈ, ਉਸ ਦੇ ਲਈ ਅਸੀਂ ਪੰਜਾਬ ਸਰਕਾਰ ਦੇ ਤਹਿ ਦਿਲੋਂ ਧੰਨਵਾਦੀ ਹਾਂ।ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਕੀਤਾ ਗਿਆ।ਉਨ੍ਹਾ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਵੱਲੋਂ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਗਈ ਸੀ, ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਉਨ੍ਹਾਂ ਦੀ ਮੰਗ ਨੂੰ ਜਲਦ ਪੂਰਾ ਕੀਤਾ ਜਾਵੇਗਾ।ਉਸੇ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪੈਕੇਜ ਦਿੱਤਾ ਗਿਆ ਹੈ, ਜਿਸ ਨਾਲ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦੀਆਂ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਪਹੁੰਚਦੀਆਂ ਹਨ, ਉਨ੍ਹਾਂ ਦੀਆਂ ਸੁੱਖ ਸਹੂਲਤਾਂ ਨੂੰ ਦੇਖਦਿਆਂ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਜਾਣਗੇ, ਤਾਂ ਜੋ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਨਤਮਸਤਕ ਹੋਣ ਵਾਲੀਆਂ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ, ਖੇਤਾਂ 'ਚੋਂ ਮਿਲੀ ਲਾਸ਼

### ਲਾਸ਼ ਬਰਨਾਲਾ-ਮਾਨਸਾ ਮਾਰਗ 'ਤੇ ਰੱਖ ਲਗਾਇਆ ਜਾਮ, ਕਾਰਵਾਈ ਦੀ ਕੀਤੀ ਮੰਗ, 4 ਨਸ਼ਾ ਤਸ਼ਕਰਾਂ 'ਤੇ ਮਾਮਲਾ ਦਰਜ



**ਮਾਨਸਾ (ਰੀਤਵਾਲ)**-ਨਸ਼ੇ ਦੀ ਓਵਰਡੋਜ਼ ਨਾਲ ਮਜ਼ਦੂਰ ਪਰਵਾਰ ਦੇ ਇੱਕ 22 ਸਾਲਾ ਨੌਜਵਾਨ ਦੀ ਮੌਤ ਹੋ ਗਈ ਹੈ।ਜ਼ਿਲ੍ਹੇ ਦੇ ਪਿੰਡ ਅਕਲੀਆ ਦੇ ਇੱਕ ਨੌਜਵਾਨ ਦੀ ਲਾਸ਼ ਸ਼ੁੱਕਰਵਾਰ ਨੂੰ ਸਵੇਰੇ ਖੇਤਾਂ ਵਿੱਚੋਂ ਮਿਲੀ।ਇਸ ਤੋਂ ਪਹਿਲਾਂ ਵੀ ਨਸ਼ੇ ਕਾਰਨ ਅਕਲੀਆ ਤੇ ਜੋਗਾ ਵਿੱਚ ਕਈ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ।ਇਸ ਨੌਜਵਾਨ ਦੀ ਮੌਤ ਤੋਂ ਬਾਅਦ ਗੁੱਸੇ ਵਿੱਚ ਆਏ ਪਿੰਡ ਵਾਸੀਆਂ, ਨੌਜਵਾਨ ਸੇਵਾ ਸੁਸਾਇਟੀ, ਕਿਸਾਨ ਜਥੇਬੰਦੀਆਂ, ਮਜ਼ਦੂਰਾਂ ਨੇ ਬਰਨਾਲਾ-ਮਾਨਸਾ ਮਾਰਗ 'ਤੇ ਲਾਸ਼ ਰੱਖ ਕੇ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਹੈ।ਪੀੜਤ ਪਰਵਾਰ ਤੇ ਜਥੇਬੰਦੀਆਂ ਨੇ ਇਸ ਲਈ 10 ਲੱਖ ਰੁਪਏ ਮੁਆਵਜ਼ਾ, ਪਰਵਾਰ ਦੇ 1 ਮੈਂਬਰ ਲਈ ਸਰਕਾਰੀ ਨੌਕਰੀ, ਜ਼ਿੰਮੇਵਾਰ ਪੁਲਸ ਅਫਸਰ ਖਿਲਾਫ ਕਾਰਵਾਈ ਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ।ਜੋਗਾ ਪੁਲਸ ਨੇ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।ਸ਼ੁੱਕਰਵਾਰ ਦੀ ਸਵੇਰ ਮਜ਼ਦੂਰ ਪਰਵਾਰ ਦੇ 22 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ ਉਰਫ ਬਲਜਿੰਦਰ ਸਿੰਘ ਦੀ ਲਾਸ਼ ਸਵੇਰੇ ਪਿੰਡ ਦੇ ਖੇਤਾਂ ਵਿੱਚੋਂ ਮਿਲੀ। ਪਰਵਾਰ ਨੂੰ ਕਿਸੇ ਰਾਹਗੀਰ ਨੇ ਇਸ ਦੀ ਸੂਚਨਾ ਦਿੱਤੀ।ਮ੍ਰਿਤਕ ਗੁਰਪ੍ਰੀਤ ਸਿੰਘ ਉਰਫ ਬਲਜਿੰਦਰ ਸਿੰਘ ਦੇ ਰਿਸ਼ਤੇਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ 6 ਮਹੀਨੇ ਤੋਂ ਨਸ਼ੇ ਦੀ ਲਤ ਦਾ ਸ਼ਿਕਾਰ ਹੋ ਗਿਆ।ਉਹ ਪਰਵਾਰ ਦਾ ਇਕਲੌਤਾ ਪੁੱਤਰ ਸੀ।ਨਸ਼ੇ ਦੀ ਓਵਰਡੋਜ਼ ਨਾਲ ਉਸ ਦੀ ਮੌਤ ਹੋ ਗਈ ਹੈ।6 ਮਹੀਨੇ ਪਹਿਲਾਂ ਉਸ ਦੇ ਪਿਤਾ ਦੀ ਵੀ ਮੌਤ ਹੋ ਚੁੱਕੀ ਹੈ।ਪਰਵਾਰ ਪਿੱਛੇ ਉਹ ਆਪਣੀ ਮਾਂ ਤੇ 2 ਭੈਣਾਂ ਛੱਡ ਗਿਆ।ਉਹ ਫੌਜ ਦੀ ਭਰਤੀ ਦੀ ਤਿਆਰੀ ਕਰ ਰਿਹਾ ਸੀ।

ਉੱਧਰ ਧਰਨੇ ਵਿੱਚ ਬੋਲਦਿਆਂ ਸਮਾਜ ਸੇਵੀ ਜਗਸੀਰ ਸਿੰਘ ਸ਼ੀਰਾ, ਭਗਵਾਨ ਸਿੰਘ ਆਦਿ ਨੇ ਕਿਹਾ ਕਿ ਇਸ ਖੇਤਰ ਵਿੱਚ ਨਸ਼ਾ ਖੁੱਲ੍ਹੇਆਮ ਵਿਕਦਾ ਹੈ।ਕੌਣ ਨਸ਼ਾ ਵੇਚਦਾ ਹੈ, ਉਹ ਅਨੇਕਾਂ ਵਾਰ ਪੁਲਸ ਨੂੰ ਇਸ ਬਾਰੇ ਦੱਸ ਚੁੱਕੇ ਹਨ।ਪਿਛਲੇ ਦਿਨੀਂ ਇਸ ਰੋਸ ਨੂੰ ਲੈ ਕੇ ਜਗਸੀਰ ਸ਼ੀਰਾ ਪਾਣੀ ਵਾਲੀ ਟੈਂਕੀ 'ਤੇ ਵੀ ਚੜ੍ਹੇ।

ਪੁਲਸ ਨੇ ਹਫਤੇ ਦੇ ਅੰਦਰ ਨਸ਼ਾ ਤਸ਼ਕਰਾਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦੇ ਕੇ ਇਸ ਨੂੰ ਹੇਠਾਂ ਉਤਾਰਿਆ ਸੀ, ਪਰ ਇਸ 'ਤੇ ਹੋਇਆ ਕੁਝ ਨਹੀਂ ਤੇ ਗੁਰਪ੍ਰੀਤ ਸਿੰਘ ਉਰਫ ਬਲਜਿੰਦਰ ਸਿੰਘ ਨਸ਼ੇ ਦੀ ਭੇਟ ਚੜ੍ਹ ਗਿਆ।ਉਨ੍ਹਾਂ ਕਿਹਾ ਕਿ ਪੁਲਸ ਨਸ਼ਾ ਤਸ਼ਕਰਾਂ ਖਿਲਾਫ ਕੁਝ ਨਹੀਂ ਕਰ ਰਹੀ।ਧਰਨਾਕਾਰੀਆਂ ਨੇ ਕਿਹਾ ਕਿ ਜਦੋਂ ਤੱਕ ਨਸ਼ਾ ਤਸ਼ਕਰਾਂ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਹ ਧਰਨਾ ਨਹੀਂ ਚੁੱਕਣਗੇ ਅਤੇ ਨਾ ਹੀ ਮ੍ਰਿਤਕ ਦਾ ਅੰਤਿਮ ਸੰਸਕਾਰ ਕਰਨਗੇ।ਉਨ੍ਹਾਂ ਮੰਗ ਕੀਤੀ ਕਿ ਪੀੜਤ ਮਜ਼ਦੂਰ ਪਰਵਾਰ ਨੂੰ ਪੰਜਾਬ ਸਰਕਾਰ 10 ਲੱਖ ਰੁਪਏ ਮੁਆਵਜ਼ਾ, ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ, ਜ਼ਿੰਮੇਵਾਰ ਪੁਲਸ ਅਧਿਕਾਰੀ ਖਿਲਾਫ ਕਾਰਵਾਈ ਕਰੇ।ਇਸ ਲਈ ਵੱਖ-ਵੱਖ ਜਥੇਬੰਦੀਆਂ, ਕਿਸਾਨ ਆਗੂਆਂ ਨੇ 15 ਮੈਂਬਰੀ ਕਮੇਟੀ ਵੀ ਗਠਿਤ ਕੀਤੀ।

### ਮਾਮਲਾ ਸਬ-ਤਹਿਸੀਲ ਭਗਤਾ ਦੀ ਕੰਧ ਦਾ

## ਬੀ ਡੀ ਪੀ ਓ ਦਫਤਰ ਅਧਿਕਾਰੀਆਂ ਨੇ ਕੱਢੀ ਕੰਧ ਤੇ ਬੰਦ ਰਸਤਾ ਖੁੱਲ੍ਹਵਾਇਆ

### ਪਟਵਾਰੀ ਦੀ ਬਦਲੀ ਨੂੰ ਲੈ ਕੇ ਆਮ ਲੋਕਾਂ ਵੱਲੋਂ ਡੀ ਸੀ ਦਾ ਧੰਨਵਾਦ



**ਬਠਿੰਡਾ (ਰਾਜੀਵ ਗੋਇਲ)**

ਪਿਛਲੇ ਕਾਫੀ ਲੰਮੇ ਸਮੇਂ ਤੋਂ ਸਬ ਤਹਿਸੀਲ ਭਗਤਾ ਵਿਖੇ ਬੀ ਡੀ ਪੀ ਓ ਦਫਤਰ ਦੇ ਅਧਿਕਾਰੀਆਂ ਵੱਲੋਂ ਜਬਰਨ ਤੇ ਗੈਰਕਾਨੂੰਨੀ ਕੱਢੀ ਜਾ ਰਹੀ ਕੰਧ ਨੂੰ ਬੀਤੇ ਕੱਲ੍ਹ ਮਹਿਕਮੇ ਵੱਲੋਂ ਪਟਵਾਰੀ ਦੀ ਕੀਤੀ ਗਈ ਬਦਲੀ ਤੋਂ ਬਾਅਦ ਕੱਢੀ ਗਈ ਕੰਧ ਅਤੇ ਚਾਦਰਾਂ ਲਾ ਕੇ ਬੰਦ ਕੀਤੇ ਰਸਤੇ ਨੂੰ ਖੁੱਲ੍ਹਵਾ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਕਚਹਿਰੀ ਦੇ ਅਧਿਕਾਰੀਆਂ ਸਮੇਤ ਆਮ ਲੋਕਾਂ ਵੱਲੋਂ ਸੁੱਖ ਦਾ ਸਾਹ ਲੈਂਦੇ ਹੋਏ ਡਿਪਟੀ ਕਮਿਸ਼ਨਰ ਬਠਿੰਡਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ। ਸੰਬੰਧਤ ਪਟਵਾਰੀ ਦੀ ਬਦਲੀ ਤੋਂ ਭਗਤਾ ਬਲਾਕ ਦੇ ਲੋਕ ਅਤਿਅੰਤ ਖੁਸ਼ ਨਜ਼ਰ ਆ ਰਹੇ ਹਨ ਅਤੇ ਉਹ ਵੀ ਪ੍ਰਸ਼ਾਸਨ ਦੇ ਉੱਚ-ਅਧਿਕਾਰੀਆਂ ਦਾ ਧੰਨਵਾਦ ਕਰਦੇ ਨਜ਼ਰ ਆ ਰਹੇ ਹਨ। ਦੱਸਣਾ ਬਣਦਾ ਹੈ ਕਿ ਇਸ ਕੰਧ ਨੂੰ ਕਢਵਾਉਣ ਵਾਲੇ ਮਸਲੇ ਵਿੱਚ ਉਕਤ ਤਬਦੀਲ ਕੀਤੇ ਗਏ ਪਟਵਾਰੀ ਦਾ ਨਾਮ ਵੱਧ ਚਮਕ ਰਿਹਾ ਸੀ ਅਤੇ ਪਿਛਲੇ ਇੱਕ ਦਹਾਕੇ ਤੋਂ ਵਧੇਰੇ ਦਾ ਸਮਾਂ ਇੱਕੋ ਦਫਤਰ 'ਚ ਲਗਾਉਣ ਕਾਰਨ ਉਕਤ ਪਟਵਾਰੀ ਆਮ ਲੋਕਾਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਭਾਵੇਂ ਹੀ ਬਦਲੀ ਤੋਂ ਬਾਅਦ ਉਕਤ ਪਟਵਾਰੀ ਵੱਲੋਂ ਇਹ ਕਿਹਾ ਗਿਆ ਸੀ ਕਿ ਜੇਕਰ ਮੇਰੇ ਪਾਸੋਂ ਕੋਈ ਗਲਤੀ ਹੋਈ ਹੈ ਤਾਂ ਮੈਂ ਮੁਆਫੀ ਮੰਗ ਲੈਂਦਾ ਹਾਂ, ਪਰ ਆਮ ਲੋਕਾਂ ਦੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਲੋਕ ਇਸ ਬਦਲੀ ਤੇ ਕੰਧ ਨੂੰ ਚੁਕਵਾ ਕੇ ਖੁੱਲ੍ਹਵਾਏ ਗਏ ਰਸਤੇ ਤੋਂ ਖੁਸ਼ ਨਜ਼ਰ ਆ ਰਹੇ ਹਨ।

## ਲੋਕ ਮੋਰਚਾ ਪੰਜਾਬ ਵੱਲੋਂ ਕਿਸਾਨਾਂ 'ਤੇ ਲਾਠੀਚਾਰਜ ਦੀ ਨਿੰਦਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੀਤੇ ਦਿਨ ਪਿੰਡ ਦੁੱਨੇਵਾਲਾ ਤੇ ਸ਼ੇਰਗੜ੍ਹ ਵਿੱਚ ਭਾਰਤ ਮਾਲਾ ਪ੍ਰੋਜੈਕਟ ਲਈ ਪ੍ਰਸ਼ਾਸਨ ਵੱਲੋਂ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦੇ ਉਚਿਤ ਮੁਆਵਜ਼ੇ ਦੀ ਮੰਗ ਕਰ ਰਹੇ ਕਿਸਾਨਾਂ ਉੱਤੇ ਪੁਲਸ ਵੱਲੋਂ ਲਾਠੀਚਾਰਜ ਕੀਤੇ ਜਾਣ ਦੀ ਲੋਕ ਮੋਰਚਾ ਪੰਜਾਬ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ।ਬਿਆਨ ਜਾਰੀ ਕਰਦਿਆਂ ਲੋਕ ਮੋਰਚੇ ਦੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਤੇ ਸ਼ੀਰੀ ਨੇ ਕਿਹਾ ਕਿ ਵੱਡੇ ਕਾਰੋਬਾਰੀਆਂ ਦੀ ਸਹੂਲਤ ਲਈ ਉਸਾਰੇ ਜਾ ਰਹੇ ਭਾਰਤ ਮਾਲਾ ਵਰਗੇ ਪ੍ਰੋਜੈਕਟਾਂ ਲਈ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਐਕੁਆਇਰ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦਾ ਢੁੱਕਵਾਂ ਮੁਆਵਜ਼ਾ ਵੀ ਨਹੀਂ ਦਿੱਤਾ ਜਾ ਰਿਹਾ।ਇਹ ਪ੍ਰੋਜੈਕਟ ਵਿਕਾਸ ਦੇ ਨਾਂਅ ਉੱਤੇ ਲੋਕਾਂ ਦੇ ਉਜਾੜੇ ਦਾ ਸਬੱਬ ਬਣ ਰਹੇ ਹਨ ਅਤੇ ਇਸ ਦੇ ਵਿਰੋਧ ਵਿੱਚ ਨਿੱਤਰੇ ਲੋਕਾਂ ਨੂੰ ਹਕੂਮਤੀ ਜਬਰ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਪੰਜਾਬ ਦੀ ਆਪ ਸਰਕਾਰ ਵੀ ਐਨ ਕੇਂਦਰੀ ਹਕੂਮਤ ਦੀਆਂ ਲੀਹਾਂ ਉੱਤੇ ਲੋਕਾਂ ਦੇ ਵਾਜਿਬ ਸਰੋਕਾਰਾਂ 'ਤੇ ਕੰਨ ਧਰਨੋਂ ਇਨਕਾਰੀ ਹੈ ਤੇ ਉਨ੍ਹਾਂ ਦੀ ਵਿਰੋਧ ਆਵਾਜ਼ ਨੂੰ ਡੰਡੇ 'ਤੇ ਜ਼ੋਰ ਨਜਿੱਠ ਰਹੀ ਹੈ।

ਆਗੂਆਂ ਨੇ ਕਿਹਾ ਕਿ ਇੱਕ ਪਾਸੇ ਭਾਰਤ ਮਾਲਾ ਵਰਗੀਆਂ ਸੜਕਾਂ ਸਧਾਰਨ ਲੋਕਾਂ ਦੀ ਵਰਤੋਂ ਲਈ ਨਹੀਂ ਹਨ, ਕਿਉਂਕਿ ਇਹ ਹਰ ਪ੍ਰਕਾਰ ਦੀ ਆਵਾਜਾਈ ਲਈ ਬੇਹੱਦ ਉੱਚੇ ਟੋਲਾਂ ਦੀ ਵਸੂਲੀ ਕਰਦੀਆਂ ਹਨ ਅਤੇ ਦੂਜੇ ਪਾਸੇ ਵਿੱਚ ਅਜਿਹੇ ਪ੍ਰੋਜੈਕਟਾਂ ਵਿੱਚ ਜ਼ਮੀਨਾਂ ਆਉਣ ਨਾਲ ਖੇਤਾਂ ਦੇ ਟੋਟੇ ਹੋ ਰਹੇ ਹਨ ਅਤੇ ਸੰਬੰਧਤ ਕਿਸਾਨਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਕਾਸ ਦੇ ਨਾਂ ਹੇਠ ਅਜਿਹੇ ਪ੍ਰੋਜੈਕਟ ਉਸਾਰੇ ਜਾਂਦੇ ਹਨ, ਅਸਲ ਵਿੱਚ ਉਹ ਆਮ ਲੋਕਾਂ ਦਾ ਵਿਕਾਸ ਨਹੀਂ ਹੈ, ਕਿਉਂਕਿ ਆਮ ਲੋਕਾਂ ਲਈ ਨਿੱਤ ਵਰਤੋਂ ਦੀਆਂ ਸੜਕਾਂ, ਲਿੰਕ ਸੜਕਾਂ, ਫਿਰਨੀਆਂ ਦਾ ਤਾਂ ਮੰਦਾ ਹਾਲ ਉੱਥ ਦਾ ਉੱਥ ਬਰਕਰਾਰ ਹੈ।ਵੱਡੇ ਕਾਰੋਬਾਰਾਂ ਦੇ ਵਿਕਾਸ ਦੀ ਕੀਮਤ ਆਮ ਲੋਕਾਂ ਤੋਂ ਵਸੂਲੀ ਜਾ ਰਹੀ ਹੈ ਅਤੇ ਇਸ ਤੋਂ ਵੀ ਅੱਗੇ ਉਨ੍ਹਾਂ ਦੀ ਉਪਜੀਵਕਾ ਨੂੰ ਵੱਡੇ ਪੱਧਰ 'ਤੇ ਅਸਥਿਰਤਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕਰਕੇ ਉਨ੍ਹਾਂ ਨੂੰ ਐਕੁਆਇਰ ਕੀਤੀਆਂ ਜ਼ਮੀਨਾਂ ਦਾ ਢੁੱਕਵਾਂ ਮੁਆਵਜ਼ਾ ਵੀ ਨਹੀਂ ਦਿੱਤਾ ਜਾ ਰਿਹਾ।ਅਜਿਹੀ ਹਾਲਤ ਵਿੱਚ ਲੋਕਾਂ ਕੋਲ ਸੰਘਰਸ਼ ਹੀ ਇੱਕੋ ਇੱਕ ਰਾਹ ਬਚਦਾ ਹੈ।ਜਥੇਬੰਦੀ ਦੇ ਆਗੂਆਂ ਨੇ ਮੰਗ ਕੀਤੀ ਕਿ ਸਬੰਧਤ ਕਿਸਾਨਾਂ ਨੂੰ ਫੌਰੀ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ, ਉਨ੍ਹਾਂ ਉੱਤੇ ਪਾਏ ਸਾਰੇ ਕੇਸ ਰੱਦ ਕੀਤੇ ਜਾਣ ਤੇ ਲਾਠੀਚਾਰਜ ਵਿੱਚ ਜ਼ਖ਼ਮੀ ਹੋਏ ਕਿਸਾਨਾਂ ਨੂੰ ਪ੍ਰਸ਼ਾਸਨ ਵੱਲੋਂ ਮੁਆਵਜ਼ਾ ਦਿੱਤਾ ਜਾਵੇ।

## ਭੁਪਿੰਦਰਪਾਲ ਸਿੰਘ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**



ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਮੈਂਬਰ ਜਸਪ੍ਰੀਤ ਸਿੰਘ ਲਾਡੀ ਕ੍ਰਿਪਾਲ ਸਿੰਘ ਵਾਲਾ ਦੇ ਸਤਿਕਾਰਯੋਗ ਪਿਤਾ ਭੁਪਿੰਦਰਪਾਲ ਸਿੰਘ ਬਿੱਟੂ ਬਮਰਾਹ ਸਦੀਵੀ ਵਿਛੋੜਾ ਦੇ ਗਏ ਹਨ।ਇਸ ਦੁੱਖਦਾਈ ਮੌਕੇ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਕਨਵੀਨਰ ਹਰਜੀਤ ਸਿੰਘ ਰਾਮਗੜ੍ਹੀਆ, ਹਲਕਾ ਮਹਿਲ ਕਲਾਂ ਦੇ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ, ਸੂਬਾਈ ਆਗੂ ਨਾਹਰ ਸਿੰਘ ਸੋਢ, ਮੀਤ ਪ੍ਰਧਾਨ ਬੂਟਾ ਸਿੰਘ ਕਲਸੀ, ਚੇਅਰਮੈਨ ਜਰਨੈਲ ਸਿੰਘ ਮਠਾੜੂ, ਸੁਰਿੰਦਰ ਸਿੰਘ ਪੰਜਗਰਾਈਂ, ਗੁਰਦੇਵ ਸਿੰਘ ਮਹਿਲ ਖੁਰਦ, ਬਲਵੀਰ ਸਿੰਘ ਛੀਨੀਵਾਲ, ਗੁਰਮੀਤ ਸਿੰਘ ਛੀਨੀਵਾਲ, ਇਕਬਾਲ ਸਿੰਘ ਜਗਦੇ ਆਦਿ ਆਗੂਆਂ ਤੋਂ ਇਲਾਵਾ ਸਮੂਹ ਰਾਮਗੜ੍ਹੀਆ ਭਾਈਚਾਰੇ ਨੇ ਜਸਪ੍ਰੀਤ ਸਿੰਘ ਲਾਡੀ ਕ੍ਰਿਪਾਲ ਸਿੰਘ ਵਾਲਾ ਤੇ ਸਮੂਹ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।ਭੁਪਿੰਦਰਪਾਲ ਸਿੰਘ ਬਮਰਾਹ ਨਮਿੱਤ ਪਾਠ ਦਾ ਭੋਗ 24 ਨਵੰਬਰ ਐਤਵਾਰ ਨੂੰ ਇੱਕ ਵਜੇ ਗੁਰਦੁਆਰਾ ਸਾਹਿਬ ਪਿੰਡ ਕ੍ਰਿਪਾਲ ਸਿੰਘ ਵਾਲਾ (ਬਰਨਾਲਾ) ਵਿਖੇ ਪਵੇਗਾ।

## ਕਿਸਾਨਾਂ ਨੂੰ ਐੱਸ ਡੀ ਐੱਮ ਦਿਵਿਆ ਪੀ. ਨੇ ਕੀਤਾ ਜਾਗਰੂਕ



**ਗੁਰੂ ਹਰ ਸਹਾਇ (ਫ਼ਕੀਰ ਚੰਦ ਸਿਕਰੀ)**-ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਪਿਛਲੇ ਕਰੀਬ ਕਈ ਦਿਨਾਂ ਤੋਂ ਹੀ ਐੱਸ ਡੀ ਐੱਮ ਦਿਵਿਆ ਪੀ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਖੇਤਾਂ ਵਿੱਚ ਜਾ ਕੇ ਕਿਸਾਨਾਂ ਨੂੰ ਇਕੱਠੇ ਕਰਕੇ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਜਿੱਥੇ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਉਨ੍ਹਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਦੇ ਨਾਲ ਇਸ ਤੋਂ ਉੱਠਦੇ ਧੂਏਂ ਦੇ ਨਾਲ ਹੁੰਦੇ ਮਨੁੱਖੀ ਨੁਕਸਾਨ ਸਬੰਧੀ ਵੀ ਲਗਾਤਾਰ ਹੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਪਰ ਇਸ ਦੇ ਬਾਵਜੂਦ ਕਈ ਪਿੰਡਾਂ ਦੇ ਕਿਸਾਨ ਪਰਾਲੀ ਨੂੰ ਅੱਗ ਲਗਾ ਰਹੇ ਹਨ, ਜਿਸ ਤੋਂ ਬਾਅਦ ਐੱਸ ਡੀ ਐੱਮ ਦਿਵਿਆ ਪੀ ਵੱਲੋਂ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਐੱਸ ਡੀ ਐੱਮ ਦਿਵਿਆ ਪੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰ ਰੋਜ਼ ਹੀ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਇਸ ਦੇ ਉਠਦੇ ਧੂਏਂ ਦੇ ਨਾਲ ਬਜ਼ੁਰਗਾਂ ਤੇ ਬੱਚਿਆਂ ਨੂੰ ਹੋ ਰਹੀਆਂ ਭਿਆਨਕ ਬਿਮਾਰੀਆਂ ਸਬੰਧੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਵਿੱਚ ਪਈ ਪਰਾਲੀ ਨੂੰ ਅੱਗ ਨਾ ਲਾਉਣ। ਇਸ ਦੀ ਰਹਿੰਦ ਖੂੰਹਦ ਨੂੰ ਜ਼ਮੀਨ ਵਿੱਚ ਹੀ ਵਾਹੁਣ ਨਾਲ ਇਸ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ ਤੇ ਵਾਤਾਵਰਨ ਵੀ ਪ੍ਰਦੂਸ਼ਿਤ ਨਹੀਂ ਹੁੰਦਾ। ਇਸ ਮੌਕੇ ਕਈ ਪਿੰਡਾਂ ਦੇ ਕਿਸਾਨਾਂ ਨੇ ਐੱਸ ਡੀ ਐੱਮ ਦਿਵਿਆ ਪੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਪਰਾਲੀ ਨੂੰ ਅੱਗ ਨਹੀਂ ਲਾਉਣਗੇ। ਇਸ ਮੌਕੇ ਉਨ੍ਹਾਂ ਨਾਲ ਸੁਪਰਡੈਂਟ ਕੇਵਲ ਕ੍ਰਿਸ਼ਨ ਤੇ ਹੋਰ ਵੀ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਸ਼ਹਿਰ ਦੇ ਵਿਕਾਸ ਦੇ ਕੰਮਾਂ 'ਤੇ ਲਗਾਈਆਂ ਰੋਕਾਂ ਦਾ ਜ਼ੁੰਮੇਵਾਰ ਰਾਣਾ : ਮਾਲਵਾ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਦੇ ਕੌਂਸਲਰਾਂ ਦੀ ਆਪਸੀ ਧੜੇਬੰਦੀ ਨੂੰ ਲੈ ਕੇ ਸ਼ਹਿਰ ਰੰਗ ਬਿਰੰਗੇ ਲਿਫਾਫਿਆਂ ਦੇ ਢੇਰ ਵਿੱਚ ਗਰਕਦਾ ਨਜ਼ਰ ਆ ਰਿਹਾ ਹੈ। ਜਿਸ ਨੂੰ ਲੈ ਕੇ ਦੋਨਾਂ ਧੜਿਆਂ ਦੇ ਕੌਂਸਲਰ ਇੱਕ ਦੂਜੇ 'ਤੇ ਇਲਜ਼ਾਮਾਂ ਦਾ ਮੀਂਹ ਵਰ੍ਹਾ ਰਹੇ ਹਨ। ਜਗਰਾਉਂ ਸ਼ਹਿਰ ਦੇ ਰੁਕੇ ਹੋਏ ਵਿਕਾਸ ਨੂੰ ਲੈ ਕੇ ਅੱਜ ਬਹੁ ਗਿਣਤੀ ਕੌਂਸਲਰਾਂ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਉਨ੍ਹਾਂ ਵੱਲੋਂ ਨਗਰ ਕੌਂਸਲ ਪ੍ਰਧਾਨ ਨੂੰ ਲੰਮੇ ਹੱਥੀਂ ਲਿਆ।ਪ੍ਰੈਸ ਕਾਨਫਰਸ ਨੂੰ ਸੰਬੋਧਨ ਕਰਦੇ ਹੋਏ ਅਮਰਜੀਤ ਸਿੰਘ ਮਾਲਵਾ ਨੇ ਕਿਹਾ ਕਿ ਪ੍ਰਧਾਨ ਵੱਲੋਂ ਜਗਰਾਉਂ ਵਾਸੀਆਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਜਗਰਾਉਂ ਦੇ ਵਿਕਾਸ ਕਾਰਜਾਂ ਵਿੱਚ ਪ੍ਰਧਾਨ ਅਤੇ ਉਸ ਦੇ ਕੌਂਸਲਰਾਂ ਵੱਲੋਂ ਅਦਾਲਤ ਵਿੱਚ ਰਿੱਟ ਪਾ ਕੇ ਰੋਕ ਲਗਾਈ ਹੋਈ ਹੈ ਨਾ ਕਿ ਸਾਡੇ ਵੱਲੋਂ ਕੋਈ ਰੋਕ ਲਗਾਈ ਗਈ । ਮਾਲਵਾ ਨੇ ਕਿਹਾ ਕਿ ਜਗਰਾਉਂ ਤੋਂ ਵਿਧਾਇਕ ਸਰਬਜੀਤ ਕੌਰ ਮਾਣੂਕੇ ਨੇ ਜਗਰਾਉਂ ਦਾ ਵਿਕਾਸ ਕਰਵਾਉਣ ਲਈ ਦੋਨਾਂ ਧੜਿਆਂ ਦੀ ਇੱਕ ਮੀਟਿੰਗ ਰਖਵਾਈ ਸੀ, ਜਿਸ ਵਿੱਚ ਦੋਨਾਂ ਵੱਲੋਂ ਚਾਰ-ਚਾਰ ਕੌਂਸਲਰਾਂ ਨੇ ਆਪਸੀ ਸਹਿਮਤੀ ਨਾਲ ਵਿਕਾਸ ਕਾਰਜਾਂ ਨੂੰ ਸਿਰੇ ਲਵਾਉਣ ਲਈ ਗੱਲਬਾਤ ਕਰਨੀ ਸੀ। ਜਿਸ ਮੀਟਿੰਗ ਵਿੱਚ ਪ੍ਰਧਾਨ ਗਰੁੱਪ ਦੇ ਚਾਰ ਮੈਂਬਰਾਂ ਦੀ ਜਗ੍ਹਾ ਨੌਂ ਮੈਂਬਰ ਪਹੁੰਚੇ ਤਾਂ ਉਹ ਮੀਟਿੰਗ ਸਿਰੇ ਨਾ ਚੜ੍ਹ ਸਕੀ। ਮਾਲਵਾ ਨੇ ਕਿਹਾ ਵਿਕਾਸ ਦੇ ਕੰਮਾਂ ਚੋਂ ਰਾਣਾ ਖੁਦ ਰੋੜਾ ਲਾ ਦਿੰਦੇ ਹਨ। ਲੋਕਾਂ ਨੂੰ ਐਵੇਂ ਵੱਡੇ ਵੱਡੇ ਬੋਰਡ ਲਾ ਕੇ ਸਿਰਫ ਡਰਾਮਾ ਕਰ ਰਹੇ ਹਨ। ਮਾਲਵੇ ਨੇ ਕਿਹਾ ਕਿ ਪ੍ਰਧਾਨ ਰਾਣਾ ਨੇ ਮੰਡੀ ਵਿਖੇ ਇੱਕ ਸਰਕਾਰੀ ਜਗ੍ਹਾ 'ਤੇ ਕੋਲ ਬੈਠ ਕੇ ਦੁਕਾਨ ਦੀ ਨਜਾਇਜ਼ ਉਸਾਰੀ ਕਰਵਾਈ ਸੀ, ਜਿਸ ਦੀ ਸ਼ਿਕਾਇਤ ਵਿਭਾਗ ਨੂੰ ਦਿੱਤੀ ਹੋਈ ਹੈ। ਮਾਲਵਾ ਨੇ ਕਿਹਾ ਕਿ ਜੇਕਰ ਇਹ ਇੰਨੇ ਇਮਾਨਦਾਰ ਹਨ ਤਾਂ ਇਨ੍ਹਾਂ ਦੀ ਇਮਾਨਦਾਰੀ ਉਦੋਂ ਕਿੱਥੇ ਸੀ ਜਦੋਂ ਰਾਏਕੋਟ ਰੋਡ 'ਤੇ ਸਟੀਲ ਮੌਲਡਿੰਗ ਇੰਟਰਲਾਕ ਟਾਈਲ ਲੱਗਣੀ ਸੀ, ਜਿਸ ਦੀ ਜਗ੍ਹਾ ਰਬੜ ਮੋਲਡਿੰਗ ਟਾਈਲ ਲਗਾਈ ਜਾ ਰਹੀ ਸੀ, ਜਿਸ ਨੂੰ ਸਾਡੇ ਚਾਰ ਕੌਂਸਲਰਾਂ ਨੇ ਧਰਨਾ ਦੇ ਕੇ ਲੱਗੀਆਂ ਹੋਈਆਂ ਪਲਾਸਟਿਕ ਮੌਲਡਿੰਗ ਟਾਈਲਾਂ ਪੁਟਵਾ ਕੇ ਸਟੀਲ ਮੌਲਡਿੰਗ ਟਾਈਲਾਂ ਲਗਵਾਈਆਂ ਸਨ। ਜਦ ਕਿ ਕਈ ਸਾਲ ਬੀਤ ਜਾਣ ਤੋਂ ਬਾਅਦ ਵੀ ਉਹ ਸੜਕ ਦਾ ਕੰਮ ਹਾਲੇ ਅਧੂਰਾ ਹੈ। ਇਸ ਮੌਕੇ ਕੌਂਸਲਰ ਕਮਰਪਾਲ ਅਤੇ ਸਬਰਵਾਲ ਨੇ ਕਿਹਾ ਕਿ ਉਹ ਸਾਡੇ 'ਤੇ ਬੇਈਮਾਨੀ ਕਰਨ ਅਤੇ ਕਮਿਸ਼ਨ ਲੈਣ ਦਾ ਇਲਜ਼ਾਮ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਬੇਈਮਾਨੀ ਨੂੰ ਸਾਬਤ ਕਰਨ। ਉਨ੍ਹਾਂ ਕਿਹਾ ਕਿ ਇਹ ਆਪਣੇ ਆਪ 'ਚ ਝਾਤ ਮਾਰਨ ਕਿ ਇਨ੍ਹਾਂ ਨੇ ਕਿੱਥੇ ਕਿੱਥੇ ਕਬਜ਼ੇ ਕਰਾਏ ਹਨ। ਕੌਂਸਲਰ ਸਤੀਸ਼ ਕੁਮਾਰ ਪੱਪੂ ਅਤੇ ਕੌਂਸਲਰ ਜੱਗੀ ਨੇ ਕਿਹਾ ਕਿ ਪ੍ਰਧਾਨ ਰਾਣਾ ਨੇ ਜੋ ਪਹਿਲਾਂ ਸੜਕਾਂ ਬਣ ਚੁੱਕੀਆਂ ਸਨ, ਉਨ੍ਹਾਂ ਦੇ ਹੀ ਟੈਂਡਰ ਦੁਬਾਰਾ ਪਾ ਦਿੱਤੇ ਗਏ ਤਾਂ ਜੋ ਕੁਰੱਪਸ਼ਨ ਕੀਤੀ ਜਾ ਸਕੇ। ਮਾਲਵਾ ਨੇ ਕਿਹਾ ਕਿ ਇਹ ਜੱਗ ਜ਼ਾਹਰ ਹੈ ਕਿ ਰਾਣਾ ਨੇ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਪਹਿਲਾਂ ਤਾਂ ਮੀਟਿੰਗ ਹਾਲ ਵਿੱਚ ਜਾਣ ਤੋਂ ਰੋਕ ਲਗਾ ਦਿੱਤੀ ਅਤੇ ਬਾਅਦ ਵਿੱਚ ਪ੍ਰਧਾਨ ਰਾਣਾ ਨੇ ਈ ਓ ਦੇ ਦਫਤਰ ਵਿੱਚ ਮੀਡੀਆ ਕਰਮੀ ਨਾਲ ਹੱਥੋਪਾਈ ਕੀਤੀ, ਧਮਕੀਆਂ ਦਿੱਤੀਆਂ ਅਤੇ ਉਸ ਦਾ ਕੈਮਰਾ ਮੋਬਾਈਲ ਖੋਹਣ ਦੀ ਵੀ ਕੋਸ਼ਿਸ਼ ਕੀਤੀ, ਜਿਸ ਦੀ ਸ਼ਿਕਾਇਤ ਪ੍ਰੈਸ ਕਲੱਬ ਰਜਿ: ਜਗਰਾਉਂ ਦੇ ਪ੍ਰਧਾਨ ਵੱਲੋਂ ਸੀਨੀਅਰ ਪੁਲਸ ਕਪਤਾਨ ਨੂੰ ਦਿੱਤੀ ਗਈ ਹੈ। ਜਿਸ ਦੇ ਉਹ ਲਈ ਇਨਸਾਫ ਦੀ ਲੜਾਈ ਲੜ ਕੇ ਪ੍ਰਧਾਨ ਰਾਣਾ ਖਿਲਾਫ ਬਣਦੀ ਕਾਰਵਾਈ ਕਰਵਾ ਕੇ ਹਰ ਹੀਲੇ ਇਨਸਾਫ ਲੈਣਗੇ।

## ਡਾ. ਜਸਵਿੰਦਰ ਸਿੰਘ ਬਰਾੜ ਨੇ ਡਾਇਰੈਕਟਰ ਕਾਂਸਟੀਚਿਊਟ ਕਾਲਜ ਵਜੋਂ ਸੰਭਾਲਿਆ ਅਹੁਦਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਜਸਵਿੰਦਰ ਸਿੰਘ ਬਰਾੜ ਨੇ ਡਾਇਰੈਕਟਰ ਕਾਂਸਟੀਚਿਊਟ ਕਾਲਜ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਅਰਥ ਸ਼ਾਸਤਰ ਵਿਭਾਗ ਤੋਂ ਪ੍ਰੋਫ਼ੈਸਰ ਬਰਾੜ ਪਹਿਲਾਂ ਯੂਨੀਵਰਸਿਟੀ ਦੇ ਡਾਇਰੈਕਟਰ, ਯੋਜਨਾ ਅਤੇ ਨਿਰੀਖਣ ਵਜੋਂ ਵੀ ਕਾਰਜਸ਼ੀਲ ਹਨ।ਤਾਜ਼ਾ ਆਦੇਸ਼ਾਂ ਅਨੁਸਾਰ ਉਹ ਹੁਣ ਡਾਇਰੈਕਟਰ ਕਾਂਸਟੀਚਿਊਟ ਕਾਲਜ ਵਜੋਂ ਵੀ ਕੰਮ ਵੇਖਣਗੇ।ਉਨ੍ਹਾਂ ਦੇ ਅਹੁਦਾ ਸੰਭਾਲਣ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਡਾ. ਸੰਜੀਵ ਪੁਰੀ, ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਸੈਣੀ, ਡੀਨ ਖੋਜ ਪ੍ਰੋ. ਅਸ਼ੋਕ ਤਿਵਾੜੀ, ਵਿੱਤ ਅਫਸਰ ਡਾ. ਪ੍ਰਮੋਦ ਅਗਰਵਾਲ ਅਤੇ ਹੋਰ ਅਧਿਕਾਰੀ ਅਤੇ ਫ਼ੈਕਲਟੀ ਮੈਂਬਰ ਹਾਜ਼ਰ ਰਹੇ।ਕੁਝ ਦਿਨ ਪਹਿਲਾਂ ਡਾ. ਅਮਰਦੀਪ ਸਿੰਘ ਦੇ ਅਚਾਨਕ ਹੋਏ ਦੇਹਾਂਤ ਉਪਰੰਤ ਡਾਇਰੈਕਟਰ ਕਾਂਸਟੀਚਿਊਟ ਕਾਲਜ ਦਾ ਇਹ ਅਹੁਦਾ ਖਾਲੀ ਸੀ।

## ਸੀ ਐੱਚ ਸੀ ਵਿਖੇ ਐਂਟੀਬਾਇਓਟਿਕ ਦਿਵਸ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਡਾਕਟਰ ਰਜੇਸ਼ ਕੁਮਾਰ ਅੱਤਰੀ ਸਿਵਲ ਸਰਜਨ ਮੋਗਾ ਦੀ ਯੋਗ ਅਗਵਾਈ ਹੇਠ ਡਾਕਟਰ ਰਿਦੂਦਮਨ ਕੌਰ ਸੀਨੀਅਰ ਮੈਡੀਕਲ ਅਫਸਰ ਸੀ ਐੱਚ ਸੀ ਕੋਟ ਈਸੇ ਖਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸੀ ਐੱਚ ਸੀ ਕੋਟ ਈਸੇ ਖਾਂ ਵਿਖੇ ਐਂਟੀਬਾਇਟਿਕ ਡੇ ਮਨਾਇਆ ਗਿਆ। ਇਸ ਵਿੱਚ ਮੈਡੀਕਲ ਅਫਸਰ ਡਾਕਟਰ ਸਿਮਰਨਜੀਤ ਸਿੰਘ ਧਾਲੀਵਾਲ ਦੁਆਰਾ ਵਿਸ਼ੇਸ਼ ਤੌਰ 'ਤੇ ਮਰੀਜ਼ਾਂ ਨੂੰ ਐਂਟੀਬਾਇਟਿਕ ਲੈਣ ਦੇ ਤਰੀਕਿਆਂ ਬਾਰੇ ਸਮਝਾਇਆ ਤੇ ਉਨ੍ਹਾਂ ਦੱਸਿਆ ਕਿ ਬਿਨਾਂ ਕਿਸੇ ਡਾਕਟਰ ਦੀ ਪਰਚੀ ਤੋਂ ਐਂਟੀਬਾਇਟਿਕ ਖਾਣਾ ਬਹੁਤ ਹੀ ਹਾਨੀਕਾਰਕ ਹੈ। ਉਨ੍ਹਾਂ ਐਂਟੀਬਾਇਟਿਕ ਖਾਣ ਦੇ ਨਾਲ ਨਾਲ ਵੱਧ ਤੋਂ ਵੱਧ ਪਾਣੀ ਪੀਣਾ ਅਤੇ ਹੋਰ ਸਾਵਧਾਨੀਆਂ ਵਰਤਣ ਬਾਰੇ ਮਰੀਜ਼ਾਂ ਨੂੰ ਦੱਸਿਆ। ਇਸ ਤੋਂ ਇਲਾਵਾ ਡੈਂਟਲ ਡਾਕਟਰ ਸਮਰਪ੍ਰੀਤ ਕੌਰ ਸੋਢੀ ਨੇ ਵੀ ਆਏ ਹੋਏ ਮਰੀਜ਼ਾਂ ਨੂੰ ਐਂਟੀਬਾਇਟਿਕ ਖਾਣ ਸਮੇਂ ਸਾਵਧਾਨੀਆਂ ਬਾਰੇ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ। ਆਏ ਹੋਏ ਮਰੀਜ਼ਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਬਲਾਕ ਐਜੂਕੇਸ਼ਨ ਜਤਿੰਦਰ ਸੂਦ ਨੇ ਲੋਕਾਂ ਦਾ ਧੰਨਵਾਦ ਕੀਤਾ। ਇਸ ਸਮੇਂ ਉਨ੍ਹਾ ਨਾਲ ਮਲਟੀਪਰਪਜ਼ ਹੈਲਥ ਵਰਕਰ ਮੇਲ ਜਗਮੀਤ ਸਿੰਘ ਤੇ ਸੀਨੀਅਰ ਲੈਬੋਰੇਟਰੀ ਟੈਕਨੀਸ਼ੀਅਨ ਕ੍ਰਿਪਾਲ ਸਿੰਘ, ਬਲਹਾਰ ਸਿੰਘ, ਅਨਮੋਲ ਭੱਟੀ ਆਦਿ ਸਿਹਤ ਕਰਮੀ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਕੀਤਾ ਜਾਗਰੂਕ

**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ ਸਵੇਰ ਦੀ ਸਭਾ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਕੀਤਾ ਗਿਆ, ਜਿਸ ਸਬੰਧੀ ਪੀ ਟੀ ਮਾਸਟਰ ਲਖਵਿੰਦਰ ਸਿੰਘ ਵੱਲੋਂ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬੱਚਿਆਂ ਨੂੰ ਸੰਬੋਧਤ ਕਰਦੇ ਹੋਏ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਗੱਲ ਕੀਤੀ ਗਈ।

ਉਨ੍ਹਾ ਦੱਸਿਆ ਕਿ ਨਸ਼ੇ ਕਿੰਨੇ ਪ੍ਰਕਾਰ ਦੇ ਹੁੰਦੇ ਹਨ ਅਤੇ ਇਨ੍ਹਾਂ ਨਸ਼ਿਆਂ ਤੋਂ ਦੂਰ ਕਿਵੇਂ ਰਿਹਾ ਜਾ ਸਕਦਾ ਹੈ। ਇਸ ਦੇ ਨਾਲ ਹੀ 9ਵੀਂ ਤੋਂ 12ਵੀਂ ਤੱਕ ਦੀਆਂ ਜਮਾਤਾਂ ਦਾ ਲੇਖ ਮੁਕਾਬਲਾ ਵੀ ਕਰਵਾਇਆ ਗਿਆ। ਬੱਚਿਆਂ ਨੇ ਇਸ ਅਭਿਆਨ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਇਸ ਦੇ ਨਾਲ ਹੀ ਇਹ ਪ੍ਰਣ ਲਿਆ ਕਿ ਉਹ ਪੜ੍ਹਾਈ ਪ੍ਰਤੀ ਜਾਗਰੂਕ ਹੋਣਗੇ ਅਤੇ ਆਪਣੇ ਆਲੇ ਦੁਆਲੇ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦੇਣਗੇ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਰਾਣੀ ਨੇ ਦੱਸਿਆ ਕਿ ਲਖਵਿੰਦਰ ਸਿੰਘ ਦੁਆਰਾ ਚੁੱਕਿਆ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਬੱਚਿਆਂ ਦਾ ਜੋਸ਼ ਵੀ ਕਾਬਲੇ ਤਾਰੀਫ ਸੀ। ਸਮੂਹ ਸਟਾਫ ਵੱਲੋਂ ਵੀ ਸਵੇਰ ਦੀ ਸਭਾ ਵਿੱਚ ਨਸ਼ਿਆਂ ਦਾ ਵਿਰੋਧ ਕਰਨ ਲਈ ਪ੍ਰਣ ਲਿਆ ਗਿਆ।



# ਟਰਾਈ ਲੈਣ ਦੇ ਬਹਾਨੇ ਲੁਟੇਰੇ ਜੀਪ ਲੈ ਕੇ ਹੋਏ ਰਫ਼ੂ-ਚੱਕਰ

**ਨਾਭਾ (ਵਰਿੰਦਰ ਵਰਮਾ)**-ਆਧੁਨਿਕ ਯੁੱਗ ਵਿੱਚ ਹਰ ਚੀਜ਼ ਹੁਣ ਆਨਲਾਈਨ ਉਪਲਬਧ ਹੈ।ਜਿੱਥੇ ਆਨਲਾਈਨ ਦੇ ਫਾਇਦੇ ਵੀ ਹਨ, ਉਥੇ ਨੁਕਸਾਨ ਵੀ ਲਗਾਤਾਰ ਸਾਹਮਣੇ ਆ ਰਹੇ ਹਨ। ਇਸ ਦਾ ਤਾਜ਼ਾ ਮਾਮਲਾ ਸਾਹਮਣੇ ਆਇਆ ਨਾਭਾ ਵਿਖੇ, ਜਿੱਥੇ ਫਾਰਮਾਸਿਸਟ ਚਿਰਾਗ ਛਾਬੜਾ ਆਪਣੀ ਜੀਪ ਵੇਚਣਾ ਚਾਹੁੰਦਾ ਸੀ ਅਤੇ ਏਜੰਟ ਨੇ ਚਿਰਾਗ ਛਾਬੜਾ ਦੀ ਜੀਪ ਓਲੈਕਸ 'ਤੇ ਪਾ ਦਿੱਤੀ, ਜੀਪ ਦੇ ਗਾਹਕ ਬਣ ਕੇ ਕਰੀਬ ਛੇ ਨੌਜਵਾਨ ਆਏ ਤੇ ਉਨ੍ਹਾਂ ਕੋਲੇ ਇੱਕ ਬੁਲਟ ਮੋਟਰਸਾਈਕਲ ਵੀ ਸੀ ਅਤੇ ਉਨ੍ਹਾਂ ਨੇ ਬੁਲਟ ਮੋਟਰਸਾਈਕਲ ਘਰ ਖੜ੍ਹਾ ਦਿੱਤਾ ਅਤੇ ਕਿਹਾ ਕਿ ਤੁਸੀਂ ਜੀਪ ਦੀ ਟੈਸਟ ਡਰਾਈਵ ਦਿਵਾਓ, ਕਿਉਂਕਿ ਸਾਨੂੰ ਜੀਪ ਪਸੰਦ ਹੈ ਅਤੇ ਅਸੀਂ ਤੁਹਾਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਵੀ ਨਗਦ ਦੇ ਦੇਵਾਂਗੇ ਅਤੇ ਬਾਕੀ ਪੈਸੇ ਅਸੀਂ ਬਾਅਦ ਵਿੱਚ ਦੇ ਕੇ ਜੀਪ ਲੈ ਜਾਵਾਂਗੇ।ਜਦੋਂ ਚਿਰਾਗ ਛਾਬੜਾ ਤੋਂ ਜੀਪ ਲੈ ਕੇ ਟੈਸਟ ਡਰਾਈਵ ਲਈ ਕੁਝ ਦੂਰੀ 'ਤੇ ਗਿਆ ਤਾਂ ਗੱਡੀ ਵਿੱਚ ਬੈਠੇ ਤਿੰਨ ਨੌਜਵਾਨ, ਜਿਨ੍ਹਾਂ ਦੀ ਉਮਰ 20 ਤੋਂ ਲੈ ਕੇ 22 ਸਾਲ ਸੀ ਉਨ੍ਹਾਂ ਕਿਹਾ ਕਿ ਤੁਸੀਂ ਅੱਗੇ ਗੱਡੀ ਲੈ ਜਾਵੋ, ਅਸੀਂ ਮੱਥਾ ਟੇਕਣਾ ਹੈ ਅਤੇ ਕਰੀਬ ਸ਼ਹਿਰ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਲੈ ਗਏ ਅਤੇ ਸੁੰਨਸਾਨ ਜਗ੍ਹਾ ਵੇਖ ਕੇ ਉਨ੍ਹਾਂ ਵੱਲੋਂ ਚਿਰਾਗ ਛਾਬੜਾ ਦੇ ਸਿਰ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਅਤੇ ਉਸ ਦਾ ਮੋਬਾਇਲ ਤੇ ਜੀਪ ਲੈ ਕੇ ਫਰਾਰ ਹੋ ਗਏ।ਪੀੜਤ ਚਿਰਾਗ ਛਾਬੜਾ ਨੇ ਦੱਸਿਆ ਕਿ ਉਹ ਲਿਫਟ ਲੈ ਕੇ ਘਰ ਪਹੁੰਚਿਆ ਤਾਂ ਉਨ੍ਹਾਂ ਲੁਟੇਰਿਆਂ ਦਾ ਮੋਟਰਸਾਈਕਲ ਵੀ ਘਰ ਦੇ ਬਾਹਰ ਨਹੀਂ ਸੀ ਅਤੇ ਉਹ ਸਾਰੇ ਹੀ ਨੌਜਵਾਨ ਇਸ ਘਟਨਾ ਤੋਂ ਬਾਅਦ ਰਫੂ ਚੱਕਰ ਹੋ ਗਏ। ਇਸ ਮਾਮਲੇ ਸੰਬੰਧੀ ਥਾਣਾ ਕੋਤਵਾਲੀ ਮੁਖੀ ਜਸਵਿੰਦਰ ਸਿੰਘ ਖੋਖਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀਆਂ ਤਸਵੀਰਾਂ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈਆਂ ਹਨ।ਅਸੀਂ ਇਸ ਸਬੰਧੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ ਅਤੇ ਬਹੁਤ ਜਲਦੀ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇਗਾ।

# ਸੜਕ 'ਤੇ ਰਾਤ ਨੂੰ ਪਾਈ ਲੁੱਕ-ਬਜਰੀ ਸਵੇਰੇ ਇਕੱਠੀ ਕਰਨੀ ਪਵੇ !

### ਭਗਵੰਤ ਮਾਨ ਜੀ, ਏਨੀ ਇਮਾਨਦਾਰੀ ਵੀ ਚੰਗੀ ਨਹੀਂ : ਕਾਲੀ ਪਾਇਲ



**ਦੋਰਾਹਾ (ਹਰਮਿੰਦਰ ਸੇਠ)**-ਆਮ ਆਦਮੀ ਪਾਰਟੀ ਨੇ ਲੁੱਟ-ਖਸੁੱਟ ਤੇ ਭ੍ਰਿਸ਼ਟਾਚਾਰ ਦੇ ਹੱਦਾਂ-ਬੰਨੇ ਅਕਾਲੀ ਕਾਂਗਰਸ ਨਾਲੋਂ ਵੀ ਪਾਰ ਕਰ ਦਿੱਤੀਆਂ, ਜਿੱਥੇ ਇਨ੍ਹਾਂ ਨੇ ਉੱਚੀ-ਉੱਚੀ ਕੂਕ-ਕੂਕ ਕੇ ਲੋਕਾਂ ਨੂੰ ਬੇਵਕੂਫ ਬਣਾਇਆ ਸੀ, 'ਨਾ ਖਾਏਂਗੇ ਨਾ ਖਾਨੇ ਦੇਂਗੇ', ਪ੍ਰੰਤੂ ਇਹ ਕਿਸੇ ਨੂੰ ਖਾਣ ਤਾਂ ਨਹੀਂ ਦਿੰਦੇ, ਆਪ ਕੁਝ ਛੱਡਦੇ ਵੀ ਨਹੀਂ, ਜਿਸ ਦੀ ਵੱਡੀ ਉਦਾਹਰਣ ਪਿੰਡ ਘੁਡਾਣੀ ਖੁਰਦ ਦੀ ਹੈ, ਜਿੱਥੇ ਇਕ ਸੜਕ ਲੰਬੇ ਸਮੇਂ ਤੋਂ ਅੱਧ ਅਧੂਰੀ ਲਟਕੀ ਪਈ ਹੈ, ਜਿਸ ਉੱਪਰ ਕੱਲ੍ਹ ਰਾਤ ਮਿਕਸਚਰ ਪਾਇਆ ਗਿਆ ਤੇ ਸਵੇਰ ਚੜ੍ਹਦੀ ਸਾਰ ਹੀ ਲੋਕਾਂ ਨੇ ਪ੍ਰੀਮਿਕਸ ਨੂੰ ਇਕੱਠਾ ਕਰਕੇ ਸੜਕ ਤੋਂ ਸਾਈਡ ਲਗਾ ਦਿੱਤਾ, ਇਸ ਤੋਂ ਸਪੱਸ਼ਟ ਹੈ ਕਿ ਜੋ ਮਟੀਰੀਅਲ ਪਾਇਆ ਗਿਆ, ਉਹ ਬਹੁਤ ਹੀ ਘਟੀਆ ਸੀ ਜੋ ਕਿ ਇੱਕ ਰਾਤ ਵੀ ਨਹੀਂ ਕੱਟ ਸਕਿਆ। ਸੋ ਅਸੀਂ ਭਗਵੰਤ ਮਾਨ ਸਰਕਾਰ ਨੂੰ ਕਹਿਣਾ ਚਾਹੁੰਦੇ ਹਾਂ ਕਿ ਭਗਵੰਤ ਮਾਨ ਸਾਹਿਬ ਇੰਨੀ ਵੀ ਇਮਾਨਦਾਰੀ ਚੰਗੀ ਨਹੀਂ ਕਿ ਲੋਕ ਵਿਕਾਸ ਦੇ ਨਾਂ 'ਤੇ ਪਾਗਲ ਹੋ ਜਾਣ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਆਗੂ ਗੁਰਦੀਪ ਸਿੰਘ ਕਾਲੀ ਨੇ ਪਿੰਡ ਘੁਡਾਣੀ ਵਿੱਚ ਨਵੀਂ ਬਣੀ ਹੋਈ ਸੜਕ 'ਤੇ ਪਏ ਮਟੀਰੀਅਲ ਨੂੰ ਦੇਖਣ ਤੋਂ ਬਾਅਦ ਕਹੇ। ਉਨ੍ਹਾਂ ਕਿਹਾ ਕਿ ਇਹ ਵਿਧਾਨ ਸਭਾ ਹਲਕਾ ਪਾਇਲ ਦੀ ਤਰਾਸਦੀ ਹੈ ਕਿ ਇੱਥੇ ਅਜੇ ਤੱਕ ਕੋਈ ਵੀ ਇਮਾਨਦਾਰ ਸਰਕਾਰ ਦਾ, ਇਮਾਨਦਾਰ ਵਿਧਾਇਕ ਨਹੀਂ ਆਇਆ, ਜੋ ਵੀ ਵਿਧਾਇਕ ਬਣਿਆ ਹੈ, ਉਸ ਨੇ ਸਿਰਫ ਤੇ ਸਿਰਫ ਆਪਣਾ ਢਿੱਡ ਭਰਨ ਤੱਕ ਹੀ ਮਤਲਬ ਰੱਖਿਆ ਹੈ। ਜਦ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਇਥੇ ਇਕ ਗੱਲ ਤਾਂ ਬਿਲਕੁੱਲ ਸਪੱਸ਼ਟ ਹੋ ਚੁੱਕੀ ਹੈ, ਜਿੰਨਾ ਮਰਜ਼ੀ ਘਟੀਆ ਮਟੀਰੀਅਲ ਨਾਲ ਸੜਕਾਂ, ਗਲੀਆਂ ਜਾਂ ਹੋਰ ਵਿਕਾਸ ਕੰਮਾਂ 'ਤੇ ਲਗਾ ਲਵੋ, ਇਹ ਉਸ ਦੀ ਜਾਂਚ ਹੀ ਨਹੀਂ ਹੋਣ ਦੇਣਗੇ। ਪਹਿਲੀਆਂ ਸਰਕਾਰਾਂ ਵਿੱਚ ਥੋੜ੍ਹੀ ਬਹੁਤੀ ਜਾਂਚ ਹੁੰਦੀ ਸੀ ਤੇ ਠੇਕੇਦਾਰਾਂ ਉੱਪਰ ਡਰ ਬਣਿਆ ਰਹਿੰਦਾ ਸੀ, ਹੁਣ ਤਾਂ ਠੇਕੇਦਾਰ ਭ੍ਰਿਸ਼ਟ ਅਫਸਰਸ਼ਾਹੀ ਤੇ ਰਾਜਨੀਤਕ ਲੋਕਾਂ ਨੂੰ ਆਪਣੀਆਂ ਉਂਗਲੀਆਂ 'ਤੇ ਨਚਾ ਕੇ ਆਪਣੇ ਮਨ ਮਰਜ਼ੀ ਦਾ ਕੰਮ ਕਰ ਰਹੇ ਹਨ। ਉਹ ਕਿਸੇ ਤਰ੍ਹਾਂ ਦਾ ਵੀ ਮੈਟੀਰੀਅਲ ਪਾਉਣ ਨਾ ਪਾਉਣ, ਉਨ੍ਹਾਂ ਦੀ ਮਰਜ਼ੀ ਉੱਤੇ ਹੈ। ਸਿਰਫ ਵਿਕਾਸ ਦਾ ਨਾਂ ਦੇ ਕੇ ਪਾਇਲ ਹਲਕੇ ਦੇ ਨਾਲ ਮੌਜੂਦਾ ਆਮ ਆਦਮੀ ਪਾਰਟੀ ਧਰੋ ਕਮਾ ਰਹੀ ਹੈ। ਸਾਬਕਾ ਵਿਧਾਇਕ ਲਖਬੀਰ ਸਿੰਘ ਲੱਖਾ ਦਾ ਭ੍ਰਿਸ਼ਟਾਚਾਰ ਤੇ ਅਜਿਹੇ ਮੁੱਦਿਆਂ ਉੱਤੇ ਨਾ ਬੋਲਣਾ ਸਪੱਸ਼ਟ ਕਰਦਾ ਹੈ ਕਿ ਇਨ੍ਹਾਂ ਦੀ ਝਾੜੂ ਪਾਰਟੀ ਤੇ ਭ੍ਰਿਸ਼ਟਾਚਾਰੀਆਂ ਨਾਲ ਪੂਰੀ ਸਾਂਠ-ਗਾਂਠ ਹੋ ਚੁੱਕੀ ਹੈ, ਜੋ ਮਰਜ਼ੀ ਲੁੱਟੀ ਜਾਵੇ, ਇਹ ਮੂੰਹ ਨਹੀਂ ਖੋਲ੍ਹਣਗੇ।

# ਨਗਰ ਕੌਂਸਲ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ 'ਆਪ' ਹੋਈ ਸਰਗਰਮ

### 'ਆਪ' ਸਰਕਾਰ ਵੱਲੋਂ ਕੀਤੇ ਸਰਬਪੱਖੀ ਵਿਕਾਸ ਦੇ ਮੁੱਦੇ 'ਤੇ ਚੋਣਾਂ ਲੜਨ ਦਾ ਐਲਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਬੀਤੀ ਰਾਤ ਨਗਰ ਕੌਂਸਲ, ਨਗਰ ਪੰਚਾਇਤ ਤੇ ਨਗਰ ਨਿਗਮ ਦੀਆਂ ਚੋਣਾਂ ਦੇ ਦਸੰਬਰ ਮਹੀਨੇ ਵਿੱਚ ਹੋਣ ਦੇ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੇ ਬਾਅਦ ਹਲਕਾ ਬਾਘਾ ਪੁਰਾਣਾ ਦੀ ਆਮ ਆਦਮੀ ਪਾਰਟੀ ਦੀ ਸ਼ਹਿਰੀ ਟੀਮ ਨੇ ਪੱਬਾਂ ਭਾਰ ਹੁੰਦਿਆਂ ਤੁਰੰਤ ਸ਼ਹਿਰ ਦੇ ਮੋਹਰੀ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਟੀਮ ਦੀ ਮੀਟਿੰਗ ਬੁਲਾਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਰਣਜੀਤ ਸਿੰਘ ਟੀਟੂ, ਧਰਮਿੰਦਰ ਰੱਖਰਾ, ਸੀਰਾ ਬਰਾੜ ਡੇਅਰੀ ਵਾਲਾ, ਮੁਖਤਿਆਰ ਸਿੰਘ, ਜਗਜੀਤ ਸਿੰਘ ਸੀਰਾ, ਗੱਗੂ ਪੂਨੀਆ, ਗਗਨਦੀਪ ਚੱਡਾ, ਇਕਬਾਲ ਬਰਾੜ, ਕੁਲਵੰਤ ਸਿੰਘ, ਕਮਲ, ਸੁਖਮੰਦਰ ਸਿੰਘ, ਡਾਕਟਰ ਪੰਮਾ, ਜਸਵੰਤ ਸਿੰਘ, ਮਾਟਾ ਚੀਮਾ ਦੇ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।ਇਸ ਮੌਕੇ ਪਾਰਟੀ ਆਗੂਆਂ ਨੇ ਨਗਰ ਕੌਂਸਲ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਰਹਿਨੁਮਾਈ ਹੇਠ ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਵਾਰਡਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਸਰਬਪੱਖੀ ਵਿਕਾਸ ਦੇ ਇਲਾਵਾ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਰਕਾਰੀ ਸਹੂਲਤਾਂ ਦੇ ਮੁੱਦੇ ਉਪਰ ਲੜੀਆਂ ਜਾਣਗੀਆਂ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਬਾਘਾ ਪੁਰਾਣਾ ਸ਼ਹਿਰ ਦੇ ਸਾਰੇ ਵਾਰਡਾਂ ਉਪਰ ਹਲਕਾ ਵਿਧਾਇਕ ਦੀ ਰਹਿਨੁਮਾਈ ਹੇਠ ਪਾਰਟੀ ਜਿੱਤ ਪ੍ਰਾਪਤ ਕਰੇਗੀ।ਇਸ ਮੌਕੇ ਪਾਰਟੀ ਦੇ ਮੋਹਰੀ ਉਕਤ ਆਗੂਆਂ ਨੇ ਵਾਰਡ ਦੇ ਮੋਹਰੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਦੇ ਮੁਹੱਲਿਆਂ ਤੇ ਵਾਰਡ ਦੇ ਮੋਹਤਬਰ ਵਿਅਕਤੀਆਂ ਨਾਲ ਰਾਬਤਾ ਕਾਇਮ ਕਰ ਕੇ ਉਨ੍ਹਾਂ ਦੀਆਂ ਦੁੱਖ ਤਕਲੀਫ਼ਾਂ ਸੁਣਨ ਦੇ ਨਾਲ ਨਾਲ, ਜੋ ਵੀ ਵਾਰਡਾਂ ਦੇ ਕੰਮ ਕਰਨ ਵਾਲੇ ਹਨ, ਉਹ ਵਿਧਾਇਕ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪੂਰਾ ਕੀਤਾ ਜਾ ਸਕੇ।ਇਸ ਮੌਕੇ ਉਨ੍ਹਾਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸੂਬਾ ਪ੍ਰਧਾਨ ਅਮਨ ਅਰੋੜਾ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਵੱਡੀ ਜਿੱਤ ਨੇ 2027 ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਮੁੱਢ ਬੰਨ੍ਹ ਦਿੱਤਾ ਹੈ, ਜਿਸ ਕਰ ਕੇ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ 'ਤੇ ਸਮੁੱਚੀ ਆਪ ਪਾਰਟੀ ਦੀ ਲੀਡਰਸ਼ਿਪ ਵਧਾਈ ਦੀ ਪਾਤਰ ਹੈ।

24-NOV-PAGE-5.qxd 11/23/2024 10:51 PM Page 1



# ਸੰਯੁਕਤ ਕਿਸਾਨ ਮੋਰਚਾ ਵੱਲੋਂ ਟ੍ਰੇਡ ਯੂਨੀਅਨਾਂ ਨਾਲ ਮਿਲ ਕੇ 26 ਨੂੰ ਮਨਾਈ ਜਾਵੇਗੀ ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ

## ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਕੀਤੇ ਜਾਣਗੇ 12 ਤੋਂ 3 ਵਜੇ ਤੱਕ ਰੋਸ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਟਰੇਡ ਯੂਨੀਅਨਾਂ ਵੱਲੋਂ 26 ਨਵੰਬਰ ਨੂੰ ਦੇਸ਼ ਵਿਆਪੀ ਸੱਦੇ ਤਹਿਤ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਦਿੱਤੇ ਜਾਣ ਵਾਲੇ ਧਰਨਿਆਂ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ।ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਬੀਕੇਯੂ (ਬੋਘ ਮਾਨਸਾ) ਦੇ ਗਿੱਦੜਬਾਹਾ ਬਲਾਕ ਦੇ ਪ੍ਰਧਾਨ ਸੁਖਮੰਦਰ ਸਿੰਘ ਹੁਸਨਰ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਵਰਣਨਯੋਗ ਹੈ ਕਿ ਇਤਿਹਾਸਕ ਕਿਸਾਨ ਅੰਦੋਲਨ, ਜਿਸ ਨੇ 750 ਕਿਸਾਨਾਂ ਦੀ ਸ਼ਹਾਦਤ ਤੇ ਬੇਤਹਾਸ਼ਾ ਸਰਕਾਰੀ ਦਮਨ ਝਲਦੇ ਹੋਏ ਮੋਦੀ ਸਰਕਾਰ ਨੂੰ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ, ਪ੍ਰੰਤੂ ਮੋਦੀ ਸਰਕਾਰ ਉਸ ਸਮੇਂ ਬਾਕੀ ਮੰਗਾਂ ਬਾਰੇ ਲਿਖਤੀ ਵਾਅਦਾ ਕਰਕੇ ਵੀ ਮੁੱਕਰ ਗਈ ਹੈ।ਇਨ੍ਹਾਂ ਮੰਗਾਂ ਨੂੰ ਮਨਵਾਉਣ ਲਈ ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ 'ਤੇ 26 ਨਵੰਬਰ ਨੂੰ ਇਹ ਧਰਨੇ ਦਿੱਤੇ ਜਾਣਗੇ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਸੂਬਾਈ ਬੁਲਾਰੇ ਜਗਰੂਪ ਸਿੰਘ ਖੁੰਨਣ ਕਲਾਂ, ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਜਥੇਦਾਰ ਨਿਰਮਲ ਸਿੰਘ ਸੰਗੂਧੌਣ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦੇਵਨ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ ਲੰਬੀ ਢਾਬ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਰਪ੍ਰਸਤ ਭਿੰਦਰ ਸਿੰਘ ਲੰਬੀ ਢਾਬ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਬੀਕੇਯੂ ਮਾਲਵਾ (ਹੀਰਕੇ) ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਗੋਨਿਆਣਾ, ਪੰਜਾਬ ਕਿਸਾਨ ਯੂਨੀਅਨ ਦੇ ਮੁੱਖ ਬੁਲਾਰੇ ਜਰਨੈਲ ਸਿੰਘ ਰੋੜਾਂਵਾਲਾ, ਬੀਕੇਯੂ ਮਾਲਵਾ ਤੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਨਵਾਂ ਭੁੱਲਰ, ਪੈਨਸ਼ਨਰ ਐਸੋਸੀਏਸ਼ਨ ਬਿਜਲੀ ਬੋਰਡ ਦੇ ਜ਼ਿਲ੍ਹਾ ਆਗੂ ਭਜਨ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਨੌਨਿਹਾਲ ਸਿੰਘ ਥਾਂਦੇਵਾਲਾ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਸਿੰਘ ਖੋਖਰ, ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਦੇ ਮੁੱਖ ਬੁਲਾਰੇ ਬਲਜੀਤ ਸਿੰਘ ਭੱਟੀ, ਸੀਟੂ ਦੇ ਸੂਬਾਈ ਆਗੂ ਤਰਸੇਮ ਲਾਲ ਚਾਵਲਾ, ਪਨਬਸ ਰੋਡਵੇਜ਼ ਵਰਕਰ ਯੂਨੀਅਨ ਦੇ ਸੂਬਾ ਸਰਪ੍ਰਸਤ ਕਮਲ ਕੁਮਾਰ, ਹੈਂਡੀਕੈਪਡ ਯੂਨੀਅਨ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ, ਪੰਜਾਬ ਰੋਡਵੇਜ਼ ਯੂਨੀਅਨ ਦੇ ਪ੍ਰਕਾਸ਼ ਸ਼ਰਮਾ, ਡੈਮੋਕ੍ਰੇਟ ਟੀਚਰ ਯੂਨੀਅਨ ਦੇ ਮਾਸਟਰ ਪਵਨ ਕੁਮਾਰ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਲਖਵੰਤ ਸਿੰਘ ਭੁੱਟੀਵਾਲਾ, ਕੁੱਲ ਹਿੰਦ ਕਿਸਾਨ ਸਭਾ ਪੁਨਾਵਾਲ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਧਰਮਪਾਲ ਸਿੰਘ ਝਬੇਲਵਾਲੀ ਨੇ ਕਿਹਾ ਕਿ ਇਸ ਮੌਕੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਉਠਾਇਆ ਜਾਵੇਗਾ।ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਦੇ ਮਾਮਲਿਆਂ 'ਤੇ ਕੀਤੇ ਜਾ ਰਹੇ ਜੁਰਮਾਨੇ ਅਤੇ ਰੈੱਡ ਐਂਟਰੀਆਂ ਦਾ ਫੈਸਲਾ ਪੰਜਾਬ ਸਰਕਾਰ ਫੌਰੀ ਤੌਰ 'ਤੇ ਵਾਪਸ ਲਵੇ।ਸੰਯੁਕਤ ਕਿਸਾਨ ਮੋਰਚਾ ਨੇ ਵੱਖ ਵੱਖ ਤਬਕਿਆਂ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੂੰ 26 ਨਵੰਬਰ ਦੇ ਧਰਨਿਆਂ ਦਾ ਸਮਰਥਨ ਕਰਦਿਆਂ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਸੀਵਰੇਜ ਦੇ ਪੱਕੇ ਹੱਲ ਲਈ ਭਰਾਤਰੀ ਜਥੇਬੰਦੀਆਂ ਵੱਲੋਂ ਧਰਨਾ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਸ਼ਹਿਰ ਦੇ ਕੁਝ ਕੌਂਸਲਰਾਂ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਸੇਵਾ ਸਿੰਘ ਠੀਕਰੀਵਾਲਾ ਚੌਕ 'ਚ ਲਗਾਏ ਧਰਨੇ ਦੇ 27ਵੇਂ ਦਿਨ ਵੀ ਕਿਸੇ ਪ੍ਰਸ਼ਾਸਨਕ ਅਧਿਕਾਰੀ ਤੇ ਹਲਕਾ ਵਿਧਾਇਕ ਨੇ ਧਰਨਾਕਾਰੀਆਂ ਦੀ ਕੋਈ ਸਾਰ ਨਹੀਂ ਲਈ।ਭਾਵੇਂ ਧਰਨੇ ਦੇ ਦਬਾਅ ਹੇਠ ਸ਼ਹਿਰ ਵਿੱਚ ਦੋ ਸੁਪਰ ਸੰਕਸ਼ਨ ਮਸ਼ੀਨਾਂ ਨਾਲ ਸਫਾਈ ਦਾ ਕੰਮ ਸ਼ੁਰੂ ਤਾਂ ਕੀਤਾ ਹੈ।ਉਮੀਦ ਹੈ ਕਿ ਇਸ ਨਾਲ ਲੋਕਾਂ ਦੇ ਘਰਾਂ ਅੱਗੇ ਖੜਾ ਗੰਦਾ ਪਾਣੀ ਆਰਜ਼ੀ ਤੌਰ 'ਤੇ ਬਾਹਰ ਕੱਢਿਆ ਜਾ ਸਕਦਾ, ਪਰ ਇਸ ਤਰ੍ਹਾਂ ਬੁੱਤਾ ਸਾਰਣ ਨਾਲ ਇਸ ਗੰਭੀਰ ਸਮੱਸਿਆ ਦਾ ਪੱਕਾ ਹੱਲ ਨਹੀਂ ਹੋ ਸਕਦਾ।ਧਰਨਾਕਾਰੀਆਂ ਨੇ ਕਿਹਾ ਕਿ ਇਹ ਧਰਨੇ ਦੀ ਪ੍ਰਾਪਤੀ ਤਾਂ ਹੈ, ਪਰ ਧਰਨੇ 'ਤੇ ਬੈਠੇ ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਸੀਵਰੇਜ ਦਾ ਪੱਕੇ ਤੌਰ 'ਤੇ ਹੱਲ ਹੋਣਾ ਚਾਹੀਦਾ ਹੈ।ਧਰਨਾਕਾਰੀਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਸ਼ਹਿਰ ਦੇ ਸੀਵਰੇਜ ਦਾ ਪੱਕੇ ਤੌਰ 'ਤੇ ਹੱਲ ਕਰੇ ਤੇ 44 ਕਰੋੜ ਰੁਪਏ ਜਲਦੀ ਤੋਂ ਜਲਦੀ ਸ਼ਹਿਰ ਦੇ ਗੰਦੇ ਪਾਣੀ ਦੇ ਨਿਕਾਸ ਤੇ ਸੀਵਰੇਜ ਦੀ ਮੁਰੰਮਤ ਲਈ ਭੇਜਿਆ ਜਾਵੇ।ਜੇਕਰ ਇਸੇ ਤਰ੍ਹਾਂ ਲੱਗੇ ਧਰਨੇ ਨੂੰ ਅੱਖੋਂ ਪਰੋਖੇ ਕੀਤਾ ਗਿਆ ਤਾਂ ਜਲਦੀ ਅਗਲੇ ਸੰਘਰਸ਼ ਦਾ ਮੀਟਿੰਗ ਕਰਕੇ ਐਲਾਨ ਕੀਤਾ ਜਾਵੇਗਾ।ਇਸ ਸਮੇਂ ਰੇਖਾ ਰਾਣੀ ਐੱਮ ਸੀ, ਰਾਮਪਾਲ ਵਾਇਸ ਪ੍ਰਧਾਨ ਨਗਰ ਕੌਂਸਲ, ਅਜੀਤ ਸਿੰਘ ਸਰਪੰਚ, ਅਮ੍ਰਿਤ ਪਾਲ ਗੋਗਾ, ਹੰਸਾ ਸਿੰਘ, ਡਾ. ਧੰਨਾ ਮੱਲ ਗੋਇਲ, ਰਤਨ ਲਾਲ, ਐਡਵੋਕੇਟ ਬਲਕਰਨ ਬੱਲੀ, ਕ੍ਰਿਸ਼ਨ ਚੌਹਾਨ, ਭਗਵੰਤ ਸਮਾਉਂ, ਮੇਜ਼ਰ ਸਿੰਘ ਦੂਲੋਵਾਲ, ਮੱਖਣ ਲਾਲ, ਸੁਰਿੰਦਰ ਪਾਲ ਸ਼ਰਮਾ, ਆਤਮਾ ਸਿੰਘ ਪਮਾਰ, ਜਸਵੰਤ ਸਿੰਘ ਮਾਨਸਾ, ਗੁਰਸੇਵਕ ਸਿੰਘ ਮਾਨਬੀਬੜੀਆਂ, ਰਘਵੀਰ ਸਿੰਘ ਰਾਮਗੜ੍ਹੀਆ, ਗੁਰਮੇਲ ਸਿੰਘ, ਗਗਨਦੀਪ ਸਿਰਸੀ ਵਾਲਾ, ਪ੍ਰਦੀਪ ਮਾਖਾ, ਦਰਸ਼ਨ ਸਿੰਘ ਮਾਨਸ਼ਾਹੀਆ, ਗੁਰਜੀਤ ਸਿੰਘ ਤੇ ਬਲਕਾਰ ਸਿੰਘ ਹਾਜ਼ਰ ਸਨ।\

# ਪੰਜਾਬ 'ਚ ਅਗਲੀ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਬਣੇਗੀ : ਡਾ: ਸੀਮਾਂਤ ਗਰਗ

## ਸਤਿੰਦਰ ਸਿੰਘ ਬਣੇ ਭਾਜਪਾ ਮੰਡਲ-2 ਦੇ ਪ੍ਰਧਾਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਵਿੱਚ 2027 ਵਿੱਚ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਬਣੇਗੀ, ਕਿਉਂਕਿ ਪੰਜਾਬ ਵਿੱਚ ਸਮੇਂ-ਸਮੇਂ 'ਤੇ ਸਰਕਾਰਾਂ ਬਣਾਉਣ ਵਾਲੀਆਂ ਸਿਆਸੀ ਪਾਰਟੀਆਂ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਤੇ ਲੋਕਾਂ ਦੀਆਂ ਵੋਟਾਂ ਦੀ ਵਰਤੋਂ ਕਰਕੇ ਸੱਤਾ ਦਾ ਆਨੰਦ ਮਾਣਿਆ ਹੈ ਅਤੇ ਲੋਕਾਂ ਦੀਆਂ ਮੁਸ਼ਕਲਾਂ ਤੇ ਮੁਸ਼ਕਲਾਂ ਦੇ ਹੱਲ ਲਈ ਕੋਈ ਕੰਮ ਨਹੀਂ ਕੀਤਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਵਿਖੇ ਸਤਿੰਦਰ ਸਿੰਘ ਨੂੰ ਭਾਜਪਾ ਮੰਡਲ-2 ਦਾ ਪ੍ਰਧਾਨ ਬਣਾਏ ਜਾਣ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕਰਦਿਆਂ ਕੀਤਾ। ਇਸ ਮੌਕੇ ਭਾਜਪਾ ਆਈ.ਟੀ. ਸੈੱਲ ਇੰਚਾਰਜ ਮੁਕੇਸ਼ ਸ਼ਰਮਾ, ਓਵਰਸੀਜ਼ ਸੈੱਲ ਇੰਚਾਰਜ ਵਿਜੇ ਮਿਸ਼ਰਾ, ਵੀ ਪੀ ਸੇਠੀ, ਹੇਮੰਤ ਸੂਦ, ਜਤਿੰਦਰ ਚੱਢਾ, ਸੁੱਖਾ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਕਿਹਾ ਕਿ ਭਾਜਪਾ ਦੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਪੰਜਾਬ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਰੀਬ, ਪੱਛੜੇ, ਵਪਾਰੀਆਂ ਦੀ ਭਲਾਈ ਲਈ ਉਨ੍ਹਾਂ ਦੀ ਮਦਦ ਕਰਨਗੇ। ਦੇਸ਼ ਦੇ ਕਿਸਾਨਾਂ ਤੇ ਆਮ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਬਣਾਈਆਂ ਗਈਆਂ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ ਅਤੇ ਲੋਕ ਇਨ੍ਹਾਂ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਮੌਜੂਦਾ ਰਾਜ ਸਰਕਾਰ ਵੱਲੋਂ ਲੋਕਾਂ ਨੂੰ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਪੰਜਾਬ ਦੇ ਲੋਕ ਕੇਂਦਰ ਦੀਆਂ ਸਕੀਮਾਂ ਤੋਂ ਵਾਂਝੇ ਰਹਿ ਗਏ ਹਨ।

ਉਨ੍ਹਾਂ ਕਿਹਾ ਕਿ ਭਾਜਪਾ ਦੇ ਅਹੁਦੇਦਾਰ ਤੇ ਵਰਕਰ ਵੱਧ ਤੋਂ ਵੱਧ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨਾਲ ਜੁੜਨ। ਇਸ ਮੌਕੇ ਨਵ-ਨਿਯੁਕਤ ਮੰਡਲ-2 ਪ੍ਰਧਾਨ ਸਤਿੰਦਰ ਸਿੰਘ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮੰਤ ਗਰਗ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਵੱਧ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜ ਕੇ ਪਿੰਡਾਂ ਨੂੰ ਮਜ਼ਬੂਤ ਕਰਨਗੇ।

## ਕਾਤਰਾਂ

### ਦੇਸ਼ ਭਗਤ 'ਵਰਸਿਟੀ ਨੇ ਸ਼ਿੰਗਾਰੇ ਮੁਕਤਸਰ ਦੇ ਚੌਕ ਤੇ ਪਾਰਕ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਸਾਹਿਬ ਦੇ ਬਠਿੰਡਾ ਰੋਡ ਸਥਿਤ ਗੋਲ ਚੌਕ, ਸਾਦਿਕ ਰੋਡ ਵਾਲਾ ਚੌਕ ਤੇ ਡਿਪਟੀ ਕਮਿਸ਼ਨਰ ਦਫਤਰ ਕੋਲ ਸਥਿਤ ਡਾ. ਅੰਬੇਡਕਰ ਪਾਰਕ ਦੀ ਸੇਵਾ, ਸੰਭਾਲ ਤੇ ਦੇਖਭਾਲ ਲਈ ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਕਰਕੇ ਇਹ ਪਾਰਕ ਸ਼ਹਿਰ ਦੀ ਸ਼ਾਨ ਬਣ ਗਏ ਹਨ।ਇਨ੍ਹਾਂ ਪਾਰਕਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੇਸ਼ ਭਗਤ ਯੂਨੀਵਰਸਿਟੀ ਨੂੰ ਸੌਂਪੀ ਗਈ ਹੈ।ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੇ ਨਿਰਦੇਸ਼ ਹੇਠ ਅੱਜ ਯੂਨੀਵਰਸਿਟੀ ਦੇ ਸਥਾਨਕ ਦੇਸ਼ ਭਗਤ ਗਲੋਬਲ ਸਕੂਲ ਦੇ ਕਾਮਿਆਂ ਦੀ ਇਕ ਟੀਮ ਵੱਲੋਂ ਗੋਲ ਚੌਕ ਦੀ ਸਫਾਈ ਕੀਤੀ।ਫੁੱਲਾਂ ਦੇ ਨਵੇਂ ਪੌਦੇ ਲਾਏ।ਡਾ. ਅੰਬੇਡਕਰ ਚੌਕ ਦੀ ਟੁੱਟੀ ਗਰਿੱਲ ਠੀਕ ਕੀਤੀ।ਘਾਹ-ਫੂਸ ਸਾਫ ਕੀਤਾ।ਰੁੱਖਾਂ ਦੀ ਕਟਾਈ-ਛੰਟਾਈ ਕੀਤੀ ਅਤੇ ਨਵੇਂ ਪੌਦੇ ਲਾਏ। ਇਸ ਸਭ ਨੇ ਰਾਹਗੀਰਾਂ ਲਈ ਖੁਸ਼ਨੁਮਾ ਮਾਹੌਲ ਪੈਦਾ ਕਰ ਦਿੱਤਾ ਹੈ।ਸ਼ਹਿਰ ਵਾਸੀਆਂ ਵੱਲੋਂ ਯੂਨੀਵਰਸਿਟੀ ਦੇ ਇਸ ਉੱਦਮ ਲਈ ਡਾ. ਜ਼ੋਰਾ ਸਿੰਘ ਦਾ ਧੰਨਵਾਦ ਕਰਦਿਆਂ ਸ਼ਹਿਰ ਦੇ ਹੋਰ ਪਾਰਕਾਂ ਦਾ ਜ਼ਿੰਮਾ ਸੰਭਾਲਣ ਦੀ ਅਪੀਲ ਕੀਤੀ।

### ਜਤਿੰਦਰ ਮੋਹਨ ਦੀ ਯਾਦ 'ਚ ਕਬੱਡੀ ਕੱਪ ਤੇ ਮੇਲਾ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਸਮਾਜ ਸੇਵੀ ਜਤਿੰਦਰ ਮੋਹਨ ਸ਼ਰਮਾ ਕੁਕੂ ਪ੍ਰਧਾਨ ਦੀ ਯਾਦ ਵਿੱਚ ਤੀਜਾ ਕਬੱਡੀ ਕੱਪ ਤੇ ਸੱਭਿਆਚਾਰ ਪ੍ਰੋਗਰਾਮ ਪਿੰਡ ਬਸਤੀ ਵਕੀਲਾਂ ਵਾਲੀ ਫਿਰੋਜ਼ਪੁਰ ਤੋਂ ਮੱਲਾਂਵਾਲਾ ਰੋਡ 'ਤੇ 24 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰ ਪਰਵੇਸ਼ ਸਿੰਘ ਉੱਪਲ ਸਰਪੰਚ, ਰਣਧੀਰ ਸਿੰਘ ਸੰਧੂ ਤੇ ਮੰਨੂ ਸ਼ਰਮਾ ਨੇ ਦੱਸਿਆ ਕਿ ਦਿਨੋਂ ਦਿਨ ਵੱਧ ਰਹੇ ਨਸ਼ਿਆਂ ਦੀ ਬੁਰਾਈ ਨੂੰ ਰੋਕਣ ਲਈ ਨੌਜਵਾਨਾਂ ਵੱਲੋਂ ਤਹੱਈਆ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਕਬੱਡੀ ਕੱਪ ਤੇ ਸੱਭਿਆਚਾਰ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਹੈ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਤੇ ਹੋਰ ਬੁਰਾਈਆਂ ਤੋਂ ਦੂਰ ਰਹਿਣ ਲਈ ਸੰਦੇਸ਼ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੀ ਸ਼ੁਰੂਆਤ ਪਹਿਲਾਂ ਸੱਭਿਆਚਾਰ ਪ੍ਰੋਗਰਾਮ ਨਾਲ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਤੋਂ ਬਾਅਦ ਕਬੱਡੀ ਟੂਰਨਾਮੈਂਟ ਕਰਵਾਇਆ ਜਾਏਗਾ, ਜਿਸ ਵਿੱਚ ਪੰਜਾਬ ਦੀਆਂ ਨਾਮਰ ਕਬੱਡੀ ਟੀਮਾਂ ਭਾਗ ਲੈਣਗੀਆਂ। ਇਸ ਮੌਕੇ ਰਾਜਨੀਤਕ ਆਗੂ, ਸਮਾਜਿਕ ਸੰਗਠਨਾਂ ਤੇ ਧਾਰਮਿਕ ਸੰਸਥਾਵਾਂ ਦੇ ਆਗੂ ਪਹੁੰਚ ਰਹੇ ਹਨ, ਜਿਨਾਂ ਦਾ ਮਾਨ ਸਨਮਾਨ ਵੀ ਕੀਤਾ ਜਾਵੇਗਾ।

### ਪੰਜਾਬ ਡਿਵੈੱਲਪਮੈਂਟ ਟੈਕਸ ਦੀ ਉਗਰਾਹੀ ਸੰਬੰਧੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਸਹਾਇਕ ਕਮਿਸ਼ਨਰ ਸਟੇਟ ਟੈਕਸ ਸ਼੍ਰੀਮਤੀ ਸੁਨੀਤਾ ਬੱਤਰਾ ਵੱਲੋਂ ਟੈਕਸ ਬਾਰ ਐਸੋਸੀਏਸ਼ਨ ਤੇ ਚਾਰਟਰਡ ਅਕਾਊਂਟੈਂਟ ਐਸੋਸੀਏਸ਼ਨ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਦੀ ਉਗਰਾਹੀ ਬਾਰੇ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ ਸਟੇਟ ਟੈਕਸ ਵੱਲੋਂ ਪੀਐੱਸਡੀਟੀ ਐਕਟ ਅੰਦਰ ਡੀਲਰਾਂ ਨੂੰ ਰਜਿਸਟਰ ਹੋਣ ਲਈ ਜਾਗਰੂਕ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਸ਼੍ਰੀਮਤੀ ਬੱਤਰਾ ਨੇ ਕਿਹਾ ਕਿ ਜੇਕਰ ਕਿਸੇ ਡੀਲਰ ਨੂੰ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ ਕੋਈ ਵੀ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਕਿਸੇ ਵੀ ਸਮੇਂ ਇਸ ਦਫਤਰ ਨਾਲ ਸੰਪਰਕ ਕਰ ਸਕਦੇ ਹਨ।ਇਸ ਤੋਂ ਇਲਾਵਾ ਸਹਾਇਕ ਸਟੇਟ ਟੈਕਸ ਅਧਿਕਾਰੀ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਬਣਦਾ ਡਿਵੈਲਪਮੈਂਟ ਟੈਕਸ ਨਾ ਭਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ, ਇਸ ਲਈ ਬਣਦਾ ਡਿਵੈਲਪਮੈਂਟ ਟੈਕਸ ਲਾਜ਼ਮੀ ਤੌਰ 'ਤੇ ਸਮੇਂ ਸਿਰ ਜਮ੍ਹਾਂ ਕਰਵਾਇਆ ਜਾਵੇ।

# ਖਾਨਪੁਰ ਨੂੰ ਹਲਕੇ 'ਚੋਂ ਨਮੂਨੇ ਦਾ ਪਿੰਡ ਬਣਾਵਾਂਗੇ : ਗੱਜਣਮਾਜਰਾ

## ਪੰਚਾਇਤ ਵੱਲੋਂ ਵਿਧਾਇਕਾਂ ਦਾ ਵਿਸ਼ੇਸ਼ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪਿੰਡ ਖ਼ਾਨਪੁਰ ਵਿਖੇ ਸਰਪੰਚ ਗੁਰਮੁੱਖ ਸਿੰਘ ਵੱਲੋਂ ਸਰਪੰਚ ਬਣਨ ਦੀ ਖ਼ੁਸ਼ੀ 'ਚ ਸ਼ੁਕਰਾਨੇ ਵਜੋਂ ਆਪਣੇ ਗ੍ਰਹਿ ਵਿਖੇ ਪ੍ਰਕਾਸ਼ ਕੀਤੇ ਸ੍ਰੀ ਆਖੰਠ ਪਾਠ ਸਾਹਿਬ ਦੇ ਭੋਗ 'ਤੇ ਹਲਕਾ ਮਲੇਰਕੋਟਲਾ ਤੋਂ ਵਿਧਾਇਕ ਡਾ. ਮੁਹੰਮਦ ਜਮੀਲ-ਉਰ-ਰਹਿਮਾਨ ਤੇ ਹਲਕਾ ਅਮਰਗੜ੍ਹ ਤੋਂ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੇ ਨਾਲ ਹੀ ਵੱਖ-ਵੱਖ ਪਿੰਡਾਂ ਤੋਂ ਸਰਪੰਚ ਸਾਹਿਬਾਨ ਤੇ ਹਲਕੇ ਦੀਆਂ ਸ਼ਖ਼ਸੀਅਤਾਂ ਪਹੁੰਚੀਆਂ।ਭੋਗ ਉਪਰੰਤ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਸਰਪੰਚ ਗੁਰਮੁੱਖ ਸਿੰਘ ਪੀ ਏ ਵਿਧਾਇਕ ਮਾਲੇਰਕੋਟਲਾ ਨੂੰ ਪਿੰਡ ਵਾਸੀਆਂ ਨੇ ਪਿੰਡ ਦੇ ਵਿਕਾਸ ਕੰਮ ਕਰਵਾਉਣ ਲਈ ਇਕ ਵਾਰ ਫਿਰ ਤੋਂ ਪਿੰਡ ਦੀ ਵਾਗਡੋਰ ਸੰਭਾਲੀ ਹੈ ਅਤੇ ਇਹ ਬਿਨਾਂ ਕਿਸੇ ਭੇਦ-ਭਾਵ ਤੋਂ ਪਿੰਡ ਵਾਸੀਆਂ ਦੇ ਮਸਲੇ ਦਾ ਹੱਲ ਕਰਨਗੇ। ਪ੍ਰੋ. ਗੱਜਣਮਾਜਰਾ ਨੇ ਕਿਹਾ ਕਿ ਪਿੰਡ ਖ਼ਾਨਪੁਰ ਨੂੰ ਹਲਕਾ ਅਮਰਗੜ੍ਹ ਦਾ ਨਮੂਨੇ ਦਾ ਪਿੰਡ ਬਣਾਵਾਂਗੇ ਤੇ ਗ੍ਰਾਂਟਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਉਪਰੰਤ ਵਿਧਾਇਕ ਡਾ. ਮੁਹੰਮਦ ਜਮੀਲ-ਉਰ-ਰਹਿਮਾਨ ਨੇ ਸਮਾਗਮ 'ਤੇ ਪਹੁੰਚੀਆਂ ਹਲਕੇ ਦੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਤੇ ਨਵੀਂ ਪੰਚਾਇਤ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਮਾਗਮ ਦੇ ਅੰਤ 'ਚ ਪੰਚਾਇਤ ਵੱਲੋਂ ਦੋਵੇਂ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਤੇ ਡਾ. ਮੁਹੰਮਦ ਜਮੀਲ-ਉਰ-ਰਹਿਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਵਿਧਾਇਕ ਰਹਿਮਾਨ ਦੀ ਸ਼ਰੀਕੇ ਹਿਆਤ ਮੈਡਮ ਫਰਿਆਲ ਰਹਿਮਾਨ, ਅਬਦੁਲ ਹਲੀਮ ਐਮ.ਡੀ ਮਿਲਕੋਵੈਲ, ਟਰੱਕ ਯੂਨੀਅਨ ਸੰਦੌੜ ਦੇ ਪ੍ਰਧਾਨ ਸੰਤੋਖ ਸਿੰਘ, ਸੂਬਾ ਯੂਥ ਜਰਨਲ ਸਕੱਤਰ ਜਗਤਾਰ ਸਿੰਘ ਜੱਸਲ, ਸਰਪੰਚ ਕੁਲਵੀਰ ਸਿੰਘ ਮਾਣਕ, ਸਰਪੰਚ ਕਮਲਜੀਤ ਸਿੰਘ ਹਥਨ, ਆਪ ਆਗੂ ਸੁੱਖਾ ਮਿੱਠੇਵਾਲ, ਸਰਪੰਚ ਸ਼ਿੰਗਾਰਾ ਸਿੰਘ ਰੁੜਕਾ, ਇਮਤਿਆਜ਼ ਬਾਬੂ, ਅਮਨਦੀਪ ਸਿੰਘ ਮੰਡੀਆਂ, ਸਾਬਕਾ ਸਰਪੰਚ ਮਨਜੀਤ ਸਿੰਘ ਕਲਿਆਣ ਆਦਿ ਹਾਜ਼ਰ ਸਨ।

# ਲੁੱਟਾਂ-ਖੋਹਾਂ ਕਰਨ ਵਾਲੇ ਚੋਰਾਂ ਦਾ ਗਰੋਹ ਕਾਬੂ



**ਨਾਭਾ (ਵਰਿੰਦਰ ਵਰਮਾ)**-ਇਲਾਕੇ ਵਿੱਚ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਨੂੰ ਲੈ ਕੇ ਥਾਣਾ ਕੋਤਵਾਲੀ ਪੁਲਸ ਨਾਭਾ ਵੱਲੋਂ ਚੌਕਸੀ ਵਰਤਦਿਆਂ ਇੱਕ ਗਰੋਹ ਨੂੰ ਕਾਬੂ ਕੀਤਾ ਗਿਆ। ਇੰਸਪੈਕਟਰ ਜਸਵਿੰਦਰ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਨਾਭਾ ਵੱਲੋਂ ਸਾਥੀ ਕਰਮਚਾਰੀਆਂ ਸਮੇਤ ਐੱਸ.ਡੀ.ਐੱਮ. ਮੋੜ ਨਾਭਾ ਮੌਜੂਦ ਸੀ ਤਾਂ ਇਤਲਾਹ ਮਿਲੀ ਕਿ ਰੋਹਿਤ ਪੁੱਤਰ ਲੇਟ ਨਰੇਸ਼ ਕੁਮਾਰ ਵਾਸੀ ਥੋੜਾ ਗੇਟ ਗੁਰਦੁਆਰਾ ਸਾਹਿਬ ਦੀ ਜੈਕ ਸਾਈਡ ਨਾਭਾ, ਅਜੇ ਕੁਮਾਰ ਉਰਫ ਔਲੀਆ ਪੁੱਤਰ ਸੁਦੇਸ਼ ਕੁਮਾਰ ਵਾਸੀ ਨਵਾਂ ਬੱਸ ਸਟੈਂਡ ਨਾਭਾ ਤੇ ਮੁਕੀਮ ਖਾਨ ਪੁੱਤਰ ਸਮੀਰ ਖਾਨ ਵਾਸੀ ਏਵਨ ਕਾਲੋਨੀ ਨਾਤਾ, ਜੋ ਕਿ ਲੁੱਟਾਂ ਖੋਹਾਂ ਕਰਨ ਦੇ ਆਦੀ ਹਨ, ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਲੋਕਾਂ ਪਾਸੇ ਉਨ੍ਹਾ ਦੇ ਮੋਬਾਇਲ, ਪੈਸੇ ਖੋਹ ਲੈਂਦੇ ਹਨ ਤੇ ਵਹੀਕਲ ਚੋਰੀ ਕਰਦੇ ਹਨ, ਦੁਕਾਨਾਂ ਦੇ ਸ਼ਟਰ ਤੋੜ ਕੇ ਚੋਰੀ ਕਰਦੇ ਹਨ ਅਤੇ ਅੱਜ ਵੀ ਇਹ ਪੁਰਾਣੀ ਕਚਹਿਰੀਆਂ ਕਿਲ੍ਹਾ ਨਾਭਾ ਵਿਖੇ ਬੈਠ ਕੇ ਲੁੱਟ-ਖੋਹ ਕਰਨ ਦੀ ਤਿਆਰੀ ਕਰ ਰਹੇ ਹਨ।ਜੇਕਰ ਇਨ੍ਹਾ ਉੱਪਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਇਹ ਹੁਣੇ ਹੀ ਲੁੱਟ-ਖੋਹ ਕਰਨ ਦੀ ਤਿਆਰੀ ਕਰਦੇ ਕਾਬੂ ਕੀਤੇ ਜਾ ਸਕਦੇ ਹਨ, ਜਿਸ 'ਤੇ ਮੁਕੱਦਮਾ ਥਾਣਾ ਕੋਤਵਾਲੀ ਨਾਭਾ ਵੱਲੋਂ ਤਫਤੀਸ਼ ਅਮਲ ਵਿੱਚ ਲਿਆਉਂਦਿਆਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਇੱਕ ਮੋਟਰਸਾਈਕਲ ਬਿਨਾਂ ਨੰਬਰੀ, 2 ਖਪਰੇ ਲੋਹਾ ਤੇ ਇੱਕ ਰਾਡ ਲੋਹਾ ਬ੍ਰਾਮਦ ਕੀਤੀ ਗਈ, ਜੋ ਦੋਸ਼ੀਆਨ ਦਾ 3 ਦਿਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਦੋਸ਼ੀਆਨ ਪਾਸੇ 03 ਮੋਟਰਸਾਈਕਲ, 03 ਮੋਬਾਇਲ ਤੇ ਇੱਕ ਗੰਡਾਸਾ ਬ੍ਰਾਮਦ ਕੀਤੇ ਗਏ ਅਤੇ 12 ਦੋਸ਼ੀਆਨ ਨੂੰ ਨਾਮਜ਼ਦ ਕੀਤਾ ਗਿਆ।

# ਡੇਂਗੂ ਨਾਲ ਨੌਜਵਾਨ ਦੀ ਮੌਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼ਹਿਰ ਵਿੱਚ ਡੇਂਗੂ ਨਾਲ ਇੱਕ 14 ਸਾਲਾ ਲੜਕੇ ਦੀ ਮੌਤ ਹੋ ਗਈ ਅਤੇ ਡੇਂਗੂ ਤੋਂ ਪੀੜਤ ਹੋਰ ਵੀ ਬਹੁਤ ਸਾਰੇ ਲੋਕ ਵੱਖ-ਵੱਖ ਹਸਪਤਾਲਾਂ ਦਾਖਲ ਹਨ। ਸਿਹਤ ਵਿਭਾਗ ਅਤੇ ਨਗਰ ਕੌਂਸਲ ਪਾਤੜਾਂ ਵੱਲੋਂ ਲੋਕਾਂ ਦੇ ਘਰਾਂ ਵਿੱਚ ਜਾ ਕੇ ਜਾਂਚ ਕੀਤੇ ਜਾਣ ਨਾਲ ਕਈ ਘਰਾਂ ਵਿੱਚ ਡੇਂਗੂ ਦਾ ਲਾਰਵਾ ਮਿਲਣ ਨਾਲ ਲੋਕਾਂ ਵਿੱਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਵੱਲੋਂ ਪਾਤੜਾਂ ਦੇ ਸਰਕਾਰੀ ਹਸਪਤਾਲ ਵਿੱਚ ਇਸ ਬਿਮਾਰੀ ਦੇ ਇਲਾਜ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ।ਸ਼ਹਿਰ ਦੀ ਅਮਰੀਕ ਕਲੋਨੀ ਦੇ ਵਾਸੀ ਵਿਜੈ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ 14 ਸਾਲਾ ਲੜਕਾ ਅੰਸ਼ ਸਿੰਗਲਾ ਕੁਝ ਦਿਨ ਪਹਿਲਾਂ ਬਿਮਾਰ ਹੋਇਆ ਸੀ। ਪਹਿਲਾਂ ਪਾਤੜਾਂ ਵਿਖੇ ਇਲਾਜ ਕਰਵਾਇਆ ਗਿਆ ਅਤੇ ਹਾਲਤ ਜ਼ਿਆਦਾ ਵਿਗੜ ਜਾਣ 'ਤੇ ਇਸ ਨੂੰ ਪਟਿਆਲਾ ਦੇ ਇੱਕ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਸੀ ਪਰ ਸਿਹਤ ਹੋਰ ਵਿਗੜ ਜਾਣ 'ਤੇ ਇਸ ਨੂੰ ਟੋਹਾਣਾ (ਹਰਿਆਣਾ) ਦੇ ਇੱਕ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ ਅਤੇ ਫਿਰ ਡੀ ਐਮ ਸੀ ਲੁਧਿਆਣਾ ਲਿਜਾਇਆ ਗਿਆ, ਜਿੱਥੇ ਇਸ ਦੀ ਮੌਤ ਹੋ ਗਈ। ਡੇਂਗੂ ਨਾਲ ਹੋਈ ਇਸ ਨੌਜਵਾਨ ਦੀ ਮੌਤ 'ਤੇ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਡੇਂਗੂ ਪੀੜਤ ਮਰੀਜ਼ ਵੱਖ ਵੱਖ ਹਸਪਤਾਲਾਂ ਵਿੱਚ ਇਲਾਜ ਕਰਵਾ ਰਹੇ ਹਨ ਅਤੇ ਪਾਤੜਾਂ ਇਲਾਕੇ ਵਿੱਚ ਕੋਈ ਵਧੀਆ ਹਸਪਤਾਲ ਨਾ ਹੋਣ ਕਾਰਨ ਲੋਕਾਂ ਨੂੰ ਲੱਖਾਂ ਰੁਪਏ ਇਲਾਜ 'ਤੇ ਖਰਚ ਕਰਨੇ ਪੈ ਰਹੇ ਹਨ ਅਤੇ ਮੁਢਲੇ ਸਮੇਂ ਮਰੀਜ਼ ਦਾ ਇਲਾਜ ਸਹੀ ਨਾ ਹੋਣ ਕਾਰਨ ਉਸ ਦੀ ਹਾਲਤ ਵਿਗੜ ਜਾਣ 'ਤੇ ਉਸ ਦੀ ਮੌਤ ਹੋ ਜਾਂਦੀ ਹੈ। ਸ਼ਹਿਰ ਦੇ ਲੋਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਾਤੜਾਂ ਦੇ ਸਰਕਾਰੀ ਹਸਪਤਾਲ ਵਿੱਚ ਸਪੈਸ਼ਲਿਸਟ ਡਾਕਟਰ ਭੇਜੇ ਜਾਣ ਤਾਂ ਜੋ ਲੋਕਾਂ ਦੇ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕੇ।ਦੂਜੇ ਪਾਸੇ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਗਲੀਆਂ ਵਿੱਚ ਫੌਗਿੰਗ ਕੀਤੀ ਜਾ ਰਹੀ ਹੈ।ਸੁਪਰਵਾਈਜ਼ਰ ਪਾਤੜਾਂ ਕਪਿਲ ਕੁਮਾਲ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਮੈਡੀਕਲ ਦੇ ਸਟੂਡੈਂਟਾਂ ਅਤੇ ਆਸ਼ਾ ਵਰਕਰਾਂ ਅਤੇ ਨਗਰ ਕੌਂਸਲ ਦੇ ਕਰਮਚਾਰੀਆਂ ਸਮੇਤ ਘਰਾਂ ਦੀ ਜਾਂਚ ਕੀਤੀ ਗਈ ਹੈ ਅਤੇ ਡਰਾਈ ਡੇਅ ਤੇ ਕਈ ਟੀਮਾਂ ਵੱਲੋਂ ਇੱਕੋ ਦਿਨ ਵਿੱਚ 600 ਘਰਾਂ ਦੇ ਕੀਤੇ ਗਈ ਜਾਂਚ ਵਿੱਚ ਦੋ ਦਰਜਨ ਦੀ ਕਰੀਬ ਘਰਾਂ ਵਿੱਚ ਡੇਂਗੂ ਦਾ ਲਾਰਵਾ ਮਿਲਣ 'ਤੇ ਇਸ ਨੂੰ ਨਸ਼ਟ ਕੀਤਾ ਗਿਆ ਹੈ। ।ਉਨ੍ਹਾਂ ਦੱਸਿਆ ਕਿ ਹੁਣ ਤੱਕ ਸਾਡੇ ਰਿਕਾਰਡ ਅਨੁਸਾਰ ਤਿੰਨ ਮਰੀਜ਼ ਡੇਂਗੂ ਤੋਂ ਪੀੜਤ ਪਾਏ ਗਏ ਹਨ ਅਤੇ ਇੱਕ ਦੀ ਮੌਤ ਹੋਈ ਹੈ।

# ਇਨਕਲਾਬੀ ਜਮਹੂਰੀ ਫਰੰਟ ਵੱਲੋਂ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ

## ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਜੂਝਦੇ ਕਿਸਾਨਾਂ 'ਤੇ ਢਾਹੇ ਪੁਲਸ ਜਬਰ ਦੀ ਨਿੰਦਾ



**ਮੋਗਾ/ਲਹਿਰਾ ਮੁਹੱਬਤ (ਇਕਬਾਲ ਸਿੰਘ ਖਹਿਰਾ/ਭੀਮ ਸੈਨ ਹਦਵਾਰੀਆ)**-ਇਨਕਲਾਬੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਗੁਰਦਿਆਲ ਸਿੰਘ ਭੰਗਲ ਤੇ ਸੂਬਾ ਕਮੇਟੀ ਮੈਂਬਰ ਸੁਖਵੰਤ ਸਿੰਘ ਸੇਖੋਂ ਵੱਲੋਂ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਦੇ ਇਸ਼ਾਰਿਆਂ 'ਤੇ 22 ਨਵੰਬਰ ਨੂੰ ਬਠਿੰਡਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੁੰਨੇਵਾਲਾ, ਭਗਵਾਨਪੁਰਾ ਤੇ ਸ਼ੇਰਗੜ੍ਹ ਦੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਧੱਕੇ ਨਾਲ ਕੀਤੇ ਜਾ ਰਹੇ ਸਰਕਾਰੀ ਕਬਜ਼ੇ ਵਿਰੁੱਧ ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਸੰਘਰਸ਼ ਦੇ ਰਾਹ ਤੁਰੇ ਕਿਸਾਨਾਂ ਉੱਪਰ ਕੀਤੇ ਅੰਨ੍ਹੇਵਾਹ ਪੁਲਸ ਜਬਰ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਰਕਾਰ ਨੂੰ ਸੁਣਵਾਈ ਕੀਤੀ ਹੈ ਕਿ ਉਹ ਜਬਰ ਦਾ ਰਾਹ ਬੰਦ ਕਰਕੇ ਭਾਕਿਯੂ ਏਕਤਾ ਉੱਗਰਾਹਾਂ ਦੇ ਆਗੂਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇਸ ਜ਼ਮੀਨ ਦਾ ਮਾਲਕ ਹੈ, ਇਸ ਉੱਪਰ ਧੱਕੇ ਨਾਲ ਕਬਜ਼ੇ ਦਾ ਕਿਸੇ ਨੂੰ ਵੀ ਕੋਈ ਅਧਿਕਾਰ ਨਹੀਂ ਹੈ। ਇਸ ਲਈ ਕਿਸਾਨ ਆਪਣੀਆਂ ਜ਼ਮੀਨਾਂ ਦੀ ਹਰ ਕੀਮਤ 'ਤੇ ਰਾਖੀ ਕਰਨਗੇ। ਜੇਕਰ ਸਰਕਾਰ ਨੇ ਜਬਰ ਦਾ ਰਾਹ ਅਪਣਾਉਣਾ ਬੰਦ ਨਾ ਕੀਤਾ ਤਾਂ ਪੰਜਾਬ ਦੇ ਹਰ ਵੰਨਗੀ ਦੇ ਰੈਗੂਲਰ, ਆਊਟਸੋਰਸਡ/ਇਨਲਿਸਟਮੈਂਟ ਤੇ ਪੈਨਸ਼ਨਰ ਮੁਲਾਜ਼ਮ ਕਿਸਾਨਾਂ ਦੇ ਇਸ ਹੱਕੀ ਸੰਘਰਸ਼ ਵਿੱਚ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਲਈ ਮਜਬੂਰ ਹੋਣਗੇ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਆਗੂਆਂ ਨੇ ਕਿਹਾ ਗਿਆ ਕਿ ਜਿਸ ਭਾਰਤ ਮਾਲਾ ਪ੍ਰੋਜੈਕਟ ਦੀ ਉਸਾਰੀ ਲਈ ਇਸ ਜ਼ਮੀਨ 'ਤੇ ਸਰਕਾਰ ਧੱਕੇ ਨਾਲ ਕਬਜ਼ਾ ਕਰਨ ਜਾ ਰਹੀ ਹੈ, ਇਹ ਭਾਰਤ ਮਾਲਾ ਪ੍ਰੋਜੈਕਟ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਗੁਰਬਤ ਭਰੀ ਜ਼ਿੰਦਗੀ ਵਿੱਚ ਸੁਧਾਰ ਦੀ ਲੋੜ 'ਚੋਂ ਨਹੀਂ ਉਸਾਰਿਆ ਜਾ ਰਿਹਾ, ਸਗੋਂ ਇਹ ਬਰਤਾਨਵੀ ਈਸਟ ਇੰਡੀਆ ਕੰਪਨੀ ਵਰਗੀਆਂ ਅਨੇਕਾਂ ਦੇਸੀ-ਵਿਦੇਸ਼ੀ ਕੰਪਨੀਆਂ ਦੀ ਲੁੱਟ ਤੇ ਮੁਨਾਫ਼ੇ ਦੀ ਲੋੜ 'ਚੋਂ ਤੈਅ ਕੀਤੀ ਲੋੜ ਅਨੁਸਾਰ ਭਾਰਤ ਦੇ ਕੱਚੇ ਮਾਲ ਦੀ ਕੌਡੀਆਂ ਦੇ ਭਾਅ ਖਰੀਦ ਕਰਕੇ ਉਸ ਨਾਲ ਤਿਆਰ ਕੀਤੇ ਮਾਲ ਨੂੰ ਮੁੜ ਭਾਰਤੀ ਮੰਡੀ ਵਿੱਚ ਮਹਿੰਗੇ ਭਾਅ ਵੇਚ ਕੇ ਅੰਨ੍ਹੇ ਮੁਨਾਫ਼ੇ ਕਮਾਉਣ ਦੀ ਲੋੜ 'ਚੋਂ ਤੈਅ ਨੀਤੀ ਦਾ ਵਿਰਾਟ ਤੇ ਖੂੰਖਾਰ ਰੂਪ ਹੈ, ਕਿਉਂਕਿ ਮਾਲ ਦੀ ਢੋਆ-ਢੁਆਈ ਦੀ ਲੋੜ 'ਚੋਂ ਹੁਣ ਇਹ ਪ੍ਰੋਜੈਕਟ ਸਾਰੇ ਸਾਮਰਾਜੀ ਮੁਲਕਾਂ ਦੀਆਂ ਲੁੱਟ ਤੇ ਮੁਨਾਫ਼ੇ ਕਮਾਉਣ ਦੀਆਂ ਲੋੜਾਂ ਵਿੱਚੋਂ ਤੈਅ ਕੀਤਾ ਗਿਆ ਹੈ। ਜਿਸ ਦੇ ਮੁਕੰਮਲ ਹੋਣ ਨਾਲ ਪਹਿਲਾਂ ਤੋਂ ਜਾਰੀ ਸਾਮਰਾਜੀ ਲੁੱਟ ਵਿੱਚ ਬੇਥਾਹ ਵਾਧਾ ਹੋਵੇਗਾ, ਜਿਸ ਨਾਲ ਭਾਰਤ ਦੀ ਖੇਤੀ, ਦੇਸੀ ਸਨਅੱਤ ਤੇ ਕੱਚੇ ਮਾਲ ਦੇ ਸੋਮਿਆਂ ਦੀ ਬਰਬਾਦੀ ਨਿਸ਼ਚਿਤ ਹੈ। ਇਸ ਲਈ ਪੰਜਾਬ ਦੇ ਮੁਲਾਜ਼ਮ ਇਸ ਸੰਘਰਸ਼ ਵਿੱਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਲਈ ਤਿਆਰ-ਬਰ-ਤਿਆਰ ਹਨ। ਆਗੂਆਂ ਨੇ ਕਿਹਾ ਕਿ ਇਹ ਪੰਜਾਬ ਦੇ ਮਿਹਨਤਕਸ਼ ਲੋਕਾਂ ਲਈ ਇੱਕ ਪਰਖ ਕਸਵੱਟੀ ਹੈ ਤੇ ਭਗਤ ਸਿੰਘ ਦੀ ਪੱਗ ਬੰਨ੍ਹ ਕੇ ਜਨਰਲ ਡਾਇਰ ਦੇ ਕਾਰਨਾਮੇ ਕਰਦੀ ਪੰਜਾਬ ਸਰਕਾਰ ਦੀ ਅਸਲੀਅਤ ਨੂੰ ਪਛਾਨਣ ਦੀ ਲੋੜ ਹੈ। ਇਸ ਲਈ ਮਿਹਨਤਕਸ਼ ਲੋਕਾਂ ਦੇ ਹਰ ਵਰਗ ਨੂੰ ਕਿਸਾਨਾਂ ਦੇ ਸੰਘਰਸ਼ ਲਈ ਹਮਾਇਤ ਜੁਟਾਉਣ ਦੀ ਲੋੜ ਹੈ।

# ਅਮਨ ਅਰੋੜਾ ਦੀ ਪ੍ਰਧਾਨ ਵਜੋਂ ਨਿਯੁਕਤੀ ਸੰਗਠਨ ਨੂੰ ਮਜ਼ਬੂਤ ਕਰਨ ਵੱਲ ਵੱਡਾ ਕਦਮ : ਸੰਦੀਪ ਜੈਨ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਹਾਲ ਹੀ 'ਚ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਆਮ ਆਦਮੀ ਪਾਰਟੀ (ਆਪ) ਪੰਜਾਬ ਯੂਨਿਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਫੈਸਲੇ 'ਤੇ ਪ੍ਰਤੀਕਿਰਿਆ ਜਤਾਉਂਦੇ ਹੋਏ ਅੰਤਰਰਾਸ਼ਟਰੀ ਵੈਸ਼ ਫੈਡਰੇਸ਼ਨ ਦੀ ਰਾਸ਼ਟਰੀ ਕਾਰਜਕਾਰੀ ਦੇ ਮੈਂਬਰ ਅਤੇ ਅਗਰਵਾਲ ਸਭਾ ਜ਼ਿਲ੍ਹਾ ਸੰਗਰੂਰ ਦੇ ਸੀਨੀਅਰ ਉਪ ਪ੍ਰਧਾਨ ਸੰਦੀਪ ਜੈਨ ਨੇ ਇਸ ਨੂੰ ਸ਼ਾਨਦਾਰ ਕਦਮ ਕਰਾਰ ਦਿੰਦਿਆਂ ਕਿਹਾ ਕਿ ਇਹ ਫੈਸਲਾ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਇਕ ਸਾਬਤ ਹੋਵੇਗਾ। ਜੈਨ ਨੇ ਕਿਹਾ ਕਿ ਅਮਨ ਅਰੋੜਾ ਰਾਜਨੀਤੀ ਵਿੱਚ ਵਿਸ਼ਾਲ ਤਜਰਬਾ ਰੱਖਦੇ ਹਨ ਅਤੇ ਉਨ੍ਹਾਂ ਨੂੰ ਪੂਰੀ ਸਮਝ ਹੈ ਕਿ ਕਿਵੇਂ ਸੰਗਠਨ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਸੰਗਠਨ ਦੇ ਹਰੇਕ ਵਰਗ ਦੇ ਵਿਚਕਾਰ ਮਜ਼ਬੂਤ ਜੋੜ ਬਣਾਉਣ ਵਿੱਚ ਉਹ ਬੇਮਿਸਾਲ ਹਨ। ਜੈਨ ਨੇ ਅੱਗੇ ਕਿਹਾ ਕਿ ਕਿਸੇ ਵੀ ਪਾਰਟੀ ਦੀ ਕਾਮਯਾਬੀ ਉਸ ਦੇ ਪ੍ਰਧਾਨ ਦੀ ਦੂਰਦਰਸ਼ਤਾ, ਤਜਰਬੇ ਅਤੇ ਦ੍ਰਿੜ੍ਹ ਨਿਰਣਿਆਂ 'ਤੇ ਨਿਰਭਰ ਕਰਦੀ ਹੈ। ਅਮਨ ਅਰੋੜਾ ਇਨ੍ਹਾਂ ਸਭ ਗੁਣਾਂ ਦਾ ਮਿਸਾਲ ਹਨ।

ਜੈਨ ਨੇ ਕਿਹਾ ਕਿ ਅਮਨ ਅਰੋੜਾ ਵੱਖ-ਵੱਖ ਪਦਾਂ 'ਤੇ ਕੰਮ ਕਰਦਿਆਂ ਆਪਣਾ ਪ੍ਰਭਾਵਸ਼ਾਲੀ ਕਿਰਦਾਰ ਅਤੇ ਸਫਲਤਾ ਸਾਬਤ ਕਰ ਚੁੱਕੇ ਹਨ।ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਅਮਨ ਅਰੋੜਾ ਦੀ ਲੀਡਰਸ਼ਿਪ ਹੇਠ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਵਿੱਚ ਨਵਾਂ ਉਤਸ਼ਾਹ ਅਤੇ ਜੋਸ਼ ਦੇਖਣ ਨੂੰ ਮਿਲੇਗਾ।

# ਜਗਜੀਤ ਸਿੰਘ ਡੱਲੇਵਾਲ 26 ਤੋਂ ਬੈਠਣਗੇ ਮਰਨ ਵਰਤ 'ਤੇ : ਕਿਸਾਨ ਆਗੂ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਚਿਰੋਕਣੀ ਮੰਗਾਂ ਨੂੰ ਲੈ ਕੇ 26 ਤੋਂ ਮਰਨ ਵਰਤ 'ਤੇ ਬੈਠਣਗੇ। ਇਹ ਜਾਣਕਾਰੀ ਦਿੰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਸਿੱਧੂਪੁਰ ਤੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਨੇ ਜਥੇਬੰਦੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ 13 ਫਰਵਰੀ ਤੋਂ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਖਨੌਰੀ, ਸ਼ੰਭੂ ਤੇ ਰਤਨਪੁਰਾ ਦੇ ਬਾਰਡਰਾਂ ਉੱਪਰ ਆਪਣੀਆਂ ਮੰਗਾਂ ਐੱਮ ਐੱਸ ਪੀ ਦਾ ਗਾਰੰਟੀ ਕਾਨੂੰਨ, ਕਿਸਾਨਾਂ-ਮਜ਼ਦੂਰਾਂ ਦੀ ਕੁੱਲ ਕਰਜ਼ਾ ਮੁਕਤੀ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਫਸਲਾਂ ਦੇ ਵਾਜ਼ਿਬ ਮੁੱਲ, ਭੂਮੀ ਅਧਿਗ੍ਰਹਿਣ ਕਾਨੂੰਨ ਲਾਗੂ ਕਰਨਾ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਰੁਜ਼ਗਾਰ ਦੇਣ ਤੇ ਮਨਰੇਗਾ ਨੂੰ ਖੇਤੀ ਨਾਲ ਜੋੜਨਾ ਸਮੇਤ ਬਹੁਤ ਸਾਰੀਆਂ ਮੰਗਾਂ ਬਕਾਇਆ ਹਨ, ਜਿਨ੍ਹਾਂ ਉੱਤੇ ਸਰਕਾਰਾਂ ਨੇ ਚੁੱਪੀ ਧਾਰੀ ਹੋਈ ਹੈ।

ਯੂਨੀਅਨ ਆਗੂ ਗੁਰਦੀਪ ਸਿੰਘ ਬਰਮਾਂ ਨੇ ਕਿਹਾ ਕਿ ਭਾਜਪਾ ਡਾ. ਸਵਾਮੀਨਾਥਨ ਸਿਫਾਰਸ਼ਾਂ ਲਾਗੂ ਕਰਨ ਦਾ ਲਾਰਾ ਦੇ ਕੇ ਸੱਤਾ ਵਿਚ ਆਈ ਸੀ, ਪਰ ਹੁਣ ਉਹ ਆਪਣੇ ਵਾਅਦੇ ਤੋਂ ਮੁਨਕਰ ਹੈ।ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸਰਕਾਰ ਨੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਸਨ, ਪਰ ਲਾਗੂ ਨਹੀਂ ਕੀਤੀਆਂ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਾਅਦਿਆਂ ਤੋਂ ਮੁੱਕਰੀ ਹੋਈ ਹੈ। ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ।ਉਨ੍ਹਾ ਕਿਹਾ ਕਿ ਜੇਕਰ ਕਿਸਾਨਾਂ-ਮਜ਼ਦੂਰਾਂ ਦੀ ਲੜਾਈ ਲੜਦੇ ਹੋਏ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੂੰ ਕੁਝ ਹੋ ਜਾਂਦਾ ਹੈ ਤਾਂ ਉਨ੍ਹਾਂ ਤੋਂ ਬਾਅਦ ਹੋਰ ਸੀਨੀਅਰ ਕਿਸਾਨ ਆਗੂ ਮਰਨ ਵਰਤ ਉੱਪਰ ਬੈਠੇਗਾ ਅਤੇ ਇਹ ਮਰਨ ਵਰਤ ਉਸ ਸਮੇਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਿਆ ਨਹੀਂ ਜਾਂਦਾ।ਆਗੂਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਵਹੀਰਾਂ ਘੱਤਦੇ ਹੋਏ ਖਨੌਰੀ ਮੋਰਚੇ ਉੱਪਰ ਪਹੁੰਚਣ ਤਾਂ ਜੋ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਆਪਣੀ ਜ਼ਿੰਦਗੀ ਦਾਅ ਉੱਪਰ ਲਗਾਉਣ ਵਾਲੇ ਜਗਜੀਤ ਸਿੰਘ ਡੱਲੇਵਾਲ ਦੀ ਤਾਕਤ ਬਣਿਆ ਜਾ ਸਕੇ।ਇਸ ਮੌਕੇ ਉਨ੍ਹਾਂ ਨਾਲ ਸਵਰਨਜੀਤ ਸਿੰਘ ਘੁਲਾਲ, ਮਲਕੀਤ ਸਿੰਘ ਘੁਲਾਲ, ਬਲਕਾਰ ਸਿੰਘ, ਦਲਜੀਤ ਸਿੰਘ, ਬਲਪ੍ਰੀਤ ਸਿੰਘ, ਅਵਤਾਰ ਸਿੰਘ ਬਲਾਕ ਪ੍ਰਧਾਨ, ਮਲਕੀਤ ਸਿੰਘ ਪੂੰਨੀਆ ਬਲਾਕ ਜਨਰਲ ਸਕੱਤਰ, ਰਵਿੰਦਰ ਸਿੰਘ ਨਾਗਰਾ ਬਲਾਕ ਪ੍ਰੈੱਸ ਸਕੱਤਰ, ਰਾਜਵੰਤ ਸਿੰਘ ਗਿੱਲ, ਹਰਦੀਪ ਸਿੰਘ ਗੋਸਲ, ਸੁਖਦੇਵ ਸਿੰਘ ਰਤਨਗੜ੍ਹ, ਕੁਲਵੰਤ ਸਿੰਘ ਖੱਟਰਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਮਾ: ਗੁਰਦੇਵ ਸਿੰਘ ਸਹਿਜੜਾ ਨੂੰ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਅੰਤਮ ਵਿਦਾਇਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼ਹੀਦ ਕਿਰਨਜੀਤ ਕੌਰ ਐਕਸ਼ਨ ਕਮੇਟੀ ਦੇ ਬਾਨੀ ਮੈਂਬਰ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਉੱਘੇ ਆਗੂ ਲੋਕ ਪੱਖੀ ਸੰਘਰਸ਼ਾਂ ਦੇ ਮੋਹਰੀ ਰਹੇ ਮਾਸਟਰ ਗੁਰਦੇਵ ਸਿੰਘ ਸਹਿਜੜਾ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਦੁਖਦਾਈ ਵਿਛੋੜੇ ਉਪਰ ਆਰ ਐਮ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਸਕੱਤਰ ਰਤਨ ਸਿੰਘ ਰੰਧਾਵਾ, ਪ੍ਰਗਟ ਸਿੰਘ ਜਾਮਾਰਾਏ, ਸਾਥੀ ਮਹੀਪਾਲ ਨੇ ਸਾਥੀ ਗੁਰਦੇਵ ਸਿੰਘ ਦੇ ਪਰਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਵਲੋਂ ਹਰ ਜਬਰ ਜ਼ੁਲਮ ਵਿਰੁੱਧ ਸੰਘਰਸ਼ਾਂ 'ਚ ਪਾਏ ਅਹਿਮ ਯੋਗਦਾਨ ਦੀ ਚਰਚਾ ਕੀਤੀ।ਅੰਤਿਮ ਸੰਸਕਾਰ ਸਮੇਂ ਪਹੁੰਚੇ ਕਿਰਤੀ ਲੋਕਾਂ, ਵੱਖ-ਵੱਖ ਆਗੂਆਂ ਨੇ ਇਕਨਲਾਬੀ ਨਾਅਰਿਆਂ ਦੀ ਗੂੰਜ ਵਿੱਚ ਅੰਤਿਮ ਵਿਦਾਇਗੀ ਦਿਤੀ।ਇਸ ਮੌਕੇ ਆਰ ਐਮ ਪੀ ਆਈ ਦੇ ਸੂਬਾ ਪ੍ਰਧਾਨ ਰਘਬੀਰ ਸਿੰਘ ਬੈਨੀਪਾਲ ਦੀ ਅਗਵਾਈ ਹੇਠ ਆਗੂਆਂ ਵਲੋਂ ਪਾਰਟੀ ਵੱਲੋਂ ਲਾਲ ਝੰਡਾ ਉਨ੍ਹਾਂ ਦੀ ਦੇਹ ਉਪਰ ਪਾਇਆ ਗਿਆ। ਮੌਕੇ ਸਾਬਕਾ ਵਿਧਾਇਕ ਚੰਦ ਸਿੰਘ ਚੋਪੜਾ, ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ, ਮਾ: ਮਨੋਹਰ ਲਾਲ, ਸਾਥੀ ਨਰਾਇਣ ਦੱਤ, ਮਲਕੀਤ ਸਿੰਘ ਵਜੀਦਕੇ, ਸੁਰਜੀਤ ਸਿੰਘ ਦਿਹੜ, ਅਮਰਜੀਤ ਕੁੱਕੂ, ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਕੁਲਵੀਰ ਸਿੰਘ ਔਲਖ, ਕਰਮਜੀਤ ਸਿੰਘ ਬੀਹਲਾ, ਜਗਰਾਜ ਸਿੰਘ ਰਾਮਾ, ਕਰਨੈਲ ਸਿੰਘ ਗਾਂਧੀ, ਭਾਈ ਜਗਸੀਰ ਸਿੰਘ ਖ਼ਾਲਸਾ, ਸੂਬੇਦਾਰ ਜਰਨੈਲ ਸਿੰਘ, ਸਰਪੰਚ ਬਲਵਿੰਦਰ ਸਿੰਘ, ਬਾਬਾ ਸੁਖਵਿੰਦਰ ਸਿੰਘ ਕੱਟੂ, ਡਾ: ਜਰਨੈਲ ਸਿੰਘ, ਪਰਮ ਸਹਿਜੜਾ, ਅਮਰ ਸਿੰਘ ਜਲਾਲਦੀਵਾਲ, ਭੋਲਾ ਸਿੰਘ ਕਲਾਲ ਮਾਜਰਾ, ਬਲਦੇਵ ਸਿੰਘ ਔਜਲਾ, ਮਹਿੰਦਰ ਸਿੰਘ ਅੱਚਰਵਾਲ, ਹਰਨੇਕ ਸਿੰਘ ਆਦਿ ਆਗੂਆਂ ਤੋਂ ਇਲਾਵਾ ਕਿਸਾਨ, ਮਜ਼ਦੂਰ, ਜਨਤਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

## ਝੋਨੇ ਦੇ ਹਜ਼ਾਰਾਂ ਗੱਟਿਆਂ ਦੀ ਚੋਰੀ ਦਾ ਮਾਮਲਾ ਰਹੱਸਮਈ ਬਣਿਆ

# ਕਿਸਾਨਾਂ ਨੇ ਜਾਂਚ ਕਰਵਾਉਣ ਲਈ ਪੁਲਸ ਨੂੰ ਦਿੱਤੀ ਸ਼ਿਕਾਇਤ

## ਖਰੀਦ ਏਜੰਸੀਆਂ ਤੋਂ ਆੜ੍ਹਤੀਆਂ ਦੀ ਖਰੀਦ ਦੇ ਵੇਰਵੇ ਮੰਗੇ : ਸੈਕਟਰੀ



ਕਬਰਵਾਲਾ ਮੰਡੀ 'ਚ ਝੋਨੇ ਨੂੰ ਖੁਰਦ-ਬੁਰਦ ਹੋਣ ਬਾਰੇ ਜਾਣਕਾਰੀ ਦਿੰਦੇ ਆੜ੍ਹਤੀਆ ਤੇ ਮਾਰਕੀਟ ਸੈਕਟਰੀ।

**ਮਲੋਟ (ਗੁਰਮੀਤ ਸਿੰਘ ਮੱਕੜ)**

ਕਿਸਾਨਾਂ ਵੱਲੋਂ ਝੋਨੇ ਦੀ ਖਰੀਦ ਨਾ ਹੋਣ ਕਾਰਨ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ ਤੇ ਮੰਡੀਆਂ ਵਿੱਚ ਕਿਸਾਨ ਰੁਲ ਰਹੇ ਹਨ। ਉੱਥੇ ਲੰਮਾਂ ਸਮਾਂ ਖਰੀਦ ਨਾ ਹੋਣ ਕਾਰਨ ਝੋਨੇ ਦੀ ਚੋਰੀ ਵੀ ਇੱਕ ਗੰਭੀਰ ਵਿਸ਼ਾ ਬਣ ਗਿਆ ਹੈ, ਜਿਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਮਲੋਟ ਨੇੜਲੇ ਪਿੰਡ ਕਬਰਵਾਲਾ ਦੇ ਖਰੀਦ ਕੇਂਦਰ ਤੋਂ ਸਾਹਮਣੇ ਆਈ, ਜਿਸ ਦਾ ਖੁਲਾਸਾ ਕਰਦੇ ਹੋਏ ਆੜ੍ਹਤੀਆ ਤੇ ਕਿਸਾਨ ਗਗਨਦੀਪ ਸਿੰਘ ਨੇ ਦੱਸਿਆ ਕਿ ਪਿਛਲੇ ਕਣਕ ਦੇ ਸੀਜ਼ਨ ਵਿੱਚ ਇੱਕ ਆੜ੍ਹਤੀਆ ਦੇ 280 ਗੱਟੇ ਕਣਕ ਦੇ ਚੋਰੀ ਹੋਏ ਸਨ ਅਤੇ ਹਰ ਸੀਜ਼ਨ ਵਿੱਚ ਇਸੇ ਤਰ੍ਹਾਂ ਹੀ ਗੱਟਿਆਂ ਦੀ ਚੋਰੀ ਹੋ ਰਹੀ ਹੈ, ਜਿਸ ਨੂੰ ਲੈ ਕੇ ਉਹ ਬਹੁਤ ਦੁਖੀ ਹਨ, ਜਿਸ ਦੇ ਮੱਦੇਨਜ਼ਰ ਉਨ੍ਹਾਂ ਨੇ ਚੋਰ ਨੂੰ ਫੜ੍ਹਨ ਲਈ ਨਜ਼ਰ ਬਣਾਈ ਹੋਈ ਸੀ, ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਇੱਕ ਸ਼ੈਲਰ ਮਾਲਕ 'ਤੇ ਸ਼ੱਕ ਹੋਇਆ ਤੇ ਉਨ੍ਹਾਂ ਵੱਲੋਂ ਕਬਰਵਾਲਾ ਥਾਣਾ ਵਿੱਚ ਦਰਖਾਸਤ ਦਿੱਤੀ ਗਈ ਸੀ ਕਿ ਉਨ੍ਹਾਂ ਦੇ ਝੋਨੇ ਦੇ ਗੱਟਿਆਂ ਦੀ ਚੋਰੀ ਹੋ ਰਹੀ ਹੈ ਅਤੇ ਉਨ੍ਹਾਂ ਨੂੰ ਇਸ ਵਿਅਕਤੀ 'ਤੇ ਸ਼ੱਕ ਹੈ। ਇਸ ਤੋਂ ਇਲਾਵਾ ਹੋਰ ਜਾਂਚ ਕਰਨ 'ਤੇ ਉਨ੍ਹਾਂ ਵੱਲੋਂ ਪਾਇਆ ਗਿਆ ਕਿ ਦਾਣਾ ਮੰਡੀ ਕਬਰਵਾਲਾ ਵਿਖੇ ਇੱਕ ਹੋਰ ਲਗਭਗ 4100 ਝੋਨੇ ਦੇ ਗੱਟਿਆਂ ਦਾ ਗੇਟ ਪਾਸ ਕੱਟਿਆ ਹੋਇਆ ਹੈ, ਜਿਸ ਦੀ ਕਬਰਵਾਲਾ ਦਾਣਾ ਮੰਡੀ ਵਿੱਚ ਕੋਈ ਫਰਮ ਨਹੀਂ ਸੀ, ਜਿਸ ਨਾਲ ਉਨ੍ਹਾਂ ਦਾ ਸ਼ੱਕ ਹੋਰ ਪੱਕਾ ਹੋ ਗਿਆ, ਉਪਰੰਤ ਪੰਚਾਇਤ ਵੱਲੋਂ ਚਾਰ ਦਿਨ ਲਈ ਜਾਂਚ ਦਾ ਸਮਾਂ ਮੰਗਿਆ ਸੀ, ਜਿਸ ਨੂੰ ਲੈ ਕੇ ਅੱਜ ਦਾਣਾ ਮੰਡੀ ਕਬਰਵਾਲਾ ਵਿਖੇ ਪੰਚਾਇਤ ਕੀਤੀ ਗਈ, ਜਿਸ ਵਿੱਚ ਪੰਚਾਇਤ ਨੇ ਦੱਸਿਆ ਕਿ ਜਿਸ ਉੱਪਰ ਤੁਹਾਨੂੰ ਸ਼ੱਕ ਹੈ, ਉਹ ਚੋਰ ਨਹੀਂ ਹਨ, ਤੁਸੀਂ ਆਪਣੇ ਚੋਰੀ ਹੋਏ ਗੱਟਿਆਂ ਦਾ ਚੋਰ ਲੱਭੋ। ਗਗਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੰਚਾਇਤ ਨਾਲ ਸਹਿਮਤੀ ਕਰਦੇ ਹੋਏ ਉਸ ਵੱਲੋਂ ਰਾਜ਼ੀਨਾਮਾ ਕਰ ਲਿਆ ਗਿਆ, ਪ੍ਰੰਤੂ ਉਨ੍ਹਾ ਕਿਹਾ ਕਿ ਨੁਕਸਾਨ ਤਾਂ ਉਨ੍ਹਾਂ ਦਾ ਹੋਇਆ ਹੈ, ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਮਾਰਕੀਟ ਕਮੇਟੀ ਨੂੰ ਦਰਖਾਸਤ ਦਿੱਤੀ ਗਈ ਹੈ ਅਤੇ ਆਪਣੇ ਨੁਕਸਾਨ ਦੀ ਭਰਪਾਈ ਲਈ ਉਹ ਅੱਗੇ ਵੀ ਪੈਰਵਾਈ ਕਰਨਗੇ। ਉਨ੍ਹਾ ਕਿਹਾ ਕਿ ਉਹ ਉਸ 4100 ਗੱਟਿਆਂ ਦੀ ਵੀ ਜਾਂਚ ਕਰਵਾ ਰਹੇ ਹਨ, ਜਿਸ ਦਾ ਕਬਰਵਾਲਾ ਦਾਣਾ ਮੰਡੀ ਵਿੱਚੋਂ ਗੇਟ ਪਾਸ ਕੱਟਿਆ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਲਗਭਗ 5 ਲੱਖ ਦਾ ਨੁਕਸਾਨ ਹੋ ਚੁੱਕਾ ਹੈ ਤੇ ਇਹ ਚੋਰੀ ਰਾਤ ਸਮੇਂ ਹੋ ਰਹੀ, ਜਦੋਂ ਕਿਸਾਨ ਆਸੇ-ਪਾਸੇ ਚਲਾ ਜਾਂਦਾ ਹੈ ਤਾਂ ਢੇਰੀਆਂ ਵਿੱਚ ਝੋਨੇ ਦੀ ਚੋਰੀ ਹੁੰਦੀ ਹੈ, ਜਿਸ ਨੂੰ ਲੈ ਕੇ ਉਨ੍ਹਾਂ ਪ੍ਰਸ਼ਾਸਨ ਦੀ ਮੰਗ ਕੀਤੀ ਕਿ ਮੰਡੀਆਂ ਵਿੱਚ ਕੈਮਰਿਆਂ ਦਾ ਪ੍ਰਬੰਧ ਕੀਤਾ ਜਾਵੇ ਤੇ ਲਾਈਟ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਚੋਰੀਆਂ ਨਾ ਹੋਣ। ਕਬਰਵਾਲਾ ਮੰਡੀ ਵਿੱਚ ਚੋਰੀ ਦੀ ਆਡੀਓ ਤੇ ਵੀਡੀਓ ਵਾਇਰਲ ਹੋਣ ਬਾਰੇ ਜਦੋਂ ਮਾਰਕੀਟ ਕਮੇਟੀ ਦੇ ਸੈਕਟਰੀ ਅਮਨਦੀਪ ਸਿੰਘ ਕੰਗ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਵੀ ਇਸ ਬਾਰੇ ਪਤਾ ਲੱਗਿਆ ਹੈ ਤੇ ਕੁੱਝ ਕਿਸਾਨਾਂ ਵੱਲੋਂ ਸ਼ਿਕਾਇਤ ਵੀ ਦਰਜ ਕਰਵਾਈ ਗਈ ਕਿ ਕਬਰਵਾਲਾ ਮੰਡੀ ਵਿੱਚ ਚੋਰੀ ਹੋਈ ਹੈ ਅਤੇ ਕੁੱਝ ਗੱਟੇ ਉਨ੍ਹਾਂ ਦੇ ਵੀ ਚੋਰੀ ਹੋਏ ਹਨ, ਜਿਸ ਸਬੰਧੀ ਉਨ੍ਹਾਂ ਵੱਲੋਂ ਖਰੀਦ ਏਜੰਸੀਆਂ ਤੇ ਥਾਣਾ ਕਬਰਵਾਲਾ ਨੂੰ ਵੀ ਪੱਤਰ ਭੇਜਿਆ ਗਿਆ ਹੈ ਅਤੇ ਜੋ ਸ਼ਿਕਾਇਤ ਹੋਈ ਹੈ, ਉਸ ਦੀ ਕਾਪੀ ਦੀ ਵੀ ਮੰਗ ਕੀਤੀ ਹੈ ਅਤੇ ਇਸ ਦੀ ਜਾਂਚ ਚੱਲ ਰਹੀ ਹੈ, ਇਸ ਵਿੱਚ ਕੋਈ ਵੀ ਦੋਸ਼ੀ ਹੋਇਆ ਤਾਂ ਉਸ 'ਤੇ ਪੰਜਾਬ ਮੰਡੀ ਬੋਰਡ ਦੇ ਕਾਨੂੰਨਾਂ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ। 4100 ਗੱਟੇ ਚੋਰੀ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਖਰੀਦ ਏਜੰਸੀਆਂ ਤੋਂ ਜੋ ਖਰੀਦ ਹੋਈ ਹੈ, ਉਸ ਦੀ ਆੜ੍ਹਤੀਆਂ ਦੀ ਵੇਰਵੇ ਸਮੇਤ ਮੰਗ ਕੀਤੀ ਹੈ ਅਤੇ ਉਸ ਦੇ ਅੰਕੜੇ ਆਉਣ ਤੋਂ ਬਾਅਦ ਹੀ ਇਸ ਬਾਰੇ ਕੁੱਝ ਸਪੱਸ਼ਟ ਹੋਵੇਗਾ ਕਿ ਚੋਰੀ ਕਿਸ ਆੜ੍ਹਤੀਏ ਦੀ ਹੋਈ ਹੈ ਤੇ ਚੋਰੀ ਕਰਨ ਵਾਲਾ ਕੌਣ ਵਿਅਕਤੀ ਹੈ? ਇਸ ਬਾਰੇ ਪਤਾ ਚੱਲੇਗਾ ਤੇ ਉਸ ਵਿਅਕਤੀ ਵਿਰੁੱਧ ਕਾਨੂੰਨ ਮੁਤਾਬਿਕ ਕਾਰਵਾਈ ਹੋਵੇਗੀ।

# ਸਪਰਿੰਗ ਫੀਲਡ ਸਕੂਲ 'ਚ ਕੇ ਜੀ ਕਲਾਸਾਂ ਦੀ ਐਥਲੈਟਿਕਸ ਮੀਟ ਸ਼ੁਰੂ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੀ ਨਾਮਵਰ ਸੰਸਥਾ ਵਿਖੇ ਹਰ ਸਾਲ ਦੀ ਤਰ੍ਹਾਂ ਨਰਸਰੀ ਬਲਾਕ ਦੇ ਬੱਚਿਆਂ ਦੀਆਂ ਖੇਡਾਂ ਦੀ ਸ਼ੁਰੂਆਤ ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਰੀਬਨ ਕੱਟ ਕੇ ਕੀਤੀ, ਜਿਸ ਵਿੱਚ ਬੱਚੇ ਵੱਖ-ਵੱਖ ਖੇਡਾਂ ਜਿਵੇਂ 50 ਮੀਟਰ ਰੇਸ, ਰਿੰਗ ਇਨ ਸਰਕਲ, ਕਿੱਕ ਦੀ ਬਾਲ, ਬਲਾਕ ਇਨ ਬੱਕਟ, ਜਿੰਗ ਜੈਗ, ਰਿਲੇਅ ਰੇਸ, ਕੋਇੰਨ ਰੇਸ ਤੋਂ ਬਿਨਾਂ ਹੋਰ ਵੀ ਫਨੀ ਗੇਮਾਂ ਕਰਵਾਈਆਂ ਜਾਣਗੀਆਂ ਅਤੇ ਜੇਤੂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਜਾਵੇਗਾ।

ਚੇਅਰਮੈਨ ਨੇ ਦੱਸਿਆ ਕਿ ਪੜ੍ਹਾਈ ਦੇ ਨਾਲ ਨਾਲ ਜੇਕਰ ਬੱਚਿਆਂ ਦੀ ਦਿਲਚਸਪੀ ਖੇਡਾਂ ਵਿੱਚ ਵੀ ਪੈਦਾ ਕੀਤੀ ਜਾਵੇ ਤਾਂ ਬੱਚੇ ਜਿੱਥੇ ਵਧੀਆ ਖਿਡਾਰੀ ਬਣਦੇ ਹਨ, ਉੱਥੇ ਉਨ੍ਹਾਂ ਵਿੱਚ ਅਨੁਸ਼ਾਸਨ ਦੀ ਭਾਵਨਾ, ਹਾਰ ਜਿੱਤ ਨੂੰ ਸਹਿਣ ਦੀ ਸ਼ਕਤੀ ਤੇ ਆਪਸੀ ਮਿਲ-ਜੁਲ ਕੇ ਰਹਿਣ ਦਾ ਜਜ਼ਬਾ ਪੈਦਾ ਹੁੰਦਾ ਹੈ।ਸਕੂਲ ਅਧਿਆਪਕਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਬੱਚੇ ਦਾ ਸਰਬਪੱਖੀ ਵਿਕਾਸ ਕੀਤਾ ਜਾਵੇ ਤਾਂ ਜੋ ਬੱਚੇ ਵੱਖ-ਵੱਖ ਖੇਤਰਾਂ ਵਿੱਚ ਨਿਪੁੰਨ ਹੋ ਸਕਣ।ਇਸੇ ਕਰ ਕੇ ਸਕੂਲ ਵੱਲੋਂ ਹਰ ਸਾਲ ਖੇਡਾਂ, ਗੀਤ ਸੰਗੀਤ ਤੇ ਹੋਰ ਬਹੁਤ ਸਾਰੀਆਂ ਕਿਰਿਆਵਾਂ ਬੱਚਿਆਂ ਤੋਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਬੱਚਿਆਂ ਦੀ ਦਿਲਚਸਪੀ ਹਰ ਖੇਤਰ ਵਿੱਚ ਬਣੀ ਰਹੇ।ਇਹ ਐਥਲੈਟਿਕਸ ਮੀਟ ਕੋਆਰਡੀਨੇਟਰ ਮੈਡਮ ਮਮਤਾ ਢੰਡ ਸਕੂਲ ਡੀ. ਪੀ. ਹਰਜਿੰਦਰ ਸਿੰਘ ਤੇ ਡੀ. ਪੀ. ਮੈਡਮ ਹਰਦੀਪ ਕੌਰ ਦੀ ਨਿਗਰਾਨੀ ਹੇਠ ਕਰਵਾਈ ਜਾ ਰਹੀ ਹੈ।ਸਕੂਲ ਪ੍ਰਿੰਸੀਪਲ ਬਾਇਜੂ ਵਿਜੇ ਨੇ ਅਨੁਸ਼ਾਸਨ ਬਣਾਈ ਰੱਖਣ ਲਈ ਸਭ ਨੂੰ ਪ੍ਰੇਰਿਤ ਕੀਤਾ ਤੇ ਅਧਿਆਪਕਾਂ ਦਾ ਖੇਡਾਂ ਵਿੱਚ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ।

# ਪੰਜਾਬ ਸਟੇਟ ਸੀਨੀਅਰ ਬੈਡਮਿੰਟਨ ਚੈਂਪੀਅਨਸ਼ਿਪ 30 ਨੂੰ



ਜਲੰਧਰ (ਸ਼ੈਲੀ)-ਪੰਜਾਬ ਰਾਜ ਸੀਨੀਅਰ ਬੈਡਮਿੰਟਨ ਚੈਂਪੀਅਨਸ਼ਿਪ 30 ਨਵੰਬਰ ਤੋਂ 2 ਦਸੰਬਰ ਤੱਕ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿਖੇ ਕਰਵਾਈ ਜਾਵੇਗੀ। ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ (ਡੀ.ਬੀ.ਏ.) ਜਲੰਧਰ ਵੱਲੋਂ ਕਰਵਾਈ ਜਾ ਰਹੀ ਇਹ ਚੈਂਪੀਅਨਸ਼ਿਪ ਇਤਿਹਾਸਕ ਹੋਵੇਗੀ ਅਤੇ ਚੈਂਪੀਅਨਸ਼ਿਪ ਦੇ ਇਤਿਹਾਸ ਵਿੱਚ ਪਹਿਲੀ ਵਾਰ ਜੇਤੂ ਖਿਡਾਰੀਆਂ ਨੂੰ 2 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ।ਚੈਂਪੀਅਨਸ਼ਿਪ ਦੇ ਅਧਿਕਾਰਤ ਪੋਸਟਰ ਦਾ ਉਦਘਾਟਨ ਸ਼ਨੀਵਾਰ ਨੂੰ ਜਲੰਧਰ ਦੇ ਡਿਪਟੀ ਕਮਿਸ਼ਨਰ ਅਤੇ ਜਲੰਧਰ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ.) ਦੁਆਰਾ ਕੀਤਾ ਗਿਆ। ਚੈਂਪੀਅਨਸ਼ਿਪ ਬਾਰੇ ਡੀਬੀਏ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਪੰਜਾਬ ਭਰ ਤੋਂ 200 ਦੇ ਕਰੀਬ ਖਿਡਾਰੀ ਸਿੰਗਲਜ਼, ਡਬਲਜ਼ ਅਤੇ ਮਿਕਸਡ ਡਬਲਜ਼ ਪੁਰਸ਼-ਮਹਿਲਾ ਵਰਗ ਦੇ ਮੁਕਾਬਲਿਆਂ ਵਿੱਚ ਭਾਗ ਲੈਣਗੇ। ਮੈਚਾਂ ਦਾ ਸੰਚਾਲਨ ਬੀਏਆਈ ਤੋਂ ਮਾਨਤਾ ਪ੍ਰਾਪਤ ਰੈਫਰੀ ਸ੍ਰੀ ਵਿਲਾਸ ਰੇਸ ਅਤੇ ਉਨ੍ਹਾਂ ਦੀ ਟੀਮ ਕਰਨਗੇ।ਇਸ ਚੈਂਪੀਅਨਸ਼ਿਪ ਦੇ ਜੇਤੂ ਖਿਡਾਰੀ ਦਸੰਬਰ ਵਿੱਚ ਬੰਗਲੌਰ ਵਿਖੇ ਹੋਣ ਵਾਲੀ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨਗੇ, ਜਿੱਥੇ ਉਹ ਕੌਮੀ ਪੱਧਰ 'ਤੇ ਖੇਡਣਗੇ।ਇਸ ਚੈਂਪੀਅਨਸ਼ਿਪ ਦਾ ਉਦਘਾਟਨ 30 ਨਵੰਬਰ ਨੂੰ ਮੁੱਖ ਮਹਿਮਾਨ ਪੁਲਸ ਕਮਿਸ਼ਨਰ ਸਵਪਨ ਸ਼ਰਮਾ (ਆਈਪੀਐਸ) ਕਰਨਗੇ। ਚੈਂਪੀਅਨਸ਼ਿਪ ਦੇ ਦੌਰਾਨ, ਪੰਜਾਬ ਦੇ ਚਾਰ ਸ਼ਾਨਦਾਰ ਖਿਡਾਰੀਆਂ-ਤਨਵੀ ਸ਼ਰਮਾ, ਰਾਧਿਕਾ, ਮਾਨਿਆ ਰਲਹਨ ਅਤੇ ਜਗਸ਼ੇਰ ਖੰਗੂੜਾ ਨੂੰ ਖੇਡ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਅਤੇ ਭਾਰਤੀ ਬੈਡਮਿੰਟਨ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਜਾਵੇਗਾ।ਰਿਤਿਨ ਖੰਨਾ ਨੇ ਦੱਸਿਆ ਕਿ ਸਾਰੇ ਪ੍ਰਤੀਯੋਗੀਆਂ ਲਈ ਭੋਜਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਚੈਂਪੀਅਨਸ਼ਿਪ ਦੇ ਸਪਾਂਸਰ ਘਨਸ਼ਿਆਮ ਸਵੀਟਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਇਹ ਚੈਂਪੀਅਨਸ਼ਿਪ ਸਫਲਤਾਪੂਰਵਕ ਕਰਵਾਈ ਜਾ ਰਹੀ ਹੈ।

# ਮਿਸ਼ਨ ਤੰਦਰੁਸਤ ਪੰਜਾਬ ਅਧੀਨ ਜਾਗਰੂਕਤਾ ਰੈਲੀ ਕੱਢੀ



ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ): ਸਥਾਨਕ ਸਕੂਲ ਆਫ ਐਮੀਨੈਂਸ ਫਾਰ ਗਰਲਜ਼ ਵੱਲੋਂ ਸਿੱਖਿਆ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ ਮਿਸ਼ਨ ਤੰਦਰੁਸਤ ਪੰਜਾਬ ਨੂੰ ਸਮਰਪਿਤ ਰੈਲੀ ਸ਼ਹਿਰ ਅੰਦਰ ਕੱਢੀ ਗਈ।ਮਿਸ਼ਨ ਦੇ ਮੀਡੀਆ ਇੰਚਾਰਜ ਅਮਿਤਪਾਲ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਮਿਸ਼ਨ ਤੰਦਰੁਸਤ ਪੰਜਾਬ ਅਧੀਨ ਸਰਕਾਰੀ ਸਕੂਲਾਂ ਅੰਦਰ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਤੰਦਰੁਸਤ ਪੰਜਾਬ ਮਨਾਇਆ ਜਾ ਰਿਹਾ ਹੈ। ਇਸ ਮੌਕੇ ਰੈਲੀ ਨੂੰ ਸ਼ਹਿਰ ਅੰਦਰ ਰਵਾਨਾ ਕਰਨ ਮੌਕੇ ਸੰਬੋਧਨ ਕਰਦਿਆਂ ਸੰਸਥਾ ਦੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਤੰਦਰੁਸਤ ਸਰੀਰ ਹੋਣਾ ਅਤੀ ਜ਼ਰੂਰੀ ਹੈ, ਕਿਉਂਕਿ ਇੱਕ ਤੰਦਰੁਸਤ ਸਰੀਰ ਅੰਦਰ ਹੀ ਇੱਕ ਤੰਦਰੁਸਤ ਦਿਮਾਗ ਦਾ ਨਿਵਾਸ ਹੁੰਦਾ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਸੰਤੁਲਿਤ ਭੋਜਨ, ਸਰੀਰਕ ਕਸਰਤਾਂ ਦੇ ਨਾਲ ਨਾਲ ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸਾਉਣ ਤੱਕ ਇੱਕ ਸੁਚੱਜੀ ਸਮਾਂ ਸਾਰਣੀ ਨੂੰ ਜ਼ਿੰਦਗੀ ਦਾ ਹਿੱਸਾ ਲਾਜ਼ਮੀ ਤੌਰ 'ਤੇ ਬਣਾਉਣਾ ਚਾਹੀਦਾ ਹੈ। ਇਹ ਰੈਲੀ ਮੇਨ ਬਜ਼ਾਰ 'ਚ ਹੁੰਦੀ ਹੋਈ ਮੋਰਿੰਡਾ ਰੋਡ ਤੋਂ ਮੁੜ ਸਕੂਲ ਵਿਖੇ ਪਹੁੰਚ ਸਮਾਪਤ ਹੋਈ। ਇਸ ਮੌਕੇ ਸਕੂਲ ਅਧਿਆਪਕ ਕੁਲਵਰਨ ਕੌਰ, ਨਿਰਮਲ ਕੌਰ, ਅਮਨਦੀਪ ਸਿੰਘ, ਸੁਖਵਿੰਦਰਪਾਲ ਸਿੰਘ, ਹਰਜੀਤ ਸਿੰਘ ਅਤੇ ਸੰਦੀਪ ਕੌਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ 3

# ਕਿਸ਼ਤੀ ਦੌੜਾਂ 'ਚ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਖਿਡਾਰੀਆਂ ਨੇ 2 ਗੋਲਡ ਤੇ 3 ਸਿਲਵਰ ਮੈਡਲ ਜਿੱਤੇ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ 3 ਵਿੱਚੋਂ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਖਿਡਾਰੀਆਂ ਨੇ 2 ਗੋਲਡ ਤੇ 3 ਸਿਲਵਰ ਮੈਡਲ ਜਿੱਤੇ ਹਨ। ਕਟਲੀ ਰੋਡ ਵਿਖੇ ਹੋਏ ਇਹਨਾਂ ਮੁਕਾਬਲਿਆਂ ਵਿੱਚ ਪੰਜਾਬ ਤੋਂ ਵੱਖ ਵੱਖ ਜ਼ਿਲ੍ਹਿਆਂ ਦੇ 500 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਇਹਨਾਂ ਮੁਕਾਬਲਿਆਂ ਵਿੱਚ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਕਰੀਬ 70 ਖਿਡਾਰੀਆਂ ਨੇ ਭਾਗ ਲਿਆ। ਸੈਂਟਰ ਦੇ ਕੋਚ ਅਮਨਦੀਪ ਸਿੰਘ ਨੇ ਦੱਸਿਆ ਕਿ ਇਹਨਾਂ ਖਿਡਾਰੀਆਂ ਵੱਲੋਂ ਲਗਾਤਾਰ ਪਿਛਲੇ ਲੰਬੇ ਸਮੇਂ ਤੋਂ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਵਿਖੇ ਅਭਿਆਸ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸੈਂਟਰ ਬੱਚਿਆਂ ਲਈ ਤੀਰਥ ਵਾਂਗ ਸਾਬਿਤ ਹੋ ਰਿਹਾ ਹੈ ਜਿੱਥੇ ਬੱਚਿਆਂ ਨੂੰ ਮੁਫਤ ਵਿੱਚ ਸਿੱਖਿਆ ਦੇ ਨਾਲ-ਨਾਲ ਹੋਰ ਵੀ ਸਾਰੀਆਂ ਸੁਵਿਧਾਵਾਂ ਬਿਲਕੁੱਲ ਮੁਫਤ ਵਿੱਚ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਬੱਚਿਆਂ ਨੂੰ ਅਭਿਆਸ ਕਰਵਾਉਣ ਵਿੱਚ ਸਹਾਇਕ ਕੋਚ ਰਣਜੀਤ ਸਿੰਘ, ਮੰਗਤ ਰਾਮ, ਵਰਿੰਦਰ ਸਿੰਘ ਅਤੇ ਪ੍ਰਿਆ ਵੱਲੋਂ ਵੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਕੋਚ ਰਣਜੀਤ ਨੇ ਦੱਸਿਆ ਕਿ ਇਹਨਾਂ ਵਿੱਚ ਬਹੁਤ ਸਾਰੇ ਬੱਚੇ ਅਜਿਹੇ ਸੀ ਜਿਹਨਾਂ ਨੇ ਪਹਿਲੀ ਵਾਰ ਕਿਸੇ ਮੁਕਾਬਲਿਆਂ ਵਿੱਚ ਭਾਗ ਲਿਆ ਸੀ।ਜਿੱਤ ਕੇ ਬੱਚੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੇ। ਇਹਨਾਂ ਖਿਡਾਰੀਆਂ ਦਾ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਉਹਨਾਂ ਦੱਸਿਆ ਕਿ ਸਾਲ 2014 ਵਿੱਚ ਸ਼ੁਰੂ ਕੀਤਾ ਗਿਆ ਇਹ ਸੈਂਟਰ ਬੱਚਿਆਂ ਲਈ ਇੱਕ ਵਰਦਾਨ ਸਾਬਿਤ ਹੋ ਰਿਹਾ ਹੈ।



## ਸੁਫਨਾ ਸੱਚ ਹੋਣ ਦੇ ਵਾਂਗ ਹੈ ਇਹ ਸੈਂਟਰ ਸਾਡੇ ਲਈ : ਵਰਿੰਦਰ, ਮੰਗਤ ਰਾਮ

ਪਿਛਲੇ ਲੰਬੇ ਸਮੇਂ ਤੋਂ ਸੈਂਟਰ ਨਾਲ ਜੁੜੇ ਤੇ ਅਭਿਆਸ ਕਰ ਰਹੇ ਮੰਗਤ ਰਾਮ, ਵਰਿੰਦਰ ਸਿੰਘ ਨੇ ਦੱਸਿਆ ਕਿ ਇਹ ਸੈਂਟਰ ਉਹਨਾਂ ਦੇ ਉਹ ਹਰ ਸੁਫਨੇ ਨੂੰ ਪੂਰਾ ਕਰ ਰਿਹਾ ਹੈ। ਜਿਹਨਾਂ ਖੇਡ ਹੋਰ ਕਾਰਨ ਸ਼ਾਇਦ ਉਹ ਕਦੇ ਵੀ ਆਪਣੇ ਸੁਫਨੇ ਪੂਰੇ ਨਹੀਂ ਸੀ ਕਰ ਸਕਦੇ। ਉਹਨਾਂ ਕਿਹਾ ਕਿ ਆਰਥਿਕ ਪੱਖੋਂ ਗਰੀਬ ਹੋਣ ਕਾਰਨ ਇਹੋ ਜਿਹੀ ਮਹਿੰਗੀ ਖੇਡ ਉਹਨਾਂ ਦੇ ਵੱਸ ਤੋਂ ਬਾਹਰ ਸੀ ਪਰ ਇਸ ਸੈਂਟਰ ਵਿੱਚ ਉਹਨਾਂ ਨੂੰ ਪਰਿਵਾਰਿਕ ਮਾਹੌਲ ਮਿਲ ਰਿਹਾ ਹੈ। ਜਿੱਥੇ ਰੋਜ਼ਾਨਾ ਖੁਦ ਬਾਬਾ ਜੀ ਵੱਲੋਂ ਇੱਥੇ ਅਭਿਆਸ ਕਰ ਰਹੇ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਤੇ ਉਹਨਾਂ ਦੀ ਲੋੜ ਦੀ ਹਰ ਸੁਵਿਧਾ ਦਾ ਉਚੇਚਾ ਧਿਆਨ ਰੱਖਿਆ ਜਾਂਦਾ ਹੈ।


# ਜਿੱਤਣ ਉਪਰੰਤ ਰੰਧਾਵਾ ਧਾਲੀਵਾਲ ਨਾਲ ਦਰਬਾਰ ਸਾਹਿਬ ਵਿਖੇ ਹੋਏ ਨਤਮਸਤਕ

## * ਰੰਧਾਵਾ ਦਾ ਡੇਰਾ ਬਾਬਾ ਨਾਨਕ ਪੁੱਜਣ 'ਤੇ ਵਰਕਰਾਂ ਨੇ ਕੀਤਾ ਭਰਵਾਂ ਸਵਾਗਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਗੁਰਦੀਪ ਸਿੰਘ ਰੰਧਾਵਾ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਾਥੀਆਂ ਸਮੇਤ ਸ਼ੁਕਰਾਨਾ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪੁੱਜੇ ਤੇ ਨਤਮਸਤਕ ਹੋ ਕੇ ਗੁਰੂ ਘਰ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਰਵਣ ਸਿੰਘ ਵੱਲੋਂ ਸ਼ੁਕਰਾਨੇ ਦੀ ਅਰਦਾਸ ਕਰਨ ਉਪਰੰਤ ਗੁਰਦੀਪ ਸਿੰਘ ਰੰਧਾਵਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸ. ਰੰਧਾਵਾ ਨੇ ਕਿਹਾ ਕਿ ਇਹ ਮੇਰੀ ਜਿੱਤ ਨਹੀਂ ਇਹ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਹਲਕਾ ਡੇਰਾ ਬਾਬਾ ਨਾਨਕ ਦੇ ਸਮੂਹ ਲੋਕਾਂ ਦੀ ਜਿੱਤ ਹੈ। ਉਹ ਮੈਂ ਜਿਥੇ ਗੁਰੂ ਮਹਾਰਾਜ ਦਾ ਕੋਟਿਨ ਕੋਟ ਧੰਨਵਾਦ ਕਰਦਾ ਹਾਂ ਉਥੇ ਸਮੂਹ ਵੋਟਰਾਂ ਤੇ ਸਪੋਰਟਾਂ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾਂ। ਮੈਂ ਉਨ੍ਹਾਂ ਦਾ ਸਦਾ ਰਿਣੀ ਰਹਾਂਗਾ।ਇਸ ਮੌਕੇ ਚੇਅਰਮੈਨ ਰਣਜੋਤ ਸਿੰਘ ਬਾਠ, ਮਨਜੋਤ ਸਿੰਘ ਰੰਧਾਵਾ, ਰਜੇਸ਼ ਕੁਮਾਰ ਬਿੱਟਾ ਮਹਾਜਨ, ਗੁਰਪ੍ਰੀਤ ਸਿੰਘ ਬਾਦਲ ਸੁਧੀਰ ਬੇਦੀ, ਚਰਨਜੀਤ ਸਿੰਘ ਬੇਦੀ ਧਰਮਪਾਲ ਸਿੰਘ, ਕੁਲਵਿੰਦਰ ਸਿੰਘ ਜੁਗਨੂੰ, ਹਰਦੇਵ ਸਿੰਘ ਹਰੂਵਾਲ, ਵਿਪਨ ਸੋਨੀ, ਸੰਜੀਵ ਸੋਨੀ, ਬਲਰਾਜ ਰਾਏ ਡਾਇਮੰਡ, ਤੇ ਗਗਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।

# ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ 'ਚ ਲੱਗੀ ਸਾਇੰਸ ਪ੍ਰਦਰਸ਼ਨੀ





ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਦਸਮੇਸ਼ ਵਿੱਦਿਅਕ ਸੰਸਥਾਵਾਂ ਦੀ ਅਗਵਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਸਾਇੰਸ ਪ੍ਰਦਰਸ਼ਨੀ ਲਗਾਈ ਗਈ।ਸਕੂਲ ਵੱਲੋਂ ਇਹ ਉਪਰਾਲਾ ਕਰਕੇ ਬੱਚਿਆਂ ਦੀ ਜੱਗੋਂ ਵਿੱਚ ਛੁਪੀ ਪ੍ਰਤਿਭਾ ਨੂੰ ਬਾਹਰ ਲਿਆਉਣ ਦਾ ਯਤਨ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਹਰ ਵਿਦਿਆਰਥੀ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਇਸ ਪ੍ਰਦਰਸ਼ਨੀ ਦੌਰਾਨ ਜਮਾਤ ਤੀਜੀ ਤੋਂ ਲੈ ਕੇ ਗਿਆਰਵੀਂ ਜਮਾਤ ਦੇ ਬੱਚਿਆਂ ਵੱਲੋਂ ਲਗਾਈ ਗਈ।ਵਿਦਿਆਰਥੀਆਂ ਵੱਲੋਂ ਸਾਇੰਸ ਦੇ ਵੱਖਰੇ-ਵੱਖਰੇ ਮਾਡਲ ਤਿਆਰ ਕੀਤੇ ਗਏ।ਇਹ ਮਾਡਲ ਬੱਚਿਆਂ ਨੇ ਆਪਣੇ ਹੱਥੀਂ ਤਿਆਰ ਕੀਤੇ ਜਿਸ ਵਿੱਚ ਉਹਨਾਂ ਨੇ ਘੱਟ ਅਸਾਨੀ ਨਾਲ ਮਿਲਣ ਵਾਲੀਆਂ ਵਸਤੂਆਂ ਦੀ ਵਰਤੋਂ ਕੀਤੀ।ਇਹਨਾਂ ਮਾਡਲਾਂ ਵਿੱਚ ਉਹਨਾਂ ਨੇ ਸੋਲਰ ਊਰਜਾ,ਗਤੀਵਿਧੀਆਂ, ਵੱਖ - ਵੱਖ ਗੈਸਾਂ ਦੀ ਵਰਤੋਂ ਅਤੇ ਲਾਭਾਂ ਦੇ ਬਾਰੇ, ਬਿਜਲੀ ਦੁਆਰਾ ਚੱਲਣ ਦੇ ਮਾਡਲ ਆਦਿ ਬਾਰੇ ਦਰਸਾਇਆ ਗਿਆ। ਵਿਦਿਆਰਥੀਆਂ ਵੱਲੋਂ ਇਹਨਾਂ ਮਾਡਲਾਂ ਸੰਬੰਧੀ ਜਾਣਕਾਰੀ ਵੀ ਦਿੱਤੀ ਗਈ।ਸਾਰੇ ਬੱਚਿਆਂ ਵਲੋਂ ਇਸ ਵਿੱਚ ਨਵਾਂ ਤਜਰਬਾ ਰਿਹਾ ਅਤੇ ਬਹੁਤ ਕੁਝ ਉਹਨਾਂ ਨੂੰ ਨਵਾਂ ਵੀ ਸਿੱਖਣ ਨੂੰ ਮਿਲਿਆ।ਅਧਿਆਪਕਾਂ ਦੇ ਪ੍ਰਬੰਧ ਦੁਆਰਾ ਸਾਇੰਸ ਨਾਲ ਇਹ ਪ੍ਰਦਰਸ਼ਨੀ ਮੁਕੰਮਲ ਹੋਈ ਅਤੇ ਸਾਇੰਸ ਅਧਿਆਪਕਾਂ ਨੇ ਇਹ ਪ੍ਰਦਰਸ਼ਨੀ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਯੋਗਦਾਨ ਦਿੱਤਾ।ਸਕੂਲ ਦੇ ਡਾਇਰੈਕਟਰ ਮੈਡਮ ਹਰਪ੍ਰੀਤ ਕੌਰ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਬੱਚਿਆਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।ਉਹਨਾਂ ਨੇ ਵਿਦਿਆਰਥੀਆਂ ਨੂੰ ਇੰਝ ਹੀ ਮਿਹਨਤ ਕਰਦੇ ਰਹਿਣ ਬਾਰੇ ਕਿਹਾ।ਇਸ ਮੌਕੇ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵੀ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਤੇ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਂਦੇ ਰਹਿਣ ਦੀ ਪ੍ਰੇਰਣਾ ਦਿੱਤੀ।ਦਸਮੇਸ਼ ਅਦਾਰਾ ਹਮੇਸ਼ਾ ਹੀ ਬੱਚਿਆਂ ਦੇ ਬਹੁਪੱਖੀ ਵਿਕਾਸ ਵੱਲ ਧਿਆਨ ਦਿੰਦਾ ਰਿਹਾ ਅਤੇ ਇਹੋ ਯਤਨ ਅੱਗੇ ਵੀ ਚਲਦੇ ਰਹਿਣਗੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



ਔਡਾਂ ਸਰਾਂ (ਜਸਵੀਰ ਕਾਜਲ) ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸਿੰਘ ਸਭਾ ਕੰਧਾਲਾ ਜੱਟਾਂ ਵੱਲੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ।ਨਗਰ ਦੀਆਂ ਸੰਗਤਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਵਿੱਚ ਸਿੱਖ ਪੰਥ ਦੇ ਮਹਾਨ ਢਾਡੀ ਕਸ਼ਮੀਰ ਸਿੰਘ ਕਾਦਰ ਨਵਾਂ ਸ਼ਹਿਰ ਵਾਲੇ ਢਾਡੀ ਜਥੇ ਨੇ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ।ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਤੋਂ ਆਰੰਭ ਹੋ ਕੇ ਔਡਾਂ ਸਰਾਂ, ਸਾਰੇ ਨਗਰ ਦੀ ਪਰਿਕਰਮਾ ਕਰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਆ ਕੇ ਸੰਪੰਨ ਹੋਇਆ।ਗੁਰਦੁਆਰਾ ਬਾਬਾ ਬਿਸ਼ਨ ਸਿੰਘ ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਰਜਿ. ਕੰਧਾਲਾ ਜੱਟਾਂ, ਗੁਰਦੁਆਰਾ ਬਾਬਾ ਬਿਸ਼ਨ ਸਿੰਘ ਚਰੂਦੀ ਪੱਤੀ, ਲੰਗਰ ਕਮੇਟੀ ਔਡਾਂ ਸਰਾਂ ਅਤੇ ਹੋਰ ਸੰਗਤਾਂ ਨੇ ਸੇਵਾਦਾਰਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਲੰਗਰ ਲਗਾਏ ਗਏ।ਇਸ ਮੌਕੇ ਕਮੇਟੀ ਪ੍ਰਧਾਨ ਜਗੀਰ ਸਿੰਘ ,ਭਾਈ ਗੁਰਮੁਖ ਸਿੰਘ, ਸਰਪੰਚ ਹਰਪ੍ਰੀਤ ਕਰ ਅਤੇ ਸਮੂਹ ਗ੍ਰਾਮ ਪੰਚਾਇਤ ਕੰਧਾਲਾ ਜੱਟਾਂ, ਸਿਮਰਨਜੀਤ ਸਿੰਘ , ਤੇਜਪਾਲ ਸਿੰਘ,ਦਲਜੀਤ ਸਿੰਘ, ਮਹਿੰਦਰ ਸਿੰਘ, ਰਾਜਾ ਸਿੰਘ ਲੰਬੜਦਾਰ , ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ, ਜਸਵਿੰਦਰ ਸਿੰਘ ਜੱਸੀ, ਜਸਵਿੰਦਰ ਸਿੰਘ,ਜਸਕਰਨ ਸਿੰਘ , ਇੰਦਰਪ੍ਰੀਤ ਸਿੰਘ,ਤਪਜੋਤ ਸਿੰਘ ਪ੍ਰਭ ਕੀਰਤ ਸਿੰਘ, ਸੁੱਖਵਿੰਦਰ ਸੁੱਖਾ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ। ਭਾਈ ਗੁਰਪ੍ਰੀਤ ਸਿੰਘ ਕੈਨੇਡਾ, ਜਗਮੀਤ ਸਿੰਘ ਅਮਰੀਕਾ, ਭਾਈ ਰੇਸ਼ਮ ਸਿੰਘ ਕੈਨੇਡਾ ਅਤੇ ਹੋਰ ਐਨਆਰਆਈ ਸੰਗਤਾਂ ਦਾ ਇਸ ਸਮਾਗਮ ਵਿੱਚ ਵਿਸ਼ੇਸ਼ ਸਹਿਯੋਗ ਹੈ।

# ਬਿਜਲੀ ਸਪਲਾਈ ਭਲਕੇ ਬੰਦ ਰਹੇਗੀ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਪੰਜਾਬ ਸਟੇਟ ਪਾਵਰਕਾਮ ਦੇ ਐਸ. ਡੀ. ਓ. ਹਰਪ੍ਰੀਤ ਸਿੰਘ ਮੰਡਲ ਗੋਹਲਵੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਨਵੰਬਰ ਦਿਨ ਸੋਮਵਾਰ ਨੂੰ 220 ਕੇ. ਵੀ. ਤੋਂ ਵਰਪਾਲ ਬਿਜਲੀ ਘਰ ਵਿਖੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ, ਜਿਸ ਕਾਰਨ ਵਰਪਾਲ ਬਿਜਲੀ ਘਰ ਅਤੇ 66 ਕੇ. ਵੀ. ਗੋਹਲਵੜ ਬਿਜਲੀ ਘਰ ਤੋਂ ਚੱਲਦੇ ਸਾਰੇ ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ।ਸ਼ਾਮ 5 ਵਜੇ ਤੋਂ ਬਾਅਦ ਬਿਜਲੀ ਸਪਲਾਈ ਫਿਰ ਤੋਂ ਬਹਾਲ ਕਰ ਦਿੱਤੀ ਜਾਵੇਗੀ।ਇਸ ਮੌਕੇ ਜੇ. ਈ. ਅਰਸ਼ਦੀਪ ਸਿੰਘ, ਜੇ. ਈ. ਅਮਰਪ੍ਰੀਤ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# 'ਆਪ' ਸਰਕਾਰ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਦਿਨ-ਰਾਤ ਕੰਮ ਕਰ ਰਹੀ ਹੈ : ਡਾ. ਅਰੋੜਾ

## ਜ਼ਿਮਨੀ ਚੋਣਾਂ 'ਚ ਜਿੱਤ ਦੀ ਹਲਕਾ ਵਿਧਾਇਕ ਨੇ ਵਧਾਈ ਦਿੱਤੀ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਬਿਨਾਂ ਕਿਸੇ ਭੇਦਭਾਵ ਅਤੇ ਇਮਾਨਦਾਰੀ ਨਾਲ ਦਿਨ ਰਾਤ ਕੰਮ ਕਰ ਰਹੀ ਹੈ।

ਮੋਗਾ ਹਲਕੇ ਦੀ ਵਿਧਾਇਕਾ ਡਾ: ਅਮਨਦੀਪ ਕੌਰ ਅਰੋੜਾ ਨੇ ਜ਼ਿਮਨੀ ਚੋਣਾਂ 'ਚ ਤਿੰਨ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਰਿਕਾਰਡਤੋੜ ਤੇ ਸ਼ਾਨਦਾਰ ਜਿੱਤ 'ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਜੇਤੂ ਉਮੀਦਵਾਰਾਂ ਨੂੰ ਵਧਾਈ ਦੇਣ ਮੌਕੇ ਪ੍ਰਗਟ ਕੀਤੇ। ਇਸ ਮੌਕੇ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਉਹ ਜ਼ਿਮਨੀ ਚੋਣਾਂ 'ਚ ਸ਼ਾਨਦਾਰ ਜਿੱਤ ਲਈ ਉਮੀਦਵਾਰਾਂ ਸਮੇਤ ਵੋਟਰਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਪੂਰੇ ਦੇਸ਼ 'ਚ ਦਿਨ-ਬ-ਦਿਨ ਵੱਡੀਆਂ ਬੁਲੰਦੀਆਂ ਹਾਸਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਵਿੱਚ ਕੀਤੇ ਵਾਅਦੇ ਪਹਿਲ ਦੇ ਆਧਾਰ 'ਤੇ ਪੂਰੇ ਕੀਤੇ ਜਾ ਰਹੇ ਹਨ।


## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ, ਉਤਰ ਰੇਲਵੇ, ਜੰਮੂ ਅਤੇ ਕਸ਼ਮੀਰ ਹੇਠਾਂ ਲਿਖਤ ਕੰਮ ਦੇ ਲਈ ਓਈਐਮ ਯਾਨੀ ਮੇਸਰਸ ਕਮਿੰਸ ਇੰਡੀਆ ਲਿਮਟਿਡ (ਡੀਬੀਯੂ) ਤੋਂ ਈ-ਟੈਂਡਰਿੰਗ ਪ੍ਰਣਾਲੀ ਦੇ ਮਾਧਿਅਮ ਨਾਲ ਸਿੰਗਲ ਨਿਵਿਦਾ ਮੰਗ ਕਰਦਾ ਹੈ।

| | |
|---|---|
| ਕੰਮ ਦਾ ਨਾਮ | ਡੀਈਐਮਯੂ ਕਾਰ ਸ਼ੇਡ ਬਡਗਾਮ ਵਿਚ ਦੋ ਸਾਲ ਦੇ ਸਮੇਂ ਦੇ ਲਈ ਕਮਿੰਸ ਇੰਜਣ ਮਾਡਲ ਐਨਟੀਏ 14 ਆਰਜੀ 2 ਅਤੇ ਕੇ 19 ਅੰਡਰ ਸਲੰਗ ਇੰਜਣ ਦਾ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ। |
| ਕੰਮ ਦੀ ਅੰਦਾਜਨ ਲਾਗਤ | ₹4,20,34,553.89 (ਰੁ. ਚਾਰ ਕਰੋੜ ਵੀਹ ਲਖ ਚੌਂਤੀ ਹਜਾਰ ਪੰਜ ਸੌ ਤਰਵੰਜਾ ਅਤੇ ਉਨਾਨਵੇਂ ਪੈਸੇ ਕੇਵਲ) |
| ਬਿਆਨਾ ਰਾਸ਼ੀ | ₹3,60,200/- (ਰੁ. ਤਿੰਨ ਲਖ ਸੱਠ ਹਜਾਰ ਦੋ ਸੌ ਕੇਵਲ) |
| ਨਿਵਿਦਾ ਦਸਤਾਵੇਜ ਵੈਬਸਾਈਟ ਤੇ ਵਿਕਰੀ ਦੇ ਲਈ ਉਪਲਬਧ | ਮਿਤੀ 23.11.2024 ਤੋਂ |
| ਈ-ਨਿਵਿਦਾ ਸਮਾਪਨ ਮਿਤੀ ਅਤੇ ਸਮਾਂ | ਮਿਤੀ 16.12.2024 ਨੂੰ 15.00 ਵਜੇ ਤਕ |
| ਈ-ਨਿਵਿਦਾ ਖੋਲਣ ਦੀ ਮਿਤੀ ਅਤੇ ਸਮਾਂ ਵੈਬਸਾਈਟ 'ਤੇ | ਮਿਤੀ 16.12.2024 ਨੂੰ 15.15 ਵਜੇ ਤਕ |
| ਵੈਲੇਡਿਟੀ | ਨਿਵਿਦਾ ਪੇਸ਼ ਕਰਨ ਦੀ ਅੰਤਮ ਮਿਤੀ ਤੋਂ 60 ਦਿਨ ਤਕ |
| ਨਿਵਿਦਾ ਦਾ ਪ੍ਰਕਾਰ | ਏਕਲ ਨਿਵਿਦਾ (ਏਕਲ ਪੈਕੇਟ ਪ੍ਰਣਾਲੀ) |
| ਵੈਬਸਾਈਟ | https//www.ireps.gov.in/ |
| ਕੰਮ ਦਾ ਸਮਾਂ | 24 ਮਹੀਨੇ |

ਨੰ.: 10-2024-ਡੇਮੂ ਬੀਡੀਜੀਐਮ ਮਿਤੀ: 23.11.2024 3613/2024

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਅਸੀਂ, ਚੰਦਰ ਸ਼ੇਖਰ ਪੁੱਤਰ ਵਿਜੇ ਕੁਮਾਰ ਅਤੇ ਮਮਤਾ ਰਾਣੀ ਪਤਨੀ ਚੰਦਰ ਸ਼ੇਖਰ ਵਾਸੀ ਮਕਾਨ ਨੰ. 820, ਵਾਰਡ ਨੰ. 17, ਗਲੀ ਨੰ. 02 ਰਾਮ ਗੰਜ ਰੋਡ, ਮੋਗਾ, ਤਹਿਸੀਲ ਮੋਗਾ, ਪੰਜਾਬ ਅਤੇ ਸਾਡੇ ਰਿਸ਼ਤੇਦਾਰ ਪ੍ਰਿੰਸ ਕੁਮਾਰ ਅਤੇ ਉਸ ਦੀ ਪਤਨੀ ਰਵਨੀਤ ਕੌਰ ਤੇ ਸੰਜੇ ਕੁਮਾਰ, ਮਮਤਾ ਰਾਣੀ ਦੇ ਭਰਾ-ਭਰਜਾਈ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨਾਲ ਆਪਣੇ ਸੰਬੰਧ ਤੋੜ ਲਏ ਹਨ। ਆਪਣੇ ਚੰਗੇ-ਮਾੜੇ ਕੰਮਾਂ ਲਈ ਇਹ ਸਾਰੇ ਖੁਦ ਜ਼ਿੰਮੇਵਾਰ ਹੋਣਗੇ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਸਰਬਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਕੰਮੋਕੇ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਦਾ ਨਿਵਾਸੀ ਹਾ। ਮੈਂ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਪ੍ਰੀਤ ਸਿੰਘ ਤੇ ਮੇਰੀ ਨੂੰਹ ਪ੍ਰਿਆ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਕਰਕੇ ਮੈ ਆਪਣੇ ਪੁੱਤਰ ਤੇ ਨੂੰਹ ਨੂੰ ਆਪਣੀ ਚਲ ਅਤੇ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੇਰਾ ਅੱਜ ਤੋਂ ਉਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ। ਸਬੰਧਤ ਨੋਟ ਕਰਨ।

ਮੈਂ, ਰੀਟਾ ਰਾਣੀ ਪਤਨੀ ਬਿਮਲ ਕੁਮਾਰ ਵਾਸੀ ਗਲੀ ਕਾਲੂ ਲੋਹਾਰ ਵਾਲੀ, ਮਜੀਠਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਮੇਰੇ ਲੜਕੇ ਅਤੇ ਨੂੰਹ ਦੀ ਕਿਸੇ ਕਥਨੀ-ਕਰਨੀ ਅਤੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਬਲਦੇਵ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ 1785, ਗਲੀ ਭਾਟੜਿਆਂ, ਕਟੜਾ ਬੱਗੀਆਂ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਉਰਫ ਟੋਨੀ ਅਤੇ ਉਸ ਦੀ ਪਤਨੀ ਰੋਮੀ ਅਤੇ ਇਨ੍ਹਾਂ ਦੇ ਦੋ ਬੱਚੇ ਮੇਰੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਦਲੀਪ ਕੁਮਾਰ ਵਰਮਾ ਪੁੱਤਰ ਸ੍ਰੀ ਮੋੜੀ ਵਰਮਾ ਵਾਸੀ ਮਕਾਨ ਨੰ. 14, ਈਸ਼ਰਪੁਰੀ, ਗੜ੍ਹਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੀਵ ਵਰਮਾ ਅਤੇ ਉਸ ਦੀ ਪਤਨੀ ਸੋਨਮ ਵਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਅਕਸਰ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਖਮੰਦਰ ਸਿੰਘ ਪੁੱਤਰ ਗਾਧੀ ਸਿੰਘ ਵਾਸੀ ਪੱਤੋ ਜਵਾਹਰ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਮੇਰਾ ਇਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਜਿੰਦਰ ਸਿੰਘ ਪੁੱਤਰ ਬੰਤ ਸਿੰਘ ਵਾਸੀ ਸੈਦੋਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਅਤੇ ਮੇਰੀ ਨੂੰਹ ਦਿਲਜੋਤ ਕੌਰ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਲਕੀਤ ਸਿੰਘ ਪੁੱਤਰ ਨੰਦ ਸਿੰਘ ਵਾਸੀ ਬੁੱਟਰ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਵੀਰਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਤੇ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਿੰਦਰ ਸਿੰਘ ਪੁੱਤਰ ਸ਼ੰਕਰ ਸਿੰਘ ਵਾਸੀ ਪਿੰਡ ਰਜ਼ਾਪੁਰ, ਡਾਕਖਾਨਾ ਖਾਨੋਵਾਲ, ਜਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਬਲਕਾਰ ਸਿੰਘ ਅਤੇ ਉਸਦੀ ਪਤਨੀ ਰਾਜਵਿੰਦਰ ਕੌਰ ਅਤੇ ਉਹਨਾਂ ਦੇ ਦੋ ਬੱਚੇ ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਉਨ੍ਹਾਂ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਕੋਈ ਵੀ ਵਿਅਕਤੀ ਮੇਰੇ ਬੇਟੇ, ਉਸਦੀ ਪਤਨੀ ਅਤੇ ਉਹਨਾਂ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

### ਬੇਦਖਲੀ ਨੋਟਿਸ

ਮੈਂ, ਬਲਵੀਰ ਕੌਰ ਪਤਨੀ ਸੋਹਣ ਸਿੰਘ, ਵਾਸੀ ਮੁਹੱਲਾ ਉੱਚਾ ਧੋੜਾ, ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਨੀ ਢੀਡਸਾਂ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਉਸਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਕੋਈ ਵੀ ਵਿਅਕਤੀ ਮੇਰੇ ਉਕਤ ਲੜਕੇ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਲਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਦੁਗਾਲ ਖੁਰਦ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨੀਤ ਸਿੰਘ ਅਤੇ ਨੂੰਹ ਅਸ਼ਮੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### Change of Name

I,Harjinder Kaur W/O Rupinder Singh Dhanju R/O VPO Fatehpur Rajputan, Mehta Road, Amritsar, Punjab have changed my name from Harjinder Kaur to Harjinder Kaur Dhanju.Concerned note. (R)

I,Rupinder Singh S/O Dalip Singh R/O VPO Fatehpur Rajputan,Mehta Road,Amritsar,Punjab have changed my name from Rupinder Singh to Rupinder Singh Dhanju.Concerned note. (R)

I, Mandhir Julka S/O Ashok Julka R/O 37- 38, Shankar Garden, Jalandhar, 144003 (Punjab) have changed the name of my minor daughter Pari @ Divya to Pari Julka, I further declare that Pari, Pari Julka and Divya is one and the same person. All concerned please note.

I Sukhwinder Singh S/o Kishan Singh R/o Village & PO Laroi Tehsil Adampur District Jalandhar, Punjab, declares that my 10th Class documents (Pass Certificate and Statement of Marks) vide Unique ID 7607811 and Index No. is 1224465/016 of my son Jasraj Singh has been lost somewhere at G.T. Road Bhogpur District Jalandhar, Punjab. All concerned note.

I Manish Kumar Sandhu son of Resham Lal Sandhu resident of House NO. 35, Street No. 62, Garden Colony , District Jalandhar, Punjab-144003, India have changed my minor son's name from AADITYA SANDHU TO ADITYA SANDHU. All concerned please note.

I, Sukhpreet S/o Satnam Singh R/o Village Rampur Khalyan Tehsil Phagwara Distt. Kapurthala Punjab have changed my name from Sukhpreet to Sukhpreet Singh. Concerned note.

I, Jagdip Singh S/o Charan Singh R/o VPO Allowal, Teh. Khadoor Sahib, Distt.Tarn Taran have changed my name Jagdip Singh to Jagdeep Singh

I, PARVEEN wife of Raghbeer Singh, R/o H.No. 99, Tirloki Nath, Kapurthala, Punjab, India, declare that I have to change my name from PARVEEN RANI to PARVEEN. All Concerned please note.

I, RAGHBEER SINGH Son of JAGIRI LAL, R/o H.No. 99, Tarloki Nath, Kapurthala, Punjab, India, declare that I have to change my name from RAGHUBIR SINGH to RAGHBEER SINGH. All Concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### ਆਮ ਸੂਚਨਾ

ਮੈਂ, ਜਗਦੀਸ਼ ਰਾਜ ਚੌਹਾਨ ਪੁੱਤਰ ਅਮਰ ਚੰਦ ਵਾਸੀ ਮਕਾਨ ਨੰਬਰ 17 ਟੈਗੋਰ ਨਗਰ, ਟੀ. ਵੀ. ਸੈਂਟਰ ਜਲੰਧਰ ਸਿਟੀ ਸੂਚਿਤ ਕਰਦਾ ਹਾਂ ਕਿ Arundeep Singh Gill S/o Late Jasvir Singh Gill R/o at 254 Lichfield Road, Walsall, West Midlands, England, WS4 1SA ( 2 ) Danvir Singh Gill Late Jasvir Singh Gill R/o at 2 Bude Road Walsall, West Midlands, England, WS5 3EX; and Paul Singh Gill Late Jasvir Singh Gill R/o at 26 Calthorpe Close, Walsall, West Midlands, England WS5 3LT ਨੇ ਮੈਨੂੰ ਅਖ਼ਬਾਰਾਂ ਵਿੱਚ ਨੋਟਿਸ ਦੇਣ ਸੰਬੰਧੀ ਮੁਖਤਿਆਰਨਾਮਾ ਦਿੱਤਾ ਹੋਇਆ ਹੈ ਕਿ ਜਿਹੜੀ ਇਹਨਾਂ ਨੇ ਮਿਤੀ 18/03/2023 ਨੂੰ ਜਾਇਦਾਦ ਖੇਵਟ ਨੰਬਰ 332/313, ਖਤੌਨੀ ਨੰਬਰ 472, ਖਸਰਾ ਨੰਬਰ 567, 568, 569, 589, 590, 4331/566, Hadbast no. 74 situated in Village Phagwara Garbi, Teh. Phagwara Distt Kapurthala ਆਦਿ ਵੇਚਣ ਸੰਬੰਧੀ ਪਾਵਰ ਆਫ ਅਟਾਰਨੀ ਗੁਰਮੇਲ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਜੀ ਟੀ ਰੋਡ ਵਿਸ਼ਵਕਰਮਾ ਨਗਰ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੂੰ ਦਿੱਤੀ ਸੀ, ਉਹ ਮਿਤੀ 04/11/2024 ਨੂੰ ਨੋਟਰੀ ਪਬਲਿਕ 177,Dudley Road, Wolverhampton, England WV2 3DR ਰਾਹੀਂ ਕੈਂਸਲ ਕਰ ਦਿੱਤੀ ਹੈ। ਹੁਣ ਇਹਨਾਂ ਦੀ ਪ੍ਰਾਪਰਟੀ ਨਾਲ ਕੋਈ ਵੀ ਛੇੜਛਾੜ ਤੇ ਵੇਚ ਨਹੀਂ ਸਕਦਾ, ਜੇ ਵੇਚੀ ਜਾਂਦੀ ਹੈ ਤਾਂ ਵੇਚਣ ਵਾਲਾ ਤੇ ਖ਼ੀਦਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਤੇ ਉਹਨਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।


AXIS BANK LTD.

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਰਿਟੇਲ ਐਸੇਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਨ/ਚਾਰਜ਼ਡ ਹੈ, ਜਿਸ ਦਾ ਭੌਤਿਕੀ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ (1) ਸ੍ਰੀ ਅਮਰਿੰਦਰ ਪਾਲ ਸਿੰਘ ਪੁੱਤਰ ਸਰਦੂਲ ਸਿੰਘ (2) ਸ੍ਰੀਮਤੀ ਗੁਰਮੀਤ ਕੌਰ ਪਤਨੀ ਅਮਰਿੰਦਰ ਪਾਲ ਸਿੰਘ ਕੋਲੋਂ ਸਕਿਉਰਡ ਕ੍ਰੈਡੀਟਰ ਦੀ ਮਿਤੀ 22.11.2024 ਨੂੰ ਬਕਾਇਆ ਨਿਕਲਦੀ ਰਾਸ਼ੀ ਰੁਪਏ 12,70,158/- (ਰੁਪਏ ਬਾਰਾਂ ਲੱਖ ਸੱਤਰ ਹਜ਼ਾਰ ਇੱਕ ਸੌ ਅਠਵੰਜਾ ਕੇਵਲ) ਦੀ ਭਵਿੱਖੀ ਵਿਆਜ ਅਤੇ ਲਾਗਤਾਂ ਸਮੇਤ ਵਸੂਲੀ ਲਈ ਮਿਤੀ 12.12.2024 ਨੂੰ " ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚ ਦਿੱਤਾ ਜਾਵੇਗਾ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 1270158/-(ਰੁਪਏ ਬਾਰਾਂ ਲੱਖ ਸੱਤਰ ਹਜ਼ਾਰ ਇੱਕ ਸੌ ਅਠਵੰਜਾ ਕੇਵਲ) |
| ਬਿਆਨਾ ਰਕਮ (ਡਿਪਾਜ਼ਟ (ਰੁਪਏ 'ਚ) | ਰੁਪਏ 127016/- (ਰੁਪਏ ਇੱਕ ਲੱਖ ਸਤਾਈ ਹਜ਼ਾਰ ਸੋਲਾਂ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਰੁਪਏ ਦਸ ਹਜ਼ਾਰ ਕੇਵਲ) |
| ਈ ਐਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 10 ਦਸੰਬਰ 2024 ਨੂੰ ਸ਼ਾਮ ਦੇ 5.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 12 ਦਸੰਬਰ 2024 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧੇ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਚ ਉਪਲੱਬਧ ਹਨ। |

ਸਾਰਣੀ- ਜਾਇਦਾਦ ਦਾ ਵੇਰਵਾ

ਵਿਕਰੀ ਬੈਨਾਮਾ ਵਸੀਕਾ ਨੰ. 9704 ਮਿਤੀ 17-09-2010 ਤਹਿਤ ਗੁਰਮੀਤ ਕੌਰ ਪਤਨੀ ਅਮਰਿੰਦਰ ਪਾਲ ਸਿੰਘ ਦੇ ਨਾਂਅ 'ਤੇ ਰਜਿਸਟਰਡ ਅਰਬਨ ਅਸਟੇਟ, ਫੇਜ਼-2, ਪਟਿਆਲਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਰਿਹਾਇਸ਼ੀ ਜਾਇਦਾਦ/ਮਕਾਨ ਨੰ. ਈ ਡਬਲਯੂ ਐਸ 5732 ਰਕਬਾ 40.5 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ (ਵਿਕਰੀ ਬੈਨਾਮਾ ਅਨੁਸਾਰ) ਪੂਰਬ : ਈ ਡਬਲਯੂ ਐਸ 5804, ਪੱਛਮ : ਸੜਕ, ਉੱਤਰ : ਈ ਡਬਲਯੂ ਐਸ 5833, ਦੱਖਣ : ਈ ਡਬਲਯੂ ਐਸ 5837 ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 8920705598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 24-11-2024, ਸਥਾਨ : ਲੁਧਿਆਣਾ ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



BAJAJ FINANCE

BAJAJ FINANCE LIMITED

Corporate office: Bajaj Finance Limited, Off Pune-Ahmednagar Road, Viman Nagar, Pune – 411014.
Branch Office: Malhi Complex,1st Floor, Above State Bank of Patiala, Near Madaan Bajaj Dealer, Batala Road, Gurdaspur -143521

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ


ਨਿਮਨਹਸਤਾਖਰੀ ਨੇ ਮੈਸ : ਬਜਾਜ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਨੋਟਿਸ ਦਿੱਤਾ ਹੈ ਜੋ ਕਿ ਆਪਣੀਆਂ ਦੇਣਦਾਰੀਆਂ ਨਿਪਟਾਉਣ 'ਚ ਅਸਫਲ ਰਹੇ ਹਨ, ਜੋ ਕਿ ਬਜਾਜ ਫਾਇਨਾਂਸ ਲਿਮਟਿਡ ਵੱਲੋਂ ਹੋਮ ਲੋਨ/ਜਾਇਦਾਦ ਵਿਰੁੱਧ ਲੋਨ ਦੇ ਰੂਪ 'ਚ ਪੇਸ਼ਗੀ ਦਿੱਤਾ ਗਿਆ ਸੀ, ਜਿਨ੍ਹਾਂ ਦੇ ਮੂਲ ਦੇ ਨਾਲ-ਨਾਲ ਇਸ ਉੱਪਰ ਵਿਆਜ ਅਤੇ ਹੋਰ ਚਾਰਜਿਜ਼ ਦੀ ਵਾਪਸ ਅਦਾਇਗੀ ਕਰਨ 'ਚ ਅਸਫਲ ਰਹੇ ਹਨ ਅਤੇ ਨਤੀਜੇ ਵਜੋਂ ਲੋਨ ਨਾਨ ਪ੍ਰਫਾਰਮਿੰਗ ਐੱਸਟਸ ਹੋ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਤੇ ਇਸ ਦੇ ਰੂਲਜ਼ ਅਨੁਸਾਰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਬਕਾਇਦਾ ਨੋਟਿਸ ਜਾਰੀ ਕੀਤੇ ਸਨ, ਬੇਸ਼ੱਕ ਉਹ ਬਿਨਾਂ ਤਾਮੀਲ/ਅਣਵੰਡੇ ਵਾਪਸ ਆ ਗਏ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਇਸ ਪ੍ਰਕਾਸ਼ਨਾ ਨੋਟਿਸ ਰਾਹੀਂ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਪ੍ਰਾਪਤ ਕੀਤੀਆਂ ਗਈਆਂ ਕਰਜ਼ਾ ਸਹੂਲਤਾਂ ਦੇ ਬਕਾਏ ਨਿਪਟਾਉਣ ਲਈ ਸੂਚਨਾ/ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਾ ਖਾਤਾ ਨੰ./ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਦੇ ਨਾਂਅ ਅਤੇ ਪਤੇ | ਸਕਿਉਰਡ/ਰਹਿਣ ਅਚੱਲ ਐੱਸਟ/ਜਾਇਦਾਦ ਜੋ ਲਾਗੂ ਕੀਤੀ ਜਾਣੀ ਹੈ/ਦਾ ਪਤਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ |
|---|---|---|
| ਸ਼ਾਖਾ : ਗੁਰਦਾਸਪੁਰ<br>ਕਰਜ਼ਾ ਖਾਤਾ ਨੰ. ਪੀ 5 ਯੂ 7 ਪੀ ਬੀ ਐੱਸ 18934287<br>1. ਅੰਜਨਾ ਕੁਮਾਰੀ ਪੁੱਤਰੀ ਬਿਹਾਰੀ ਲਾਲ ਵਾਸੀ ਮਕਾਨ ਨੰ. 235/15 ਪ੍ਰੇਮ ਨਗਰ ਟਰਿਮੋ ਰੋਡ, ਗੁਰਦਾਸਪੁਰ-143521 ਪੰਜਾਬ। ਵਿਖੇ ਵੀ : ਮੰਗਲ ਹੁੱਸਨ, ਗੁਰਦਾਸਪੁਰ-143521<br>ਵਿਖੇ ਵੀ : ਵਾਸੀ ਪਲਾਟ ਨੰ. 246, ਖਸਰਾ ਨੰ. 38 ਆਰ 2/2 (3-2) ਵਾਕਿਆ ਰਕਬਾ ਸ਼ੁਭਮ ਇਨਕਲੇਵ, ਪਿੰਡ ਨਬੀਪੁਰ, ਗੁਰਦਾਸਪੁਰ-143521<br>2. ਰੇਨੂੰ ਬਾਲਾ ਪੁੱਤਰੀ ਬਿਹਾਰੀ ਲਾਲ ਪਤਨੀ ਥੁਰੂ (THURU) ਰਾਮ ਵਾਸੀ ਮਕਾਨ ਨੰ. 235/15, ਪ੍ਰੇਮ ਨਗਰ, ਟਰਿਮੋ ਰੋਡ, ਗੁਰਦਾਸਪੁਰ-143521, ਪੰਜਾਬ। | ਪਲਾਟ ਨੰ. 246, ਖਸਰਾ ਨੰ. 38 ਆਰ 2/2 (3-2) ਵਾਕਿਆ ਰਕਬਾ ਸ਼ੁਭਮ ਇਨਕਲੇਵ ਪਿੰਡ ਨਬੀਪੁਰ, ਗੁਰਦਾਸਪੁਰ-143521 ਆਮ ਏਰੀਆ 'ਚ ਬਣਦੇ ਹਿੱਸੇ ਸਮੇਤ (ਏਰੀਆ ਰਕਬਾ 938 ਵਰਗ ਫੁੱਟ) ਦੇ ਸਾਰੇ ਹਿੱਸੇ।<br>ਹੱਦਾਂ ਇੰਝ ਹਨ : ਪੂਰਬ ਵੱਲ : ਪਲਾਟ ਨੰ. 245; ਪੱਛਮ ਵੱਲ : ਪਲਾਟ ਨੰ. 247; ਉੱਤਰ ਵੱਲ : ਸੜਕ 35' ਚੌੜੀ; ਦੱਖਣ ਵੱਲ : ਹੋਰ। | 11.10.2024<br>ਰੁ. 25,81,989/-<br>(ਰੁਪਏ ਪੱਚੀ ਲੱਖ ਇਕਾਸੀ ਹਜ਼ਾਰ ਨੌ ਸੌ ਉਨਾਨਵੇਂ ਕੇਵਲ)<br>ਮਿਤੀ 11.10.2024 ਅਨੁਸਾਰ |

ਇਹ ਕਦਮ ਨੋਟਿਸ ਦੀ ਤਾਮੀਲ ਦੇ ਇਵਜ਼ ਵਜੋਂ ਉਠਾਇਆ ਜਾ ਰਿਹਾ ਹੈ। ਉਪਰੋਕਤ (ਕਰਜ਼ਦਾਰਾਂ ਅਤੇ /ਜਾਂ ਸਹਿ-ਕਰਜ਼ਦਾਰਾਂ, ਗਰੰਟਰਾਂ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮਾਂ ਸਮੇਤ ਭਵਿੱਖੀ ਵਿਆਜ ਵਾਪਸ ਮੋੜਨ ਦੀ ਸਲਾਹ ਦਿੱਤੀ ਜਾਂਦੀ ਹੈ, ਅਸਫਲ ਰਹਿਣ 'ਤੇ (ਬਜਾਜ ਫਾਇਨਾਂਸ ਲਿਮਟਿਡ ਨੂੰ ਉਪਲੱਬਧ ਹੋਰ ਸਹੀ ਉਪਾਅ ਦੇ ਬਿਨਾਂ ਪੱਖਪਾਤ), ਸਕਿਉਰਡ ਐੱਸਟਸ/ਰਹਿਣ ਕੀਤੀ ਜਾਇਦਾਦ ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (4) ਦੀਆਂ ਵਿਵਸਥਾਵਾਂ ਅਨੁਸਾਰ ਕਬਜ਼ਾ ਹਾਸਲ ਕਰਨ ਲਈ ਅਗਲੇ ਕਦਮ ਉਠਾਏ ਜਾਣਗੇ। ਉਪਰੋਕਤ ਨਾਵਾਂ ਵਾਲੀਆਂ ਪਾਰਟੀਆਂ ਨੂੰ ਉਪਰੋਕਤ ਦਰਸਾਈਆਂ ਜਾਇਦਾਦਾਂ ਜਿਨ੍ਹਾਂ 'ਤੇ ਬਜਾਜ ਫਾਇਨਾਂਸ ਲਿਮਟਿਡ ਦਾ ਚਾਰਜ ਹੈ, 'ਚ ਦਖਲ ਜਾਂ ਤੀਜੀ ਧਿਰ ਦੇ ਹਿੱਤ ਪੈਦਾ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਥਾਨ : ਗੁਰਦਾਸਪੁਰ (ਪੰਜਾਬ), ਮਿਤੀ 24.11.2024 ਵਾਸਤੇ ਮੈਸ. ਬਜਾਜ ਫਾਇਨਾਂਸ ਲਿਮਟਿਡ, ਅਧਿਕਾਰਤ ਅਫਸਰ


# 'ਆਪ' ਦੇ ਜੇਤੂ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਜੀਵਨੀ 'ਤੇ ਇੱਕ ਝਾਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਤੋਂ ਜ਼ਿਮਨੀ ਚੋਣ 'ਚ ਜੇਤੂ ਰਹੇ ਗੁਰਦੀਪ ਸਿੰਘ ਰੰਧਾਵਾ ਦਾ ਜਨਮ 15 ਮਈ 1969 ਨੂੰ ਪਿਤਾ ਹਰਵੰਤ ਸਿੰਘ ਤੇ ਮਾਤਾ ਗੁਰਮੀਤ ਕੌਰ ਦੀ ਕੁੱਖੋਂ ਪਿੰਡ ਰੱਤਾ ਵਿਖੇ ਹੋਇਆ।ਗੁਰਦੀਪ ਸਿੰਘ ਰੰਧਾਵਾ ਚਾਰ ਭਰਾ ਹਨ। ਕੁਲਦੀਪ ਸਿੰਘ ਰੰਧਾਵਾ, ਡਾ. ਤਸਬੀਰ ਸਿੰਘ ਰੰਧਾਵਾ ਅਤੇ ਪਰਮਿੰਦਰ ਸਿੰਘ ਰੰਧਾਵਾ। ਗੁਰਦੀਪ ਸਿੰਘ ਰੰਧਾਵਾ ਆਪਣੇ ਚਾਰੇ ਭਰਾਵਾਂ 'ਚੋਂ ਦੂਸਰੇ ਨੰਬਰ 'ਤੇ ਹਨ ।ਗੁਰਦੀਪ ਸਿੰਘ ਰੰਧਾਵਾ ਨੇ ਆਪਣੀ ਮੁੱਢਲੀ ਸਿੱਖਿਆ ਏ ਐੱਮ. ਐੱਮ. ਮਿਡਲ ਸਕੂਲ ਡੇਰਾ ਬਾਬਾ ਨਾਨਕ ਤੋਂ ਅਤੇ 10+2 ਤੱਕ ਦੀ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਲਾਲੇਨੰਗਲ ਤੋਂ ਪ੍ਰਾਪਤ ਕੀਤੀ। ਇਸਦੇ ਨਾਲ ਹੀ ਗੁਰਦੀਪ ਸਿੰਘ ਰੰਧਾਵਾ ਦੇ ਵੱਡੇ ਭਰਾ ਕੁਲਦੀਪ ਸਿੰਘ ਰੰਧਾਵਾ ਪੰਜਾਬ ਪੁਲਸ 'ਚ ਬਤੌਰ ਸਬ-ਇੰਸਪੈਕਟਰ ਸੇਵਾਮੁਕਤ ਹੋਏ ਹਨ। ਡਾ. ਤਸਬੀਰ ਸਿੰਘ ਰੰਧਾਵਾ ਸਿਹਤ ਵਿਭਾਗ 'ਚ ਸਰਕਾਰੀ ਨੌਕਰੀ ਕਰਦੇ ਹਨ ਤੇ ਸਭ ਤੋਂ ਛੋਟੇ ਭਰਾ ਪਰਮਿੰਦਰ ਸਿੰਘ ਰੰਧਾਵਾ ਆਪਣਾ ਕਾਰੋਬਾਰ ਕਰਦੇ ਹਨ ।ਗੁਰਦੀਪ ਸਿੰਘ ਰੰਧਾਵਾ ਦਾ ਪਰਿਵਾਰ ਇਲਾਕੇ ਅੰਦਰ ਚੰਗਾ ਅਸਰ ਰਸੂਖ ਰੱਖਦਾ ਹੈ ਅਤੇ ਖੇਤੀਬਾੜੀ 'ਚ ਚੰਗੀ ਮੁਹਾਰਤ ਰੱਖਣ ਦੇ ਨਾਲ ਨਾਲ ਹਲਕਾ ਡੇਰਾ ਬਾਬਾ ਨਾਨਕ 'ਚ ਇੱਕ ਚੰਗੇ ਕਾਰੋਬਾਰੀ ਵਜੋਂ ਵੀ ਜਾਣੇ ਜਾਂਦੇ ਹਨ। ਗੁਰਦੀਪ ਸਿੰਘ ਰੰਧਾਵਾ ਨੂੰ ਸਿਆਸਤ ਦਾ ਗੁਣ ਆਪਣੇ ਪਿਤਾ ਤੋਂ ਮਿਲਿਆ। ਉਨ੍ਹਾਂ ਦੇ ਸਵਰਗਵਾਸੀ ਪਿਤਾ ਹਰਵੰਤ ਸਿੰਘ ਰੰਧਾਵਾ ਸਾਲ 1988 ਵਿੱਚ ਪਿੰਡ ਰੱਤਾ ਦੇ ਮੌਜੂਦਾ ਸਰਪੰਚ ਸਨ ਜੋ 14 ਦਸੰਬਰ 1989 ਨੂੰ ਅੱਤਵਾਦ ਦਾ ਸ਼ਿਕਾਰ ਹੋ ਗਏ ਸਨ ।ਉਹਨਾਂ ਦੀ ਮੌਤ ਤੋਂ ਬਾਅਦ ਗੁਰਦੀਪ ਸਿੰਘ ਰੰਧਾਵਾ ਖੁੱਲ ਕੇ ਸਿਆਸਤ 'ਚ ਸਰਗਰਮ ਹੋ ਗਏ। ਰੰਧਾਵਾ ਪਰਿਵਾਰ ਦੀ ਜ਼ਮੀਨ ਪਿੰਡ ਸ਼ਾਹਪੁਰ ਜਾਜਨ 'ਚ ਹੋਣ ਕਰਕੇ ਉਹ ਪਿੰਡ ਸ਼ਾਹਪੁਰ ਜਾਜਨ ਆ ਵੱਸੇ। ਸਾਲ 1994 'ਚ ਉਨ੍ਹਾਂ ਦਾ ਵਿਆਹ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਖਡੂਰ ਸਾਹਿਬ ਦੇ ਰਹਿਣ ਵਾਲੇ ਸੇਵਾ ਮੁਕਤ ਏਅਰਫੋਰਸ ਅਫਸਰ ਹਰਬੰਸ ਸਿੰਘ ਦੀ ਬੇਟੀ ਕੁਲਬੀਰ ਕੌਰ ਨਾਲ ਹੋ ਗਿਆ ।ਗੁਰਦੀਪ ਸਿੰਘ ਰੰਧਾਵਾ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ। ਵੱਡਾ ਪੁੱਤਰ ਮਨਜੋਤ ਸਿੰਘ ਰੰਧਾਵਾ, ਛੋਟਾ ਪੁੱਤਰ ਮਨਰੂਪ ਸਿੰਘ ਰੰਧਾਵਾ, ਪੁੱਤਰੀ ਸਰਗੁਣ ਕੌਰ ਰੰਧਾਵਾ ਜੋ ਕਾਰੋਬਾਰ ਦੇ ਨਾਲ ਨਾਲ ਪੜ੍ਹਾਈ ਕਰ ਰਹੇ ਹਨ ।ਮਨਜੋਤ ਸਿੰਘ ਰੰਧਾਵਾ ਅਮਰੀਕਾ 'ਚ ਵਿਆਹੇ ਹੋਏ ਹਨ, ਮਨਰੂਪ ਸਿੰਘ ਰੰਧਾਵਾ ਉਚ ਵਿੱਦਿਆ ਪ੍ਰਾਪਤ ਕਰ ਰਹੇ ਹਨ।ਗੁਰਦੀਪ ਸਿੰਘ ਰੰਧਾਵਾ ਸਾਲ 2022 ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜੇ ਸਨ ਜੋ ਥੋੜ੍ਹੀਆਂ ਵੋਟਾਂ ਦੇ ਫ਼ਰਕ ਨਾਲ ਪਿੱਛੇ ਰਹਿ ਗਏ ਸਨ ।ਸਾਲ 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਦਰਮਿਆਨ ਹਲਕਾ ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ 20 ਨਵੰਬਰ 2024 ਨੂੰ ਡੇਰਾ ਬਾਬਾ ਨਾਨਕ ਜ਼ਿਮਨੀ ਚੋਣਾਂ ਦਰਮਿਆਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਦੇ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਦਰਮਿਆਨ ਹੋਏ ਫਸਵੇਂ ਮੁਕਾਬਲੇ ਦੌਰਾਨ ਆਖਰਕਾਰ ਗੁਰਦੀਪ ਸਿੰਘ ਰੰਧਾਵਾ 5699 ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਰਹੇ ਹਨ ।ਗੁਰਦੀਪ ਸਿੰਘ ਰੰਧਾਵਾ ਦੇ ਜਿੱਤਣ ਦੀ ਖੁਸ਼ੀ ਵਿੱਚ ਹਲਕਾ ਡੇਰਾ ਬਾਬਾ ਨਾਨਕ ਵਾਸੀਆਂ ਵੱਲੋਂ ਖੁਸ਼ੀ ਮਨਾਈ ਜਾ ਰਹੀ ਹੈ ਤੇ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ ।

# ਰਿੰਦਾ ਗੈਂਗ ਦਾ ਸਾਥੀ ਤੇ ਸਨੈਚਰ ਪੁਲਸ ਅੜਿੱਕੇ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਚਰਨਜੀਤ ਸਿੰਘ ਆਈਪੀਐੱਸ ਸੀਨੀਅਰ ਕਪਤਾਨ ਪੁਲਿਸ ਅੰਮ੍ਰਿਤਸਰ ਦਿਹਾਤੀ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਹਰਿੰਦਰ ਸਿੰਘ ਗਿੱਲ ਪੀਪੀਐਸਐਸ.ਪੀ (ਡੀ) ਅਤੇ ਜਸਪਾਲ ਸਿੰਘ ਢਿੱਲੋਂ ਪੀਪੀਐੱਸ ਡੀ.ਐਸ.ਪੀ. ਸਬ ਡਵੀਜਨ ਮਜੀਠਾ ਦੀਆਂ ਹਦਾਇਤਾ ਮੁਤਾਬਿਕ ਸਬ ਇੰਸਪੈਕਟਰ ਖੁਸ਼ਬੂ ਸ਼ਰਮਾ ਮੁੱਖ ਅਫਸਰ ਥਾਣਾ ਕੱਥੂਨੰਗਲ ਵੱਲੋਂ ਏ.ਐੱਸ.ਆਈ ਜਸਬੀਰ ਸਿੰਘ ਚੌਂਕੀ ਇੰਚਾਰਜ ਜੈਂਤੀਪੁਰ ਹੇਠ ਇੱਕ ਸਪੈਸ਼ਲ ਟੀਮ ਗਠਿਤ ਕੀਤੀ ਗਈ ਸੀ ਜੋ ਪੁਲਸ ਪਾਰਟੀ ਕੱਥੂਨੰਗਲ ਨੇ ਰਿੰਦਾ ਗੈਂਗ ਦੇ ਇੱਕ ਸਾਥੀ ਨੂੰ ਇੱਕ ਸਨੈਚਰ ਸਮੇਤ ਵੱਖ ਵੱਖ ਮੁੱਕਦਮਿਆਂ 'ਚ ਗ੍ਰਿਫਤਾਰ ਕੀਤਾ। ਇਸ ਸਬੰਧੀ ਥਾਣਾ ਮੁਖੀ ਖੁਸ਼ਬੂ ਸ਼ਰਮਾ ਐੱਸਆਈ ਨੇ ਦੱਸਿਆ ਕਿ ਏ.ਐੱਸ.ਆਈ ਅਮਨਜੀਤ ਸਿੰਘ ਚੌਂਕੀ ਇੰਚਾਰਜ ਜੈਂਤੀਪੁਰ ਥਾਣਾ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੇ ਮੁਕੱਦਮਾ ਨੰਬਰ 99 ਮਿਤੀ 03.09.2023 ਜੁਰਮ 336 ਆਈਪੀਸੀ 25-54-59 ਅਸਲਾ ਐਕਟ ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਜਿਸ ਸਬੰਧੀ ਮਿਲੀ ਸੂਚਨਾ ਦੇ ਅਧਾਰ 'ਤੇ ਹਰਪ੍ਰੀਤ ਸਿੰਘ ਉਰਫ ਗੁੱਦੂ ਪੁੱਤਰ ਗਰੀਬ ਸਿੰਘ ਵਾਸੀ ਚਾਚੋਵਾਲੀ ਅਤੇ ਕਰਨਬੀਰ ਸਿੰਘ ਉਰਫ ਕਰਨ ਪੁੱਤਰ ਲਖਵਿੰਦਰ ਸਿੰਘ ਉਰਫ ਕਾਲਾ ਵਾਸੀ ਗੁੱਜਰਪੁਰਾ ਜੋ ਮੋਟਰਸਾਈਕਲ ਤੇ ਸਵਾਰ ਹੋ ਕੇ ਆਪਣੇ ਹੱਥ ਵਿੱਚ ਪਿਸਤੌਲ ਫੜ ਕੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਬਣਾ ਰਹੇ ਸੀ ।ਉਕਤ ਦੋਸ਼ੀ ਕਰਨਬੀਰ ਸਿੰਘ ਉਰਫ ਕਰਨ ਪੁੱਤਰ ਲਖਵਿੰਦਰ ਸਿੰਘ ਉਰਫ ਕਾਲਾ ਵਾਸੀ ਗੁੱਜਰਪੁਰਾ ਥਾਣਾ ਮਜੀਠਾ ਨੂੰ 18.11.2024 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।ਮੁਕੱਦਮਾ ਬਰਿਬਆਨ ਬਲਵਿੰਦਰ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਰੰਗੀਲਪੁਰਾ ਦੇ ਮੁਕੱਦਮਾ ਨੰਬਰ 145 ਮਿਤੀ 12.12.2022 ਜੁਰਮ 379-ਬੀ(2),323,34 ਭ:ਦ: ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਕਿ 12.12.22 ਨੂੰ ਸਮਾ 1.30 ਦਾ ਹੋਵੇਗਾ ਕਿ ਮੈਂ ਆਪਣੇ ਮੋਟਰਸਾਈਕਲ ਨੰਬਰ 228 ਪੀਬੀ02 ਬੀ ਐਚ2252 ਮਾਰਕਾ ਸਪਲੈਂਡਰ ਤੇ ਸਵਾਰ ਹੋ ਕੇ ਅੱਡਾ ਜੈਂਤੀਪੁਰ ਨੂੰ ਆ ਰਿਹਾ ਸੀ। ਜਦੋਂ ਮੈਂ ਪਿੰਡ ਰੰਗੀਲਪੁਰਾ ਤੋ ਪਿੰਡ ਤਲਵੰਡੀ ਘੁੰਮਣ ਵਾਲੇ ਰੋਡ ਤੇ ਪੱਪੂ ਦੇ ਡੇਰੇਕੋਮ ਗੰਨਿਆਂ ਦੇ ਖੇਤ ਲੱਗੇ ਪੁੱਜਾ ਤਾਂ ਇੱਕ ਮੋਨੇ ਨੌਜਵਾਨ ਨੇ ਧੱਕੇ ਨਾਲ ਮੇਰੀ ਕਮੀਜ਼ ਦੀ ਜੇਬ ਵਿੱਚੋ ਮੇਰਾ ਪਰਸ ਕੱਢ ਲਿਆ ।ਜੋ ਮੁਕੱਦਮਾ ਉਕਤ ਦੇ ਦੋਸ਼ੀ ਵਿਸ਼ਾਲ ਉਰਫ ਪ੍ਰਿੰਸ ਉਰਫ ਭੂਪੀ ਪੁੱਤਰ ਬੱਬਲ ਮਸੀਹ ਵਾਸੀ ਵਰਡ ਨੰਬਰ 01 ਬਾਠ ਮਾਰਕੀਟ ਫਤਿਹਗੜ੍ਹ ਚੂੜੀਆ ਨੂੰ 18.11.2024 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਕਤਾਨ ਦੋਸ਼ੀਆਂ ਨੂੰ ਪੇਸ਼ ਅਦਾਲਤ ਕੀਤਾ ਗਿਆ।

# ਡੇਰਾ ਬਾਬਾ ਨਾਨਕ ਦੇ ਲੋਕਾਂ ਨੇ ਕਾਂਗਰਸ ਦਾ ਹੰਕਾਰ ਤੋੜਿਆ: ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਦੀਆਂ ਜ਼ਿਮਨੀ ਚੋਣਾਂ ਵਿੱਚ ਹੋਈ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਆਪ ਸਰਕਾਰ ਵੱਲੋਂ ਮਗਰਲੇ ਪੌਣੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਕੀਤੇ ਗਏ ਲੋਕ ਹਿਤ ਦੇ ਕੰਮਾਂ 'ਤੇ ਮੋਹਰ ਲਾਈ ਹੈ ਅਤੇ ਇਹਨਾਂ ਚੋਣ ਨਤੀਜਿਆਂ ਨੇ ਸਾਫ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਚੱਟਾਨ ਵਾਂਗ ਖੜੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਸਥਾਨਕ ਮਹਾਰਾਜਾ ਰਣਜੀਤ ਸਿੰਘ ਪਾਰਕ ਵਿਖੇ ਜ਼ਿਮਨੀ ਚੋਣਾਂ 'ਚ ਜਿੱਤ ਦੀ ਖੁਸ਼ੀ ਵਿੱਚ ਜਸ਼ਨ ਮਨਾਏ ਜਾਣ ਮੌਕੇ ਕੀਤਾ ਗਿਆ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇਹ ਜ਼ਿਮਨੀ ਚੋਣਾਂ ਰਵਾਇਤੀ ਪਾਰਟੀਆਂ ਦੇ ਉਲਟ ਪੂਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਲੜੀਆਂ ਗਈਆਂ ਸਨ ਜਿਸ ਵਿੱਚ ਲੋਕਾਂ ਵੱਲੋਂ ਮਿਲੇ ਫਤਵੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਖੁਸ਼ ਤੇ ਸੰਤੁਸ਼ਟ ਹਨ।ਉਹਨਾਂ ਕਿਹਾ ਕਿ ਡੇਰਾ ਬਾਬਾ ਨਾਨਕ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਸ਼ਾਨਦਾਰ ਜਿੱਤ ਨੇ ਸਿਰਫ ਕਾਂਗਰਸ ਦੇ ਗੜ੍ਹ ਨੂੰ ਹੀ ਢਹਿ-ਢੇਰੀ ਨਹੀਂ ਕੀਤਾ ਹੈ ਸਗੋਂ ਕਾਂਗਰਸ ਪਾਰਟੀ ਦੇ ਆਗੂਆਂ ਦੇ ਹੰਕਾਰ ਨੂੰ ਵੀ ਤੋੜਿਆ ਹੈ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਹ ਜ਼ਿਮਨੀ ਚੋਣਾਂ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਦੇ ਨਾਲ ਨਾਲ 2027 ਲਈ ਪੰਜਾਬ ਦੇ ਲੋਕਾਂ ਦੇ ਰੁਝਾਨ ਵਜੋਂ ਵੀ ਵੇਖੀਆਂ ਜਾ ਰਹੀਆਂ ਸਨ ਅਤੇ ਇਹਨਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਨੇ 2027 ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਦਾ ਵੀ ਮੁੱਢ ਬੰਨ ਦਿੱਤਾ ਹੈ।ਇਸ ਮੌਕੇ ਪਾਰਟੀ ਵਰਕਰਾਂ ਵੱਲੋਂ ਆਤਿਸ਼ਬਾਜ਼ੀ ਚਲਾਈ ਗਈ ਅਤੇ ਢੋਲ ਦੀ ਥਾਪ 'ਤੇ ਭੰਗੜੇ ਪਾਉਣ ਦੇ ਇਲਾਵਾ ਇਕ ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਜਿੱਤ ਦੇ ਜਸ਼ਨ ਮਨਾਏ ਗਏ।ਇਸ ਮੌਕੇ ਰਿਟਾ. ਪ੍ਰਿੰਸੀਪਲ ਸੁਖਦੇਵ ਰਾਜ, ਜਸਬੀਰ ਸਿੰਘ ਕਠਿਆਲੀ, ਰਣਜੀਤ ਸਿੰਘ ਜੀਵਨਚੱਕ, ਮਨਮੋਹਨ ਸਿੰਘ ਧਮਰਾਈ, ਪ੍ਰਿੰ. ਸੰਸਾਰ ਸਿੰਘ, ਪੰਕਜ ਬਹਿਰਾਮਪੁਰ, ਮੋਨੂੰ ਝਬਕਰਾ, ਦਰਮੇਸ਼ ਪਾਲ, ਸਰਪੰਚ ਮਨਦੀਪ ਸਿੰਘ ਸ਼ਮਸ਼ੇਰਪੁਰ, ਸਰਪੰਚ ਰਣਜੀਤ ਸਿੰਘ ਰਾਣਾ ਕਠਿਆਲੀ, ਲੰਬੜਦਾਰ ਕਰਨੈਲ ਸਿੰਘ, ਗੁਰਨਾਮ ਸਿੰਘ ਪੁਰਾਣਾ ਸ਼ਾਲਾ, ਬਲਜੀਤ ਸਿੰਘ ਪੁਰਾਣਾ ਸ਼ਾਲਾ, ਪੰਜਾਬ ਦੇ ਨਿਸ਼ਾਨ ਸਿੰਘ ਗੂੰਝੀਆਂ, ਲਖਵਿੰਦਰ ਸਿੰਘ ਲੱਖਾ, ਗੋਲਡੀ ਧਕਾਲਾ, ਸਰਪੰਚ ਰਸ਼ਪਾਲ ਸਿੰਘ ਤਲਵੰਡੀ, ਸੁਖਜਿੰਦਰ ਸਿੰਘ ਤਲਵੰਡੀ, ਕਾਜਲ ਪੱਖੋਵਾਲ, ਅਨੂ ਸ਼ਰਮਾ, ਰੁਪਿੰਦਰ ਕੱਤੋਵਾਲ, ਗੌਰਵ ਧੀਰ, ਹਰਪਾਲ ਸਿੰਘ ਜੋਗਰ, ਲਵਲੀ ਹਵੇਲੀਆਂ, ਬਲਵੀਰ ਸਿੰਘ ਸ਼ੇਖਾ ਅਤੇ ਰਜਿੰਦਰ ਮਗਰਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।

# ਕਿਲ੍ਹਾ ਰੋਡ ਦੀ ਗੰਦਗੀ ਤੋਂ ਬਹੁਤ ਪ੍ਰੇਸ਼ਾਨ ਹਨ ਲੋਕ



**ਫਿਲੌਰ (ਨਿਰਮਲ)** ਕਿਲਾ ਰੋਡ ਜੋ ਕਿ ਸ਼ਹਿਰ ਫਿਲੌਰ ਦੀ ਮੁੱਖ ਸੜਕ ਹੈ ਰੇਹੜੇ ਵਾਲੇ ਇੱਥੇ ਵੇਲੇ ਕੁਵੇਲੇ ਗੰਦਗੀ ਸੁੱਟ ਜਾਂਦੇ ਹਨ ਜਿਸ ਨਾਲ ਬਦਬੂ ਆਉਂਦੀ ਹੈ ਇਹ ਸੜਕ ਰੇਲਵੇ ਕਵਾਟਰਾਂ ਅਤੇ ਰੇਲਵੇ ਦੇ ਅਧਿਕਾਰੀਆਂ ਵੱਲ ਜਾਂਦੇ ਰੇਲਵੇ ਮਾਲ ਗੋਦਾਮ ਵੱਲ ਜਾਂਦੀ ਹੈ, ਲੋਕ ਲਾਂਘਾ ਵੀ ਇਥੋਂ ਬਹੁਤ ਹੈ। ਕਈ ਵਾਰ ਨਗਰ ਕੌਂਸਲ ਦੇ ਅਧਿਕਾਰੀਆਂ, ਪ੍ਰਧਾਨ ਨੂੰ ਵੀ ਲੋਕ ਕਹਿ ਚੁੱਕੇ ਹਨ ਪਰ ਗੰਦਗੀ ਇੱਥੇ ਹੀ ਸੁੱਟੀ ਜਾ ਰਹੀ ਹੈ। ਰੇਲਵੇ ਵਾਲੇ ਵੀ ਇਧਰ ਧਿਆਨ ਨਹੀਂ ਦਿੰਦੇ। ਇਸ ਇਲਾਕੇ ਵਿੱਚ ਕਦੇ ਵੀ ਭਿਆਨਕ ਬਿਮਾਰੀ ਫੈਲ ਸਕਦੀ ਹੈ। ਮੁਹੱਲਾ ਆਬਾਦ ਪੁਰਾ, ਲੱਕੜ ਮੰਡੀ, ਕਿਲਾ ਰੋਡ ਦੇ ਦੁਕਾਨਦਾਰ ਅਤੇ ਮੁਹੱਲਾ ਨਿਵਾਸੀ ਬਹੁਤ ਪ੍ਰੇਸ਼ਾਨ ਹਨ।ਜ਼ਿਕਰਯੋਗ ਹੈ ਕਿ ਇੱਥੇ ਅਵਾਰਾ ਪਸ਼ੂਆਂ ਦਾ ਭਾਰੀ ਇਕੱਠ ਹੋ ਜਾਂਦਾ ਹੈ ਜੋ ਰਾਹਗੀਰਾਂ ਨੂੰ ਮਾਰਨ ਲਈ ਦੌੜਦੇ ਹਨ। ਨਗਰ ਕੌਂਸਲ ਦੀਆਂ ਟਰਾਲੀਆਂ ਨਿੱਤ ਕੂੜਾ ਚੁੱਕਦੀਆਂ ਹਨ ਪਰ ਕੂੜਾ ਖਤਮ ਨਹੀਂ ਹੁੰਦਾ। ਸ਼ਹਿਰ ਦੇ ਕਈ ਮਹੱਲਿਆਂ ਦਾ ਕੂੜਾ ਤੇ ਗੰਦਗੀ ਵੀ ਇਸ ਥਾਂ ਸੁੱਟੀ ਜਾਂਦੀ ਹੈ। ਲੋਕਾਂ ਦੀ ਮੰਗ ਹੈ ਕਿ ਇਸ ਦਾ ਕੋਈ ਪੱਕਾ ਹੱਲ ਕੀਤਾ ਜਾਵੇ।

# ਐੱਨ ਸੀ ਸੀ ਗਰੁੱਪ ਕਮਾਂਡਰ ਵੱਲੋਂ ਕੈਂਪ ਦਾ ਨਿਰੀਖਣ

**ਜਲੰਧਰ ( ਰਾਜੇਸ਼ ਥਾਪਾ)**—ਬ੍ਰਿਗੇਡੀਅਰ ਅਜੈ ਤਿਵਾਰੀ, ਸੈਨਾ ਮੇਡਲ, ਗਰੁੱਪ ਕਮਾਂਡਰ ਐਨਸੀਸੀ ਜਲੰਧਰ ਨੇ ਡੀਏਵੀ ਇੰਸਟੀਟਿਊਟ ਆਫ ਇੰਜੀਨੀਅਰਿੰਗ ਅਤੇ ਟੈਕਨੋਲੋਜੀ ਕਾਲਜ ਵਿੱਚ ਆਯੋਜਿਤ ਕੀਤੇ ਜਾ ਰਹੇ 10 ਦਿਨਾਂ ਦੇ ਐਨਸੀਸੀ ਕੈਂਪ ਦਾ ਦੌਰਾ ਕੀਤਾ। ਇਹ ਕੈਂਪ 2 ਪੰਜਾਬ ਐਨਸੀਸੀ ਬਟਾਲੀਅਨ ਦੇ ਤਹਿਤ ਆਯੋਜਿਤ ਕੀਤਾ ਗਿਆ ਸੀ। ਕੈਂਪ ਦੇ ਨਿਰੀਖਣ ਲਈ ਪਹੁੰਚਣ 'ਤੇ ਬ੍ਰਿਗੇਡੀਅਰ ਅਜੈ ਤਿਵਾਰੀ ਨੂੰ ਕਵਾਰਟਰ ਗਾਰਡ ਵਿੱਚ ਕੈਡਟਸ ਵੱਲੋਂ ਸਲਾਮੀ ਦਿੱਤੀ ਗਈ। ਇਸ ਤੋਂ ਬਾਅਦ, ਉਨ੍ਹਾਂ ਨੇ ਐਸੋਸੀਏਟ ਐਨਸੀਸੀ ਅਧਿਕਾਰੀਆਂ ਅਤੇ ਫੌਜ ਦੇ ਜੂਨੀਅਰ ਕਮੀਸ਼ਨ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਕੈਡਟਸ ਨੇ ਉਨ੍ਹਾਂ ਨੂੰ ਕੈਂਪ ਦੇ ਲੇਆਊਟ, ਟ੍ਰੇਨਿੰਗ ਅਤੇ ਪ੍ਰਸ਼ਾਸਨਿਕ ਤਿਆਰੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਡੀਏਵੀ ਕਾਲਜ ਦੇ ਆਡੀਟੋਰੀਅਮ ਵਿੱਚ ਬ੍ਰਿਗੇਡੀਅਰ ਤਿਵਾਰੀ ਦਾ ਸੁਆਗਤ ਗਰਲਜ਼ ਕੈਡਟਸ ਵੱਲੋਂ ਗੁਲਦਸਤਿਆਂ ਨਾਲ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕੈਡਟਸ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਐਨਸੀਸੀ ਦੁਨੀਆ ਦੀ ਸਭ ਤੋਂ ਵੱਡੀ ਵਰਦੀਧਾਰੀ ਸੰਸਥਾ ਹੈ, ਜੋ ਉਹਨਾਂ ਨੂੰ ਜੀਵਨ ਵਿੱਚ ਏਕਤਾ ਅਤੇ ਅਨੁਸ਼ਾਸਨ ਦਾ ਮੂਲ ਮੰਤਰ ਸਿਖਾਉਂਦੀ ਹੈ। ਉਨ੍ਹਾਂ ਨੇ ਸਮਾਂ ਪ੍ਰਬੰਧਨ, ਸਮਾਂ ਵੰਡ ਅਤੇ ਜੀਵਨ ਵਿੱਚ ਮਿਸ਼ਨ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਕੈਡਟਸ ਨੂੰ ਸਮਝਾਇਆ ਕਿ ਅਨੁਸ਼ਾਸਨ ਅਤੇ ਲਗਾਤਾਰ ਕੋਸ਼ਿਸ਼ਾਂ ਰਾਹੀਂ ਉਹ ਆਪਣਾ ਟੀਚਾ ਪ੍ਰਾਪਤ ਕਰ ਸਕਦੇ ਹਨ।ਬ੍ਰਿਗੇਡੀਅਰ ਅਜੈ ਤਿਵਾਰੀ ਨੇ 2 ਪੰਜਾਬ ਐਨਸੀਸੀ ਬਟਾਲੀਅਨ ਦੇ ਸਾਰੇ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸ਼ਾਨਦਾਰ ਟ੍ਰੇਨਿੰਗ, ਖਾਣ-ਪੀਣ ਅਤੇ ਰਹਿਣ-ਸਹਿਣ ਦੀਆਂ ਵਧੀਆ ਸਹੂਲਤਾਂ ਉਪਲੱਬਧ ਕਰਾਉਣ ਲਈ ਸ਼ਾਬਾਸ਼ੀ ਦਿੱਤੀ।

# ਐੱਲ ਪੀ ਯੂ ਵਿਸ਼ਵ ਪੱਧਰ 'ਤੇ 99ਵੇਂ ਸਥਾਨ 'ਤੇ




**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ ) ਨੇ ਟਾਈਮਜ਼ ਹਾਇਰ ਐਜੂਕੇਸ਼ਨ ਇੰਟਰ-ਡਿਸਿਪਲਨਰੀ ਸਾਇੰਸ ਰੈਂਕਿੰਗ-2025 ਵਿੱਚ ਇੱਕ ਪ੍ਰਮੁੱਖ ਸਥਾਨ ਹਾਸਲ ਕੀਤਾ ਹੈ। ਐਲਪੀਯੂ ਨੇ ਵਿਸ਼ਵ ਪੱਧਰ 'ਤੇ 99ਵਾਂ ਅਤੇ ਭਾਰਤ ਵਿੱਚ ਛੇਵਾਂ ਸਥਾਨ ਹਾਸਲ ਕੀਤਾ ਹੈ। ਇਹ ਪ੍ਰਾਪਤੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿਉਂਕਿ ਇਹ ਐਲਪੀਯੂ ਨੂੰ ਜਾਮੀਆ ਮਿਲੀਆ ਇਸਲਾਮੀਆ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ), ਪੰਜਾਬ ਯੂਨੀਵਰਸਿਟੀ ਅਤੇ ਆਈਆਈਟੀ ਗਾਂਧੀਨਗਰ ਵਰਗੀਆਂ ਵੱਕਾਰੀ ਸੰਸਥਾਵਾਂ ਤੋਂ ਅੱਗੇ ਰੱਖਦਾ ਹੈ। ਇਸ ਤੋਂ ਇਲਾਵਾ ਇਸ ਗਲੋਬਲ ਰੈਂਕਿੰਗ ਵਿੱਚ 92 ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੇ ਭਾਗ ਲਿਆ। ਆਈਐਸਆਰ ਰੈਂਕਿੰਗ, ਸਕਮਿਟ ਸਾਇੰਸ ਫੈਲੋਜ਼ ਦੇ ਸਹਿਯੋਗ ਨਾਲ, ਅੰਤਰ-ਅਨੁਸ਼ਾਸਨੀ ਖੋਜ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਵਾਲੀਆਂ ਯੂਨੀਵਰਸਿਟੀਆਂ ਨੂੰ ਮਾਨਤਾ ਦਿੰਦੀ ਹੈ। ਇਹ ਇੱਕ ਅਜਿਹਾ ਖੇਤਰ ਹੈ ਜੋ ਦੁਨੀਆ ਭਰ ਵਿੱਚ ਵਿਗਿਆਨਕ ਤਰੱਕੀ ਅਤੇ ਨਵੀਨਤਾ ਨੂੰ ਤੇਜ਼ੀ ਨਾਲ ਚਲਾਉਂਦਾ ਹੈ। ਰੈਂਕਿੰਗ ਖਾਸ ਤੌਰ 'ਤੇ ਕੰਪਿਊਟਰ ਸਾਇੰਸ, ਇੰਜੀਨੀਅਰਿੰਗ, ਜੀਵਨ ਵਿਗਿਆਨ ਅਤੇ ਭੌਤਿਕ ਵਿਗਿਆਨ ਵਰਗੇ ਵਿਸ਼ਿਆਂ ਨੂੰ ਉਜਾਗਰ ਕਰਦੀ ਹੈ। ਜਦੋਂ ਕਿ ਐਮਆਈਟੀ ਅਤੇ ਸਟੈਨਫੋਰਡ ਵਰਗੀਆਂ ਯੂਨੀਵਰਸਿਟੀਆਂ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਨਾਵਾਂ ਦੀ ਸੂਚੀ ਵਿੱਚ ਸਿਖਰ 'ਤੇ ਹਨ। ਵਿਸ਼ਵ ਦੀਆਂ ਚੋਟੀ ਦੀਆਂ 100 ਸੰਸਥਾਵਾਂ ਵਿੱਚ ਐਲਪੀਯੂ ਦੀ ਮਾਨਤਾ ਵਿਗਿਆਨਕ ਖੋਜ ਅਤੇ ਅਕਾਦਮਿਕ ਉੱਤਮਤਾ ਲਈ ਇਸਦੀ ਵਧ ਰਹੀ ਸਾਖ ਨੂੰ ਦਰਸਾਉਂਦੀ ਹੈ। ਡਾ: ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਨੇ ਯੂਨੀਵਰਸਿਟੀ ਦੀ ਪ੍ਰਾਪਤੀ 'ਤੇ ਮਾਣ ਪ੍ਰਗਟ ਕਰਦੇ ਹੋਏ ਕਿਹਾ: ਐਲਪੀਯੂ ਨੇ ਹਮੇਸ਼ਾ ਹੀ ਸਿੱਖਿਆ ਅਤੇ ਖੋਜ ਵਿੱਚ ਪਰੰਪਰਾਗਤ ਸਿਲੋਜ਼ ਨੂੰ ਤੋੜਨ ਵਿੱਚ ਵਿਸ਼ਵਾਸ ਕੀਤਾ ਹੈ। ਟਾਪ 100 ਵਿੱਚ ਐਲਪੀਯੂ ਦੇ ਸਟਾਫ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਦੇ ਸਮਰਪਣ ਨੂੰ ਦਰਸਾਉਂਦਾ ਹੈ ਐਲਪੀਯੂ ਵਿੱਚ, ਅਸੀਂ ਨਾ ਸਿਰਫ਼ ਯੂਨੀਵਰਸਿਟੀ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ, ਸਗੋਂ ਸਮੁੱਚੇ ਵਿਸ਼ਵ ਸਮਾਜ ਨੂੰ ਲਾਭ ਪਹੁੰਚਾਉਣ ਵਾਲੇ ਗਿਆਨ ਅਤੇ ਨਵੀਨਤਾਵਾਂ ਪੈਦਾ ਕਰਨ ਲਈ ਵੀ ਯਤਨਸ਼ੀਲ ਹੈ। ਇਹ ਪ੍ਰਾਪਤੀ ਸਾਨੂੰ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਵਿਸ਼ਵ ਪੱਧਰ 'ਤੇ ਸਾਰਥਕ ਪ੍ਰਭਾਵ ਬਣਾਉਣ ਲਈ ਸਾਡੇ ਯਤਨਾਂ ਨੂੰ ਡੂੰਘਾ ਕਰਨ ਲਈ ਪ੍ਰੇਰਿਤ ਕਰਦੀ ਹੈ।

# ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਦਿੱਤੀਆਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**—ਲੋੜਵੰਦ ਵਿਦਿਆਰਥੀਆਂ ਦੇ ਭਵਿੱਖ ਲਈ ਚੇਅਰਮੈਨ ਅਮਰਜੀਤ ਸਿੰਘ ਨਿਰਵਾਣ ਪਬਲਿਕ ਚੈਰੀਟੇਬਲ ਟਰੱਸਟ ਲਿੱਤਰਾਂ ਰਜਿ ਵੱਲੋਂ ਪ੍ਰਿੰਸੀਪਲ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ, ਪ੍ਰਿੰਸੀਪਲ ਗੁਰੂ ਨਾਨਕ ਨੈਸ਼ਨਲ ਕਾਲਜੀਏਟ ਸਕੂਲ ਨਕੋਦਰ ਅਤੇ ਗੁਰੂ ਨਾਨਕ ਨੈਸ਼ਨਲ ਪਬਲਿਕ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਦਿੱਤੀਆਂ ਗਈਆਂ ਤਾਂ ਕਿ ਉਹਨਾਂ ਦਾ ਆਉਣ ਵਾਲਾ ਭਵਿੱਖ ਵਧੀਆ ਬਣ ਸਕੇ। ਚੇਅਰਮੈਨ ਨੇ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਮਾਪਿਆਂ ਦੇ ਸੁਪਨਿਆਂ ਨੂੰ ਪੂਰਾ ਕਰ ਕੇ ਤੇ ਚੰਗੇ ਨਾਗਰਿਕ ਬਣਕੇ ਸਮਾਜ ਨੂੰ ਸੇਧ ਦੇਣ ਦੇ ਉਪਰਾਲੇ ਕਰਨੇ ਚਾਹੀਦੇ ਹਨ।



# ਪੀ ਐੱਮ ਆਈ ਡੀ ਸੀ ਵੱਲੋਂ ਹੁਡਕੋ ਨਾਲ ਸਮਝੌਤਾ ਸਹੀਬੱਧ



**ਚੰਡੀਗੜ੍ਹ (ਕ੍ਰਿਸ਼ਨ ਗਰਗ)** ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਦੇ ਸਰਵਪੱਖੀ ਵਿਕਾਸ ਅਤੇ ਸਥਾਨਕ ਸਰਕਾਰਾਂ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਹੋਰ ਚੁਸਤ ਦਰੁਸਤ ਕਰਨ ਲਈ ਪੰਜਾਬ ਮਿਊਂਸੀਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ (ਪੀ.ਐੱਮ.ਆਈ.ਡੀ.ਸੀ.) ਨੇ ਕੇਂਦਰੀ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੇ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ (ਹੁਡਕੋ) ਨਾਲ ਆਪਸੀ ਸਹਿਮਤੀ ਦਾ ਸਮਝੌਤਾ (ਐਮ.ਓ.ਯੂ.) ਸਹੀਬੱਧ ਕੀਤਾ।ਇੱਥੇ ਸੈਕਟਰ 35 ਸਥਿਤ ਪੰਜਾਬ ਮਿਉਂਸਪਲ ਭਵਨ ਵਿਖੇ ਪੀ.ਐੱਮ.ਆਈ.ਡੀ.ਸੀ. ਦੇ ਸੀ.ਈ.ਓ ਦੀਪਤੀ ਉੱਪਲ ਅਤੇ ਹੁਡਕੋ ਦੇ ਡਾਇਰੈਕਟਰ ਕਾਰਪੋਰੇਟ ਯੋਜਨਾ ਐਮ. ਨਾਗਰਾਜ ਨਸਲ ਸਮਝੌਤੇ ਉੱਪਰ ਹਸਤਾਖਰ ਕੀਤੇ।ਸ਼੍ਰੀਮਤੀ ਉੱਪਲ ਨੇ ਕਿਹਾ ਕਿ ਇਹ ਸਮਝੌਤਾ ਸਿਖਲਾਈ ਅਤੇ ਸਮਰੱਥਾ ਨਿਰਮਾਣ ਦੇ ਖੇਤਰ ਵਿੱਚ ਨਜ਼ਦੀਕੀ ਸਹਿਯੋਗ ਵਿਕਸਿਤ ਕਰੇਗਾ।ਹੁਡਕੋ ਦਾ ਹਿਊਮਨ ਸੈਟਲਮੈਂਟਸ ਮੈਨੇਜਮੈਂਟ ਇੰਸਟੀਚਿਊਟ ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਨਾਲ ਮਿਲ ਕੇ ਸਮਰੱਥਾ ਨਿਰਮਾਣ ਦੇ ਪ੍ਰੋਗਰਾਮ ਕਰਵਾਏਗਾ।ਇਸ ਮੌਕੇ ਹੁਡਕੋ ਤੋਂ ਖੇਤਰੀ ਮੁਖੀ ਸੰਜੇ ਭਾਰਗਵ, ਸੰਯੁਕਤ ਜਨਰਲ ਮੈਨੇਜਰ (ਪ੍ਰੋਜੈਕਟ) ਸ਼ੋਭਾ ਕੁਮਾਰ, ਸੰਯੁਕਤ ਜਨਰਲ ਮੈਨੇਜਰ (ਲਾਅ) ਸੰਜੀਵ ਚੋਪੜਾ ਅਤੇ ਸੀਨੀਅਰ ਮੈਨੇਜਰ (ਸਕੱਤਰ) ਅਸ਼ੀਸ਼ ਗੋਇਲ ਅਤੇ ਪੀ.ਐੱਮ.ਆਈ.ਡੀ.ਸੀ. ਦੇ ਜਨਰਲ ਮੈਨੇਜਰ (ਪ੍ਰੋਜੈਕਟ) ਹਰਸਤਿੰਦਰਪਾਲ ਸਿੰਘ ਢਿੱਲੋਂ, ਮੈਨੇਜਰ (ਸਮਰੱਥਾ ਨਿਰਮਾਣ) ਡਾ. ਮਨਪ੍ਰੀਤ ਧਾਲੀਵਾਲ ਤੇ ਡਾ. ਸੁਮਿਤ ਅਰੋੜਾ ਅਤੇ ਸੰਸਥਾਗਤ ਮਜ਼ਬੂਤੀ ਮਾਹਿਰ ਹਾਜ਼ਰ ਸਨ।

# ਗੁਰਦੇਵ ਸਿੰਘ ਸਹਿਜੜਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਜਲੰਧਰ (ਰਾਜੇਸ਼ ਥਾਪਾ)** ਸੀਪੀਐਮ ਪੰਜਾਬ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੇ ਸੰਸਥਾਪਕਾਂ 'ਚੋਂ ਇਕ ਪਾਰਟੀ ਦੀ ਬਰਨਾਲਾ ਜ਼ਿਲ੍ਹਾ ਕਮੇਟੀ ਦੇ ਮੈਂਬਰ ਮਾਸਟਰ ਗੁਰਦੇਵ ਸਿੰਘ ਸਹਿਜੜਾ ਸਦੀਵੀ ਵਿਛੋੜਾ ਦੇ ਗਏ ਹਨ।ਕਿਰਤੀ ਪਰਵਿਰ 'ਚ ਜਨਮੇ ਸਾਥੀ ਗੁਰਦੇਵ ਸਿੰਘ ਸਹਿਜੜਾ ਮੁਲਾਜ਼ਮ ਹੁੰਦਿਆਂ ਪਸਸਫ ਅਤੇ ਗੌਰਮਿੰਟ ਟੀਚਰ ਯੂਨੀਅਨ ਦੇ ਸਮਰਪਿਤ ਤੇ ਜੁਝਾਰੂ ਆਗੂ ਰਹੇ ਸਨ। ਸੇਵਾ ਮੁਕਤੀ ਤੋਂ ਪਿੱਛੋਂ ਆਪ ਨੇ ਦਿਹਾਤੀ ਮਜ਼ਦੂਰ ਸਭਾ ਦੀ ਬਰਨਾਲਾ ਜ਼ਿਲ੍ਹਾ ਕਮੇਟੀ ਦੇ ਸਕੱਤਰ ਵਜੋਂ ਅਤੇ ਪਾਰਟੀ ਫਰੰਟ 'ਤੇ ਵੱਡਮੁੱਲੀਆਂ ਸੇਵਾਵਾਂ ਦਿੱਤੀਆਂ ਸਨ।ਸਾਥੀ ਸਹਿਜੜਾ ਕਿਰਨਜੀਤ ਕੌਰ ਐਕਸ਼ਨ ਕਮੇਟੀ ਮਹਿਲ ਕਲਾਂ ਦੇ ਮੈਂਬਰ ਵੀ ਰਹੇ।ਸਾਥੀ ਗੁਰਦੇਵ ਸਿੰਘ ਸਹਿਜੜਾ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕਰਦੇ ਹੋਏ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕਾਮਰੇਡ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ, ਬਰਨਾਲਾ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਡਾਕਟਰ ਅਮਰਜੀਤ ਸਿੰਘ ਕੁੱਕੂ ਤੇ ਕਾਮਰੇਡ ਮਲਕੀਤ ਸਿੰਘ ਵਜੀਦ ਕੇ ਵਿਛੜੇ ਸਾਥੀ ਵਲੋਂ ਕਿਰਤੀ ਲਹਿਰ 'ਚ ਪਾਏ ਸ਼ਾਨਾਮੱਤੇ ਯੋਗਦਾਨ ਅਤੇ ਘਾਲਣਾਵਾਂ ਨੂੰ ਕ੍ਰਾਂਤੀਕਾਰੀ ਸਲਾਮ ਪੇਸ਼ ਕੀਤਾ ਹੈ।

# ਰਾਜਪਾਲ ਨੇ ਮਨੀਸ਼ ਮੀਡੀਆ ਦੀ 62ਵੀਂ ਕੌਫੀ ਟੇਬਲ ਬੁੱਕ ਕੀਤੀ ਰਿਲੀਜ਼



**ਮੋਹਾਲੀ ( ਗੁਰਜੀਤ ਬਿੱਲਾ)**—ਇੰਟਰਨੈਸ਼ਨਲ ਸਿੱਖ ਦਰਸ਼ਨ ਸਿੰਘ ਧਾਲੀਵਾਲ ਦੇ ਪਰਵਾਰ ਦੀਆਂ ਸਮਾਜਿਕ ਸੇਵਾਵਾਂ 'ਤੇ ਆਧਾਰਿਤ ਮਨੀਸ਼ ਮੀਡੀਆ ਦੀ 62ਵੀਂ ਕੌਫੀ ਟੇਬਲ ਬੁੱਕ ਇਥੇ ਰਾਜ ਭਵਨ ਚੰਡੀਗੜ੍ਹ ਵਿਖੇ ਗੁਲਾਬ ਚੰਦ ਕਟਾਰੀਆ ਰਾਜਪਾਲ ਪੰਜਾਬ ਵੱਲੋਂ ਰਿਲੀਜ਼ ਕੀਤੀ ਗਈ। ਵਰਨਣਯੋਗ ਹੈ ਕਿ ਇਸ ਪੁਸਤਕ ਵਿਚ ਧਾਲੀਵਾਲ ਪਰਵਾਰ ਵੱਲੋਂ ਸਮਾਜ ਲਈ ਕੀਤੀ ਸੇਵਾ, ਕਾਰਜ ਅਤੇ ਪ੍ਰਾਪਤੀਆਂ ਦੀ ਬਾਖੂਬੀ ਗੱਲ ਕੀਤੀ ਗਈ ਹੈ।ਧਾਲੀਵਾਲ ਜਿਨ੍ਹਾਂ ਨੂੰ ਕਿਸਾਨਾਂ ਦੀ ਸੇਵਾ ਲਈ ਭਾਰਤ ਪਹੁੰਚਣ 'ਤੇ ਰੋਕ ਦਿੱਤਾ ਗਿਆ ਸੀ। ਪਰ ਜਾਣਕਾਰੀ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸਨੂੰ ਬੁਲਾਇਆ ਅਤੇ ਉਸਨੂੰ ਜੱਫੀ ਪਾਈ ਅਤੇ ਪ੍ਰਵਾਸੀ ਭਾਰਤ ਦਿਵਸ 'ਤੇ ਰਾਸ਼ਟਰੀ ਸਨਮਾਨ ਦਿੱਤਾ। ਧਾਲੀਵਾਲ ਪਰਵਾਰ ਭਾਰਤ ਵਿੱਚ ਹੀ ਨਹੀਂ ਸਗੋਂ ਅਮਰੀਕਾ ਵਿੱਚ ਵੀ ਸਮਾਜ ਸੇਵਾ ਦੇ ਕੰਮਾਂ ਲਈ ਜਾਣਿਆ ਜਾਂਦਾ ਹੈ। ਅਮਰੀਕਾ ਵਿੱਚ ਭਾਰਤੀ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਦੂਰ ਕਰਨ, ਉੱਥੇ ਜਾਣ ਵਾਲੇ ਲੋਕਾਂ ਨੂੰ ਕੰਮ ਮੁਹੱਈਆ ਕਰਵਾਉਣ, ਨੌਜਵਾਨ ਲੜਕੀਆਂ ਅਤੇ ਔਰਤਾਂ ਦੇ ਸਸ਼ਕਤੀਕਰਨ ਅਤੇ ਹੋਰ ਕਈ ਕੰਮਾਂ ਕਰਕੇ ਸਮਾਜ ਸੇਵਾ ਵਿੱਚ ਧਾਲੀਵਾਲ ਪਰਵਾਰ ਦਾ ਨਾਂਅ ਪਹਿਲੀ ਕਤਾਰ ਵਿੱਚ ਆਉਂਦਾ ਹੈ।ਇਸ ਦੇ ਨਾਲ ਹੀ ਇਹ ਪੁਸਤਕ ਰਾਧਾ ਸੁਆਮੀ ਸੰਪਰਦਾ ਦੇ ਮੁਖੀ ਗੁਰਦੀਪ ਸਿੰਘ ਢਿੱਲੋਂ ਨੂੰ ਵੀ ਭੇਟ ਕੀਤੀ ਗਈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਮਨੀਸ਼ ਮੀਡੀਆ ਵੱਲੋਂ ਸਮਾਜ ਦੀਆਂ ਮਸ਼ਹੂਰ ਹਸਤੀਆਂ 'ਤੇ 61 ਕੌਫੀ ਟੇਬਲ ਬੁੱਕ ਲਿਖੀਆਂ ਜਾ ਚੁੱਕੀਆਂ ਹਨ।ਜਿਨ੍ਹਾਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜਾਰੀ ਕੀਤਾ ਹੈ। ਇਸ ਪੁਸਤਕ ਰਿਲੀਜ਼ ਮੌਕੇ ਮਨੀਸ਼ ਮੀਡੀਆ ਦੇ ਚੇਅਰਮੈਨ ਚੰਦ ਮੱਲ ਕੁਮਾਵਤ, ਡਾਇਰੈਕਟਰ ਅਭਿਸ਼ੇਕ ਕੁਮਾਰ, ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਦਰਦੀ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਪ੍ਰੀਤ ਕੰਬਾਈਨ ਟਰੈਕਟਰ ਦੇ ਚੇਅਰਮੈਨ ਹਰੀ ਸਿੰਘ, ਸੀਨੀਅਰ ਪੱਤਰਕਾਰ ਹਰਦੀਪ ਕੌਰ ਹਾਜ਼ਰ ਸਨ।

# ਬਲੱਡ ਬੈਂਕ ਨੇ ਗੂੰਜ ਸੰਸਥਾ ਦੇ ਜਲੰਧਰ ਦਫਤਰ ਲਈ ਰਵਾਨਾ ਕੀਤਾ ਕੱਪੜਿਆਂ ਦਾ ਟੈਂਪੂ



**ਫਗਵਾੜਾ ( ਜਸਵਿੰਦਰ ਢੱਡਾ )** —ਕੇ. ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚੱਲ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਤੋਂ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਸਤੇਮਾਲ ਕੀਤੇ ਹੋਏ ਪੁਰਾਣੇ ਪਾਉਣ ਯੋਗ ਵਸਤਰਾਂ ਦਾ ਇਕ ਹੋਰ ਟੈਂਪੂ ਗੂੰਜ ਸੰਸਥਾ ਦੇ ਜਲੰਧਰ ਦਫਤਰ ਲਈ ਰਵਾਨਾ ਕੀਤਾ ਗਿਆ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਬਲੱਡ ਬੈਂਕ ਫਗਵਾੜਾ ਪਿਛਲੇ ਕਰੀਬ 17 ਸਾਲ ਤੋਂ ਮੈਗਾਸਸੇ ਅਵਾਰਡ ਵਿਨਰ ਗੂੰਜ ਸੰਸਥਾ ਨਾਲ ਜੁੜਿਆ ਹੋਇਆ ਹੈ। ਇਹ ਸੰਸਥਾ ਇਕੱਤਰ ਕੀਤੇ ਵਸਤਰਾਂ ਨੂੰ ਦਿੱਲੀ ਦਫਤਰ ਭੇਜਦੀ ਹੈ ਜਿੱਥੇ ਜ਼ਰੂਰੀ ਮੁਰੰਮਤ ਤੋਂ ਬਾਅਦ ਧੋਣ ਉਪਰੰਤ ਪ੍ਰੈਸ ਕਰਕੇ ਇਹਨਾਂ ਕਪੜਿਆਂ ਨੂੰ ਨਿਵੇਕਲਾ ਰੂਪ ਦਿੱਤਾ ਜਾਂਦਾ ਹੈ ਅਤੇ ਫਿਰ ਦੇਸ਼ ਦੇ ਦੂਰ ਦੁਰਾਡੇ ਪਹਾੜੀ ਇਲਾਕਿਆਂ 'ਚ ਲੋੜਵੰਦਾਂ ਨੂੰ ਵੰਡਿਆ ਜਾਂਦਾ ਹੈ।ਜਦੋਂ ਵੀ ਭੇਜਣ ਯੋਗ ਮਾਤਰਾ 'ਚ ਗਰਮੀ ਜਾਂ ਸਰਦੀ 'ਚ ਪਾਉਣ ਯੋਗ ਕਪੜੇ ਇੱਕਤਰ ਹੋ ਜਾਂਦੇ ਹਨ ਤਾਂ ਜਲੰਧਰ ਦਫਤਰ ਭੇਜ ਦਿੱਤੇ ਜਾਂਦੇ ਹਨ। ਉਹਨਾਂ ਦੱਸਿਆ ਕਿ ਬਸਤਰ ਇਕੱਠੇ ਕਰਨ ਵਿਚ ਮੋਹਨ ਲਾਲ ਤਨੇਜਾ, ਰਮੇਸ਼ ਦੁੱਗਲ, ਵਿਸ਼ਵਾ ਮਿੱਤਰ ਸ਼ਰਮਾ, ਕੇ.ਐਲ. ਜੈਨ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਪੇਂਡੂ ਯੂਥ ਕਲੱਬਾਂ ਨੂੰ ਯੁਵਕ ਸੇਵਾਵਾਂ ਵਿਭਾਗ ਵੱਲੋਂ ਦਿੱਤੀ ਜਾਵੇਗੀ ਸਹਾਇਤਾ ਰਾਸ਼ੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਆਪਣੇ ਨਾਲ ਐਫਲੀਏਟਿਡ ਕਲੱਬਾਂ ਤੋਂ ਪਿਛਲੇ ਦੋ ਸਾਲਾਂ ਦੌਰਾਨ ਆਪਣੇ ਪਿੰਡਾਂ/ਵਾਰਡਾਂ ਵਿੱਚ ਕੀਤੇ ਸਮਾਜ ਸੇਵੀ ਕੰਮ, ਨਸ਼ਿਆਂ ਅਤੇ ਸਮਾਜਿਕ ਅਲਾਮਤਾਂ ਤੋਂ ਨੌਜਵਾਨਾਂ ਨੂੰ ਦੂਰ ਰੱਖਣ ਦੇ ਕਾਰਜ, ਖੇਡਾਂ ਪ੍ਰਤੀ ਨੌਜਵਾਨਾਂ ਨੂੰ ਪ੍ਰਫੁੱਲਿਤ ਕਰਨ ਲਈ ਕੀਤੀਆਂ ਗਤੀਵਿਧੀਆਂ ਅਤੇ ਹੋਰ ਸਾਹਸੀ ਗਤੀਵਿਧੀਆਂ ਦੇ ਆਧਾਰ 'ਤੇ ਉਨ੍ਹਾਂ ਨੂੰ ਸਹਾਇਤਾ ਗ੍ਰਾਂਟ ਦੇਣ ਲਈ ਜ਼ਿਲ੍ਹੇ ਵਿੱਚੋਂ 10 ਦਸੰਬਰ 2024 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਦੱਸਿਆ ਕਿ ਯੁਵਕ ਸੇਵਾਵਾਂ ਕਲੱਬ ਆਪਣੀਆਂ ਅਰਜ਼ੀਆਂ ਦੇ ਨਾਲ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਗ੍ਰਾਫ, ਅਖਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਪ੍ਰਮਾਣ ਪੱਤਰ ਸਹਿਤ ਫਾਈਲ ਤਿਆਰ ਕਰਕੇ ਦਫਤਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਇੰਡੋਰ ਸਟੇਡੀਅਮ ਸਿਵਿਲ ਲਾਈਨਜ਼ ਹੁਸ਼ਿਆਰਪੁਰ ਵਿਖੇ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਸਕਦੇ ਹਨ। ਵਿਭਾਗ ਵੱਲੋਂ ਜਾਰੀ ਸਹਾਇਤਾ ਗ੍ਰਾਂਟ ਕਲੱਬ ਦੀ ਚੋਣ ਜ਼ਿਲ੍ਹਾ ਪੱਧਰੀ ਕਮੇਟੀ ਦੁਆਰਾ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਹਿਲਾਂ ਲਾਭ ਪ੍ਰਾਪਤ ਕਰ ਚੁੱਕੇ ਕਲੱਬਾਂ ਨੂੰ ਨਹੀਂ ਵਿਚਾਰਿਆ ਜਾਵੇਗਾ ਸਿਰਫ ਇਸ ਲਾਭ ਤੋਂ ਵਾਂਝੇ ਰਹਿ ਚੁੱਕੇ ਕਲੱਬਾਂ ਨੂੰ ਹੀ ਸਹਾਇਤਾ ਗ੍ਰਾਂਟ ਲਈ ਵਿਚਾਰਿਆ ਜਾਵੇਗਾ। ਪਿਛਲੇ ਦੋ ਸਾਲਾਂ ਤਹਿਤ ਕਲੱਬਾਂ ਵੱਲੋਂ ਆਪਣੇ ਪਿੰਡ ਦੇ ਵਿਕਾਸ ਲਈ ਕੀਤੇ ਕੰਮਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਜੇਕਰ ਕੋਈ ਕਲੱਬ ਵਿਭਾਗ ਨਾਲ ਐਫਲੀਏਟਿਡ ਨਹੀਂ ਹੈਂ ਤਾਂ ਉਸ ਨੂੰ ਮੌਕੇ 'ਤੇ ਹੀ ਵਿਭਾਗ ਨਾਲ ਜੋੜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਅਧਿਕਾਰੀ/ਕਰਮਚਾਰੀ ਦੇ ਸੰਪਰਕ ਨੰਬਰ 90562-32798 (ਸਹਾਇਕ ਡਾਇਰੈਕਟਰ ਰਵੀ ਦਾਰਾ) ਅਤੇ ਸਟੈਨੋ ਰਣਦੀਪ ਕੌਰ 98727-94651 ਨਾਲ ਦਫਤਰੀ ਸਮੇਂ ਸੰਪਰਕ ਕੀਤਾ ਜਾ ਸਕਦਾ ਹੈ।

# ਦਸਮੇਸ਼ ਸਪੋਰਟਸ ਕਲੱਬ ਆਦਮਪੁਰ ਵੱਲੋਂ ਦੂਜਾ ਖੇਡ ਮੇਲਾ ਅੱਜ ਤੋਂ

**ਆਦਮਪੁਰ (ਪਰਮਜੀਤ ਸਿੰਘ)** ਸਵ.ਜਥੇਦਾਰ ਜੀਵਨ ਸਿੰਘ ਅਤੇ ਸਵ. ਹਰਵਿੰਦਰ ਸਿੰਘ ਬਾਬੂ ਨੂੰ ਸਮਰਪਿਤ ਦਸ਼ਮੇਸ਼ ਸਪੋਰਟਸ ਕਲੱਬ (ਰਜਿ) ਆਦਮਪੁਰ ਵੱਲੋਂ ਦੂਜਾ ਫੁੱਟਬਾਲ ਟੂਰਨਾਮੈਂਟ ਸਪੋਰਟਸ ਸਟੇਡੀਅਮ ਆਦਮਪੁਰ ਵਿਖੇ ਕਰਵਾਉਣ ਸਬੰਧੀ ਪੋਸਟਰ ਜਾਰੀ ਕਰਦੇ ਕਰਦੇ ਪ੍ਰਧਾਨ ਇੰਸਪੈਕਟਰ ਹਰਜੀਤ ਸਿੰਘ ਨੇ ਦੱਸਿਆ ਮਿਤੀ 24 ਨਵੰਬਰ ਤੋਂ 1 ਦਸੰਬਰ ਤੱਕ ਫੁੱਟਬਾਲ ਓਪਨ ਪਿੰਡ ਪੱਧਰ, ਵਾਲੀਬਾਲ, ਅਥਲੈਟਿਕਸ ਲੜਕੀ ਅਤੇ ਲੜਕਿਆਂ ਅੰਡਰ (19 ) 800 ਮੀਟਰ ਅਤੇ 1500 ਮੀਟਰ ਅਤੇ ਰੱਸਾਕਸ਼ੀ ਆਲ ਓਪਨ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ੇ, ਜਿਨ੍ਹਾਂ ਵਿੱਚ ਫੁੱਟਬਾਲ ਦੀਆਂ ਐਂਟਰੀਆਂ ਕੱਲ੍ਹ ਸਨ , ਵਾਲੀਬਾਲ 30 ਨਵੰਬਰ, ਅਥਲੈਟਿਕਸ ਅਤੇ ਰੱਸਾ ਕਸ਼ੀ 1 ਦਸੰਬਰ ਆਲ ਓਪਨ ਮੁਕਾਬਲੇ ਕਰਵਾਏ ਜਾਣਗੇ। ਜੇਤੂ ਟੀਮਾਂ ਨੂੰ ਵੱਡੇ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਪੋਸਟਰ ਜਾਰੀ ਕਰਨ ਮੌਕੇ ਇੰਸਪੈਕਟਰ ਹਰਜੀਤ ਸਿੰਘ, ਕੁਲਵੰਤ ਸਿੰਘ ਧਾਮੀ ਯੂਐਸਏ,ਦੀਵਾਨ ਚੰਦ ਮੰਡਲ, ਮਾਸਟਰ ਬ੍ਰਿਜ ਲਾਲ, ਨਵਤੇਜ ਸਿੰਘ ਰੰਧਾਵਾ, ਚਤਿੰਦਰ ਪਾਲ ਟੀਨਾ, ਡਾ ਜਗਤੇਸ਼ਵਰ ਸਿੰਘ, ਰਾਹੁਲ ਸ਼ਰਮਾ ਸਮੇਤ ਫੁੱਟਬਾਲ ਦੇ ਖਿਡਾਰੀ ਹਾਜ਼ਰ ਸਨ ।

# ਬਾਲ ਮਜ਼ਦੂਰੀ 'ਚ ਲੱਗਾ ਬੱਚਾ ਰੈਸਕਿਊ ਕਰਕੇ ਦੁਕਾਨਦਾਰ ਦਾ ਕੱਟਿਆ ਚਲਾਨ



**ਬਲਾਚੌਰ (ਜਸਵਿੰਦਰ ਬੈਂਸ)**- ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋ ਪ੍ਰੋਜੈਕਟ ਪੈਨ ਇੰਡੀਆ ਬਾਲ ਮਜ਼ਦੂਰੀ ਖਿਲਾਫ਼ ਅਭਿਆਨ ਨੂੰ ਲਾਗੂ ਕਰਨ ਲਈ ਦਿੱਤੇ ਹੁਕਮਾਂ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਬਲਾਕ ਬਲਾਚੌਰ ਵਿਚ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਮੇਨ ਚੌਕ, ਭੱਦੀ ਰੋਡ ਅਤੇ ਗਹੂੰਣ ਰੋਡ 'ਤੇ ਬਾਲ ਮਜ਼ਦੂਰੀ ਖਿਲਾਫ ਚੈਕਿੰਗ ਕੀਤੀ ਗਈ ਅਤੇ ਟੀਮ ਵੱਲੋਂ ਚੈਕਿੰਗ ਦੌਰਾਨ 18 ਸਾਲ ਤੋਂ ਘੱਟ ਉਮਰ ਦੇ ਇਕ ਬੱਚੇ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾਇਆ ਗਿਆ। ਮੌਕੇ 'ਤੇ ਮੌਜੂਦ ਲੇਬਰ ਅਫਸਰ ਵੱਲੋਂ ਸਬੰਧਿਤ ਦੁਕਾਨ/ਫਰਮ ਦਾ ਚਲਾਨ ਵੀ ਕੀਤਾ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਬੱਚੇ ਨੂੰ ਰੈਸਕਿਊ ਕਰਨ ਉਪਰੰਤ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ ਗਿਆ, ਤਾਂ ਜੋ ਉਸ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਮੌਕੇ 'ਤੇ ਬੱਚੇ ਦੇ ਪਿਤਾ ਨੂੰ ਟ੍ਰੇਸ ਕਰ ਲਿਆ ਗਿਆ ਅਤੇ ਬਾਲ ਭਲਾਈ ਕਮੇਟੀ ਵੱਲੋਂ ਬੱਚੇ ਦੇ ਦਸਤਾਵੇਜ਼ ਵੈਰੀਫਾਈ ਕਰਨ ਅਤੇ ਪਰਵਾਰ ਨੂੰ ਸਖ਼ਤ ਚੇਤਾਵਨੀ ਦੇਣ ਉਪਰੰਤ ਬੱਚੇ ਨੂੰ ਉਸਦੇ ਪਰਵਾਰ ਦੇ ਸਪੁਰਦ ਕੀਤਾ ਗਿਆ ਅਤੇ ਬੱਚੇ ਨੂੰ ਪੜ੍ਹਾਈ ਲਈ ਸਕੂਲ ਦਾਖ਼ਲ ਕਰਵਾਉਣ ਦੀ ਹਦਾਇਤ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਕਰਵਾਉਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ। ਚੈਕਿੰਗ ਟੀਮ ਵਿਚ ਹਰਵਿੰਦਰ ਸਿੰਘ ਲੇਬਰ ਅਫਸਰ, ਕੰਚਨ ਅਰੋੜਾ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ , ਚੇਅਰਪਰਸਨ ਬਾਲ ਭਲਾਈ ਕਮੇਟੀ ਸੋਨੀਆ ਅੰਗਰਿਸ, ਗੌਰਵ ਸ਼ਰਮਾ ਸੀਪੀਓ ਅਤੇ ਕਾਂਤਾ ਆਊਟਰੀਚ ਵਰਕਰ, ਡੀਐਸਐਸਓ ਦਫਤਰ ਤੋਂ ਸਿੰਦਰਪਾਲ, ਐਮਸੀ ਆਫਿਸ ਤੋਂ ਰਜਨੀਸ਼ ਕੁਮਾਰ, ਸਿਹਤ ਵਿਭਾਗ ਤੋਂ ਦਲਜੀਤ ਸਿੰਘ, ਪੁਲਸ ਵਿਭਾਗ ਤੋਂ ਬਲਿਹਾਰ ਸਿੰਘ ਅਤੇ ਮਨਦੀਪ ਕੌਰ ਮੌਜੂਦ ਸਨ।

# ਮਾਇਨਿੰਗ ਵਿਭਾਗ ਨੇ 'ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ' ਨਾਲ ਕੀਤੀ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਖ਼ੇਤਰ 'ਚ ਨਾਜਾਇਜ਼ ਖ਼ੁਦਾਈ ਦੇ ਮਾਮਲੇ 'ਚ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਨਾਲ ਮੀਟਿੰਗ ਕੀਤੀ। ਸਥਾਨਕ ਸ਼ਾਹ ਨਹਿਰ ਵਿਸ਼ਰਾਮ ਘਰ ਵਿਖੇ ਹੋਈ ਮੀਟਿੰਗ 'ਚ ਮਾਈਨਿੰਗ ਵਿਭਾਗ ਦੇ ਸੁਪਰਡੰਟ ਇੰਜਨੀਅਰ ਰਮਨ ਕੁਮਾਰ ਦੀ ਅਗਵਾਈ ਹੇਠ ਐਕਸਿਅਨ ਅਮਰਿੰਦਰ ਸਿੰਘ ਹੁਸ਼ਿਆਰਪੁਰ ਨੇ ਖਣਨ ਕਮੇਟੀ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਸੰਘਰਸ਼ ਕਮੇਟੀ ਦੇ ਪ੍ਰਧਾਨ ਰਾਜੇਸ਼ ਕੁਮਾਰ ਭੋਲ ਬਦਮਾਣੀਆਂ, ਸਕੱਤਰ ਮਨੋਜ ਪਲਾਹੜ ਤੇ ਅਸ਼ੋਕ ਪਠਾਣੀਆਂ, ਨੌਜਵਾਨ ਆਗੂ ਨੀਰਜ ਸ਼ਰਮਾ ਦੀ ਅਗਵਾਈ ਹੇਠ ਮਾਈਨਿੰਗ ਪੀੜਤ ਕਰੀਬ ਇੱਕ ਦਰਜਨ ਪਿੰਡਾਂ ਦੇ ਲੋਕ ਸ਼ਾਮਲ ਹੋਏ। ਉਨ੍ਹਾਂ ਪਿਛਲੇ 10 ਸਾਲਾਂ 'ਚ ਫੈਲੇ ਖਣਨ ਮਾਫੀਆ 'ਤੇ ਖ਼ੇਤਰ 'ਚ ਤਬਾਹੀ ਮਚਾਉਣ ਅਤੇ ਆਬੋ ਹਵਾ ਪਲੀਤ ਕਰਨ ਦੇ ਦੋਸ਼ ਲਗਾਏ। ਪੀੜਤਾਂ ਨੇ ਪਿੰਡ ਭੋਲ ਬਦਮਾਣੀਆਂ 'ਚ ਪਹਾੜ ਦੀ ਪੁਟਾਈ ਕਰਕੇ ਲਗਾਏ ਜਾ ਰਹੇ ਅਤੇ ਸਵਾਂ ਦਰਿਆ ਦੇ ਬੈਂਡ 'ਚ ਚਲਦੇ ਸਟੋਨ ਕਰੱਸ਼ਰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ। ਮਾਈਨਿੰਗ ਵਿਭਾਗ ਦੇ ਸੁਪਰਡੰਟ ਇੰਜੀਨੀਅਰ ਰਮਨ ਕੁਮਾਰ ਨੇ ਦਸਿਆ ਕਿ ਉਨ੍ਹਾਂ ਵੱਲੋਂ 19 ਸਟੋਨ ਕਰੱਸ਼ਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਕਰੱਸ਼ਰ ਨੀਤੀ ਤਹਿਤ ਇਨ੍ਹਾਂ ਸਟੋਨ ਕਰੱਸ਼ਰਾਂ ਨੂੰ 45 ਕਰੋੜ ਰੁਪਏ ਦਾ ਜ਼ੁਰਮਾਨਾ ਕੀਤਾ ਹੈ। ਇਸ ਮੌਕੇ ਸਾਬਕਾ ਸਰਪੰਚ ਅਸ਼ਵਨੀ ਕੁਮਾਰ ਰਾਮਗੜ੍ਹ ਸੀਕਰੀ, ਸੇਵਾ ਮੁਕਤ ਕਰਨਲ ਰਾਜਿੰਦਰ ਪਰਮਾਰ ਸੁਖਚੈਨਪੁਰ, ਕੈਪਟਨ ਸੁਨੀਲ ਪਰਮਾਰ, ਕੈਪ ਜੋਗਿੰਦਰ ਸਿੰਘ ਮੰਗੂ ਮੈਰ੍ਹਾ, ਪ੍ਰੋ. ਹਰਸ਼ ਮਹਿਤਾ, ਅਵਤਾਰ ਕ੍ਰਿਸ਼ਨ, ਮੁਲਾਜ਼ਮ ਆਗੂ ਬੋਧਰਾਜ, ਸੁਰਿੰਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਪ੍ਰਭਾਵਿਤ ਪਿੰਡਾਂ ਦੇ ਲੋਕ ਹਾਜ਼ਰ ਸਨ।

# ਚੰਡੀਗੜ੍ਹ 'ਚ ਹਰਿਆਣਾ ਵਿਧਾਨ ਸਭਾ ਉਸਾਰਨ ਦਾ ਪ੍ਰਸਤਾਵ ਕੇਂਦਰ ਰੱਦ ਕਰੇ : ਆਰ ਐੱਮ ਪੀ ਆਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੇਂਦਰ ਸਰਕਾਰ ਵਲੋਂ ਚੰਡੀਗੜ੍ਹ ਵਿੱਚ ਹਰਿਆਣਾ ਦੀ ਰਾਜਧਾਨੀ ਉਸਾਰਨ ਲਈ ਥਾਂ ਅਤੇ ਪੈਸਾ ਮੁੱਹਈਆ ਕਰਨ ਦੇ ਅਨਿਆਂਪੂਰਨ ਪ੍ਰਸਤਾਵ ਨੂੰ ਤੁਰੰਤ ਰੱਦ ਕਰਵਾਉਣ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵਲੋਂ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਪਿਆਰਾ ਸਿੰਘ ਦੀ ਅਗਵਾਈ ਵਿੱਚ ਐਸਡੀਐਮ.ਗੜ੍ਹਸ਼ੰਕਰ ਰਾਹੀਂ ਭੇਜਿਆ ਗਿਆ।

ਇਸ ਸਬੰਧੀ ਪਾਰਟੀ ਦੇ ਤਹਿਸੀਲ ਗੜ੍ਹਸ਼ੰਕਰ ਦੇ ਸਕੱਤਰ ਕਾਮਰੇਡ ਰਾਮ ਜੀ ਦਾਸ ਚੌਹਾਨ ਨੇ ਦੱਸਿਆ ਕਿ ਕੇਂਦਰ ਦਾ ਇਹ ਪ੍ਰਸਤਾਵ ਪੂਰਨ ਰੂਪ ਵਿਚ ਅਨਿਆਂਪੂਰਨ, ਗੈਰ ਸੰਵਿਧਾਨਕ ਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ। ਚੰਡੀਗੜ੍ਹ 'ਤੇ ਸਿਰਫ ਪੰਜਾਬ ਦਾ ਹੱਕ ਹੈ। ਪੰਜਾਬ ਪੁਨਰਗਠਨ ਐਕਟ 1966 ਅਨੁਸਾਰ ਇਹ ਤੈਅ ਹੋਇਆ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੀ ਰਹੇਗਾ ਤੇ ਹਰਿਆਣਾ ਦੀ ਰਾਜਧਾਨੀ ਦੀ ਉਸਾਰੀ ਕਿਸੇ ਹੋਰ ਥਾਂ 'ਤੇ ਕੀਤੀ ਜਾਵੇਗੀ। 1985 ਦੇ ਰਾਜੀਵ ਲੌਂਗੋਵਾਲ ਸਮਝੌਤੇ ਅਤੇ ਹੋਰ ਅੰਤਰਰਾਜੀ ਵਰਤਾਂਵਾਂ ਵਿਚ ਵੀ ਚੰਡੀਗੜ੍ਹ ਪੰਜਾਬ ਨੂੰ ਦੇਣ ਉੱਤੇ ਸਹਿਮਤੀ ਬਣੀ ਸੀ। ਇਹਨਾਂ ਤੱਥਾਂ ਨੂੰ ਜਾਣਦੇ ਹੋਏ ਵੀ ਕੇਂਦਰ ਸਰਕਾਰ ਦਾ ਇਹ ਪ੍ਰਸਤਾਵ ਕਈ ਪ੍ਰਕਾਰ ਦੇ ਸ਼ੰਕੇ ਖੜ੍ਹੇ ਕਰਦਾ ਹੈ। ਇਸ ਸਮੇਂ ਮੰਗ ਕੀਤੀ ਗਈ ਕੇਂਦਰ ਸਰਕਾਰ ਇਸ ਪ੍ਰਸਤਾਵ ਨੂੰ ਰੱਦ ਕਰਕੇ ਚੰਡੀਗੜ੍ਹ ਨੂੰ ਤਰੰਤ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਇਸ ਨਾਲ਼ ਸੰਬੰਧੀ ਹੋਰ ਮਸਲਿਆਂ ਦਾ ਹੱਲ ਵੀ ਤਰਕ ਤੇ ਨਿਆਂਪੂਰਨ ਤਰੀਕੇ ਨਾਲ ਕੀਤਾ ਜਾਵੇ। ਇਸ ਸਮੇਂ ਕੁਲਭੂਸ਼ਣ ਮਹਿੰਦਵਣੀ, ਦਵਿੰਦਰ ਕੁਮਾਰ ਰਾਣਾ, ਮਲਕੀਅਤ ਸਿੰਘ ਬਾਹੋਵਾਲ, ਮੱਖਣ ਸਿੰਘ ਲੰਗੇਰੀ, ਕਾਮਰੇਡ ਸੁੱਚਾ ਰਾਮ, ਸ਼ਿੰਗਾਰਾ ਰਾਮ ਭੱਜਲ , ਗੋਪਾਲ ਦਾਸ ਮਨਹੋਤਰਾ ਤੇ ਸ਼ਾਮ ਸੁੰਦਰ ਹਾਜ਼ਰ ਸਨ।

# ਮੁਫ਼ਤ ਹੁਨਰ ਸਿਖਲਾਈ ਕੋਰਸਾਂ ਲਈ ਰਜਿਸਟ੍ਰੇਸ਼ਨ ਕੈਂਪ 26 ਨੂੰ



**ਨਵਾਂਸ਼ਹਿਰ (ਮਨੋਜ ਲਾਡੀ)**—ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਪੰਜਾਬ ਸਰਕਾਰ ਵੱਲੋਂ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਤਹਿਤ ਜ਼ਿਲ੍ਹੇ ਦੇ ਪੇਂਡੂ ਬੇਰੁਜ਼ਗਾਰ ਨੌਜਵਾਨਾਂ ਨੂੰ ਹੁਨਰ ਸਿਖਲਾਈ ਦੇ ਕੇ ਰੋਜ਼ਗਾਰ ਦੇ ਯੋਗ ਬਣਾਉਣ ਲਈ ਉਮੀਦਵਾਰਾਂ ਦਾ ਦਾਖ਼ਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਿਤੀ 26 ਨਵੰਬਰ, 2024 ਦਿਨ ਮੰਗਲਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਬਿਊਰੋ, ਕਮਰਾ ਨੰਬਰ 413 ਵਿਖੇ ਦਾਖਲਾ-ਕਮ-ਰਜਿਸਟ੍ਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ 10ਵੀਂ ਪਾਸ, 18 ਤੋਂ 35 ਸਾਲ ਦੀ ਉਮਰ ਦਾ ਕੋਈ ਵੀ ਪੇਂਡੂ ਬੇਰੋਜ਼ਗਾਰ ਨੌਜਵਾਨ ਆਪਣਾ ਆਧਾਰ ਕਾਰਡ, ਵਿੱਦਿਅਕ ਸਰਟੀਫਿਕੇਟ, ਬੈਂਕ ਅਕਾਊਂਟ, ਜਾਤੀ ਸਰਟੀਫਿਕੇਟ, ਗ਼ਰੀਬੀ ਰੇਖਾ ਨਾਲ ਸਬੰਧਤ ਕੋਈ ਵੀ ਸਰਟੀਫਿਕੇਟ (ਬੀ.ਪੀ.ਐਲ/ਨੀਲਾ ਕਾਰਡ/ਮਨਰੇਗਾ ਕਾਰਡ ਆਦਿ) ਦੀਆਂ ਨਕਲਾਂ ਅਤੇ 6 ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਜ਼ਿਲ੍ਹਾ ਰੋਜਗਾਰ ਬਿਊਰੋ ਵਿਖੇ ਕੈਂਪ ਵਿਚ ਸ਼ਮੂਲੀਅਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਜ਼ਿਲ੍ਹਾ ਪੱਧਰੀ ਟੀਮ ਨਾਲ ਮੋਬਾਈਲ ਨੰਬਰ 83603-76675 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਬੇਰੋਜ਼ਗਾਰ ਨੌਜਵਾਨਾਂ ਨੂੰ ਸਰਕਾਰ ਵੱਲੋ ਮਨਜੂਰਸ਼ੁਦਾ ਟ੍ਰੇਨਿੰਗ ਸੈਂਟਰਾਂ ਵਿਚ ਵੇਅਰਹਾਊਸ ਐਸੋਸੀਏਟ (ਲਾਜਿਸਟਿਕ ਸੈਕਟਰ) ਅਤੇ ਇਨਕਮਿੰਗ ਕੁਆਲਟੀ ਕੰਟਰੋਲ ਟੈਕਨੀਸ਼ੀਅਨ (ਇਲੈਕਟ੍ਰਾਨਿਕ ਸੈਕਟਰ) ਕੋਰਸਾਂ ਵਿਚ ਪੰਜ ਮਹੀਨੇ ਦੀ ਮੁਫ਼ਤ ਰਿਹਾਇਸ਼ੀ ਹੁਨਰ ਸਿਖਲਾਈ ਦਿੱਤੀ ਜਾ ਰਹੀ ਹੈ। ਟ੍ਰੇਨਿੰਗ ਪਾਰਟਨਰਾਂ ਵੱਲੋ ਸਥਾਪਿਤ ਇਨ੍ਹਾਂ ਟ੍ਰੇਨਿੰਗ ਸੈਂਟਰਾਂ ਵਿਚ ਮੁਫ਼ਤ ਹੁਨਰ ਸਿਖਲਾਈ ਤੋ ਇਲਾਵਾ ਮੁਫ਼ਤ ਰਿਹਾਇਸ਼, ਖਾਣਾ, ਕਾਪੀਆਂ/ਕਿਤਾਬਾਂ ਵਰਦੀਆਂ, ਖੇਡ ਮੈਦਾਨ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ। ਹੁਨਰ ਸਿਖਲਾਈ ਉਪਰੰਤ ਉਮੀਦਵਾਰਾਂ ਨੂੰ ਸਰਕਾਰੀ ਹੁਨਰ ਪ੍ਰਮਾਣਿਤ ਸਰਟੀਫਿਕੇਟ ਦਿੱਤਾ ਜਾਵੇਗਾ।ਟ੍ਰੇਨਿੰਗ ਉਪਰੰਤ ਉਮੀਦਵਾਰਾ ਦੀ ਇਨ੍ਹਾਂ ਕੋਰਸਾਂ ਨਾਲ ਸਬੰਧਤ ਕੰਪਨੀਆਂ ਵਿਚ ਪਲੇਸਮੈਂਟ ਕਰਵਾਈ ਜਾਵੇਗੀ। ਪਲੇਸਮੈਂਟ ਦੌਰਾਨ ਉਮੀਦਵਾਰਾਂ ਨੂੰ ਲਾਜ਼ਮੀ ਵਜ਼ੀਫਾ ਦਿੱਤਾ ਜਾਵੇਗਾ।

# ਖੱਤਰੀ ਸਭਾ ਦੀ ਯੂਥ ਇਕਾਈ ਦਾ ਐਲਾਨ ਅੱਜ

**ਫਗਵਾੜਾ (ਡਾ: ਰਮਨ)** ਖੱਤਰੀ ਸਭਾ ਰਜਿ. ਫਗਵਾੜਾ ਦੀ ਇਕ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਮੋਹਨ ਬਜਾਜ (ਗੁੱਡ) ਦੀ ਪ੍ਰਧਾਨਗੀ ਹੇਠ ਸਥਾਨਕ ਬੰਗਾ ਰੋਡ ਦਫ਼ਤਰ ਵਿਖੇ ਹੋਈ, ਜਿਸ ਵਿੱਚ ਸਭਾ ਦੀ ਯੂਥ ਇਕਾਈ ਦੇ ਗਠਨ ਸੰਬੰਧੀ ਵਿਚਾਰ+- ਵਟਾਂਦਰਾ ਕੀਤਾ ਗਿਆ। ਸਭਾ ਦੇ ਜਨਰਲ ਸਕੱਤਰ ਸ਼ੰਕਰ ਝਾਂਜੀ ਅਤੇ ਸਕੱਤਰ ਵਿਤਿਨ ਪੁਰੀ ਦੀ ਹਾਜ਼ਰੀ ਵਿੱਚ ਪ੍ਰਧਾਨ ਗੁਡ ਬਜਾਜ ਅਤੇ ਮੀਤ ਪ੍ਰਧਾਨ ਦਵਿੰਦਰ ਭੱਲਾ ਨੇ ਦੱਸਿਆ ਕਿ ਯੂਥ ਇਕਾਈ ਦਾ ਐਲਾਨ 24 ਨਵੰਬਰ ਨੂੰ ਸਤਿਸੰਗ ਭਵਨ (ਬੈਕ ਸਾਈਡ ਮੋਹਨ ਫਾਸਟ ਫੂਡ) ਦਾਣਾ ਮੰਡੀ ਵਿਖੇ ਦੁਪਹਿਰ 12 ਵਜੇ ਕਰਵਾਏ ਜਾ ਰਹੇ ਪ੍ਰੋਗਰਾਮ ਦੌਰਾਨ ਕੀਤਾ ਜਾਵੇਗਾ। ਯੂਥ ਇਕਾਈ ਦੇ ਗਠਨ ਸਮੇਂ ਖੱਤਰੀ ਸਭਾ ਪੰਜਾਬ ਦੇ ਪ੍ਰਧਾਨ ਦਲਜੀਤ ਸਿੰਘ ਜ਼ਖਮੀ, ਜਨਰਲ ਸਕੱਤਰ ਸੰਜੀਵ ਲੇਖੀ ਅਤੇ ਯੂਥ ਪ੍ਰਧਾਨ ਪੰਜਾਬ ਪ੍ਰਮੋਦ ਝਾਂਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ। ਇਸ ਮੌਕੇ ਸਭਾ ਦੇ ਕੈਸ਼ੀਅਰ ਭਾਰਤ ਭੂਸ਼ਣ ਬੇਦੀ, ਤਰਲੋਚਨ ਸਿੰਘ ਪੁਰੀ, ਪਰਵੀਨ ਪੱਬੀ, ਇੰਦਰਜੀਤ ਜੈਰਥ, ਪ੍ਰੇਮ ਬਜਾਜ, ਭਾਰਤ ਭੂਸ਼ਨ ਬੇਦੀ, ਤਰਲੋਕ ਸਿੰਘ ਭੱਲਾ, ਗੋਪੀ ਬੇਦੀ, ਵਿਪਨ ਧੀਰ, ਡਾ: ਅਨਿਲ ਓਹਰੀ, ਰਾਮ ਲੁਭਿਆ ਨਈਅਰ, ਰਾਕੇਸ਼ ਵਢੇਰਾ, ਪਰਵੇਸ਼ ਕੁਮਾਰ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਤੇ ਪੋਕਸੋ ਐਕਟ ਬਾਰੇ ਕੀਤਾ ਜਾਗਰੂਕ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਦੁਰਗਾਪੁਰ ਵਿਖੇ ਬੱਚਿਆਂ ਅਤੇ ਸਕੂਲ ਦੇ ਸਟਾਫ਼ ਨੂੰ ਬਾਲ ਅਧਿਕਾਰਾਂ ਅਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਦੌਰਾਨ ਬਾਲ ਸੁਰੱਖਿਆ ਅਫ਼ਸਰ ਗੌਰਵ ਸ਼ਰਮਾ (ਆਈਸੀ) ਵੱਲੋਂ ਪੋਕਸੋ ਐਕਟ ਅਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਲੜਕਿਆਂ ਅਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਅਤ ਮਾਹੌਲ ਹੋਣਾ ਜ਼ਰੂਰੀ ਹੈ, ਜਿਸ ਦੀ ਸਿਰਜਣਾ ਕਰਨ ਲਈ ਸਰਕਾਰ ਵੱਲੋਂ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੋ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੋਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਾ ਪ੍ਰਾਵਧਾਨ ਹੈ। ਉਨ੍ਹਾਂ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨਾਲ ਇਸ ਸੰਵੇਦਨਸ਼ੀਲ ਵਿਸ਼ੇ ਤੇ ਖੁੱਲ੍ਹ ਕੇ ਚਰਚਾ ਕਰਨ, ਤਾਂ ਜੋ ਬੱਚਿਆਂ ਨੂੰ ਚੰਗੇ ਅਤੇ ਮਾੜੇ ਵਤੀਰੇ ਦਾ ਪਤਾ ਲੱਗ ਸਕੇ। ਬਾਲ ਸੁਰੱਖਿਆ ਯੂਨਿਟ ਅਧੀਨ ਬਤੌਰ ਆਊਟਰੀਚ ਵਰਕਰ ਤਾਇਨਾਤ ਕਾਂਤਾ ਵੱਲੋਂ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਪੋਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਬਾਰੇ ਜਾਣੂ ਕਰਵਾਇਆ ਗਿਆ, ਜਿਸ ਦੇ ਤਹਿਤ ਲੋੜਵੰਦ ਅਤੇ ਬੇਸਹਾਰਾ ਬੱਚਿਆਂ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਬੱਚਿਆਂ ਨੂੰ ਚਾਈਲਡ ਲਾਈਨ ਨੰਬਰ 1098 ਬਾਰੇ ਜਾਣੂ ਕਰਵਾਇਆ ਗਿਆ।ਪ੍ਰੋਗਰਾਮ ਦੌਰਾਨ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਬੱਚਿਆਂ ਦੇ ਨਾਲ-ਨਾਲ ਪ੍ਰਿੰਸੀਪਲ ਸੁਰਿੰਦਰ ਕੌਰ ਅਤੇ ਸਟਾਫ ਵੀ ਹਾਜ਼ਰ ਸੀ।

# ਮਾਨ ਨੇ ਕਰੀਬ 1.75 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਇਆ ਸ਼ਹਿਰ ਦਾ ਵਿਕਾਸ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**—ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸ਼ਹਿਰ ਦੇ ਮੁਹੱਲਾ ਰਣਜੀਤ ਨਗਰ, ਸਾਹਿਬਜਾਦਾ ਅਜੀਤ ਸਿੰਘ ਨਗਰ, ਫਰੈਂਡਸ ਕਲੋਨੀ, ਅਰਬਨ ਸਟੇਟ, ਪ੍ਰੀਤਮ ਨਗਰ, ਗੁਰੂ ਨਾਨਕ ਇਨਕਲੇਵ ਅਤੇ ਪ੍ਰੇਮਪੁਰਾ ਵਿਖੇ ਵੱਖ-ਵੱਖ ਵਿਕਾਸ ਦੇ ਕਾਰਜਾਂ ਦੀ ਰਸਮੀ ਰਿਬਨ ਕੱਟ ਕੇ ਸ਼ੁਰੂਆਤ ਕਰਵਾਈ। ਉਹਨਾਂ ਦੇ ਨਾਲ ਹਰਨੂਰ ਸਿੰਘ ਮਾਨ ਸਪੋਕਸਪਰਸਨ ਪੰਜਾਬ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਜੋਗਿੰਦਰ ਸਿੰਘ ਮਾਨ ਨੇ ਦੱਸਿਆ ਕਿ ਰਣਜੀਤ ਨਗਰ ਵਿਖੇ 29 ਲੱਖ ਦੀ ਲਾਗਤ ਨਾਲ, ਐਸ.ਏ.ਐਸ ਨਗਰ ਵਿਖੇ 33.5 ਲੱਖ ਦੀ ਲਾਗਤ ਨਾਲ, ਫਰੈਂਡਸ ਕਲੋਨੀ ਵਿਖੇ 9.45 ਲੱਖ, ਅਰਬਨ ਸਟੇਟ ਵਿਖੇ 15.51 ਲੱਖ, ਪ੍ਰੀਤਮ ਨਗਰ ਵਿਖੇ 16 ਲੱਖ, ਉਂਕਾਰ ਨਗਰ 'ਚ 29.17 ਲੱਖ, ਗੁਰੂ ਨਾਨਕ ਇਨਕਲੇਵ 28.48 ਲੱਖ ਅਤੇ ਰਾਮਪੁਰਾ ਮੁੱਹਲਾ ਵਿੱਚ 14.33 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ ਹੈ। ਉਹਨਾਂ ਦੱਸਿਆ ਕਿ ਇਹਨਾਂ ਵਿਕਾਸ ਕਾਰਜਾਂ ਉੱਪਰ ਕੁੱਲ 1 ਕਰੋੜ 75 ਲੱਖ 44 ਹਜਾਰ ਰੁਪਏ ਦੇ ਕਰੀਬ ਰਕਮ ਖਰਚ ਕੀਤੀ ਜਾ ਰਹੀ ਹੈ। ਮਾਨ ਨੇ ਕਿਹਾ ਕਿ ਫਗਵਾੜਾ ਸ਼ਹਿਰ ਦੇ ਹਰੇਕ ਵਾਰਡ ਅਤੇ ਹਰੇਕ ਮੁਹੱਲੇ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਹਰਜੀ ਮਾਨ ਨੇ ਪੂਰੇ ਜੋਸ਼ ਵਿਚ ਕਿਹਾ ਕਿ ਇਹ ਤਾਂ ਸਿਰਫ ਟਰੇਲਰ ਹੈ, ਵਿਕਾਸ ਦੀ ਅਸਲ ਫਿਲਮ ਤਾਂ ਕਾਰਪੋਰੇਸ਼ਨ ਚੋਣਾਂ ਤੋਂ ਬਾਅਦ ਫਗਵਾੜਾ 'ਚ 'ਆਪ' ਪਾਰਟੀ ਦੀ ਵਜਾਰਤ ਬਣਨ ਤੋਂ ਬਾਅਦ ਨਜ਼ਰ ਆਵੇਗੀ। ਉਹਨਾਂ ਸਮੂਹ ਨੌਜਵਾਨ ਆਪ ਆਗੂਆਂ ਨੂੰ ਕਾਰਪੋਰੇਸ਼ਨ ਚੋਣਾਂ ਦੀ ਤਿਆਰੀ ਲਈ ਲਾਮਬੰਦ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਅਤੇ ਕਿਹਾ ਕਿ ਸੰਭਾਵੀ ਤੌਰ ਤੇ 25 ਨਵੰਬਰ ਤੋਂ ਬਾਅਦ ਕਾਰਪੋਰੇਸ਼ਨ ਚੋਣਾਂ ਦਾ ਨੋਟੀਫਿਕੇਸ਼ਨ ਪੰਜਾਬ ਸਰਕਾਰ ਵਲੋਂ ਜਾਰੀ ਕਰ ਦਿੱਤਾ ਜਾਵੇਗਾ।

ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ, ਧਰਮਵੀਰ ਸੇਠੀ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈੱਲ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਵਿਜੇ ਬਸੰਤ ਨਗਰ, ਹਰਪ੍ਰੀਤ ਭੋਗਲ, ਪਰਮਜੀਤ ਧਰਮਸੋਤ, ਮਨਪ੍ਰੀਤ ਸਿੰਘ, ਕੇਸ਼ੀ ਗੰਡਵਾ, ਰਵੀ ਕੁਮਾਰ ਮੰਤਰੀ, ਸੁਖਦੇਵ ਸਿੰਘ ਲੱਲ, ਬਲਬੀਰ ਠਾਕੁਰ ਬਲਾਕ ਪ੍ਰਧਾਨ, ਰਾਜਾ ਕੋਲਸਰ ਬਲਾਕ ਪ੍ਰਧਾਨ, ਅਮਰਜੀਤ ਕੌਰ, ਅਮਨਦੀਪ ਕੌਰ, ਰਜਿੰਦਰ ਕੌਰ, ਮਨਜੀਤ ਕੌਰ, ਕੰਵਰਪਾਲ ਸਿੰਘ ਜੇ.ਈ ਸਮੇਤ ਹੋਰ ਪਤਵੰਤੇ ਹਾਜਰ ਸਨ।

# ਕੁਲਵੰਤ ਸਿੰਘ ਨੇ ਬੱਲੋਮਾਜਰਾ ਦੀ ਫਿਰਨੀ ਪੱਕੀ ਕਰਨ ਦੇ ਕੰਮ ਦੀ ਕੀਤੀ ਸ਼ੁਰੂਆਤ



**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਚ ਵੱਡੇ ਪੱਧਰ 'ਤੇ ਨੌਜਵਾਨ ਸਰਪੰਚ ਬਣੇ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਚਲਦਿਆਂ ਨੌਜਵਾਨ ਸਰਪੰਚ ਹੁਣ ਪਹਿਲਾਂ ਤੋਂ ਵੀ ਵਧੇਰੇ ਤੇਜ ਗਤੀ ਦੇ ਨਾਲ ਵਿਕਾਸ ਦਾ ਉਪਰਾਲਾ ਕਰਨਗੇ ਅਤੇ ਨਸ਼ਿਆਂ ਦੇ ਕੋਹੜ ਨੂੰ ਸੂਬੇ ਤੋਂ ਭਜਾਉਣ ਲਈ ਨਿੱਗਰ ਯਤਨ ਵੀ ਕਰਨਗੇ। ਇਹ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਨੇ ਪਿੰਡ ਬੱਲੋਮਾਜਰਾ ਦੀ ਫਿਰਨੀ ਨੂੰ ਪੱਕੀ ਕਰਨ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਨੀਤੀਆਂ ਦੇ ਵਿੱਚ ਵਿਸ਼ਵਾਸ ਰੱਖਣ ਵਾਲੇ ਸਰਪੰਚ ਚੁਣੇ ਗਏ ਹਨ ਅਤੇ ਵੱਡੀ ਗਿਣਤੀ ਵਿੱਚ ਚੁਣੇ ਗਏ ਨੌਜਵਾਨ ਸਰਪੰਚਾਂ ਨੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਵੀ ਸ਼ੁਰੂ ਕਰ ਦਿੱਤੇ ਹਨ। ਇਸੇ ਕੜੀ ਤਹਿਤ ਪਿੰਡ ਬੱਲੋਮਾਜਰਾ ਦੀ ਫਿਰਨੀ ਨੂੰ ਪੱਕਿਆ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਦੀ ਲੰਬਾਈ ਇਕ ਕਿਲੋਮੀਟਰ ਅਤੇ ਚੌੜਾਈ ਲਗਭਗ 11 ਫੁੱਟ ਹੈ। ਇਸ ਨੂੰ ਬਣਾਉਣ 'ਤੇ 28 ਲੱਖ ਰੁਪਏ ਦਾ ਖਰਚ ਆਵੇਗਾ। ਇਸ ਫਿਰਨੀ ਨੂੰ 60 ਐਮ.ਐਮ. ਦੀਆਂ ਇੰਟਰਲੋਕ ਟਾਈਲਾਂ /ਪੇਵਰ ਬਲਾਕ ਨਾਲ ਪੱਕਾ ਕੀਤਾ ਜਾਵੇਗਾ। ਪਿੰਡ ਬੱਲੋਮਾਜਰਾ ਦੀ ਫਿਰਨੀ ਦਾ ਕੰਮ ਲਗਭਗ ਦੋ ਮਹੀਨਿਆਂ ਦੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਗੁਰਜਿੰਦਰ ਸਿੰਘ ਸਰਪੰਚ, ਜਸਵੀਰ ਕੌਰ, ਸੁਰਜਨ ਸਿੰਘ, ਹਰਿੰਦਰ ਸਿੰਘ, ਗੁਰਪ੍ਰੀਤ ਸਿੰਘ (ਸਾਰੇ ਮੈਂਬਰ ਪੰਚਾਇਤ), ਬਲਜੀਤ ਸਿੰਘ ਨੰਬਰਦਾਰ, ਮਨਜੀਤ ਸਿੰਘ, ਬਲਵੀਰ ਸਿੰਘ ਸਰਪੰਚ ਰਾਏਪੁਰ, ਕੁਲਵੀਰ ਸਿੰਘ ਸਰਪੰਚ ਬਰਿਆਲੀ, ਕੁਲਦੀਪ ਸਿੰਘ ਸਮਾਣਾ, ਡਾਕਟਰ ਕੁਲਦੀਪ ਸਿੰਘ, ਅਕਬਿੰਦਰ ਸਿੰਘ ਗੋਸਲ, ਹਰਪਾਲ ਸਿੰਘ ਚੰਨਾ, ਜਸਪਾਲ ਸਿੰਘ ,ਤਰਲੋਚਨ ਸਿੰਘ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਪਿੰਕੀ, ਵਿਸ਼ਾਲ ਸਿੰਘ, ਗੁਰਪ੍ਰੀਤ ਸਿੰਘ ਬਲਿਆਲੀ, ਰਾਜਿੰਦਰ ਸਿੰਘ ਰਾਜੂ ਸਰਪੰਚ ਬੜ ਮਾਜਰਾ, ਮਲਕੀਤ ਸਿੰਘ ਬਲਾਕ ਪ੍ਰਧਾਨ,ਅਵਤਾਰ ਸਿੰਘ ਝਾਮਪੁਰ ਅਤੇ ਅਮਨ ਸਿੱਧੂ ਵੀ ਹਾਜਰ ਸਨ।

# ਭਾਰਤੀ ਕਿਸਾਨ ਯੂਨੀਅਨ ਖੋਸਾ ਨੇ ਕੀਤਾ ਭਖਦੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ



**ਭੁਲੱਥ (ਮਨਪ੍ਰੀਤ ਸਿੰਘ)**—ਸਬ ਡਵੀਜ਼ਨ ਕਸਬਾ ਭੁਲੱਥ 'ਚ ਭਾਰਤੀ ਕਿਸਾਨ ਯੂਨੀਅਨ ਖੋਸਾ ਰਜਿ: ਦੀ ਮੀਟਿੰਗ ਗੁਰਦੁਆਰਾ ਸੁੱਖ ਸਾਗਰ ਸਾਹਿਬ ਬੇਰੀਆਂ ਵਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਢਿਲਵਾਂ ਦੀ ਪ੍ਰਧਾਨਗੀ ਹੇਠ ਹੋਈ । ਜਿੱਥੇ ਸਰਪੰਚ ਸੁਰਿੰਦਰ ਸਿੰਘ ਸ਼ੇਰਗਿੱਲ ਖੱਸਣ ਮੀਤ ਪ੍ਰਧਾਨ ਪੰਜਾਬ ਵਿਸ਼ੇਸ਼ ਤੌਰ 'ਤੇ ਪੁੱਜੇ । ਮੀਟਿੰਗ ਦੌਰਾਨ ਕਿਸਾਨੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੋ ਸ਼ੈਲਰ ਮਾਲਕ ਤੇ ਆੜ੍ਹਤੀ ਕਿਸਾਨਾਂ ਨੂੰ ਝੋਨੇ ਦੀ ਐਮ.ਐਸ.ਪੀ 'ਤੇ ਕੱਟ ਲਗਾ ਰਹੇ ਹਨ, ਉਸ ਦੀ ਭਾਰਤੀ ਕਿਸਾਨ ਯੂਨੀਅਨ ਖੋਸਾ ਪੁਰਜੋਰ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਯੂਨੀਅਨ ਮੰਗ ਕਰਦੀ ਹੈ ਕਿ ਸਰਕਾਰ ਇਸ ਦੀ ਜਾਂਚ ਕਰੇ ਅਤੇ ਜਿਨ੍ਹਾਂ ਕਿਸਾਨਾਂ ਨੂੰ ਕੱਟ ਲੱਗਾ ਹੈ, ਉਸ ਕੱਟ ਦੇ ਪੈਸੇ ਕਿਸਾਨਾਂ ਨੂੰ ਦਵਾਏ ਜਾਣ ਅਤੇ ਕੱਟ 'ਤੇ ਮੁਕੰਮਲ ਰੋਕ ਲਗਾਈ ਜਾਵੇ ਨਹੀਂ ਤਾਂ ਭਾਰਤੀ ਕਿਸਾਨ ਯੂਨੀਅਨ ਖੋਸਾ ਕੋਈ ਵੱਡਾ ਅੰਦੋਲਨ ਕਰਨ ਨੂੰ ਮਜਬੂਰ ਹੋਵੇਗੀ, ਕਿਉਂਕਿ ਕਿਸਾਨਾਂ ਨੂੰ ਝੋਨਾ ਸਰਕਾਰ ਦੀ ਸਿਫਾਰਿਸ਼ 'ਤੇ ਅਤੇ 17% ਨਮੀ ਵਾਲਾ ਝੋਨਾ ਮੰਡੀ ਵਿੱਚ ਵੇਚਿਆ ਹੈ ਅਤੇ ਇਸ 'ਤੇ ਕੋਈ ਕੱਟ ਲਗਦਾ ਹੈ ਤਾਂ ਯੂਨੀਅਨ ਇਹ ਬਰਦਾਸ਼ਤ ਨਹੀਂ ਕਰੇਗੀ ਅਤੇ ਜੋ ਵੀ ਸੰਘਰਸ਼ ਲੜਨਾ ਪਿਆ ਤਾਂ ਲੜੇਗੀ ।ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਜੋ ਹਰਿਆਣੇ ਦੇ ਬਾਰਡਰ 'ਤੇ ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਨੇ ਮੋਰਚਾ ਲਗਾਇਆ ਹੈ, ਜੋ ਕਿਸਾਨੀ ਅਤੇ ਮਜਦੂਰਾਂ ਦੀਆਂ ਮੰਗਾਂ ਛੇਤੀ ਨਾ ਮੰਨੀਆ ਗਈਆਂ, ਤਾਂ ਜੋ ਵੀ ਗੈਰ ਰਾਜਨੀਤਿਕ ਜਥੇਬੰਦੀਆਂ ਹੁਕਮ ਕਰਨਗੀਆਂ, ਉਸ ਦਾ ਪੂਰਾ ਜੋਸ਼ ਨਾਲ ਸਮਰਥਨ ਕੀਤਾ ਜਾਵੇਗਾ ।ਯੂਨੀਅਨ ਨੇ ਕਿਹਾ ਕਿ ਜੋ ਸਰਕਾਰ ਨੇ ਪਰਾਲੀ ਸੰਭਾਲ ਦੇ ਪ੍ਰਬੰਧ ਕੀਤੇ ਹਨ, ਉਹ ਵੀ ਮੁਕੰਮਲ ਨਹੀਂ ਹਨ, ਕਿਉਂਕਿ ਕਾਫੀ ਪਿੰਡਾਂ ਵਿੱਚ ਜੋ ਗੰਢਾਂ ਬੰਨਣ ਵਾਲੀਆਂ ਮਸ਼ੀਨਾਂ ਸੀ, ਉਹ ਪਹੁੰਚ ਨਹੀਂ ਸਕੀਆਂ ਅਤੇ ਕਿਸਾਨਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਫਕੀਰ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਦਲਵੀਰ ਸਿੰਘ ਖੱਸਣ, ਰਣਜੀਤ ਸਿੰਘ ਲਿੱਟਾਂ, ਜਸਵੀਰ ਸਿੰਘ ਬਾਜਵਾ, ਦਲੀਪ ਸਿੰਘ ਲਿੱਟਾਂ, ਗੁਰਮੀਤ ਸਿੰਘ ਲਿੱਟਾਂ , ਹਰਭਜਨ ਸਿੰਘ ਲਿੱਟਾਂ, ਕੁਲਵੰਤ ਸਿੰਘ ਲਿੱਟਾਂ, ਦਲਜਿੰਦਰ ਸਿੰਘ ਲਿੱਟਾਂ, ਸਤਪਾਲ ਸਿੰਘ ਲਿੱਟਾਂ , ਗੁਰਚਰਨ ਸਿੰਘ ਖੱਸਣ, ਅਜੀਤ ਸਿੰਘ ਜੈਦ ਹਾਜ਼ਰ ਸਨ।

# ਹਰਿਆਣਾ ਸਰਕਾਰ ਵੱਲੋਂ 26 ਨੂੰ ਮਨਾਇਆ ਜਾਵੇਗਾ ਸੰਵਿਧਾਨ ਦਿਵਸ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਭਾਰਤੀ ਸੰਵਿਧਾਨ ਨੂੰ ਅਪਣਾਏ ਜਾਣ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੈ। ਕੁਰੂਕਸ਼ੇਤਰ ਵਿੱਚ ਰਾਜ ਪੱਧਰੀ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਿਰਕਤ ਕਰਨਗੇ। ਇਸ ਪਹਿਲਕਦਮੀ ਤਹਿਤ ਸੂਬੇ ਵਿੱਚ ਸਾਲ ਭਰ ਪ੍ਰੋਗਰਾਮ ਕਰਵਾਏ ਜਾਣਗੇ।ਇਸ ਸਬੰਧੀ ਹਰਿਆਣਾ ਦੇ ਮੁੱਖ ਸਕੱਤਰ ਡਾ: ਵਿਵੇਕ ਜੋਸ਼ੀ ਨੇ ਸਬੰਧਤ ਡਿਪਟੀ ਕਮਿਸ਼ਨਰਾਂ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਅਤੇ ਸੀਨੀਅਰ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਣ ਲਈ ਸੂਬੇ ਭਰ ਵਿੱਚ ਪ੍ਰੋਗਰਾਮ ਆਯੋਜਿਤ ਕਰਨ ਦੇ ਨਿਰਦੇਸ਼ ਦਿੱਤੇ।ਇਸ ਇਤਿਹਾਸਕ ਮੌਕੇ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਡਾ: ਵਿਵੇਕ ਜੋਸ਼ੀ ਨੇ ਕਿਹਾ ਕਿ ਸੰਵਿਧਾਨ ਨੂੰ ਅਪਣਾਏ ਜਾਣ ਦੀ 75ਵੀਂ ਵਰ੍ਹੇਗੰਢ ਸਾਡੇ ਸੰਵਿਧਾਨ ਨਿਰਮਾਤਾਵਾਂ ਦੇ ਯੋਗਦਾਨ ਦਾ ਸਨਮਾਨ ਕਰਨ ਅਤੇ ਉਨ੍ਹਾਂ ਨੂੰ ਮਾਨਤਾ ਦੇਣ ਦਾ ਢੁਕਵਾਂ ਮੌਕਾ ਹੈ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੂਲ ਕਦਰਾਂ-ਕੀਮਤਾਂ ਨੂੰ ਦੁਹਰਾਉਣਾ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਨਾਗਰਿਕਾਂ ਨੂੰ ਆਪਣੀ ਸਹੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨਾ ਹੈ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰਾਂ ਅਤੇ ਉਪ ਕੁਲਪਤੀਆਂ ਨੇ ਦੱਸਿਆ ਕਿ ਸੰਵਿਧਾਨ ਦਿਵਸ ਮਨਾਉਣ ਲਈ ਸੰਵਿਧਾਨ ਦੀ ਪ੍ਰਸਤਾਵਨਾ 'ਤੇ ਕੁਇਜ਼ ਮੁਕਾਬਲਾ, ਵਾਦ-ਵਿਵਾਦ, ਪੋਸਟਰ ਮੇਕਿੰਗ ਮੁਕਾਬਲੇ, ਗੈਸਟ ਲੈਕਚਰ, ਫਿਲਮ ਸਕ੍ਰੀਨਿੰਗ, ਕੰਧ ਚਿੱਤਰਕਾਰੀ ਵਰਗੇ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਇਸ ਪਹਿਲਕਦਮੀ ਵਿੱਚ ਗ੍ਰਾਮ ਪੰਚਾਇਤਾਂ ਵੀ ਸ਼ਾਮਲ ਹੋਣਗੀਆਂ ਅਤੇ ਪੇਂਡੂ ਖੇਤਰਾਂ ਵਿੱਚ ਪੰਚਾਇਤਾਂ ਅਤੇ ਅੰਮ੍ਰਿਤ ਸਰੋਵਰ ਸਥਾਨਾਂ 'ਤੇ ਪ੍ਰਸਤਾਵਨਾ ਦੇ ਸਮੂਹਿਕ ਪਾਠ ਦਾ ਆਯੋਜਨ ਕੀਤਾ ਜਾਵੇਗਾ।ਮੀਟਿੰਗ ਵਿੱਚ ਸਕੂਲ ਸਿੱਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਨੀਤ ਗਰਗ, ਵਿਰਾਸਤ ਤੇ ਸੈਰ ਸਪਾਟਾ ਵਿਭਾਗ ਦੀ ਪ੍ਰਮੁੱਖ ਸਕੱਤਰ ਸ੍ਰੀਮਤੀ ਕਾਲਾ ਰਾਮਚੰਦਰਨ, ਸੂਚਨਾ, ਲੋਕ ਸੰਪਰਕ, ਭਾਸ਼ਾ ਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਜਨਰਲ ਕੇ. ਮਕਰੰਦ ਪਾਂਡੁਰੰਗ, ਵਿਸ਼ੇਸ਼ ਸਕੱਤਰ, ਪ੍ਰਸੋਨਲ, ਸਿਖਲਾਈ ਅਤੇ ਸੰਸਦੀ ਮਾਮਲੇ, ਅਦਿੱਤਿਆ ਦਹੀਆ, ਵਧੀਕ ਡਾਇਰੈਕਟਰ (ਪ੍ਰਸ਼ਾਸਨ), ਸੂਚਨਾ, ਲੋਕ ਸੰਪਰਕ ਅਤੇ ਭਾਸ਼ਾਵਾਂ ਵਿਭਾਗ, ਸ਼੍ਰੀਮਤੀ ਵਰਸ਼ਾ ਖੰਗਵਾਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

**18ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਦਾ ਫਾਈਨਲ ਅੱਜ**

# ਮੁਹਾਲੀ ਤੇ ਹਾਈ ਪ੍ਰਫਾਰਮੈਂਸ ਸੈਂਟਰ ਭੁਬਨੇਸ਼ਵਰ ਦਰਮਿਆਨ ਹੋਵੇਗਾ ਮੁਕਾਬਲਾ



**ਜਲੰਧਰ ( ਸ਼ੈਲੀ ਐਲਬਰਟ)** 18ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਫਾਰ ਮਾਤਾ ਪ੍ਰਕਾਸ਼ ਕੌਰ ਕੱਪ (ਅੰਡਰ 19 ਲੜਕੇ) ਦਾ ਫਾਇਨਲ ਮੁਕਾਬਲਾ ਰਾਊਂਡ ਗਲਾਸ ਹਾਕੀ ਅਕੈਡਮੀ ਮੋਹਾਲੀ ਅਤੇ ਓਡੀਸ਼ਾ ਨੇਵਲ ਟਾਟਾ ਹਾਈ ਪ੍ਰਫਾਰਮੈਂਸ ਸੈਂਟਰ ਭੁਬਨੇਸ਼ਵਰ ਦੀਆਂ ਟੀਮਾਂ ਦਰਮਿਆਨ ਐਤਵਾਰ ਬਾਅਦ ਦੁਪਿਹਰ 2-00 ਵਜੇ ਖੇਡਿਆ ਜਾਵੇਗਾ। ਅੱਜ ਦੇ ਪਹਿਲੇ ਸੈਮੀਫਾਇਨਲ ਵਿੱਚ ਰਾਊਂਡ ਗਲਾਸ ਹਾਕੀ ਅਕੈਡਮੀ ਮੋਹਾਲੀ ਨੇ ਐਨਸੀਓਈ ਸੋਨੀਪਤ ਨੂੰ 8-6 ਦੇ ਫਰਕ ਨਾਲ ਅਤੇ ਦੂਜੇ ਸੈਮੀਫਾਇਨਲ ਵਿੱਚ ਓਡੀਸ਼ਾ ਨੇਵਲ ਟਾਟਾ ਹਾਈ ਪ੍ਰਫਾਰਮੈਂਸ ਸੈਂਟਰ ਭੁਬਨੇਸ਼ਵਰ ਨੇ ਸਪੋਰਟਸ ਹਾਸਟਲ ਲਖਨਊ ਨੂੰ ਸ਼ੂਟ ਆਊਟ ਰਾਹੀਂ 4-2 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ।ਤੀਸਰੇ ਅਤੇ ਚੌਥੇ ਸਥਾਨ ਲਈ ਮੈਚ ਸਵੇਰੇ 10-30 ਵਜੇ ਖੇਡਿਆ ਜਾਵੇਗਾ।ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਭਾਰਤ ਦੇ ਉਘੇ ਬਿਜ਼ਨਮੈਨ ਸਾਜਨ ਜਿੰਦਲ (ਚੇਅਰਮੈਨ ਜੇਐਸਡਬਲਿਊ ਗਰੁੱਪ) ਕਰਨਗੇ।ਜੇਤੂ ਟੀਮ ਨੂੰ ਮਾਤਾ ਪ੍ਰਕਾਸ਼ ਕੌਰ ਕੱਪ ਦੇ ਨਾਲ ਇਕ ਲੱਖ ਪੰਜਾਹ ਹਜ਼ਾਰ ਰੁਪਏ ਨਕਦ ਦਿੱਤੇ ਜਾਣਗੇ। ਜਦਕਿ ਉਪ ਜੇਤੂ ਟੀਮ ਨੂੰ ਇਕ ਲੱਖ ਰੁਪਏ ਨਕਦ ਅਤੇ ਉਪ ਜੇਤੂ ਟਰਾਫੀ ਦਿੱਤੀ ਗਈ।ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 80000 ਰੁਪਏ ਨਕਦ ਅਤੇ ਟਰਾਫੀ ਅਤੇ ਚੌਥੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 60000 ਰੁਪਏ ਨਕਦ ਦਿੱਤੇ ਗਏ। ਟੂਰਨਾਮੈਂਟ ਦੌਰਾਨ ਸਾਫ ਸੁਥਰੀ ਖੇਡ ਦਿਖਾਉਣ ਵਾਲੀ ਟੀਮ ਨੂੰ ਹਰਮੋਹਿੰਦਰ ਕੌਰ ਯਾਦਗਾਰੀ ਟਰਾਫੀ ਦਿੱਤੀ ਜਾਵੇਗੀ।ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਮਨਦੀਪ ਸਿੰਘ, ਉਲੰਪੀਅਨ ਗੁਰਮੇਲ ਸਿੰਘ, ਰਾਜਬੀਰ ਕੌਰ ਅਰਜੁਨ ਐਵਾਰਡੀ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਅੱਜ ਦੇ ਮੈਚਾਂ ਸਮੇਂ ਪ੍ਰਦੀਪ ਸਿੰਘ, ਜਾਰਜ ਪਾਲ, ਭੁਪਿੰਦਰ ਸਿੰਘ, ਧਰਮਪਾਲ ਸਿੰਘ, ਮਹਾਬੀਰ ਸਿੰਘ, ਬਲਵਿੰਦਰ ਸਿੰਘ, ਬਲਜੀਤ ਚੰਦੀ, ਡਾਕਟਰ ਐਸ ਐਸ ਮਾਨ, ਉਲੰਪੀਅਨ ਰਜਿੰਦਰ ਸਿੰਘ, ਅਸ਼ਫਾਕ ਉਲਾ ਖਾਨ, ਕੁਲਜੀਤ ਸਿੰਘ ਰੰਧਾਵਾ, ਬਲਜੀਤ ਕੌਰ, ਪਰਮਿੰਦਰ ਕੌਰ, ਹਰਭਜਨ ਕੌਰ ਕਪੂਰ, ਮਨਜੀਤ ਕੌਰ ਕਪੂਰ, ਪਲਵਿੰਦਰ ਕੌਰ ਕਪੂਰ, ਅਨੀਤਾ ਕੌਰ ਕਪੂਰ, ਜਸਪ੍ਰੀਤ ਕੌਰ ਬਵੇਜਾ, ਸੁਖਲੀਨ ਕੌਰ ਕਪੂਰ, ਗੁਰਸ਼ਰਨ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਹਰਭਜਨ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਗੁਨਦੀਪ ਸਿੰਘ ਕਪੂਰ, ਉਲੰਪੀਅਨ ਮੁਖਬੈਨ ਸਿੰਘ, ਰਿਪੁਦਮਨ ਕੁਮਾਰ ਸਿੰਘ, ਦਲਜੀਤ ਸਿੰਘ ਢਿਲੋਂ, ਜਗਦੀਪ ਸਿੰਘ ਗਿੱਲ, ਰਾਮ ਸਰਨ, ਤੇਜਾ ਸਿੰਘ, ਬਿਕਰਮਜੀਤ ਸਿੰਘ, ਹਰਿੰਦਰ ਸੰਘਾ ਤੇ ਸੁਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

**ਸਥਾਪਨਾ ਦਿਵਸ 'ਤੇ ਵਿਸ਼ੇਸ਼**

# ਉਚੇਰੀ ਸਿੱਖਿਆ ਦੇ ਸ਼ਾਨਾਮੱਤੇ ਇਤਿਹਾਸ ਦੀ ਗਵਾਹ ਗੁਰੂ ਨਾਨਕ ਦੇਵ 'ਵਰਸਿਟੀ

ਪੂਰੇ ਸੰਸਾਰ ਵਿਚ ਅੱਜ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555 ਵਾਂ ਪ੍ਰਕਾਸ਼ ਵਰ੍ਹਾ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਤਾਂ ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਆਪਣਾ ਸ਼ਾਨਾਮੱਤਾ 55ਵਾਂ ਸਥਾਪਨਾ ਦਿਵਸ ਪੂਰੇ ਉਤਸ਼ਾਹ ਨਾਲ ਮਨਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਸ਼ਤਾਬਦੀ ਪ੍ਰਕਾਸ਼ ਦਿਹਾੜੇ 'ਤੇ ਬੜੀ ਦੂਰਦ੍ਰਿਸ਼ਟੀ ਨਾਲ 500 ਏਕੜ ਜਗ੍ਹਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਸੰਕਲਪ ਲਿਆ ਗਿਆ ਸੀ। 24 ਨਵੰਬਰ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰੱਖੀ ਨੀਂਹ ਅੱਜ ਏਨੀ ਪੱਕੀ ਹੋ ਚੁੱਕੀ ਹੈ ਕਿ ਇਸ ਦੀਆਂ ਸ਼ਾਖਾਵਾਂ ਦੇ ਪੱਤੇ ਪੂਰੀ ਦੁਨੀਆ ਵਿਚ ਫੈਲ ਕੇ ਮਹਿਕਾਂ ਬਿਖੇਰ ਰਹੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 54 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਉਪ-ਕੁਲਪਤੀ ਦੇ ਬਿਨਾਂ ਤਿੰਨ ਵਿਦਵਾਨਾਂ ਵੱਲੋਂ ਵਿੱਦਿਅਕ ਭਾਸ਼ਣ ਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚਾਨਣ ਪਾਇਆ ਜਾਣਾ ਹੈ। ਉਨ੍ਹਾਂ ਵੱਲੋਂ ਯੂਨੀਵਰਸਿਟੀ ਨੂੰ ਭਵਿੱਖ ਵਿਚ ਕਿਹੜੇ ਕੰਮਾਂ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ, ਦੀ ਨਿਸ਼ਾਨਦੇਹੀ ਵੀ ਕਰਕੇ ਦਿੱਤੀ ਜਾਣੀ ਹੈ, ਤਾਂ ਜੋ ਯੂਨੀਵਰਸਿਟੀ ਵਿਸ਼ਵ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦੇ ਹਾਣ ਦੀ ਹੋ ਜਾਵੇ। ਉਂਝ 'ਇੰਟਰ ਫਾਰ ਵਰਲਡ ਯੂਨੀਵਰਸਿਟੀ ਰੈਂਕਿੰਗ-2024' ਵਿਚ ਹੀ ਇਹ ਵਿਸ਼ਵ ਦੀਆਂ ਚੋਟੀ ਦੀਆਂ 23 ਫ਼ੀਸਦੀ ਯੂਨੀਵਰਸਿਟੀਆਂ 'ਚ ਆ ਚੁੱਕੀ ਹੈ। ਪੰਜਾਬ ਦੀਆਂ ਚੋਟੀ ਦੀਆਂ ਸੰਸਥਾਵਾਂ ਵਿਚ ਸ਼ੁਮਾਰ ਸੰਸਥਾਵਾਂ ਅਤੇ ਉੱਤਰੀ ਭਾਰਤ ਦੀਆਂ ਚੋਟੀ ਦੀਆਂ 10 ਸੰਸਥਾਵਾਂ 'ਚ ਆਪਣਾ ਸਥਾਨ ਬਣਾ ਚੁੱਕੀ ਹੈ। ਇਸ ਤੋਂ ਇਲਾਵਾ ਦੇਸ਼ ਦੀ ਸਿੱਖਿਆ, ਖੋਜ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਯੂਨੀਵਰਸਿਟੀ ਹੋਣ ਦੀ ਮਾਨਤਾ ਨੈਸ਼ਨਲ ਅਸੈੱਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਬੰਗਲੌਰ ਵੱਲੋਂ 3.85 /4.00 ਅੰਕ ਦੇ ਕੇ ਦਿੱਤੀ ਹੋਈ ਹੈ।

ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਨਾਨਕ ਅਧਿਐਨ ਵਿਭਾਗ ਅਤੇ ਪੰਜਾਬੀ ਅਧਿਐਨ ਵਿਭਾਗ ਵਿਚ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਦੀ ਪੜ੍ਹਾਈ ਮੁਫ਼ਤ ਕੀਤੀ ਹੋਈ ਹੈ। ਯੂਨੀਵਰਸਿਟੀ ਦੇ ਕੈਂਪਸ ਵਿਚ 45 ਅਧਿਆਪਨ ਵਿਭਾਗ, ਦੋ ਹੋਰ ਖੇਤਰੀ ਕੈਂਪਸ ਤੇ 170 ਮਾਨਤਾ ਪ੍ਰਾਪਤ ਯੂਨੀਵਰਸਿਟੀ ਅਤੇ ਕਾਂਸਟੀਚੂਐਂਟ ਕਾਲਜ ਹਨ ਤੇ ਨਵੀਂ ਸਿੱਖਿਆ ਨੀਤੀ-2020 ਲਾਗੂ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀਆਂ ਪਹਿਲੀਆਂ ਯੂਨੀਵਰਸਿਟੀਆਂ 'ਚ ਹੈ, ਜੋ ਕਿ ਸਪੈਸ਼ਲ ਐਜੂਕੇਸ਼ਨ (ਬਹੁ-ਅਯੋਗਤਾ) ਵਾਲੇ ਕੋਰਸ ਅਤੇ ਹੋਰ ਕਈ ਵਿਸ਼ਿਆਂ ਓ ਡੀ ਐੱਲ ਰਾਹੀਂ ਆਨਲਾਈਨ ਕੋਰਸ ਕਰਵਾ ਰਹੀ ਹੈ।

ਕੈਂਪਸ 'ਚ ਫ੍ਰੀ ਹੌਟਸਪੌਟ ਦੇ ਨਾਲ ਦਫਤਰੀ ਕੰਮ-ਕਾਜ ਦੀ ਰਫਤਾਰ ਵਧਾਉਣ ਲਈ ਈ-ਆਫਿਸ ਹੈ।ਦੇਸ਼-ਵਿਦੇਸ਼ ਦੀਆਂ 92 ਕੰਪਨੀਆਂ ਰਾਹੀਂ 80 ਫੀਸਦੀ ਪਲੇਸਮੈਂਟ ਦਿੱਤੀ ਜਾ ਰਹੀ। ਯੂਨੀਵਰਸਿਟੀ ਦੇ ਮੋਢੀ ਸ੍ਰ. ਤੇਜਾ ਸਿੰਘ ਸਮੁੰਦਰੀ ਤੋਂ ਲੈ ਕਿ ਡਾ. ਜਸਪਾਲ ਸਿੰਘ ਸੰਧੂ ਤੱਕ ਦੇ ਸਾਰੇ ਉਪ-ਕੁਲਪਤੀਆਂ ਵੱਲੋਂ ਸਮੇਂ-ਸਮੇਂ ਯੂਨੀਵਰਸਿਟੀ ਨੂੰ ਉਚੇਰੀ ਸਿੱਖਿਆ ਦੇ ਖੇਤਰ ਵਿਚ ਬੁਲੰਦੀਆਂ 'ਤੇ ਲੈ ਕੇ ਜਾਣ ਵਿਚ ਅਹਿਮ ਯੋਗਦਾਨ ਪਾਇਆ ਹੈ।

ਇਸ ਸਮੇਂ ਯੂਨੀਵਰਸਿਟੀ ਦਾ ਸਮੁੱਚਾ ਭਾਈਚਾਰਾ ਜਿੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਵਿਸ਼ਵ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਸ਼ੁਮਾਰ ਕਰਨ ਲਈ ਲਗਾਤਾਰ ਮਿਹਨਤ ਕਰ ਰਿਹਾ, ਉੱਥੇ ਯੂਨੀਵਰਸਿਟੀ ਨੂੰ ਅੱਗੇ ਲੈ ਕੇ ਜਾਣ ਵਾਲਿਆਂ ਦਾ ਧੰਨਵਾਦ ਵੀ ਕਰਦਾ ਹੈ ਅਤੇ ਨਿਰੰਤਰ ਸਹਿਯੋਗ ਦੇਣ ਲਈ ਯੂਨੀਵਰਸਿਟੀ ਨਾਲ ਜੁੜਨ ਅਤੇ 55ਵੇਂ ਸਥਾਪਨਾ ਦਿਵਸ ਦੇ ਜਸ਼ਨਾਂ ਦਾ ਹਿੱਸਾ ਬਣਨ ਦਾ ਸੱਦਾ ਵੀ ਦਿੰਦਾ ਹੈ।

**—ਪ੍ਰਵੀਨ ਪੁਰੀ**
**ਡਾਇਰੈਕਟਰ ਲੋਕ ਸੰਪਰਕ ਵਿਭਾਗ,**
**ਜੀ ਐੱਨ ਡੀ ਯੂ, ਅੰਮ੍ਰਿਤਸਰ**

## ਰੇਲ ਗੱਡੀ 'ਚੋਂ ਡਿੱਗਣ ਕਾਰਨ ਮੌਤ

**ਫਿਲੌਰ (ਨਿਰਮਲ)** ਰੇਲਵੇ ਪੁਲਸ ਚੌਕੀ ਫਿਲੌਰ ਦੇ ਹੌਲਦਾਰ ਜਗਦੀਪ ਸਿੰਘ ਨੇ ਦੱਸਿਆ ਕਿ ਸਤਲੁਜ ਦਰਿਆ ਵਿਚਕਾਰ ਰੇਲਵੇ ਪੁੱਲ ਹੇਠੋਂ ਇਕ 28-30 ਸਾਲਾ ਮੋਨੇ ਵਿਅਕਤੀ ਦੀ ਲਾਸ਼ ਮਿਲੀ ਹੈ। ਜੋ ਕਿਸੇ ਨਾ ਮਾਲੂਮ ਰੇਲ ਗੱਡੀ 'ਚੋਂ ਡਿੱਗਿਆ ਜਾਪਦਾ ਹੈ। ਉਸ ਦੀ ਪਹਿਚਾਨ ਨਹੀਂ ਹੋ ਸਕੀ। ਮ੍ਰਿਤਕ ਨੇ ਨੀਲੇ ਰੰਗ ਦੀ ਕਮੀਜ਼,ਹਰੇ ਰੰਗ ਦੀ ਜੀਨ ਦੀ ਪੈਂਟ,ਕ੍ਰੀਮ ਰੰਗ ਦਾ ਸਵੈਟਰ ਪਾਇਆ ਹੋਇਆ ਹੈ। ਲਾਸ਼ ਪਹਿਚਾਣ ਵਾਸਤੇ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿੱਚ ਰੱਖੀ ਗਈ ਹੈ।

## ਮਾਤਾ ਰਾਮ ਕੌਰ ਫਾਊਂਡੇਸ਼ਨ ਹੈਰੀਟੇਜ ਸੈਂਟਰ ਦਾ ਮਨਾਇਆ ਸਥਾਪਨਾ ਦਿਵਸ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮਾਤਾ ਰਾਮ ਕੌਰ ਫਾਉਂਡੇਸ਼ਨ ਹੈਰੀਟੇਜ ਸੈਂਟਰ ਦਾ ਪਿੰਡ ਭੁੰਗਰਨੀ ਵਿਖੇ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਇੱਕ ਖਾਸ ਸੁਨੇਹਾ ਦਿੰਦੇ ਹੋਏ ਆਖਿਆ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਪੜ੍ਹਾਈ ਵਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਨੌਜਵਾਨ ਪੀੜੀ ਨੂੰ ਆਖਿਆ ਕੇ ਨਸ਼ਿਆਂ ਤੋਂ ਗਰੇਜ ਕਰਕੇ ਉਹ ਆਪਣੇ ਮਾਂ-ਬਾਪ ਦੀ ਸੇਵਾ ਕਰਨ। ਮਾਤਾ ਰਾਮ ਕੌਰ ਫਾਉਂਡੇਸ਼ਨ ਹੈਰੀਟੇਜ ਸੈਂਟਰ ਦੇ ਮੁੱਖ ਸੰਸਥਾਪਕ ਡਾਕਟਰ ਅਮਰਜੀਤ ਸਿੰਘ ਬਲਗੀਰ ਨੇ ਆਪਣੀ ਮਾਤਾ ਰਾਮ ਕੌਰ ਨੂੰ ਯਾਦ ਕਰਦੇ ਹੋਏ ਭਾਵੁਕ ਹੁੰਦੇ ਹੋਏ ਆਖਿਆ ਕਿ ਇਹ ਸਭ ਉਹਨਾਂ ਦੀ ਮਾਤਾ ਵੱਲੋਂ ਆਖੇ ਗਏ ਬੋਲਾਂ ਦਾ ਹੀ ਅਸਰ ਹੈ ਜੋ ਉਹ ਸਮਾਜ ਸੇਵਾ ਦਾ ਕੰਮ ਕਰ ਰਹੇ ਹਨ। ਉਨ੍ਹਾਂ ਨੇ ਵਡੇਰੀ ਉਮਰ ਦੇ ਕੁਝ ਚੁਣੇ ਹੋਏ ਬਜ਼ੁਰਗਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਡਾਕਟਰ ਐਚ ਐਸ ਰੋਜ, ਐਸ ਐਸ ਕੰਵਰ, ਐਚ ਆਰ ਸ਼ਰਮਾ, ਰਜੀਵ ਸ਼ਰਮਾ, ਨਿਰੰਕਾਰ ਸਿੰਘ, ਜਗਤਾਰ ਸਿੰਘ, ਸਰਪੰਚ ਸ੍ਰੀਮਤੀ ਗੁਰਮੀਤ ਕੌਰ ਆਦਿ ਤੋਂ ਇਲਾਵਾ ਮੈਂਬਰ ਪੰਚਾਇਤ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਕੌਂਸਲਰ ਸੀਤਲ ਚੋਪੜਾ ਨੂੰ ਸਦਮਾ, ਮਾਤਾ ਦਾ ਦੇਹਾਂਤ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਨਗਰ ਕੌਂਸਲ ਰਾਹੋਂ ਦੇ ਕੌਂਸਲਰ ਸੀਤਲ ਚੋਪੜਾ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਤੇ ਸਤਿਕਾਰਯੋਗ ਮਾਤਾ ਵੀਨਾ ਰਾਣੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਹਨਾਂ ਦਾ ਅੰਤਮ ਸੰਸਕਾਰ ਮਾਛੀਵਾੜਾ ਰੋਡ ਸਥਿਤ ਸ਼ਮਸ਼ਾਨਘਾਟ ਰਾਹੋਂ ਵਿਖੇ ਕੀਤਾ ਗਿਆ।

## ਜਸਵਿੰਦਰ ਕੌਰ ਮੈਰਾ ਨੂੰ ਟਰਾਈ ਸਾਈਕਲ ਭੇਟ



**ਮਾਹਿਲਪੁਰ, (ਸ.ਫਰੀ)** - ਸ਼ਹੀਦ ਭਗਤ ਸਿੰਘ ਸਮਾਰਕ ਗੜ੍ਹਸ਼ੰਕਰ ਵਿਖੇ ਰਾਜੂ ਬ੍ਰਦਰਜ਼ ਵੈਲਫੇਅਰ ਸੁਸਾਇਟੀ ਯੂ ਕੇ ਐਂਡ ਸਾਧੋਵਾਲ ਪੰਜਾਬ ਵਲੋਂ ਵਿਕਲਾਂਗ ਜਸਵਿੰਦਰ ਕੌਰ ਮੈਰਾ ਨੂੰ ਟਰਾਈ ਸਾਈਕਲ ਪ੍ਰਿੰਸੀਪਲ ਬਿੱਕਰ ਸਿੰਘ, ਬੁਧੀਜੀਵੀ ਜਗਦੀਸ਼ ਰਾਏ ਨੇ ਭੇਟ ਕੀਤਾ।ਇਸ ਮੌਕੇ ਦਰਸ਼ਨ ਸਿੰਘ ਮੱਟੂ ਪ੍ਰਧਾਨ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਰਜਿ ਗੜ੍ਹਸ਼ੰਕਰ ਵਲੋਂ ਰਾਜੂ ਬਰਾਦਰਜ, ਬੀਬੀ ਸੁਭਾਸ਼ ਮੱਟੂ, ਡਾਕਟਰ ਲਖਵਿੰਦਰ ਸਿੰਘ ਲੱਕੀ, ਹੈਪੀ ਸਾਧੋਵਾਲ,ਡਾਕਟਰ ਬਿੱਟੂ ਵਿਜ ਅਮਰਜੀਤ ਸਿੰਘ ਕੁਲੇਵਾਲ, ਜੋਗਾ ਸਿੰਘ ਪੱਖੋਵਾਲ ,ਪ੍ਰੀਤ ਪਾਰੋਵਾਲ ਅਦਿ ਹਾਜਰ ਸਨ।

## ਮੀਰਾ ਵਿਖੇ ਸਤਿਸੰਗ ਕਰਵਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**—ਮਹਾਨ ਸਤਿਸੰਗ ਪਿੰਡ ਮੀਰਾ ਵਿਖੇ ਕਰਵਾਇਆ ਗਿਆ। ਇਹ ਸਤਿਸੰਗ ਭਗਵਾਨ ਬਾਲਮੀਕ, ਸਤਿਗੁਰੂ ਨਾਨਕ ਦੇਵ ਜੀ ਤੇ ਗੁਰੂ ਰਵਿਦਾਸ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਸੀ। ਸੰਤ ਮਹਾਂਪੁਰਸ਼ ਨੇ ਸੰਗਤਾਂ ਨੂੰ ਪ੍ਰਵਚਨ ਦਿੱਤੇ। ਸਿੰਗਰ ਬੋਬੀ ਮਾਨ ਨੇ ਪਰਮਾਤਮਾ ਦੇ ਭਜਨਾਂ ਦਾ ਗਾਇਨ ਕੀਤਾ। ਇਹ ਸਤਿਸੰਗ ਸਵਰਗਵਾਸੀ ਜਰਨੈਲ ਸਿੰਘ ਅਤੇ ਸਾਬਕਾ ਸਰਪੰਚ ਕੁਲਵੰਤ ਕੌਰ ਤੇ ਪਿੰਡ ਮੀਰਾ ਦੇ ਸਮੂਹ ਨਗਰ ਨਿਵਾਸੀਆਂ ਅਤੇ ਇਟਲੀ ਵਿੱਚ ਰਹਿ ਰਹੇ ਪਰਵਾਰ ਦੇ ਸਹਿਯੋਗ ਦੇ ਨਾਲ ਕਰਵਾਇਆ ਗਿਆ। ਇਟਲੀ ਦੇ ਲਖਵੀਰ ਸਿੰਘ ਸੂਬਾ ਇਥੇ ਵਿਸ਼ੇਸ਼ ਤੌਰ 'ਤੇ ਪਹੁੰਚੇ।

# ਜ਼ਿਮਨੀ ਚੋਣਾਂ ਦੀ ਜਿੱਤ ਦੀ ਖੁਸ਼ੀ 'ਚ ਸਤਨਾਮ ਜਲਾਲਪੁਰ ਦੀ ਅਗਵਾਈ ਹੇਠ ਲੱਡੂ ਵੰਡੇ



**ਬਲਾਚੌਰ (ਜਸਵਿੰਦਰ ਬੈਂਸ)** ਤਿੰਨ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਜਿੱਤ ਹਾਸਲ ਕਰਨਾ ਭਗਵੰਤ ਮਾਨ ਜੀ ਮੁੱਖ ਮੰਤਰੀ ਪੰਜਾਬ ਦੀਆਂ ਲੋਕ ਹਿਤੈਸ਼ੀ ਨੀਤੀਆਂ ਦੇ ਉਪਰ ਜਨਤਾ ਦਾ ਮੋਹਰ ਲਾਉਣਾ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਤਿੰਨ ਵਿਧਾਨ ਸਭਾ ਜ਼ਿਮਨੀ ਚੋਣ ਦੀ ਜਿੱਤ ਦੀ ਖੁਸ਼ੀ ਵਿੱਚ ਰੱਤੇਵਾਲ ਮੇਨ ਚੌਂਕ ਵਿਖੇ ਅਹੁਦੇਦਾਰਾਂ ਤੇ ਵਲੰਟੀਅਰ ਵਿੱਚ ਲੱਡੂ ਵੰਡਕੇ ਜਿੱਤ ਦੀ ਖੁਸ਼ੀ ਮਨਾਉਂਦੇ ਹੋਏ ਕੀਤਾ।

ਜਲਾਲਪੁਰ ਨੇ ਕਿਹਾ ਕਿ ਇਹ ਵਿਰੋਧੀਆਂ ਦੇ ਮੂੰਹ ਤੇ ਤਮਾਚਾ ਹੈ ਜੋ ਕਿ ਭਗਵੰਤ ਮਾਨ ਜੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਨਗਰ ਕੌਂਸਲ, ਜ਼ਿਲਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਪ੍ਰਚੰਡ ਬਹੁਮਤ ਨਾਲ ਜਿੱਤੇਗੀ। ਸਤਨਾਮ ਜਲਾਲਪੁਰ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਇਸ ਚੋਣਾਂ ਵਿੱਚ ਝੂਠ ਦਾ ਸਹਾਰਾ ਲਿਆ ਤੇ ਜਨਤਾ ਨੇ ਉਹਨਾਂ ਨੂੰ ਸਬਕ ਸਿਖਾ ਦਿੱਤਾ ਹੈ। ਇਸ ਮੌਕੇ ਡਾ ਵਾਸਦੇਵ ਭੂੰਬਲਾ, ਪੰਮੀ ਜੰਡੀ, ਦਵਿੰਦਰ ਪਾਲ ਹੀਰ ਲਾਲ ਨਰੇਸ਼ ਕੁਮਾਰ, ਸੁਨੀਲ ਕੁਮਾਰ, ਅਸ਼ੋਕ ਕੁਮਾਰ, ਮੋਹਿਤ ਕੁਮਾਰ, ਗੁਰਮੁੱਖ ਸਿੰਘ, ਰਾਜ ਕੁਮਾਰ, ਸਤਪਾਲ।

# ਰਾਸ਼ਟਰ ਨਿਰਮਾਣ ਲਈ ਸਭ ਤੋਂ ਵੱਡੀ ਤਾਕਤ ਪੈਸਾ ਨਹੀਂ, ਬਲਕਿ ਗਿਆਨ ਹੈ : ਦੱਤਾਤ੍ਰੇਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਆ ਨੇ ਬੀਤੀ ਸ਼ਾਮ ਮੈਡੀਕਲ ਕਾਲਜ ਮੁਲਾਣਾ ਦਾ ਨਿਰੀਖਣ ਕੀਤਾ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਹੋਰ ਖੇਤਰਾਂ ਵਿਚ ਤਰੱਕੀ ਕਰਨ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ।ਰਾਜਪਾਲ ਨੇ ਮੈਡੀਕਲ ਕਾਲਜ ਵਿਚ ਸਥਾਪਿਤ ਲੈਬ, ਲਾਇਬ੍ਰੇਰੀ, ਖੇਡ ਕੇਂਦਰ ਅਤੇ ਹਸਪਤਾਲ ਦਾ ਨਿਰੀਖਣ ਕੀਤਾ ਅਤੇ ਇੱਥੇ ਦਿੱਤੀ ਜਾ ਰਹੀ ਸਿੱਖਿਆ ਦੀ ਗੁਣਵੱਤਾ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਉਣ ਵਾਲਾ ਸਮਾਂ ਤੁਹਾਡਾ ਹੈ। ਤੁਸੀਂ ਦੇਸ਼ ਦਾ ਵਰਤਮਾਨ ਅਤੇ ਭਵਿੱਖ ਹੋ। ਅੱਜ ਦੇ ਸਮੇਂ ਵਿੱਚ ਰਾਸ਼ਟਰ ਨਿਰਮਾਣ ਲਈ ਸਭ ਤੋਂ ਵੱਡੀ ਤਾਕਤ ਪੈਸਾ ਨਹੀਂ ਬਲਕਿ ਗਿਆਨ ਹੈ। ਰਾਜਪਾਲ ਨੇ ਵਿਦਿਆਰਥੀਆਂ ਨਾਲ ਜੀਵਨ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਮਹੱਤਤਾ ਬਾਰੇ ਵੀ ਚਰਚਾ ਕੀਤੀ। ਦੱਤਾਤ੍ਰੇਆ ਨੇ ਕਿਹਾ ਕਿ ਅੱਜ ਦਾ ਨੌਜਵਾਨ ਆਉਣ ਵਾਲੇ ਕੱਲ ਦਾ ਆਗੂ ਹੈ। ਨੌਜਵਾਨ ਦੇਸ਼ ਦਾ ਭਵਿੱਖ ਹਨ, ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਨੌਜਵਾਨ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਅਤੇ ਪੜ੍ਹਾਈ ਦੋਵਾਂ ਖੇਤਰਾਂ ਵਿੱਚ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਸੂਬਾ ਸਰਕਾਰ ਵੱਲੋਂ ਹਰ ਪਿੰਡ ਵਿੱਚ ਜਿਮਨੇਜ਼ੀਅਮ ਬਣਾਏ ਜਾ ਰਹੇ ਹਨ ਤਾਂ ਜੋ ਪੇਂਡੂ ਖੇਤਰ ਦੇ ਨੌਜਵਾਨ ਖੇਡਾਂ ਦੇ ਖੇਤਰ ਵਿੱਚ ਮਜ਼ਬੂਤ ਸਿਖਲਾਈ ਪ੍ਰਾਪਤ ਕਰ ਸਕਣ।ਰਾਜਪਾਲ ਨੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨੈਤਿਕ ਸਿੱਖਿਆ ਦੇਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਾਂਝੇ ਯਤਨਾਂ ਦੀ ਲੋੜ ਹੈ, ਤਾਂ ਹੀ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕਦਾ ਹੈ।ਇਸ ਮੌਕੇ ਐਸਡੀਐਮ ਅਸ਼ਵਨੀ ਮਲਿਕ, ਉਪ ਪੁਲੀਸ ਕਪਤਾਨ ਰਜਤ ਗੁਲੀਆ, ਐਮਐਮ ਯੂਨੀਵਰਸਿਟੀ ਦੇ ਚਾਂਸਲਰ ਤਰਸੇਮ ਗਰਗ, ਵਾਈਸ ਚਾਂਸਲਰ ਐਚ.ਕੇ ਸ਼ਰਮਾ, ਡਾ: ਵਿਸ਼ਾਲ ਗਰਗ, ਡਾ: ਮੀਨਾਕਸ਼ੀ ਗਰਗ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਡਾ: ਇਸ਼ਾਕ ਦੇ ਜਿੱਤਣ ਦੀ ਖੁਸ਼ੀ 'ਚ ਲੱਡੂ ਵੰਡੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਹਲਕਾ ਚੱਬੇਵਾਲ ਤੋਂ ਆਪ ਦੇ ਉਮੀਦਵਾਰ ਡਾਕਟਰ ਇਸ਼ਾਂਕ ਕੁਮਾਰ ਦੀ ਜਿੱਤ 'ਤੇ ਚੱਬੇਵਾਲ ਵਿੱਚ ਸਵਰਨਕਾਰ ਸੰਘ ਪੰਜਾਬ ਦੇ ਸੀਨੀਅਰ ਉਪ ਪ੍ਰਧਾਨ ਅਤੇ ਸਾਬਕਾ ਕੌਂਸਲਰ ਸੁਦਰਸ਼ਨ ਧੀਰ ਸੁਖਵਿੰਦਰ ਸਿੰਘ ਪੰਨੂ ਅਤੇ ਹੋਰ ਦੁਕਾਨਦਾਰ ਸਾਥੀਆਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਮੌਕੇ ਸ਼੍ਰੀ ਧੀਰ ਨੇ ਕਿਹਾ ਕਿ ਇਹ ਜਿੱਤ ਇਸ਼ਾਂਕ ਦੇ ਪਿਤਾ ਸਾਂਸਦ ਡਾਕਟਰ ਰਾਜ ਦੀ ਮਿਹਨਤ ਦਾ ਹੀ ਨਤੀਜਾ ਹੈ ਅਤੇ ਹੁਣ ਇਸ਼ਾਕ ਨੂੰ ਇਸ ਨੂੰ ਬਰਕਰਾਰ ਰੱਖਣ ਦੇ ਲਈ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਜਨ ਸੇਵਾ ਲਈ ਸਮਰਪਿਤ ਰਹਿਣਾ ਹੋਵੇਗਾ। ਇਸ ਮੌਕੇ ਜੋਗਿੰਦਰ ਕੁਮਾਰ, ਰਜੀਵ ਕੁਮਾਰ, ਜਗਮੋਹਨ, ਅੰਸੁਮੰਨ ਸ਼ਰਮਾ, ਰਜੀਸ ਜੈਨ, ਕੁਲਦੀਪ ਰਾਣਾ, ਕਮਲਜੀਤ ਘੁੰਮਣ, ਡਾ: ਸੰਜੀਵ, ਡਾ: ਨਵੀਨ, ਸੁਲੱਖਣ ਸਿੰਘ, ਬਿੱਟੂ, ਹਰੀਸ਼, ਪ੍ਰਿਥਵੀ ਚੰਦ ਸਹਿਤ ਹੋਰ ਦੁਕਾਨਦਾਰ ਸਾਥੀ ਅਤੇ ਇਲਾਕਾ ਨਿਵਾਸੀਆਂ ਨੇ ਇਸ਼ਾਂਕ ਦੀ ਜਿੱਤ ਦੀ ਖੁਸ਼ੀ ਤੇ ਵਧਾਈ ਦਿੰਦੇ ਹੋਏ ਖੁਸ਼ੀ ਪ੍ਰਗਟਾਈ ਹੈ।

# ਹਾਊਸ ਵਾਈਜ਼ ਰਿਲੇਅ ਰੇਸ ਕਰਵਾਈ

**ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਅਧੀਨ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਵਿੱਚ ਅੰਡਰ 14 ਸਾਲ ਰਿਲੇਅ ਰੇਸ ਹਾਊਸ ਵਾਈਜ ਕਰਵਾਈ ਗਈ ।ਜਿਸ ਵਿੱਚ ਲੜਕਿਆਂ ਦੇ ਮੁਕਾਬਲੇ ਵਿੱਚ ਬਾਬਾ ਜੋਰਾਵਰ ਸਿੰਘ ਹਾਊਸ ਨੇ ਪਹਿਲੀ ਪੁਜੀਸ਼ਨ ,ਬਾਬਾ ਅਜੀਤ ਸਿੰਘ ਹਾਊਸ ਨੇ ਦੂਜੀ ਪੁਜੀਸ਼ਨ ਅਤੇ ਬਾਬਾ ਫਤਿਹ ਸਿੰਘ ਹਾਊਸ ਨੇ ਤੀਜੀ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਲੜਕੀਆਂ ਦੇ ਮੁਕਾਬਲੇ ਵਿੱਚ ਬਾਬਾ ਅਜੀਤ ਸਿੰਘ ਹਾਊਸ ਨੇ ਪਹਿਲੀ ਪੁਜੀਸ਼ਨ, ਬਾਬਾ ਜ਼ੋਰਾਵਰ ਸਿੰਘ ਹਾਊਸ ਨੇ ਦੂਜੀ ਪੁਜੀਸ਼ਨ ਅਤੇ ਬਾਬਾ ਜੁਝਾਰ ਸਿੰਘ ਹਾਊਸ ਨੇ ਤੀਜੀ ਪੁਜੀਸ਼ਨ ਹਾਸਿਲ ਕੀਤੀ।ਇਹ ਜਾਣਕਾਰੀ ਸਕੂਲ ਦੇ ਪ੍ਰਿੰਸੀਪਲ ਸਤਨਾਮ ਸਿੰਘ ਨੇ ਦਿੰਦਿਆਂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਖੇਡਾਂ ਵਿੱਚ ਪੂਰੇ ਜੋਸ਼ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਹ ਮੁਕਾਬਲੇ ਮਨਦੀਪ ਕੁਮਾਰ ਡੀ ਪੀ ਈ ਦੀ ਦੇਖ ਰੇਖ ਵਿੱਚ ਕਰਵਾਏ ਗਏ।

# ਸਤਨਾਮਪੁਰਾ ਪੁਲਸ ਵੱਲੋਂ ਪੁਲਸ-ਪਬਲਿਕ ਮੀਟਿੰਗ



**ਫਗਵਾੜਾ (ਡਾ ਰਮਨ)** ਦਿਨੋ ਦਿਨ ਵੱਧ ਰਹੇ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਅਤੇ ਨੌਜਵਾਨ ਪੀੜੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਥਾਣਾ ਸਤਨਾਮਪੁਰਾ ਦੇ ਮੁੱਖ ਥਾਣਾ ਅਫਸਰ ਗੋਰਵ ਧੀਰ ਦੀ ਸੁਚੱਜੀ ਦੇਖਰੇਖ ਹੇਠ ਇਲਾਕਾ ਸਤਨਾਮਪੁਰਾ ਵਿਖੇ ਮੋਹਤਰ ਵਿਅਕਤੀਆਂ ਨਾਲ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਏਐਸਆਈ ਸੁਖਜਿੰਦਰ ਸਿੰਘ ਨੇ ਕਿਹਾ ਕਿ ਨਸ਼ਿਆਂ ਦਾ ਖ਼ਾਤਮਾ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਸੁਖਜਿੰਦਰ ਸਿੰਘ ਨੇ ਦੱਸਿਆ ਕਿ ਸੇਫ ਪੰਜਾਬ ਦੇ ਬੈਨਰ ਹੇਠ ਐਂਟੀ ਡਰੱਗ ਹੈਲਪਲਾਈਨ ਨਸ਼ਿਆਂ ਦੇ ਖਿਲਾਫ ਸ਼ੁਰੂ ਕਰਦਿਆਂ ਤੁਹਾਡੇ ਸਾਥ ਲਈ ਇੱਕ ਨੰਬਰ 9779100200 ਜਾਰੀ ਕੀਤਾ ਗਿਆ ਹੈ, ਜਿਸ 'ਤੇ ਤੁਸੀਂ ਨਸ਼ਾ ਖ੍ਰੀਦਣ ਜਾਂ ਵੇਚਣ ਵਾਲੇ ਖਿਲਾਫ ਫੋਨ ਕਰਕੇ ਜਾਂ ਵਟਸਐਪ ਕਰਕੇ ਜਾਣਕਾਰੀ ਦੇ ਸਕਦੇ ਹੋ । ਕਾਲ ਕਰਨ ਵਾਲੇ ਸੰਬੰਧੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋਕਾਂ ਨਾਲ ਪਬਲਿਕ ਮੀਟਿੰਗਾਂ ਲਗਾਤਾਰ ਜਾਰੀ ਰਹਿਣਗੀਆਂ ਤਾਂ ਜੋ ਲੋਕਾਂ ਦੀਆਂ ਸਮੱਸਿਆਂਵਾਂ ਨੂੰ ਧਿਆਨ ਨਾਲ ਸੁਣਿਆ ਜਾ ਸਕੇ। ਆਉਣ ਵਾਲੇ ਦਿਨਾਂ ਵਿੱਚ ਥਾਣਾ ਸਤਨਾਮਪੁਰਾ ਅਧੀਨ ਆਉਂਦੇ ਵਾਰਡਾਂ ਤੇ ਪਿੰਡਾਂਵਿੱਚ ਵੀ ਪਬਲਿਕ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਲੋਕਾਂ ਨੂੰ ਪੇਸ਼ ਰਹੀਆਂ ਸਮੱਸਿਆਵਾਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜੇਕਰ ਕੋਈ ਵੀ ਸਮਾਜ ਵਿਰੋਧੀ ਅਨਸਰ ਗ਼ਲਤ ਕੰਮ ਕਰਦਾ ਫੜਿਆ ਗਿਆ ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸਮਾਜ ਸੇਵੀ ਡਾ ਰਮਨ , ਬਲਵੀਰ ਸਿੰਘ ਬੀਰਾ , ਰਣਜੀਤ ਸਿੰਘ ਰਾਜਾ , ਮੁਕੇਸ਼ ਕੁਮਾਰ ਰੇਖੀ , ਜੀਵਨ ਸੰਘਾ , ਆਰ ਸੀ ਡੋਗਰਾ , ਓਮ ਪ੍ਰਕਾਸ਼ , ਗੁਲਸ਼ਨ ਕੁਮਾਰ , ਸਤਨਾਮ ਸਿੰਘ ਪੱਛੀ ਤੋਂ ਇਲਾਵਾ ਹੋਰ ਮੋਹਤਵਰ ਮੌਜੂਦ ਸਨ।

# ਭਰੋਮਜਾਰਾ ਵਿਖੇ ਸੂਫ਼ੀਆਨਾ ਸਮਾਗਮ ਕਰਾਇਆ



**ਬੰਗਾ (ਅਵਤਾਰ ਕਲੇਰ)** ਦਰਗਾਹ ਸਰੀਫ ਹਜ਼ਰਤ ਪੀਰ ਬਾਬਾ ਲੱਖ ਦਾਤਾ ਭਰੋਮਜਾਰਾ ਵਿਖੇ ਸੂਫ਼ੀਆਨਾ ਸਮਾਗਮ ਗੱਦੀਨਸ਼ੀਨ ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੀ ਰਹਿਨੁਮਾਈ ਹੇਠ, ਸਮੂਹ ਸੰਗਤਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿਸ ਵਿੱਚ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ,ਸਾਈਂ ਸਾਧੂ ਸ਼ਾਹ ਚਿਸ਼ਤੀ ਕਟਾਰੀਆ,ਸਾਈਂ ਲਖਵੀਰ ਸ਼ਾਹ ਕਾਦਰੀ ਕਟਾਰੀਆ,ਸਾਈਂ ਸੋਮੇ ਸ਼ਾਹ ਦੋਸਾਂਝ ,ਕੁਲਰਾਜ ਮੁੰਹਮਦ,ਸਾਈਂ ਅਵਿਨਾਸ਼ ਸ਼ਾਹ ਕੋਟ ਫਾਤੂਹੀ, ਸਾਈਂ ਜਸਵੀਰ ਸਾਬਰੀ ਖਾਨ ਖਾਨਾ ,ਸਾਈਂ ਲੱਡੂ ਸ਼ਾਹ,ਬਾਬਾ ਅਮਰਜੀਤ,ਬਾਬਾ ਪ੍ਰੇਮ ਸ਼ਾਹ ,ਬੀਬੀ ਰਾਧਾ,ਬੀਬੀ ਸਰਬਜੀਤ ਕੌਰ, ਬਾਬਾ ਬਿੱਲੇ ਸ਼ਾਹ ਆਦਿ ਸੰਤ ਮਹਾਂਪੁਰਸ਼ਾਂ ਪੁੱਜੇ। ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਪੰਜਾਬ,ਆਪ ਆਗੂ ਹਰਜੋਤ ਕੌਰ ਲੋਹਟੀਆ ਵਿਸ਼ੇਸ਼ ਤੌਰ 'ਤੇ ਪਹੁੰਚੇ।ਕਲਾਕਾਰ ਰਾਜਨ ਮੱਟੂ ,ਗਿੱਲ ਸਿਸਟਰ ,ਸੱਤੀ ਖੋਖੇਵਾਲੀਆ , ਜਸਵੰਤ ਹੀਰਾ ਆਦਿ ਨੇ ਗੀਤਾਂ ਨਾਲ ਹਾਜਰੀ ਲਗਵਾਈ।ਇਸ ਮੌਕੇ ਲਖਵੀਰ ਪਾਲ ਸਰਪੰਚ ਭਰੋਮਜਾਰਾ, ਕਿਸ਼ੋਰੀ ਲਾਲ ਸਰਪੰਚ ਚੱਕਗੁਰੂ ਜਸਵਿੰਦਰ ਪੱਪੂ, ਡਾ. ਦਲਵਿੰਦਰ ਰਾਜ,ਇੰਦਰਜੀਤ ਕੁਲਥਮ,ਕੇਵਲ ਕਾਹਮਾ, ਕੁਲਵੰਤ ਸਿੰਘ, ਕੁਲਵਿੰਦਰ ਫਰਾਲਾ,ਮਨਜੀਤ ਬੁਰਜ਼ ਕੰਧਾਰੀ,ਰਾਮ ਲੁਭਾਇਆ, ਪ੍ਰਿੰਸ ਗੋਬਿੰਦਪੁਰੀ ,ਸੰਤ ਰਾਮ, ਸੱਤਪਾਲ, ਅਸ਼ੋਕ ਭਰੋਮਜਾਰਾ,ਦੀਪੂ ਚੱਕ ਮੰਡੇਰ ਆਦਿ ਹਾਜ਼ਰ ਸਨ ।

# ਕੋਲੀਆਂਵਾਲ ਵਿਖੇ ਅੱਖਾਂ ਦਾ ਕੈਂਪ ਪਹਿਲੀ ਨੂੰ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)** - ਸਾਬਕਾ ਸਰਪੰਚ ਸੋਹਣ ਸਿੰਘ ਅਤੇ ਮਾਤਾ ਠਾਕੁਰ ਕੌਰ ਦੀ ਯਾਦ ਵਿੱਚ ਸ਼ਾਹ ਪਰਵਾਰ ਯੂ ਐਸ ਏ ਅਤੇ ਕੋਲੀਆਂਵਾਲ ਵੱਲੋਂ ਪਿੰਡ ਕੋਲੀਆਂ ਵਾਲ ਵਿਖੇ ਅੱਖਾਂ ਦਾ ਮੁਫ਼ਤ ਕੈਂਪ ਇਕ ਦਸੰਬਰ ਨੂੰ ਲਗਾਇਆ ਜਾ ਰਿਹਾ ਹੈ।ਅਮਰੀਕਾ ਦੇ ਉੱਘੇ ਕਾਰੋਬਾਰੀ ਕੁਲਵੰਤ ਸਿੰਘ ਸ਼ਾਹ, ਸਿਮਰਜੀਤ ਸਿੰਘ ਸ਼ਾਹ, ਕੁਲਜੀਤ ਸਿੰਘ ਸ਼ਾਹ ਸੁਖਦੀਪ ਸਿੰਘ ਸ਼ਾਹ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਪਿੰਡ ਨਵਾਂ ਕੋਲੀਆਂ ਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਲਾਇਆ ਜਾ ਰਿਹਾ ਹੈ।ਲੋੜਵੰਦ ਮਰੀਜ਼ਾਂ ਦੇ ਮੁਫ਼ਤ ਲੈੱਨਜ਼ ਵੀ ਪਾਏ ਜਾਣਗੇ। ਅੱਖਾਂ ਦੇ ਆਪ੍ਰੇਸ਼ਨ ਦੌਰਾਨ ਰਹਿਣ-ਸਹਿਣ ਅਤੇ ਦਵਾਈਆਂ ਦਾ ਕੋਈ ਖਰਚਾ ਨਹੀਂ ਲਿਆ ਜਾਵੇਗਾ। ਕੈਂਪ ਦਾ ਉਦਘਾਟਨ ਪਦਮਸ਼੍ਰੀ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਕਰਨਗੇ।ਅੱਖਾਂ ਦੀ ਜਾਂਚ ਥਿੰਦ ਹਸਪਤਾਲ ਦੇ ਉੱਘੇ ਡਾਕਟਰ ਪਰਮਿੰਦਰ ਸਿੰਘ ਥਿੰਦ ਅਤੇ ਡਾਕਟਰ ਵਰੁਨ ਸ਼ਰਮਾ ਕਰਨਗੇ।

ਹਲਕਾ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਅਤੇ ਪੰਜਾਬ ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਹੋਣਗੇ।

## ਮੋਹਾਲੀ ਦੇ ਜ਼ਿਲ੍ਹਾ ਹਸਪਤਾਲ 'ਚ ਕਿਡਨੀ ਬਾਇਓਪਸੀ ਸੇਵਾਵਾਂ ਹੋਈਆਂ ਸ਼ੁਰੂ

**ਐੱਸ ਏ ਐੱਸ ਨਗਰ( ਗੁਰਜੀਤ ਬਿੱਲਾ)** ਸਿਹਤ ਸੰਭਾਲ ਦੇ ਖੇਤਰ ਵਿਚ ਨਵੀਂ ਪੁਲਾਂਘ ਪੁੱਟਦਿਆਂ ਜ਼ਿਲ੍ਹਾ ਸਿਹਤ ਵਿਭਾਗ ਨੇ ਜ਼ਿਲ੍ਹਾ ਹਸਪਤਾਲ, ਮੋਹਾਲੀ ਵਿਖੇ ਕਿਡਨੀ ਬਾਇਓਪਸੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਪਹਿਲਕਦਮੀ ਨਾਲ ਮਰੀਜ਼ਾਂ ਨੂੰ ਗੁਰਦੇ ਸਬੰਧੀ ਸਮੱਸਿਆਵਾਂ ਦਾ ਵਧੀਆ ਇਲਾਜ ਮਿਲੇਗਾ।ਹਸਪਤਾਲ ਵਿਚ ਅੱਜ ਪਹਿਲੀ ਕਿਡਨੀ ਬਾਇਓਪਸੀ ਕੀਤੀ ਗਈ, ਜੋ ਡਾ. ਅੰਕੁਰ ਚੌਧਰੀ, ਕੰਸਲਟੈਂਟ ਨੈਫਰੋਲੋਜੀ ਦੁਆਰਾ ਸਫਲਤਾਪੂਰਵਕ ਕੀਤੀ ਗਈ।ਸਿਵਲ ਹਸਪਤਾਲ ਮੋਹਾਲੀ ਦੇ ਇੰਚਾਰਜ ਸੀਨੀਅਰ ਮੈਡੀਕਲ ਅਫ਼ਸਰ ਡਾ. ਐਚ ਐਸ ਚੀਮਾ ਨੇ ਇਸ ਸੇਵਾ ਦੀ ਸ਼ੁਰੂਆਤ ਲਈ ਡਾ. ਅੰਕੁਰ ਚੌਧਰੀ ਅਤੇ ਡਾ. ਵਿਜੇ ਭਗਤ ਦੀ ਅਗਵਾਈ ਵਾਲੀ ਸਮੁੱਚੀ ਰੇਡੀਓਲੋਜੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਸ ਸਹੂਲਤ ਨਾਲ ਗੁਰਦਿਆਂ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਕਾਫ਼ੀ ਲਾਭ ਮਿਲੇਗਾ।ਡਾ. ਚੀਮਾ ਨੇ ਆਖਿਆ ਕਿ ਜ਼ਿਲ੍ਹਾ ਹਸਪਤਾਲ ਵਿਖੇ ਕਿਡਨੀ ਬਾਇਓਪਸੀ ਸੇਵਾਵਾਂ ਦੀ ਸ਼ੁਰੂਆਤ ਪੰਜਾਬ ਦੇ ਲੋਕਾਂ ਲਈ ਉੱਨਤ ਡਾਕਟਰੀ ਦੇਖਭਾਲ ਤੱਕ ਪਹੁੰਚ ਨੂੰ ਵਧਾਉਣ ਲਈ ਅਹਿਮ ਕਦਮ ਹੈ।

# ਬਾਗੜੀਆਂ ਦੀ ਪੰਚਾਇਤ ਨੇ ਮੈਡੀਕਲ ਕੈਂਪ ਲਗਾਇਆ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਬਾਗੜੀਆਂ ਦੀ ਨਵੀਂ ਬਣੀ ਗ੍ਰਾਮ ਪੰਚਾਇਤ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ 'ਚ ਸਰਪੰਚ ਚਰਨਜੀਤ ਸਿੰਘ ਬਾਗੜੀਆਂ ਤੇ ਸਰਪੰਚ ਫਾਦਰ ਸੁਖਵਿੰਦਰ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਕੈਂਪ ਲਗਾਇਆ ਗਿਆ । ਮੈਡੀਕਲ ਕੈਂਪ ਦੌਰਾਨ ਹਰੇ ਕ੍ਰਿਸ਼ਨਾ ਹਸਪਤਾਲ ਬੇਗੋਵਾਲ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਤੇ ਸਕੂਲ ਦੇ ਸਟਾਫ ਦਾ ਮੈਡੀਕਲ ਚੈਕਅੱਪ ਕੀਤਾ ਗਿਆ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ ।ਇਸ ਮੌਕੇ ਸੁਖਵਿੰਦਰ ਸਿੰਘ ਬਾਗੜੀਆਂ, ਸਰਪੰਚ ਚਰਨਜੀਤ ਸਿੰਘ ਬਾਗੜੀਆਂ, ਮੈਂਬਰ ਪੰਚਾਇਤ ਕਰਮਜੀਤ ਮੱਲ, ਮੈਬਰ ਪੰਚਾਇਤ ਟੀਨਾ, ਸਾਬਕਾ ਸਰਪੰਚ ਮਹਿੰਦਰ ਸਿੰਘ, ਅਜੀਤ ਸਿੰਘ ਘੁੰਮਣ ਰਾਜਪੁਰ, ਮੈਂਬਰ ਪੰਚਾਇਤ ਕੁਲਵਿੰਦਰ ਕੌਰ, ਮੈਂਬਰ ਪੰਚਾਇਤ ਮਨਪ੍ਰੀਤ ਕੌਰ, ਬਲਵਿੰਦਰ ਸਿੰਘ ਢੀਂਡਸਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ ਦਾ ਸਟਾਫ਼ ਲੈਕਚਰਾਰ ਮੋਹਿੰਦਰ ਕੌਰ, ਲੈਕਚਰਾਰ ਦੀਪਕ ਸ਼ਰਮਾ, ਮੈਡਮ ਹਰਨਿੰਦਰਜੀਤ ਕੌਰ, ਮਾਸਟਰ ਕੁਲਵੰਤ ਸਿੰਘ, ਮਾਸਟਰ ਨਵਦੀਪ ਸਿੰਘ, ਮੈਡਮ ਗੁਰਿੰਦਰ ਕੌਰ, ਮੈਡਮ ਰੇਖਾ, ਮੈਡਮ ਕਮਲਜੀਤ ਕੌਰ, ਮਾਸਟਰ ਅਵਤਾਰ ਸਿੰਘ, ਮਾਸਟਰ ਬਚਿੱਤਰ ਸਿੰਘ, ਮੈਡਮ ਹਰਪ੍ਰੀਤ ਕੌਰ, ਮਾਸਟਰ ਮਨਜੀਤ ਸਿੰਘ ਤੇ ਹੋਰ ਹਾਜ਼ਰ ਸਨ ।

# ਸੀ ਟੀ ਗਰੁੱਪ ਨੇ ਕੀਤੀ ਤਕਨੀਕੀ ਈਵੈਂਟ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ 19-ਅਧਾਰਿਤ ਤਕਨੀਕੀ ਈਵੈਂਟ, ਸੀ ਟੀ ਟੈੱਕ 2024 ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ 120 ਅਧਿਆਪਕਾਂ ਅਤੇ 50 ਪ੍ਰਿੰਸੀਪਲਾਂ ਸਮੇਤ 110+ ਸਕੂਲਾਂ ਦੇ 2,200 ਤੋਂ ਵੱਧ ਭਾਗੀਦਾਰ ਸ਼ਾਮਲ ਹੋਏ। ਇਸ ਫੈਸਟ ਨੇ 10ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇਨੋਵੇਸ਼ਨ ਦੇ ਏਕੀਕਰਨ 'ਤੇ ਜ਼ੋਰ ਦਿੰਦੇ ਹੋਏ ਆਪਣੀ ਤਕਨੀਕੀ ਹੁਨਰ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਦਿਲਚਸਪ ਪਲੇਟਫਾਰਮ ਪੇਸ਼ ਕੀਤਾ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਏਅਰ ਕਮੋਡੋਰ ਅਜੈ ਕੁਮਾਰ ਚੌਧਰੀ ਅਤੇ ਐਚਡੀਐਫਸੀ ਬੈਂਕ ਲਿਮਟਿਡ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਸਰਕਲ ਹੈੱਡ ਆਫ਼ ਆਨਰ ਜਤਿੰਦਰ ਪਾਲ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਇਵੈਂਟ ਵਿੱਚ ਸੱਤ ਗਤੀਸ਼ੀਲ ਮੁਕਾਬਲੇ ਹੋਏ: ਕਵਿਜ਼, ਟੈਕ-ਸਾਇੰਸ ਫੇਅਰ (ਪ੍ਰੋਜੈਕਟ)/ਬੇਸਟ ਆਊਟ ਆਫ ਵੇਸਟ, ਏਆਈ-ਬੇਸਡ ਟੈਕ ਪੋਸਟਰ ਮੇਕਿੰਗ, ਸਪੀਡ ਐਕਸ - ਇੱਕ ਗੇਮਿੰਗ ਮੁਕਾਬਲਾ, ਐਡ-ਮੈਡ ਸ਼ੋਅ, ਏਆਈ 'ਤੇ ਬਹਿਸ, ਅਤੇ ਰੰਗੋਲੀ। ਇਨਾਮਾਂ ਵਿੱਚ ਵਿਅਕਤੀਗਤ ਈਵੈਂਟਾਂ ਲਈ ?3,100, ?2,100, ਅਤੇ 1,100 ਸ਼ਾਮਲ ਹਨ, ਕੁੱਲ ਮਿਲਾ ਕੇ ਜੇਤੂਆਂ ਨੂੰ 21,000 ਅਤੇ ਉਪ ਜੇਤੂ ਨੂੰ ?11,000 ਦਿੱਤੇ ਗਏ। ਸ਼੍ਰੀ ਦਸਮੇਸ਼ ਅਕੈਡਮੀ, ਹੁਸ਼ਿਆਰਪੁਰ, ਓਵਰਆਲ ਚੈਂਪੀਅਨ ਬਣ ਕੇ ਉੱਭਰੀ, ਕੈਮਬ੍ਰਿਜ ਇੰਟਰਨੈਸ਼ਨਲ ਸਕੂਲ, ਨਕੋਦਰ, ਨੇ ਪਹਿਲਾ ਰਨਰ-ਅੱਪ ਸਥਾਨ ਹਾਸਲ ਕੀਤਾ ਅਤੇ ਐੱਮ.ਡੀ.ਐੱਸ.ਡੀ. ਸਕੂਲ, ਕਪੂਰਥਲਾ ਨੇ ਦੂਜਾ ਰਨਰਅੱਪ ਹਾਸਲ ਕੀਤਾ। ਸੀਟੀ ਗਰੁੱਪ ਦੇ ਪ੍ਰਮੁੱਖ ਪਤਵੰਤਿਆਂ ਵਿੱਚ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ; ਮਨਬੀਰ ਸਿੰਘ ਮੈਨੇਜਿੰਗ ਡਾਇਰੈਕਟਰ, ਡਾਇਰੈਕਟਰ ਡਾ: ਜਸਦੀਪ ਕੌਰ ਧਾਮੀ ਅਤੇ ਦਾਖ਼ਲਾ ਨਿਰਦੇਸ਼ਕ ਡਾ: ਵਨੀਤ ਕੁਮਾਰ ਠਾਕੁਰ ਨੇ ਸ਼ਿਰਕਤ ਕੀਤੀ ।

# ਸਿੱਖ ਧਰਮ ਦਾ ਸਿਧਾਂਤ ਸਮਾਜ ਦੇ ਹਰ ਖੇਤਰ 'ਚ ਕਰਦੈ ਸਕਾਰਾਤਮਕ ਬਦਲਾਅ ਦੀ ਅਗਵਾਈ : ਸੰਧਵਾਂ



**ਸ੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ )**—ਮਨੁੱਖਤਾ ਦੀ ਭਲਾਈ ਅਤੇ ਸਮਾਜਿਕ ਨਿਆਂ ਦਾ ਅਦੁੱਤਾ ਪ੍ਰਤੀਕ ਸਾਡੇ ਸਿੱਖ ਧਰਮ ਦਾ ਸਿਧਾਂਤ ਸਮਾਜ ਦੇ ਹਰ ਖੇਤਰ ਵਿੱਚ ਸਕਾਰਾਤਮਕ ਬਦਲਾਅ ਦੀ ਅਗਵਾਈ ਕਰਦਾ ਹੈ। ਗੁਰਬਾਣੀ ਸਿੱਖੀ ਦੀ ਬੁਨਿਆਦ ਹੈ, ਜੋ ਸਾਨੂੰ ਜੀਵਨ ਦੇ ਅਸਲੀ ਉਦੇਸ਼ ਦੀ ਪਛਾਣ ਕਰਵਾਉਂਦੀ ਹੈ ਅਤੇ ਹਰ ਖੇਤਰ ਵਿੱਚ ਗੁਣਵੱਤਾ ਭਰੀ ਵਿੱਦਿਆ ਦੇਣ ਦਾ ਪਰਿਆਸ ਕਰਦੀ ਹੈ। ਪੰਜਾਬੀਆਂ ਲਈ ਮਾਂ ਬੋਲੀ ਸਾਡੀ ਹੋਂਦ ਦੀ ਬੋਲੀ ਹੈ।ਇਹ ਪ੍ਰਗਟਾਵਾ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਚੀਫ ਖਾਲਸਾ ਦੀਵਾਨ ਵੱਲੋਂ ਆਯੋਜਿਤ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੇ ਤੀਜੇ ਤੇ ਅੰਤਿਮ ਦਿਨ ਉਦਘਾਟਨੀ ਭਾਸ਼ਣ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ।ਇਸ ਕਾਨਫਰੰਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਐਸ.ਜੀ.ਪੀ.ਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ, ਬਾਬਾ ਸਤਨਾਮ ਸਿੰਘ, ਬਾਬਾ ਸੇਵਾ ਸਿੰਘ ਸਮੇਤ ਬਹੁਤ ਸਾਰੀਆਂ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਸੰਧਵਾਂ ਨੇ ਕਿਹਾ ਕਿ ਪੰਜਾਬੀ ਹਰ ਖੇਤਰ ਵਿੱਚ ਮਹਾਰਤ ਹਾਸਲ ਕਰ ਰਹੇ ਹਨ। ਸਾਡੀ ਪੁਰਜ਼ੋਰ ਅਪੀਲ ਹੈ ਕਿ ਭਾਵੇ ਵਿਸ਼ਵ ਦੀਆਂ ਜਿੰਨੀਆਂ ਮਰਜੀ ਭਾਸ਼ਾਵਾਂ ਨੂੰ ਸਿੱਖੋਂ ਪ੍ਰੰਤੂ ਆਪਣੇ ਬੱਚਿਆ ਨੂੰ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਨ ਦਾ ਯਤਨ ਨਾ ਕਰੋ, ਇਸ ਨਾਲ ਸਾਡੀ ਹੋਂਦ ਕਾਇਮ ਹੈ। ਉਨ੍ਹਾਂ ਨੇ ਕਿਹਾ ਕਿ ਗੁਰਮੁੱਖੀ ਸਾਡਾ ਮੁੱਖ ਗੁਰੂਬਲ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬੀਆਂ ਦੀ ਸ਼ਾਨ ਵੱਖਰੀ ਹੈ ਤੇ ਪੰਜਾਬੀ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੀਆਂ ਨਸਲਾਂ ਨੂੰ ਪੰਜਾਬ, ਪੰਜਾਬੀਅਤ ਤੇ ਮਾਂ ਬੋਲੀ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ, ਕਿਉਂਕਿ ਸਾਡਾ ਅਮੀਰ ਵਿਰਸਾ ਤੇ ਸੱਭਿਆਚਾਰ ਹਮੇਸ਼ਾ ਸੰਸਾਰ ਦੀ ਅਗਵਾਈ ਕਰਦਾ ਹੈ।ਸੰਸਾਰ ਵਿਚ ਜਿਹੜੀਆਂ ਕੌਮਾਂ ਦੁਨੀਆਂ ਦੇ ਸਭ ਤੋ ਵੱਧ ਦੇਸ਼ਾਂ ਵਿਚ ਰਾਜ ਕਰ ਰਹੀਆਂ ਹਨ, ਉਨ੍ਹਾਂ ਨੇ ਆਪਣੀ ਵਿਰਾਸਤ ਤੇ ਵਿਰਸੇ ਨੂੰ ਆਪਣੀਆਂ ਨਸਲਾਂ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡੀ, ਸਗੋ ਵਿੱਦਿਆ ਦੇ ਰੂਪ ਵਿੱਚ ਆਪਣੀਆਂ ਪੀੜ੍ਹੀਆਂ ਨੂੰ ਸਿੱਖਿਅਤ ਕਰਕੇ ਉਨ੍ਹਾਂ ਨੂੰ ਸੰਸਾਰ ਤੇ ਰਾਜ ਕਰਨ ਦੇ ਯੋਗ ਬਣਾਇਆ ਹੈ। ਚੀਫ ਖਾਲਸਾ ਦੀਵਾਨ ਦੇ ਉਪਰਾਲੇ ਬਹੁਤ ਸ਼ਲਾਘਾਯੋਗ ਹਨ, ਸੰਤਾਂ-ਮਹਾਪੁਰਸ਼ਾਂ ਦੀ ਸਾਡੇ ਸੂਬੇ ਨੂੰ ਅਦੁੱਤੀ ਦੇਣ ਹੈ, ਉਨ੍ਹਾਂ ਵੱਲੋਂ ਵਿੱਦਿਆਂ ਦੇ ਚਾਨਣ ਮੁਨਾਰੇ ਖੋਲ ਕੇ ਹਰ ਤਰ੍ਹਾਂ ਦੀ ਵਿੱਦਿਆਂ ਦੇਣ ਦੇ ਉਪਰਾਲੇ ਕੀਤੇ ਗਏ ਹਨ, ਜਿਸ ਨਾਲ ਬੱਚੇ ਆਪਣੀ ਸੋਚ ਮੁਤਾਬਿਕ ਯੋਗਤਾ ਹਾਸਲ ਕਰਕੇ ਸਮੇਂ ਦੇ ਹਾਣੀ ਬਣ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਰ ਕਿਸੇ ਨੂੰ ਸਮਰੱਥ ਹੋਣਾ ਚਾਹੀਦਾ ਹੈ ਕਿਉਂਕਿ ਨਿਰਭਰਤਾ ਕਾਰਨ ਵਿਕਾਸ ਵਿਚ ਖੜੋਤ ਆਉਂਦੀ ਹੈ। ਉਨ੍ਹਾਂ ਨੇ ਤਖਤ ਸਾਹਿਬ ਦੇ ਜਥੇਦਾਰ ਸਹਿਬਾਨ, ਐਸ.ਜੀ.ਪੀ.ਸੀ, ਵੱਖ ਵੱਖ ਧਾਰਮਿਕ ਸੰਸਥਾਵਾਂ, ਸੰਗਠਨਾਂ ਦੇ ਮੁਖੀਆਂ, ਦੇਸ਼ਾਂ-ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਇਸ ਲਈ ਰਲ ਕੇ ਹੰਭਲਾ ਮਾਰਨ ਦੀ ਅਪੀਲ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਦੇਸ਼ ਭਗਤ 'ਵਰਸਿਟੀ ਦੇ ਵਫ਼ਦ ਨੇ ਸੇਂਟ ਵਿਨਸੈਂਟ ਤੇ ਗ੍ਰੇਨਾਡਾਈਨਜ਼ ਦੇ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ




**ਕੁਰਾਲੀ (ਮੋਹਨ ਅੱਗਰਵਾਲ)** ਦੇਸ਼ ਭਗਤ ਯੂਨੀਵਰਸਿਟੀ ਨੇ ਇੱਕ ਇਤਿਹਾਸਕ ਮੀਲ ਪੱਥਰ ਵਜੋਂ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਡੀਬੀਯੂ ਅਮਰੀਕਾ ਦੇ ਅੰਤਰਰਾਸ਼ਟਰੀ ਸੰਚਾਲਨ ਦੇ ਨਿਰਦੇਸ਼ਕ ਅਰੁਣ ਮਲਿਕ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ (ਅਮਰੀਕਾ) ਦੇ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨਾਲ ਮੁਲਾਕਾਤ ਕਰਕੇ ਅਹਿਮ ਮੁੱਦਿਆਂ ਉਪਰ ਗੱਲਬਾਤ ਕੀਤੀ ਗਈ।ਇਹ ਮੀਟਿੰਗ ਸੇਂਟ ਵਿਨਸੈਂਟ ਵਿੱਚ ਯੂਨੀਵਰਸਿਟੀ ਦੇ ਨਵੇਂ ਸਥਾਪਿਤ ਕੀਤੇ ਗਏ ਡੀਬੀਯੂ ਅਮੇਰਿਕਾ ਸਕੂਲ ਆਫ਼ ਮੈਡੀਸਨ ਦੇ ਆਲੇ-ਦੁਆਲੇ ਕੇਂਦਰਿਤ ਸੀ, ਜੋ ਇੱਕ ਗਲੋਬਲ ਦ੍ਰਿਸ਼ਟੀਕੋਣ ਨਾਲ ਵਿਸ਼ਵ ਪੱਧਰੀ ਡਾਕਟਰੀ ਸਿੱਖਿਆ ਦੀ ਪੇਸ਼ਕਸ਼ ਕਰਨ ਲਈ ਤਿਆਰ ਕੀਤੀ ਗਈ ਇੱਕ ਮੋਹਰੀ ਪਹਿਲਕਦਮੀ ਹੈ।ਪ੍ਰਧਾਨ ਮੰਤਰੀ ਡਾ. ਗੋਂਸਾਲਵੇਸ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਦੀ ਤਾਰੀਫ਼ ਕਰਦਿਆਂ ਡਾ ਜ਼ੋਰਾ ਸਿੰਘ ਅਤੇ ਡਾ: ਤਜਿੰਦਰ ਕੌਰ ਦੀ ਸਿੱਖਿਆ ਅਤੇ ਨਵੀਨਤਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਕੂਲ ਆਫ਼ ਮੈਡੀਸਨ ਦੀਆਂ ਅਥਾਹ ਸੰਭਾਵਨਾਵਾਂ ਬਾਰੇ ਗੱਲਬਾਤ ਕਰਦਿਆਂ ਇਸ ਦੇ ਵਿਕਾਸ ਅਤੇ ਸਫਲਤਾ ਦੀ ਸਹੂਲਤ ਲਈ ਸਰਕਾਰ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।ਇਸ ਮੌਕੇ ਆਪਸੀ ਸਨਮਾਨ ਅਤੇ ਸਹਿਯੋਗ ਦੇ ਸੰਬੰਧ ਵਿੱਚ ਡੀਬੀਯੂ ਦੇ ਵਫ਼ਦ ਨੇ ਸਿੱਖਿਆ ਅਤੇ ਸਿਹਤ ਸੰਭਾਲ ਨੂੰ ਅੱਗੇ ਵਧਾਉਣ ਲਈ ਦੋਵਾਂ ਸੰਸਥਾਵਾਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨੂੰ ਸਨਮਾਨਿਤ ਕੀਤਾ। ਡੀਬੀਯੂ ਦੇ ਵਫ਼ਦ ਨੇ ਦੱਸਿਆ ਕਿ ਅਮਰੀਕਾ ਸਕੂਲ ਆਫ਼ ਮੈਡੀਸਨ ਉਮੀਦ ਅਤੇ ਤਰੱਕੀ ਦੀ ਇੱਕ ਰੋਸ਼ਨੀ ਵਜੋਂ ਖੜ੍ਹਾ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਯੋਗ ਮੈਡੀਕਲ ਪੇਸ਼ੇਵਰ ਬਣਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।

# ਭਾਮ ਵਿਖੇ ਸਾਲਾਨਾ ਛਿੰਝ ਮੇਲਾ ਕਰਵਾਇਆ



ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ ) ਪਿੰਡ ਭਾਮ ਵਿਖੇ ਦਰਬਾਰ ਸਖ਼ੀ ਸਰਬਰ ਲੱਖ ਦਾਤਾ ਲਾਲਾਂ ਵਾਲੇ ਪੀਰ ਰੋਜ਼ਾ ਸ਼ਰੀਫ਼ ਭਾਮ ਦੇ ਅਸਥਾਨ 'ਤੇ ਪੀਰ ਦੀ ਯਾਦ ਵਿੱਚ ਤਿੰਨ ਦਿਨਾ ਸਾਲਾਨਾ ਜੋੜ ਮੇਲੇ ਮੌਕੇ ਛਿੰਝ ਮੇਲਾ ਡੇਰੇ ਦੇ ਮੁੱਖ ਸੇਵਾਦਾਰ ਸਾਈਂ ਜੀਤੀ ਸ਼ਾਹ ਗ਼ੁਲਾਮ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੇ 200 ਨਾਮਵਰ ਪਹਿਲਵਾਨਾਂ ਨੇ ਹਿੱਸਾ ਲਿਆ।ਪਟਕੇ ਦੀ ਕੁਸ਼ਤੀ ਸਤਵੀਰ ਚੰਬਲਾ ਅਤੇ ਗੁੱਗੂ ਫਗਵਾੜਾ ਵਿਚਕਾਰ ਕਰਵਾਈ ਗਈ ਤੇ ਸਤਵੀਰ ਚੰਬਲਾ ਪਹਿਲਵਾਨ ਜੇਤੂ ਰਿਹਾ।ਜਿਸ ਨੂੰ ਪ੍ਰਬੰਧਕਾਂ ਵੱਲੋਂ ਇੱਕ ਗੁਰਜ, ਘਿਉ ਦਾ ਪੀਪਾ ਅਤੇ ਨਗਦ ਇਨਾਮ ਦੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਸ਼ਾਮ ਸੰਦਰ ਅਰੋੜਾ ਸਾਬਕਾ ਕੈਬਨਿਟ ਮੰਤਰੀ ਪੰਜਾਬ, ਹਲਕਾ ਚੱਬੇਵਾਲ ਤੋਂ ਕਾਂਗਰਸ ਪਾਰਟੀ ਦੇ ਐਡਵੋਕੇਟ ਰਣਜੀਤ ਕੁਮਾਰ ਨੇ ਹਾਜ਼ਰੀ ਭਰੀ। ਮੇਲੇ ਦੌਰਾਨ ਸਾਈ ਜੀਤੀ ਸ਼ਾਹ ਸਾਬਰੀ ਗੁਲਾਮ ਭਾਮ, ਸਾਈਂ ਬਿੱਲੇ ਸ਼ਾਹ ਕਰੀਹਾ, ਸਾਈ ਮੋਹਣ ਸ਼ਾਹ ਛਾਉਣੀ ਕਲਾਂ, ਸਾਈਂ ਗੜ੍ਹਸ਼ੰਕਰ ਆਦਿ ਫੱਕਰ-ਫਕੀਰਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸੁਵੇਗ ਸਿੰਘ ਸੇਵਾਦਾਰ, ਸੰਨੀ ਸੇਵਾਦਾਰ, ਬਲਜੀਤ ਸਿੰਘ ਸੋਨੂੰ ਪੰਚ, ਗੁਰਵਿੰਦਰ ਸਿੰਘ ਸਿੱਧੂ, ਰਾਜੂ ਚੋਪੜਾ, ਕੁੱਕੂ ਸਿੱਧੂ, ਗੁਰਸੇਵਕ ਸਿੰਘ ਭਾਮ, ਰੋਹਿਤ ਸਿੱਧੂ, ਵਿਜੈ ਕੁਮਾਰ, ਪਵਨ ਕੁਮਾਰ ਸਿੱਧੂ, ਪਾਵਨ ਜਸਵਾਲ, ਬਾਬਾ ਵਿੱਕੀ ਸ਼ਾਹ ਗੋਪਾਲੀਆ, ਡਾਕਟਰ ਚਰਨਜੀਤ ਸਿੰਘ ਰਹੱਲੀ, ਪੰਮਾ ਪਹਿਲਵਾਨ ਚੰਬਲਾ, ਸਾਬੀ ਸਿੱਧੂ, ਬਿੱਟੂ ਜੱਖੂ, ਪ੍ਰਿੰਸ ਸਿੱਧੂ, ਬਲਵੀਰ ਸਿੰਘ ਜੱਖੂ ਪੰਚ, ਸੰਦੀਪ ਸਿੱਧੂ, ਜੀਵਨ ਜੱਖੂ, ਲੱਕੀ ਭਾਮ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

24-Nov-Sunday.qxd 11/23/2024 11:06 PM Page 1



ਅਰੁਣਾਚਲ ਦਰਸ਼ਨ
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 24 ਨਵੰਬਰ 2024

www.nawanzamana.in

ਕੀਮਤ 5.00 ਰੁਪਏ



ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538


# ਕੂੜ-ਪ੍ਰਚਾਰ ਹੇਠ ਲੁਕ ਨਹੀਂ ਸਕਦਾ ਫ਼ਲਸਤੀਨ ਦਾ ਜ਼ਖ਼ਮ

## ਅਰੁੰਧਤੀ ਰਾਏ

*ਲੇਖਕਾ ਅਤੇ ਸਮਾਜਕ ਕਾਰਕੁਨ **ਅਰੁੰਧਤੀ ਰਾਏ** ਨੂੰ ਪੈੱਨ ਪਿੰਟਰ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿਚ ਇੰਗਲਿਸ਼ ਪੈੱਨ ਦੁਆਰਾ ਸਥਾਪਤ ਕੀਤਾ ਸਾਲਾਨਾ ਪੁਰਸਕਾਰ ਹੈ। ਪੁਰਸਕਾਰ ਲਈ ਨਾਮਜ਼ਦ ਕੀਤੇ ਜਾਣ ਤੋਂ ਕੁਝ ਸਮੇਂ ਬਾਅਦ ਰਾਏ ਨੇ ਐਲਾਨ ਕੀਤਾ ਕਿ ਪੁਰਸਕਾਰ ਦੀ ਆਪਣੇ ਹਿੱਸੇ ਦੀ ਰਕਮ ਉਸ ਵੱਲੋਂ ਫ਼ਲਸਤੀਨੀ ਬਾਲ ਰਾਹਤ ਫੰਡ ਨੂੰ ਦੇ ਦਿੱਤੀ ਜਾਵੇਗੀ। ਉਸ ਨੇ ਬਰਤਾਨਵੀ-ਮਿਸਰੀ ਲੇਖਕ ਅਤੇ ਕਾਰਕੁਨ ਆਲਾ ਅਬਦ ਅਲ-ਫ਼ਤਹ ਨੂੰ 'ਰਾਈਟਰ ਆਫ ਕਰੇਜ' (Writer of Courage) ਨਾਂਅ ਦਿੱਤਾ, ਜੋ ਉਨ੍ਹਾਂ ਦੇ ਨਾਲ ਇਸ ਪੁਰਸਕਾਰ ਦੇ ਹਿੱਸੇਦਾਰ ਹਨ। 10 ਅਕਤੂਬਰ, 2024 ਦੀ ਸ਼ਾਮ ਨੂੰ ਬ੍ਰਿਟਿਸ਼ ਲਾਇਬ੍ਰੇਰੀ ਵਿਖੇ ਪੁਰਸਕਾਰ ਲੈਣ ਸਮੇਂ **ਅਰੁੰਧਤੀ ਰਾਏ** ਵੱਲੋਂ ਦਿੱਤਾ ਭਾਸ਼ਣ ਇੱਥੇ ਸਾਂਝਾ ਕੀਤਾ ਜਾ ਰਿਹਾ ਹੈ।*

***-ਸੰਪਾਦਕ***

ਅਨੁ. : ਬੂਟਾ ਸਿੰਘ ਮਹਿਮੂਦਪੁਰ

ਮੈਂ ਅੰਗਰੇਜ਼ੀ ਪੈੱਨ ਦੇ ਮੈਂਬਰਾਂ ਅਤੇ ਜਿਊਰੀ ਮੈਂਬਰਾਂ ਦਾ ਮੈਨੂੰ ਪੈੱਨ ਪਿੰਟਰ ਪੁਰਸਕਾਰ ਨਾਲ ਸਨਮਾਨਿਤ ਕਰਨ ਲਈ ਧੰਨਵਾਦ ਕਰਦੀ ਹਾਂ। ਮੈਂ ਇਸ ਸਾਲ ਦੇ ਰਾਈਟਰ ਆਫ ਕਰੇਜ਼ ਦੇ ਨਾਂਅ ਦਾ ਐਲਾਨ ਕਰਕੇ ਆਪਣੀ ਗੱਲ ਸ਼ੁਰੂ ਕਰਨਾ ਚਾਹਾਂਗੀ, ਜਿਸ ਦੇ ਨਾਲ ਮੈਨੂੰ ਇਹ ਪੁਰਸਕਾਰ ਦੇਣ ਲਈ ਚੁਣਿਆ ਗਿਆ ਹੈ।

ਦਲੇਰ ਲੇਖਕ ਅਤੇ ਮੇਰੇ ਸਾਥੀ ਪੁਰਸਕਾਰ ਜੇਤੂ ਆਲਾ ਅਬਦ ਅਲ-ਫ਼ਤਹ, ਤੁਹਾਨੂੰ ਮੇਰੇ ਵੱਲੋਂ ਮੁਬਾਰਕਾਂ। ਸਾਨੂੰ ਉਮੀਦ ਸੀ ਅਤੇ ਅਸੀਂ ਅਰਦਾਸ ਵੀ ਕੀਤੀ ਕਿ ਸਤੰਬਰ ਵਿਚ ਤੁਸੀਂ ਰਿਹਾਅ ਕਰ ਦਿੱਤੇ ਜਾਓਗੇ, ਪਰ ਮਿਸਰ ਦੀ ਸਰਕਾਰ ਨੇ ਫ਼ੈਸਲਾ ਕੀਤਾ ਕਿ ਤੁਸੀਂ ਬਹੁਤ ਹੀ ਖ਼ੂਬਸੂਰਤ ਲੇਖਕ ਅਤੇ ਬਹੁਤ ਹੀ ਖ਼ਤਰਨਾਕ ਚਿੰਤਕ ਹੋਣ ਕਰਕੇ ਤੁਹਾਨੂੰ ਰਿਹਾਅ ਨਹੀਂ ਕੀਤਾ ਜਾ ਸਕਦਾ, ਪਰ ਤੁਸੀਂ ਸਾਡੇ ਨਾਲ ਇੱਥੇ ਮੌਜੂਦ ਹੋ। ਤੁਸੀਂ ਐਥੇ ਸਭ ਤੋਂ ਮਹੱਤਵਪੂਰਨ ਵਿਅਕਤੀ ਹੋ। ਜੇਲ੍ਹ ਵਿੱਚੋਂ ਤੁਸੀਂ ਲਿਖਿਆ, "ਕੋਈ ਤਾਕਤ ਮੇਰੇ ਸ਼ਬਦਾਂ ਤੋਂ ਖੁੱਸ ਗਈ ਅਤੇ ਫਿਰ ਵੀ ਉਹ ਮੇਰੇ ਅੰਦਰੋਂ ਬਾਹਰ ਆਉਂਦੇ ਰਹੇ। ਮੇਰੇ ਕੋਲ ਅਜੇ ਵੀ ਇਕ ਆਵਾਜ਼ ਸੀ, ਭਾਵੇਂ ਸਿਰਫ਼ ਮੁੱਠੀ ਭਰ ਲੋਕ ਹੀ ਸੁਣਨਗੇ।" ਅਸੀਂ ਸੁਣ ਰਹੇ ਹਾਂ, ਆਲਾ। ਗ਼ੌਰ ਨਾਲ।"

ਤੁਹਾਨੂੰ ਵੀ ਵਧਾਈਆਂ, ਮੇਰੀ ਪਿਆਰੀ ਨੈਓਮੀ ਕਲਾਈਨ, ਆਲਾ ਅਤੇ ਮੇਰੀ ਦੋਹਾਂ ਦੀ ਦੋਸਤ। ਅੱਜ ਰਾਤ ਇੱਥੇ ਆਉਣ ਲਈ ਤੇਰਾ ਧੰਨਵਾਦ। ਇਸ ਦਾ ਭਾਵ ਮੇਰੇ ਲਈ ਦੁਨੀਆ ਹੈ।

ਇੱਥੇ ਜੁੜੇ ਤੁਹਾਡੇ ਸਾਰਿਆਂ ਦੇ ਨਾਲ-ਨਾਲ ਉਨ੍ਹਾਂ ਸਾਰਿਆਂ ਨੂੰ ਵੀ ਸ਼ੁੱਭਕਾਮਨਾਵਾਂ, ਜੋ ਸ਼ਾਇਦ ਇਨ੍ਹਾਂ ਅਦਭੁੱਤ ਸਰੋਤਿਆਂ ਲਈ ਅਦਿੱਖ ਹਨ, ਪਰ ਇਸ ਕਮਰੇ ਵਿਚ ਮੌਜੂਦ ਕਿਸੇ ਹੋਰ ਵਿਅਕਤੀ ਵਾਂਗ ਮੈਨੂੰ ਦਿਸ ਰਹੇ ਹਨ। ਮੈਂ ਭਾਰਤ ਦੀਆਂ ਜੇਲ੍ਹਾਂ 'ਚ ਡੱਕੇ ਆਪਣੇ ਦੋਸਤਾਂ ਅਤੇ ਸਾਥੀਆਂ-ਵਕੀਲਾਂ, ਅਕਾਦਮਿਕਾਂ, ਵਿਦਿਆਰਥੀਆਂ, ਪੱਤਰਕਾਰਾਂ-ਉਮਰ ਖ਼ਾਲਿਦ, ਗੁਲਫਿਸ਼ਾ ਫ਼ਾਤਿਮਾ, ਖ਼ਾਲਿਦ ਸੈਫ਼ੀ, ਸ਼ਰਜੀਲ ਇਮਾਮ, ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਦੀ ਗੱਲ ਕਰ ਰਹੀ ਹਾਂ। ਮੈਂ ਤੁਹਾਡੇ ਨਾਲ ਗੱਲ ਕਰ ਰਹੀ ਹਾਂ ਮੇਰੇ ਦੋਸਤ ਖ਼ੁਰਮ ਪਰਵੇਜ਼, ਮੇਰੀ ਜਾਣ-ਪਛਾਣ ਵਾਲੇ ਸਭ ਤੋਂ ਕਮਾਲ ਦੇ ਲੋਕਾਂ ਵਿੱਚੋਂ ਇਕ, ਤੁਸੀਂ ਤਿੰਨ ਸਾਲ ਤੋਂ ਜੇਲ੍ਹ ਵਿਚ ਹੋ ਅਤੇ ਇਰਫ਼ਾਨ ਮਹਿਰਾਜ ਤੁਹਾਡੇ ਨਾਲ ਵੀ ਅਤੇ ਕਸ਼ਮੀਰ ਤੇ ਪੂਰੇ ਮੁਲਕ 'ਚ ਕੈਦ ਹਜ਼ਾਰਾਂ ਲੋਕਾਂ ਨਾਲ ਵੀ ਜਿਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ।

ਜਦੋਂ ਇੰਗਲਿਸ਼ ਪੈੱਨ ਐਂਡ ਪਿੰਟਰ ਪੈਨਲ ਦੀ ਚੇਅਰਪਰਸਨ ਰੂਥ ਬੋਰਥਵਿਕ ਨੇ ਪਹਿਲੀ ਵਾਰ ਮੈਨੂੰ ਇਸ ਸਨਮਾਨ ਬਾਰੇ ਲਿਖਿਆ, ਤਾਂ ਉਨ੍ਹਾ ਕਿਹਾ ਕਿ ਪਿੰਟਰ ਪੁਰਸਕਾਰ ਇਕ ਅਜਿਹੇ ਲੇਖਕ ਨੂੰ ਦਿੱਤਾ ਜਾਂਦਾ ਹੈ, ਜਿਸ ਨੇ 'ਸਾਡੇ ਜੀਵਨ ਅਤੇ ਸਾਡੇ ਸਮਾਜ ਦੇ ਅਸਲ ਸੱਚ' ਨੂੰ 'ਨਿਧੜਕ, ਅਡੋਲ, ਜ਼ਬਰਦਸਤ ਬੌਧਿਕ ਦ੍ਰਿੜ੍ਹਤਾ' ਨਾਲ ਪ੍ਰੀਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਹੈਰੋਲਡ ਪਿੰਟਰ ਦੇ ਨੋਬਲ ਪੁਰਸਕਾਰ ਲੈਣ ਸਮੇਂ ਦੇ ਭਾਸ਼ਣ ਦਾ ਹਵਾਲਾ ਹੈ।

'ਅਨਫਲਿੰਚਿੰਗ' ਸ਼ਬਦ ਨਾਲ ਮੈਂ ਪਲ ਕੁ ਲਈ ਰੁਕ ਕੇ ਸੋਚਣ ਲਈ ਮਜਬੂਰ ਹੋ ਗਈ, ਕਿਉਂਕਿ ਮੈਂ ਖ਼ੁਦ ਨੂੰ ਇਕ ਅਜਿਹੇ ਵਿਅਕਤੀ ਦੇ ਰੂਪ ਵਿਚ ਸੋਚਦੀ ਹਾਂ, ਜੋ ਲੱਗਭੱਗ ਹਮੇਸ਼ਾ ਹਿਚਕਚਾਉਂਦਾ ਹੈ।

ਮੈਂ 'ਫਲਿੰਚਿੰਗ' ਅਤੇ 'ਅਨਫਲਿੰਚਿੰਗ' ਦੇ ਵਿਸ਼ੇ 'ਤੇ ਥੋੜ੍ਹਾ ਧਿਆਨ ਕੇਂਦਰਤ ਕਰਨਾ ਚਾਹਾਂਗੀ, ਜਿਸ ਨੂੰ ਖ਼ੁਦ ਹੈਰੋਲਡ ਪਿੰਟਰ ਦੁਆਰਾ ਬਿਹਤਰੀਨ ਤਰੀਕੇ ਨਾਲ ਦਰਸਾਇਆ ਜਾ ਸਕਦਾ ਹੈ :

"ਮੈਂ 1980 ਦੇ ਦਹਾਕੇ ਦੇ ਅੰਤ 'ਚ ਲੰਡਨ ਵਿਚ ਅਮਰੀਕੀ ਦੂਤਾਵਾਸ ਵਿਖੇ ਇਕ ਮੀਟਿੰਗ ਵਿਚ ਮੌਜੂਦ ਸੀ।

"ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਨੇ ਇਹ ਫ਼ੈਸਲਾ ਲੈਣਾ ਸੀ ਕਿ ਨਿਕਾਰਾਗੂਆ ਰਾਜ ਦੇ ਵਿਰੁੱਧ ਮੁਹਿੰਮ ਵਿਚ ਕੌਂਟਰਾ ਬਾਗ਼ੀਆਂ ਨੂੰ ਹੋਰ ਧਨ ਦੇਣਾ ਹੈ ਜਾਂ ਨਹੀਂ। ਮੈਂ ਨਿਕਾਰਾਗੂਆ ਵੱਲੋਂ ਬੋਲਣ ਵਾਲੇ ਵਫ਼ਦ ਦਾ ਮੈਂਬਰ ਸੀ, ਪਰ ਇਸ ਵਫ਼ਦ ਦੇ ਸਭ ਤੋਂ ਅਹਿਮ ਮੈਂਬਰ ਫਾਦਰ ਜੌਹਨ ਮੈਟਕਾਫ ਸਨ। ਅਮਰੀਕੀ ਅਦਾਰੇ ਦਾ ਆਗੂ ਰੇਮੰਡ ਸੀਟਜ਼ (ਉਸ ਸਮੇਂ ਰਾਜਦੂਤ ਤੋਂ ਅਗਲੀ ਹਸਤੀ, ਬਾਅਦ ਵਿਚ ਖ਼ੁਦ ਰਾਜਦੂਤ) ਸੀ। ਫਾਦਰ ਮੈਟਕਾਫ ਨੇ ਕਿਹਾ, 'ਸ੍ਰੀਮਾਨ ਜੀ, ਮੈਂ ਨਿਕਾਰਾਗੂਆ ਦੇ ਉੱਤਰ ਵਿਚ ਚਰਚ ਦੀ ਪ੍ਰਸ਼ਾਸਨਿਕ ਇਕਾਈ ਦਾ ਮੁਖੀ ਹਾਂ। ਮੇਰੇ ਪਾਦਰੀਆਂ ਨੇ ਇਕ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਬਣਾਇਆ ਸੀ। ਅਸੀਂ ਅਮਨ-ਅਮਾਨ ਨਾਲ ਰਹਿ ਰਹੇ ਹਾਂ। ਕੁਝ ਮਹੀਨੇ ਪਹਿਲਾਂ ਇਕ ਕੌਂਟਰਾ ਦਸਤੇ ਨੇ ਸੰਸਥਾ ਉੱਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਸਭ ਕੁਝ ਤਬਾਹ ਕਰ ਦਿੱਤਾ। ਉਨ੍ਹਾ ਨੇ ਨਰਸਾਂ ਅਤੇ ਅਧਿਆਪਕਾਵਾਂ ਨਾਲ ਬਲਾਤਕਾਰ ਕੀਤਾ, ਡਾਕਟਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ, ਬੇਹੱਦ ਕਰੂਰ ਤਰੀਕੇ ਨਾਲ। ਕਿਰਪਾ ਕਰਕੇ ਮੰਗ ਕਰੋ ਕਿ ਅਮਰੀਕਨ ਸਰਕਾਰ ਇਸ ਭਿਆਨਕ ਦਹਿਸ਼ਤਗਰਦ ਸਰਗਰਮੀ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲਵੇ।

"ਬਤੌਰ ਤਰਕਸ਼ੀਲ, ਜ਼ਿੰਮੇਵਾਰ ਅਤੇ ਬੇਹੱਦ ਸੂਝਵਾਨ ਵਿਅਕਤੀ ਰੇਮੰਡ ਸੀਟਜ਼ ਦਾ ਬਹੁਤ ਵਧੀਆ ਵੱਕਾਰ ਸੀ। ਕੂਟਨੀਤਕ ਹਲਕਿਆਂ ਵਿਚ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ। ਉਨ੍ਹਾਂ ਨੇ ਸੁਣਿਆ, ਰੁਕੇ ਅਤੇ ਫਿਰ ਕੁਝ ਗੰਭੀਰਤਾ ਨਾਲ ਗੱਲ ਕੀਤੀ। ਉਹ ਬੋਲੇ, " "ਫਾਦਰ, ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ। ਜੰਗ ਵਿਚ ਦੁੱਖ ਹਮੇਸ਼ਾ ਬੇਕਸੂਰ ਲੋਕਾਂ ਨੂੰ ਝੱਲਣੇ ਪੈਂਦੇ ਹਨ।' ਮੁਰਦਾ ਖ਼ਾਮੋਸ਼ੀ ਛਾ ਗਈ। ਅਸੀਂ ਉਨ੍ਹਾਂ ਦੇ ਮੂੰਹ ਵੱਲ ਦੇਖਦੇ ਰਹੇ। ਉਹ ਧੜਕੇ ਨਹੀਂ।"

ਯਾਦ ਰੱਖੋ ਕਿ ਰਾਸ਼ਟਰਪਤੀ ਰੀਗਨ ਨੇ ਕੌਂਟਰਾ ਨੂੰ "ਸਾਡੇ ਮੋਢੀ ਪੁਰਖਿਆਂ ਦੇ ਨੈਤਿਕ ਸਮਤੁੱਲ" ਕਿਹਾ ਸੀ। ਵਾਕੰਸ਼ ਦੀ ਇਕ ਬਣਤਰ ਜੋ ਰੀਗਨ ਨੂੰ ਸਪੱਸ਼ਟ ਤੌਰ 'ਤੇ ਪਸੰਦ ਸੀ। ਉਸ ਨੇ ਇਸ ਦੀ ਵਰਤੋਂ ਸੀ.ਆਈ.ਏ. ਦੀ ਹਮਾਇਤ ਪ੍ਰਾਪਤ ਅਫ਼ਗਾਨ ਮੁਜਾਹਿਦੀਨਾਂ ਦਾ ਵਰਣਨ ਕਰਨ ਲਈ ਵੀ ਕੀਤੀ, ਜੋ ਫਿਰ ਤਾਲਿਬਾਨ ਬਣ ਗਏ ਅਤੇ ਇਹੀ ਤਾਲਿਬਾਨ ਅਮਰੀਕੀ ਹਮਲੇ ਅਤੇ ਕਬਜ਼ੇ ਵਿਰੁੱਧ ਵੀਹ ਸਾਲ ਲੰਮੀ ਲੜਾਈ ਲੜਨ ਤੋਂ ਬਾਅਦ ਅੱਜ ਅਫ਼ਗਾਨਿਸਤਾਨ ਉੱਪਰ ਰਾਜ ਕਰ ਰਹੇ ਹਨ। ਕੌਂਟਰਿਆਂ ਅਤੇ ਮੁਜਾਹਿਦੀਨਾਂ ਤੋਂ ਪਹਿਲਾਂ ਵੀਅਤਨਾਮ ਵਿਚ ਯੁੱਧ ਹੋਇਆ ਸੀ ਅਤੇ ਬੇਝਿਜਕ ਅਮਰੀਕਨ ਫ਼ੌਜੀ ਮੱਤ ਨੇ ਆਪਣੇ ਫ਼ੌਜੀਆਂ ਨੂੰ 'ਜੋ ਵੀ ਹਿੱਲਦਾ-ਜੁਲਦਾ ਹੈ, ਉਸ ਨੂੰ ਮਾਰ ਦੇਣ' ਦਾ ਆਦੇਸ਼ ਦਿੱਤਾ ਸੀ। ਜੇ ਤੁਸੀਂ ਵੀਅਤਨਾਮ ਵਿਚ ਅਮਰੀਕੀ ਯੁੱਧ ਦੇ ਉਦੇਸ਼ਾਂ ਬਾਰੇ ਪੈਂਟਾਗਨ ਪੇਪਰਜ਼ ਅਤੇ ਹੋਰ ਦਸਤਾਵੇਜ਼ਾਂ ਨੂੰ ਪੜ੍ਹੋ, ਤਾਂ ਤੁਸੀਂ ਨਸਲਕੁਸ਼ੀ ਕਰਨ ਬਾਰੇ ਕੁਝ ਜੀਵੰਤ ਬੇਝਿਜਕ ਵਿਚਾਰ-ਚਰਚਾਵਾਂ ਦਾ ਆਨੰਦ ਲੈ ਸਕਦੇ ਹੋ-ਕੀ ਲੋਕਾਂ ਨੂੰ ਸਿੱਧੇ ਤੌਰ 'ਤੇ ਮਾਰਨਾ ਬਿਹਤਰ ਹੈ ਜਾਂ ਉਨ੍ਹਾਂ ਨੂੰ ਹੌਲੀ-ਹੌਲੀ ਭੁੱਖੇ ਮਾਰਨਾ ਬਿਹਤਰ ਹੈ? ਕਿਹੜਾ ਬਿਹਤਰ ਜਾਪੇਗਾ? ਪੈਂਟਾਗਨ ਵਿਚ ਦਿਆਲੂ ਉੱਚ ਅਧਿਕਾਰੀਆਂ ਨੂੰ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਉਹ ਇਹ ਸੀ ਕਿ ਅਮਰੀਕੀਆਂ ਦੇ ਉਲਟ, ਜੋ ਉਨ੍ਹਾਂ ਦੇ ਮੁਤਾਬਿਕ, 'ਜੀਵਨ, ਖ਼ੁਸ਼ੀ, ਦੌਲਤ, ਤਾਕਤ' ਚਾਹੁੰਦੇ ਹਨ, ਏਸ਼ੀਆਈ 'ਦੌਲਤ ਦੇ ਵਿਨਾਸ਼ ਅਤੇ ਜਾਨੀ ਨੁਕਸਾਨ' ਨੂੰ ਦ੍ਰਿੜ੍ਹਤਾ ਨਾਲ ਕਬੂਲ ਕਰਦੇ ਹਨ-ਅਤੇ ਅਮਰੀਕਾ ਨੂੰ ਆਪਣੇ 'ਯੁੱਧਨੀਤਕ ਤਰਕ ਨੂੰ ਇਸ ਦੇ ਨਤੀਜੇ' 'ਤੇ ਲਿਜਾਣ ਲਈ ਮਜਬੂਰ ਕਰਦੇ ਹਨ, ਜੋ ਕਿ ਨਸਲਕੁਸ਼ੀ ਹੈ।' ਇਕ ਭਿਆਨਕ ਬੋਝ ਜਿਸ ਨੂੰ ਬੇਝਿਜਕ ਸਹਿਣ ਕੀਤਾ ਜਾਣਾ ਹੈ ਅਤੇ ਇਸ ਵਕਤ ਅਸੀਂ ਐਨੇ ਸਾਲ ਬਾਅਦ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਇਕ ਹੋਰ ਨਸਲਕੁਸ਼ੀ ਦਰਮਿਆਨ ਹਾਂ। ਬਸਤੀਵਾਦੀ ਕਬਜ਼ੇ ਅਤੇ ਨਸਲਵਾਦੀ ਰਾਜ ਦੀ ਰਾਖੀ ਲਈ ਗਾਜ਼ਾ ਅਤੇ ਹੁਣ ਲੇਬਨਾਨ ਵਿਚ ਅਮਰੀਕਾ ਤੇ ਇਜ਼ਰਾਈਲ ਵੱਲੋਂ ਬੇਝਿਜਕ ਤੇ ਲਗਾਤਾਰ ਨਸਲਕੁਸ਼ੀ ਕੀਤੀ ਜਾ ਰਹੀ ਹੈ, ਜੋ ਟੈਲੀਵਿਜ਼ਨ 'ਤੇ ਪ੍ਰਸਾਰਤ ਕੀਤੀ ਜਾਂਦੀ ਹੈ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਅਧਿਕਾਰਕ ਤੌਰ 'ਤੇ 42,000 ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਸ ਵਿਚ ਉਹ ਲੋਕ ਸ਼ਾਮਲ ਨਹੀਂ ਹਨ, ਜੋ ਇਮਾਰਤਾਂ, ਆਸ-ਪਾਸ ਦੇ ਮੁਹੱਲਿਆਂ, ਪੂਰੇ ਦੇ ਪੂਰੇ ਸ਼ਹਿਰਾਂ ਦੇ ਮਲਬੇ ਹੇਠ ਦੱਬੇ ਚੀਕਾਂ ਮਾਰਦੇ ਹੋਏ ਮਾਰੇ ਗਏ ਅਤੇ ਜਿਨ੍ਹਾਂ ਦੀਆਂ ਲਾਸ਼ਾਂ ਅਜੇ ਤੱਕ ਨਹੀਂ ਮਿਲੀਆਂ।



ਆਕਸਫਾਮ ਦਾ ਇਕ ਤਾਜ਼ਾ ਅਧਿਐਨ ਕਹਿੰਦਾ ਹੈ ਕਿ ਪਿਛਲੇ ਵੀਹ ਸਾਲਾਂ 'ਚ ਹੋਏ ਕਿਸੇ ਵੀ ਹੋਰ ਯੁੱਧ ਨਾਲੋਂ ਐਨੇ ਸਮੇਂ 'ਚ ਗਾਜ਼ਾ ਵਿਚ ਵਧੇਰੇ ਬੱਚੇ ਮਾਰੇ ਗਏ ਹਨ।

ਨਾਜ਼ੀ ਰਾਜ ਵੱਲੋਂ ਲੱਖਾਂ ਯੂਰਪੀਅਨ ਯਹੂਦੀਆਂ ਦੇ ਸਫ਼ਾਏ ਯਾਨੀ ਨਸਲਕੁਸ਼ੀ ਪ੍ਰਤੀ ਆਪਣੀ ਮੁੱਢਲੇ ਸਾਲਾਂ ਦੀ ਉਦਾਸੀਨਤਾ ਦੇ ਸਮੂਹਿਕ ਅਪਰਾਧ-ਬੋਧ ਨੂੰ ਘਟਾਉਣ ਲਈ ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨੇ ਦੂਜੀ ਨਸਲਕੁਸ਼ੀ ਲਈ ਅਧਾਰ ਤਿਆਰ ਕੀਤਾ ਹੈ।

ਇਤਿਹਾਸ ਵਿਚ ਨਸਲੀ ਸਫ਼ਾਇਆ ਅਤੇ ਨਸਲਕੁਸ਼ੀ ਕਰਨ ਵਾਲੇ ਹਰ ਰਾਜ ਦੀ ਤਰ੍ਹਾਂ ਇਜ਼ਰਾਈਲ ਵਿਚ ਵੀ ਜ਼ਾਇਓਨਿਸਟਾਂ ਨੇ-ਜੋ ਆਪਣੇ ਆਪ ਨੂੰ "ਚੁਣੇ ਹੋਏ ਲੋਕ" ਸਮਝਦੇ ਹਨ-ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਖਦੇੜਨ ਅਤੇ ਉਨ੍ਹਾਂ ਦਾ ਕਤਲੇਆਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਣਮਨੁੱਖੀ ਬਣਾਉਣ ਤੋਂ ਸ਼ੁਰੂਆਤ ਕੀਤੀ।

ਪ੍ਰਧਾਨ ਮੰਤਰੀ ਮੇਨਾਕੇਮ ਬੇਗਿਨ ਨੇ ਫ਼ਲਸਤੀਨੀਆਂ ਨੂੰ 'ਦੋਪਾਏ ਜਾਨਵਰ' ਕਿਹਾ, ਯਿਤਜ਼ਾਕ ਰਾਬਿਨ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ, ਜਿਨ੍ਹਾਂ ਨੂੰ 'ਕੁਚਲਿਆ ਜਾ ਸਕਦਾ ਹੈ' ਅਤੇ ਗੋਲਡਾ ਮੇਰ ਨੇ ਕਿਹਾ 'ਫ਼ਲਸਤੀਨੀਆਂ ਵਰਗੀ ਕੋਈ ਸ਼ੈਅ ਹੈ ਹੀ ਨਹੀਂ ਸੀ'। ਫਾਸ਼ੀਵਾਦ ਵਿਰੁੱਧ ਉਸ ਪ੍ਰਸਿੱਧ ਯੋਧੇ ਵਿੰਸਟਨ ਚਰਚਿਲ ਨੇ ਕਿਹਾ, 'ਮੈਂ ਇਹ ਨਹੀਂ ਮੰਨਦਾ ਕਿ ਖੁਰਲੀ ਉੱਪਰ ਕੁੱਤੇ ਦਾ ਅੰਤਮ ਅਧਿਕਾਰ ਹੋ ਗਿਆ, ਭਾਵੇਂ ਉਹ ਉੱਥੇ ਬਹੁਤ ਲੰਮਾ ਸਮਾਂ ਕਿਉਂ ਨਾ ਰਿਹਾ ਹੋਵੇ' ਅਤੇ ਫਿਰ ਇੱਥੋਂ ਤੱਕ ਐਲਾਨ ਕੀਤਾ ਕਿ ਖੁਰਲੀ ਉੱਪਰ ਅੰਤਮ ਅਧਿਕਾਰ 'ਉਚੇਰੀ ਨਸਲ' ਦਾ ਹੈ। ਇਕ ਵਾਰ ਜਦੋਂ ਉਨ੍ਹਾਂ ਦੋਪਾਏ ਜਾਨਵਰਾਂ, ਟਿੱਡਿਆਂ, ਕੁੱਤਿਆਂ ਅਤੇ ਅਣਹੋਏ ਲੋਕਾਂ ਦਾ ਕਤਲ ਕਰ ਦਿੱਤਾ ਗਿਆ, ਨਸਲੀ ਸਫ਼ਾਇਆ ਕੀਤਾ ਗਿਆ ਅਤੇ ਉਨ੍ਹਾਂ ਨੂੰ ਬੰਦ ਬਸਤੀਆਂ 'ਚ ਡੱਕ ਦਿੱਤਾ ਗਿਆ, ਤਾਂ ਇਕ ਨਵੇਂ ਮੁਲਕ ਦਾ ਜਨਮ ਹੋ ਗਿਆ। ਇਸ ਦਾ ਜਸ਼ਨ 'ਧਰਤ-ਵਿਹੂਣੇ ਲੋਕਾਂ ਲਈ ਲੋਕ-ਵਿਹੂਣੀ ਧਰਤ' ਵਜੋਂ ਮਨਾਇਆ ਗਿਆ ਸੀ। ਇਜ਼ਰਾਈਲ ਨਾਂਅ ਦੇ ਪ੍ਰਮਾਣੂ ਤਾਕਤ ਨਾਲ ਲੈਸ ਰਾਜ ਨੇ ਅਮਰੀਕਾ ਅਤੇ ਯੂਰਪ ਲਈ ਫ਼ੌਜੀ ਚੌਕੀ ਅਤੇ ਮੱਧ ਪੂਰਬ ਦੀ ਕੁਦਰਤੀ ਦੌਲਤ ਤੇ ਸਰੋਤਾਂ ਲਈ ਲਾਂਘੇ ਦਾ ਕੰਮ ਕਰਨਾ ਸੀ। ਨਿਸ਼ਾਨਿਆਂ ਅਤੇ ਉਦੇਸ਼ਾਂ ਦਾ ਇਕ ਮਨਮੋਹਣਾ ਸੰਯੋਗ।

ਭਾਵੇਂ ਇਸ ਨੇ ਕੋਈ ਵੀ ਜੁਰਮ ਕੀਤੇ ਹੋਣ, ਨਵੇਂ ਰਾਜ ਨੂੰ ਬੇਝਿਜਕ ਅਤੇ ਨਿਧੜਕ ਹੋ ਕੇ ਹਥਿਆਰ ਅਤੇ ਪੈਸਾ ਦਿੱਤਾ ਗਿਆ, ਇਸ ਨੂੰ ਲਾਡ ਨਾਲ ਪਾਲਿਆ ਗਿਆ ਅਤੇ ਵਡਿਆਇਆ ਗਿਆ। ਇਹ ਕਿਸੇ ਅਮੀਰ ਘਰ 'ਚ ਪਲੇ ਐਸੇ ਬੱਚੇ ਵਾਂਗ ਵੱਡਾ ਹੋਇਆ, ਜੋ ਜਦੋਂ ਦੁਸ਼ਟ ਦਰ ਦੁਸ਼ਟ ਕਾਰੇ ਕਰਦਾ ਹੈ ਤਾਂ ਮਾਪੇ ਫ਼ਖ਼ਰ ਨਾਲ ਮੁਸਕਰਾਉਂਦੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਇਹ ਨਸਲਕੁਸ਼ੀ ਕਰਨ ਬਾਰੇ ਖੁੱਲ੍ਹ ਕੇ ਸ਼ੇਖੀਆਂ ਮਾਰਨ ਲਈ ਸੁਤੰਤਰ ਮਹਿਸੂਸ ਕਰਦਾ ਹੈ। (ਘੱਟੋ-ਘੱਟ ਪੈਂਟਾਗਨ ਪੇਪਰ ਗੁਪਤ ਸਨ। ਉਨ੍ਹਾਂ ਨੂੰ ਚੋਰੀ ਕੀਤਾ ਜਾਣਾ ਸੀ ਅਤੇ ਉਹ ਲੀਕ ਹੋਣੇ ਸਨ)। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਜ਼ਰਾਈਲੀ ਸਿਪਾਹੀ ਸ਼ਿਸ਼ਟਾਚਾਰ ਦੀ ਸਾਰੀ ਭਾਵਨਾ ਨੂੰ ਤਿਆਗ ਚੁੱਕੇ ਹਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਉੱਪਰ ਅਜਿਹੀਆਂ ਵੀਡੀਓ ਧੜਾਧੜ ਪਾ ਰਹੇ ਹਨ, ਜਿਨ੍ਹਾਂ ਵਿਚ ਉਹ ਉਨ੍ਹਾਂ ਔਰਤਾਂ ਦੇ ਅੰਦਰਲੇ ਕੱਪੜੇ ਪਹਿਨੀਂ ਦਿਸਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰ ਮੁਕਾਇਆ ਜਾਂ ਉਜਾੜ ਦਿੱਤਾ ਹੈ, ਉਹ ਆਪਣੀਆਂ ਵੀਡੀਓ ਵਿਚ ਮਰ ਰਹੇ ਫ਼ਲਸਤੀਨੀਆਂ ਅਤੇ ਜ਼ਖ਼ਮੀ ਬੱਚਿਆਂ ਤੇ ਉਨ੍ਹਾਂ ਕੈਦੀਆਂ ਦੀਆਂ ਸਾਂਗਾਂ ਲਾਉਂਦੇ ਹਨ, ਜਿਨ੍ਹਾਂ ਦਾ ਬਲਾਤਕਾਰ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ ਹਨ। ਇਨ੍ਹਾਂ ਵੀਡੀਓ ਵਿਚ ਉਨ੍ਹਾਂ ਦੀਆਂ ਇਮਾਰਤਾਂ ਨੂੰ ਉਡਾਉਂਦਿਆਂ ਦੀਆਂ ਤਸਵੀਰਾਂ ਹਨ, ਜਦੋਂ ਉਹ ਸਿਗਰਟਾਂ ਪੀ ਰਹੇ ਹੁੰਦੇ ਹਨ ਜਾਂ ਆਪਣੇ ਹੈੱਡਫੋਨ ਉੱਪਰ ਸੰਗੀਤ ਸੁਣ ਰਹੇ ਹੁੰਦੇ ਹਨ। ਇਹ ਲੋਕ ਕੌਣ ਹਨ?

ਇਜ਼ਰਾਈਲ ਜੋ ਕਰ ਰਿਹਾ ਹੈ, ਉਸ ਨੂੰ ਕਿਹੜੀ ਚੀਜ਼ ਜਾਇਜ਼ ਠਹਿਰਾ ਸਕਦੀ ਹੈ?

ਇਜ਼ਰਾਈਲ ਅਤੇ ਇਸ ਦੇ ਜੋਟੀਦਾਰਾਂ ਅਤੇ ਪੱਛਮੀ ਮੀਡੀਆ ਅਨੁਸਾਰ ਇਸ ਦਾ ਜਵਾਬ ਹੈ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਉੱਪਰ ਹਮਾਸ ਦਾ ਹਮਲਾ। ਇਜ਼ਰਾਈਲੀ ਨਾਗਰਿਕਾਂ ਦੇ ਕਤਲ ਅਤੇ ਇਜ਼ਰਾਈਲੀਆਂ ਨੂੰ ਬੰਧਕ ਬਣਾਉਣਾ। ਉਨ੍ਹਾਂ ਅਨੁਸਾਰ ਇਤਿਹਾਸ ਦੀ ਸ਼ੁਰੂਆਤ ਸਿਰਫ਼ ਇਕ ਸਾਲ ਪਹਿਲਾਂ ਹੀ ਹੋਈ ਸੀ।

ਇਸ ਲਈ ਇਹ ਮੇਰੇ ਭਾਸ਼ਣ ਦਾ ਉਹ ਹਿੱਸਾ ਹੈ, ਜਿੱਥੇ ਮੇਰੇ ਤੋਂ ਆਪਣੇ ਆਪ ਨੂੰ, ਆਪਣੀ 'ਨਿਰਪੱਖਤਾ', ਆਪਣੇ ਬੌਧਿਕ ਰੁਤਬੇ ਨੂੰ ਬਚਾਉਣ ਲਈ ਗੋਲਮੋਲ ਗੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਉਹ ਹਿੱਸਾ ਹੈ ਜਿੱਥੇ ਮੇਰੇ ਤੋਂ ਦੀ ਉਮੀਦ ਕੀਤੀ ਜਾਂਦੀ ਹੈ ਕਿ ਮੈਂ ਨੈਤਿਕ ਸਮਤੋਲ ਬਣਾਵਾਂ ਅਤੇ ਹਮਾਸ ਤੇ ਗਾਜ਼ਾ ਵਿਚਲੇ ਹੋਰ ਖਾੜਕੂ ਗਰੁੱਪਾਂ ਅਤੇ ਲੇਬਨਾਨ ਵਿਚ ਉਨ੍ਹਾਂ ਦੇ ਸੰਗੀ ਹਿਜ਼ਬੁੱਲਾ ਦੀ ਨਾਗਰਿਕਾਂ ਨੂੰ ਕਤਲ ਕਰਨ ਅਤੇ ਲੋਕਾਂ ਨੂੰ ਬੰਧਕ ਬਣਾਉਣ ਲਈ ਨਿੰਦਾ ਕਰਨ ਦੀ ਭੁੱਲ ਕਰਾਂ ਅਤੇ ਗਾਜ਼ਾ ਦੇ ਲੋਕਾਂ ਦੀ ਨਿੰਦਾ ਕਰਨ ਦੀ ਭੁੱਲ ਕਰਾਂ, ਜਿਨ੍ਹਾਂ ਨੇ ਹਮਾਸ ਦੇ ਹਮਲੇ ਦੇ ਜਸ਼ਨ ਮਨਾਏ। ਇਕ ਵਾਰ ਇਸ ਤਰ੍ਹਾਂ ਕਰ ਲੈਣ 'ਤੇ ਇਹ ਸਭ ਸੌਖਾ ਹੋ ਜਾਂਦਾ ਹੈ, ਹੈ ਨਾ? ਆਹ। ਹਰ ਕੋਈ ਭਿਆਨਕ ਹੈ, ਕੋਈ ਕੀ ਕਰ ਸਕਦਾ ਹੈ? ਛੱਡੋ ਪਰ੍ਹਾਂ, ਆਓ ਆਪਾਂ ਸ਼ਾਪਿੰਗ ਕਰਦੇ ਹਾਂ...

ਮੈਂ ਨਿੰਦਾ ਦੀ ਖੇਡ ਖੇਡਣ ਤੋਂ ਇਨਕਾਰ ਕਰਦੀ ਹਾਂ। ਮੈਂ ਆਪਣੀ ਗੱਲ ਸਪੱਸ਼ਟ ਕਰ ਦਿਆਂ। ਮੈਂ ਲਿਤਾੜੇ ਹੋਏ ਲੋਕਾਂ ਨੂੰ ਇਹ ਨਹੀਂ ਦੱਸਦੀ ਕਿ ਉਹ ਆਪਣੇ ਉੱਪਰ ਜਬਰ-ਜ਼ੁਲਮ ਦਾ ਵਿਰੋਧ ਕਿਵੇਂ ਕਰਨ ਜਾਂ ਉਨ੍ਹਾਂ ਦੇ ਸੰਗੀ ਕੌਣ ਹੋਣੇ ਚਾਹੀਦੇ ਹਨ।



ਅਕਤੂਬਰ 2023 'ਚ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਇਜ਼ਰਾਈਲ ਦਾ ਦੌਰਾ ਕਰਨ ਸਮੇਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਇਜ਼ਰਾਈਲ ਦੀ ਯੁੱਧ ਕੈਬਨਿਟ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਨੇ ਕਿਹਾ ਸੀ, "ਮੈਂ ਨਹੀਂ ਸਮਝਦਾ ਕਿ ਜ਼ਾਇਓਨਿਸਟ ਬਣਨ ਲਈ ਤੁਹਾਡਾ ਯਹੂਦੀ ਹੋਣਾ ਜ਼ਰੂਰੀ ਹੈ ਅਤੇ ਮੈਂ ਜ਼ਾਇਓਨਿਸਟ ਹਾਂ।"

ਰਾਸ਼ਟਰਪਤੀ ਜੋ ਬਾਇਡਨ ਦੇ ਐਨ ਉਲਟ, ਜੋ ਆਪਣੇ-ਆਪ ਨੂੰ ਗ਼ੈਰ-ਯਹੂਦੀ ਜ਼ਾਇਓਨਿਸਟ ਕਹਿੰਦਾ ਹੈ ਅਤੇ ਜੰਗੀ ਜੁਰਮਾਂ ਨੂੰ ਅੰਜਾਮ ਦੇ ਰਹੇ ਇਜ਼ਰਾਇਲ ਨੂੰ ਬੇਝਿਜਕ ਹੋ ਕੇ ਧਨ ਅਤੇ ਹਥਿਆਰ ਦੇ ਰਿਹਾ ਹੈ, ਮੈਂ ਖ਼ੁਦ ਨੂੰ ਕਿਸੇ ਵੀ ਰੂਪ 'ਚ ਅਜਿਹਾ ਐਲਾਨ ਨਹੀਂ ਕਰਨ ਜਾ ਰਹੀ ਜਾਂ ਪ੍ਰੀਭਾਸ਼ਤ ਨਹੀਂ ਕਰਨ ਜਾ ਰਹੀ, ਜੋ ਮੇਰੀ ਲਿਖਤ ਦੇ ਮੁਕਾਬਲੇ ਸੰਕੀਰਨ ਹੋਵੇ। ਮੈਂ ਉਹੀ ਹਾਂ, ਜੋ ਮੈਂ ਲਿਖਦੀ ਹਾਂ।

ਮੈਂ ਪੂਰੀ ਤਰ੍ਹਾਂ ਜਾਣੂ ਹਾਂ ਕਿ ਮੈਂ ਜੋ ਲੇਖਿਕਾ ਹਾਂ, ਮੈਂ ਜੋ ਗ਼ੈਰ-ਮੁਸਲਮਾਨ ਹਾਂ ਅਤੇ ਮੈਂ ਜੋ ਔਰਤ ਹਾਂ, ਉਹ ਹੋਣ ਦੇ ਨਾਤੇ ਮੇਰੇ ਲਈ ਹਮਾਸ, ਹਿਜ਼ਬੁੱਲਾ ਜਾਂ ਈਰਾਨੀ ਹਕੂਮਤ ਦੇ ਅਧੀਨ ਬਹੁਤ ਲੰਬੇ ਸਮੇਂ ਤੱਕ ਜ਼ਿੰਦਾ ਰਹਿਣਾ ਬਹੁਤ ਮੁਸ਼ਕਲ, ਸ਼ਾਇਦ ਅਸੰਭਵ ਹੋਵੇਗਾ, ਪਰ ਇੱਥੇ ਮੁੱਦਾ ਇਹ ਨਹੀਂ ਹੈ। ਮੁੱਦਾ ਇਹ ਹੈ ਕਿ ਅਸੀਂ ਆਪਣੇ-ਆਪ ਨੂੰ ਇਤਿਹਾਸ ਅਤੇ ਉਨ੍ਹਾਂ ਹਾਲਾਤ ਬਾਰੇ ਸਿੱਖਿਅਤ ਕਰੀਏ, ਜਿਨ੍ਹਾਂ ਦੇ ਤਹਿਤ ਉਹ ਹੋਂਦ ਵਿਚ ਆਏ। ਮੁੱਦਾ ਇਹ ਹੈ ਕਿ ਇਸ ਵੇਲੇ ਉਹ ਇਕ ਚੱਲ ਰਹੀ ਨਸਲਕੁਸ਼ੀ ਵਿਰੁੱਧ ਲੜ ਰਹੇ ਹਨ। ਮੁੱਦਾ ਆਪਣੇ-ਆਪ ਨੂੰ ਇਹ ਪੁੱਛਣਾ ਹੈ ਕਿ ਕੀ ਇਕ ਉਦਾਰ, ਧਰਮਨਿਰਪੱਖ ਲੜਾਕੂ ਤਾਕਤ ਇਕ ਨਸਲਕੁਸ਼ੀ ਕਰਨ ਵਾਲੀ ਜੰਗੀ ਮਸ਼ੀਨ ਦੇ ਵਿਰੁੱਧ ਖੜ੍ਹ ਸਕਦੀ ਹੈ। ਕਿਉਂਕਿ ਜਦੋਂ ਸੰਸਾਰ ਦੀਆਂ ਸਾਰੀਆਂ ਤਾਕਤਾਂ ਉਨ੍ਹਾਂ ਦੇ ਵਿਰੁੱਧ ਹਨ, ਤਾਂ ਉਹ ਰੱਬ ਤੋਂ ਇਲਾਵਾ ਹੋਰ ਕਿਸ ਕੋਲ ਜਾਣ? ਮੈਂ ਜਾਣਦੀ ਹਾਂ ਕਿ ਹਿਜ਼ਬੁੱਲਾ ਅਤੇ ਈਰਾਨੀ ਹਕੂਮਤ ਦੇ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਖੁੱਲ੍ਹੇ ਆਲੋਚਕ ਹਨ, ਜਿਨ੍ਹਾਂ ਵਿੱਚੋਂ ਕੁਝ ਜੇਲ੍ਹਾਂ ਵਿਚ ਵੀ ਸੜ ਰਹੇ ਹਨ ਜਾਂ ਉਨ੍ਹਾਂ ਨੂੰ ਬਹੁਤ ਹੀ ਮਾੜੇ ਨਤੀਜੇ ਭੁਗਤਣੇ ਪਏ ਹਨ। ਮੈਂ ਜਾਣਦੀ ਹਾਂ ਕਿ ਉਨ੍ਹਾਂ ਦੀਆਂ ਕੁਝ ਕਾਰਵਾਈਆਂ-7 ਅਕਤੂਬਰ ਨੂੰ ਹਮਾਸ ਵੱਲੋਂ ਨਾਗਰਿਕਾਂ ਦੇ ਕਤਲ ਅਤੇ ਉਨ੍ਹਾਂ ਨੂੰ ਅਗਵਾ ਕਰਨਾ - ਜੰਗੀ ਜੁਰਮ ਹਨ। ਹਾਲਾਂਕਿ ਇਸ ਨੂੰ ਅਤੇ ਇਜ਼ਰਾਈਲ ਤੇ ਸੰਯੁਕਤ ਰਾਜ ਅਮਰੀਕਾ ਗਾਜ਼ਾ, ਪੱਛਮੀ ਕੰਢੇ ਅਤੇ ਹੁਣ ਲੇਬਨਾਨ ਵਿਚ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇੱਕੋ ਪੱਲੜੇ ਵਿਚ ਨਹੀਂ ਰੱਖਿਆ ਜਾ ਸਕਦਾ। 7 ਅਕਤੂਬਰ ਦੀ ਹਿੰਸਾ ਸਮੇਤ ਸਾਰੀ ਹਿੰਸਾ ਦੀ ਜੜ੍ਹ ਫ਼ਲਸਤੀਨੀ ਜ਼ਮੀਨ ਉੱਪਰ ਇਜ਼ਰਾਈਲ ਦਾ ਕਬਜ਼ਾ ਅਤੇ ਫ਼ਲਸਤੀਨੀ ਲੋਕਾਂ ਨੂੰ ਆਪਣੇ ਅਧੀਨ ਕਰਨਾ ਹੈ। ਇਤਿਹਾਸ 7 ਅਕਤੂਬਰ 2023 ਨੂੰ ਸ਼ੁਰੂ ਨਹੀਂ ਸੀ ਹੋਇਆ।

ਮੈਂ ਤੁਹਾਨੂੰ ਪੁੱਛਦੀ ਹਾਂ ਕਿ ਇਸ ਹਾਲ ਵਿਚ ਮੌਜੂਦ ਸਾਡੇ ਵਿੱਚੋਂ ਕੌਣ ਆਪਣੀ ਇੱਛਾ ਨਾਲ ਉਸ ਅਪਮਾਨ ਨੂੰ ਸਵੀਕਾਰ ਕਰੇਗਾ, ਜੋ ਗਾਜ਼ਾ ਅਤੇ ਪੱਛਮੀ ਕੰਢੇ ਵਿਚ ਫ਼ਲਸਤੀਨੀਆਂ ਨੂੰ ਦਹਾਕਿਆਂ ਤੋਂ ਝੱਲਣਾ ਪੈ ਰਿਹਾ ਹੈ? ਫ਼ਲਸਤੀਨੀ ਲੋਕਾਂ ਨੇ ਕਿਹੜੇ ਸ਼ਾਂਤੀਪੂਰਨ ਸਾਧਨ ਨਹੀਂ ਅਜ਼ਮਾਏ? ਉਨ੍ਹਾਂ ਨੇ ਕਿਹੜਾ ਸਮਝੌਤਾ ਸਵੀਕਾਰ ਨਹੀਂ ਕੀਤਾ - ਗੋਡਿਆਂ ਭਾਰ ਹੋ ਕੇ ਰੀਂਗਣ ਅਤੇ ਗੰਦਗੀ ਖਾਣ ਤੋਂ ਸਿਵਾਏ?

ਇਜ਼ਰਾਈਲ ਸਵੈ-ਰੱਖਿਆ ਦੀ ਲੜਾਈ ਨਹੀਂ ਲੜ ਰਿਹਾ। ਇਹ ਹਮਲਾਵਰ ਯੁੱਧ ਲੜ ਰਿਹਾ ਹੈ। ਹੋਰ ਜ਼ਿਆਦਾ ਖੇਤਰ ਉੱਪਰ ਕਬਜ਼ਾ ਕਰਨ, ਆਪਣੇ ਰੰਗਭੇਦ ਦੇ ਤੰਤਰ ਨੂੰ ਮਜ਼ਬੂਤ ਕਰਨ ਅਤੇ ਫ਼ਲਸਤੀਨੀ ਲੋਕਾਂ ਤੇ ਖੇਤਰ ਉੱਪਰ ਆਪਣਾ ਕੰਟਰੋਲ ਮਜ਼ਬੂਤ ਕਰਨ ਲਈ ਯੁੱਧ।

7 ਅਕਤੂਬਰ 2023 ਤੋਂ ਲੈ ਕੇ ਇਸ ਵੱਲੋਂ ਮਾਰੇ ਗਏ ਦਹਿ-ਹਜ਼ਾਰਾਂ ਲੋਕਾਂ ਤੋਂ ਇਲਾਵਾ ਇਜ਼ਰਾਈਲ ਨੇ ਗਾਜ਼ਾ ਦੀ ਬਹੁਗਿਣਤੀ ਆਬਾਦੀ ਨੂੰ ਕਈ ਵਾਰ ਉਜਾੜਿਆ ਹੈ। ਇਸ ਨੇ ਹਸਪਤਾਲਾਂ ਉੱਪਰ ਬੰਬ ਸੁੱਟੇ ਹਨ। ਇਸ ਨੇ ਜਾਣਬੁੱਝ ਕੇ ਡਾਕਟਰਾਂ, ਸਹਾਇਤਾ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਅਤੇ ਮਾਰਿਆ। ਪੂਰੀ ਆਬਾਦੀ ਭੁੱਖ ਨਾਲ ਮਰ ਰਹੀ ਹੈ-ਉਨ੍ਹਾਂ ਦੇ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਦੀਆਂ ਸਭ ਤੋਂ ਅਮੀਰ, ਸਭ ਤੋਂ ਤਾਕਤਵਰ ਸਰਕਾਰਾਂ ਇਸ ਸਭ ਕਾਸੇ ਦੀ ਨੈਤਿਕ ਅਤੇ ਪਦਾਰਥਕ ਮਦਦ ਕਰ ਰਹੀਆਂ ਹਨ ਅਤੇ ਉਨ੍ਹਾਂ ਦਾ ਮੀਡੀਆ ਵੀ। (ਇਸ ਵਿਚ ਮੈਂ ਆਪਣੇ ਮੁਲਕ, ਭਾਰਤ ਨੂੰ ਵੀ ਸ਼ਾਮਲ ਕਰਦੀ ਹੈ ਜੋ ਇਜ਼ਰਾਇਲ ਨੂੰ ਹਥਿਆਰ ਸਪਲਾਈ ਕਰਨ ਦੇ ਨਾਲ-ਨਾਲ ਹਜ਼ਾਰਾਂ ਕਾਮੇ ਵੀ ਭੇਜ ਰਿਹਾ ਹੈ।) ਇਨ੍ਹਾਂ ਮੁਲਕਾਂ ਅਤੇ ਇਜ਼ਰਾਈਲ ਦਰਮਿਆਨ ਕੋਈ ਫ਼ਰਕ ਨਹੀਂ ਹੈ। ਸਿਰਫ਼ ਪਿਛਲੇ ਸਾਲ ਵਿਚ ਹੀ ਅਮਰੀਕਾ ਨੇ ਇਜ਼ਰਾਈਲ ਦੀ ਫ਼ੌਜੀ ਮਦਦ 'ਚ 17.9 ਅਰਬ ਡਾਲਰ ਖ਼ਰਚ ਕੀਤੇ ਹਨ। ਇਸ ਲਈ, ਆਓ ਆਪਾਂ ਅਮਰੀਕਾ ਬਾਰੇ ਇਸ ਝੂਠ ਤੋਂ ਹਮੇਸ਼ਾ-ਹਮੇਸ਼ਾ ਲਈ ਖਹਿੜਾ ਛੁਡਾ ਲਈਏ ਕਿ ਇਸ ਦੀ ਭੂਮਿਕਾ ਵਿਚੋਲਗੀ ਕਰਨ ਵਾਲੇ, ਰੋਕਣ ਵਾਲੇ ਰਸੂਖ਼ਵਾਨ ਜਾਂ 'ਜੰਗਬੰਦੀ ਲਈ ਅਣਥੱਕ ਮਿਹਨਤ ਕਰਨ' ਦੀ ਹੈ, ਜਿਵੇਂ ਕਿ ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ ਨੇ ਕਿਹਾ (ਜਿਸ ਨੂੰ ਮੁੱਖਧਾਰਾ ਦੀ ਅਮਰੀਕਨ ਰਾਜਨੀਤੀ ਦਾ ਅਤਿ ਖੱਬੇਪੱਖੀ ਮੰਨਿਆ ਜਾਂਦਾ ਹੈ)। ਨਸਲਕੁਸ਼ੀ ਦਾ ਹਿੱਸਾ ਬਣੀ ਧਿਰ ਵਿਚੋਲੀ ਨਹੀਂ ਹੋ ਸਕਦੀ।

ਕੁਲ ਤਾਕਤ ਅਤੇ ਧਨ, ਧਰਤੀ ਉੱਪਰਲੇ ਸਾਰੇ ਹਥਿਆਰ ਅਤੇ ਪ੍ਰਚਾਰ ਹੁਣ ਜ਼ਖ਼ਮ ਨੂੰ ਲੁਕੋ ਨਹੀਂ ਸਕਦੇ, ਜੋ ਫ਼ਲਸਤੀਨ ਹੈ। ਉਹ ਜ਼ਖ਼ਮ ਜਿਸ ਵਿੱਚੋਂ ਇਜ਼ਰਾਈਲ ਸਮੇਤ ਪੂਰੀ ਦੁਨੀਆ ਲਹੂ ਵਹਾ ਰਹੀ ਹੈ।

ਸਰਵੇਖਣ ਦਰਸਾਉਂਦੇ ਹਨ ਕਿ ਜਿਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਇਜ਼ਰਾਈਲ ਨੂੰ ਨਸਲਕੁਸ਼ੀ ਕਰਨ ਦੇ ਸਮਰੱਥ ਬਣਾਇਆ ਹੈ, ਉਨ੍ਹਾਂ ਦੇ ਬਹੁਗਿਣਤੀ ਨਾਗਰਿਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਨਾਲ ਸਹਿਮਤ ਨਹੀਂ ਹਨ। ਅਸੀਂ ਲੱਖਾਂ ਲੋਕਾਂ ਦੇ ਜਲੂਸ ਦੇਖੇ ਹਨ, ਜਿਨ੍ਹਾਂ ਵਿਚ ਯਹੂਦੀਆਂ ਦੀ ਨੌਜਵਾਨ ਪੀੜ੍ਹੀ ਵੀ ਸ਼ਾਮਲ ਹੈ, ਜੋ ਵਰਤੇ ਜਾਣ ਤੋਂ, ਝੂਠ ਬੋਲਣ ਤੋਂ ਅੱਕ ਗਈ ਹੈ। ਕਿਸ ਨੇ ਕਲਪਨਾ ਕੀਤੀ ਹੋਵੇਗੀ ਕਿ ਅਸੀਂ ਉਹ ਦਿਨ ਦੇਖਣ ਲਈ ਜ਼ਿੰਦਾ ਰਹਾਂਗੇ, ਜਦੋਂ ਜਰਮਨ ਪੁਲਸ ਇਜ਼ਰਾਈਲ ਅਤੇ ਜ਼ਾਇਓਨਿਜ਼ਮ ਦਾ ਵਿਰੋਧ ਕਰਨ ਬਦਲੇ ਯਹੂਦੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰੇਗੀ ਅਤੇ ਉਨ੍ਹਾਂ ਉੱਪਰ ਯਹੂਦੀ-ਵਿਰੋਧੀ ਹੋਣ ਦਾ ਦੋਸ਼ ਲਗਾਏਗੀ? ਕਿਸ ਨੇ ਸੋਚਿਆ ਹੋਵੇਗਾ ਕਿ ਅਮਰੀਕਨ ਸਰਕਾਰ ਇਜ਼ਰਾਈਲੀ ਰਾਜ ਦੀ ਸੇਵਾ 'ਚ, ਫ਼ਲਸਤੀਨ ਪੱਖੀ ਨਾਅਰਿਆਂ 'ਤੇ ਪਾਬੰਦੀ ਲਾ ਕੇ ਸੁਤੰਤਰ ਭਾਸ਼ਣ ਦੇ ਆਪਣੇ ਮੂਲ ਸਿਧਾਂਤ ਨੂੰ ਕਮਜ਼ੋਰ ਕਰ ਦੇਵੇਗੀ? ਕੁਝ ਮਾਣਯੋਗ ਅੱਪਵਾਦਾਂ ਨੂੰ ਛੱਡ ਕੇ ਪੱਛਮੀ ਲੋਕਤੰਤਰਾਂ ਦਾ ਅਖਾਉਤੀ ਨੈਤਿਕ ਢਾਂਚਾ ਬਾਕੀ ਦੁਨੀਆ ਵਿਚ ਇਕ ਗੰਭੀਰ ਮਜ਼ਾਕ ਦਾ ਵਿਸ਼ਾ ਬਣ ਗਿਆ ਹੈ।

ਜਦੋਂ ਬੈਂਜਾਮਿਨ ਨੇਤਨਯਾਹੂ ਮੱਧ ਪੂਰਬ ਦਾ ਇਕ ਨਕਸ਼ਾ ਪੇਸ਼ ਕਰਦਾ ਹੈ ਜਿਸ ਵਿਚ ਫ਼ਲਸਤੀਨ ਨੂੰ ਮਿਟਾ ਦਿੱਤਾ ਗਿਆ ਹੈ ਅਤੇ ਇਜ਼ਰਾਈਲ ਨਦੀ ਤੋਂ ਸਮੁੰਦਰ ਤੱਕ ਫੈਲਿਆ ਹੋਇਆ ਹੈ, ਤਾਂ ਉਸ ਨੂੰ ਅਜਿਹੇ ਦੂਰਅੰਦੇਸ਼ ਵਜੋਂ ਵਡਿਆਇਆ ਜਾਂਦਾ ਹੈ, ਜੋ ਯਹੂਦੀ ਵਤਨ ਦਾ ਸੁਪਨਾ ਸਾਕਾਰ ਕਰਨ ਲਈ ਕੰਮ ਕਰ ਰਿਹਾ ਹੈ।

ਪਰ ਜਦੋਂ ਫ਼ਲਸਤੀਨੀ ਅਤੇ ਉਨ੍ਹਾਂ ਦੇ ਹਮਾਇਤੀ 'ਨਦੀ ਤੋਂ ਲੈ ਕੇ ਸਮੁੰਦਰ ਤੱਕ, ਫ਼ਲਸਤੀਨ ਹੋਵੇਗਾ ਆਜ਼ਾਦ' ਦਾ ਨਾਅਰਾ ਲਾਉਂਦੇ ਹਨ ਤਾਂ ਉਨ੍ਹਾਂ ਉੱਪਰ ਯਹੂਦੀਆਂ ਦੀ ਨਸਲਕੁਸ਼ੀ ਦਾ ਖੁੱਲ੍ਹੇਆਮ ਸੱਦਾ ਦੇਣ ਦਾ ਦੋਸ਼ ਲਗਾਇਆ ਜਾਂਦਾ ਹੈ।

ਕੀ ਉਹ ਸੱਚਮੁੱਚ ਹਨ? ਜਾਂ ਕੀ ਇਹ ਇਕ ਰੋਗੀ ਕਲਪਨਾ ਹੈ, ਜੋ ਆਪਣਾ ਹਨੇਰਾ ਦੂਜਿਆਂ ਉੱਪਰ ਪਾ ਰਹੀ ਹੈ? ਕਲਪਨਾ ਜੋ ਵੰਨ-ਸੁਵੰਨਤਾ ਨੂੰ ਸਵੀਕਾਰ ਨਹੀਂ ਕਰ ਸਕਦੀ, ਉਹ ਬਰਾਬਰ ਹੱਕਾਂ ਤਹਿਤ ਹੋਰ ਲੋਕਾਂ ਦੇ ਨਾਲ ਇਕ ਮੁਲਕ ਵਿਚ ਰਹਿਣ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰ ਸਕਦੀ। ਜਿਵੇਂ ਦੁਨੀਆ ਵਿਚ ਹਰ ਕੋਈ ਸਵੀਕਾਰ ਕਰਦਾ ਹੈ। ਅਜਿਹੀ ਕਲਪਨਾ ਜੋ ਇਹ ਸਵੀਕਾਰ ਕਰਨ ਜੋਗੀ ਨਹੀਂ ਹੈ ਕਿ ਫ਼ਲਸਤੀਨੀ ਆਜ਼ਾਦ ਹੋਣਾ ਚਾਹੁੰਦੇ ਹਨ, ਦੱਖਣੀ ਅਫ਼ਰੀਕਾ ਦੀ ਤਰ੍ਹਾਂ, ਭਾਰਤ ਦੀ ਤਰ੍ਹਾਂ, ਹੋਰ ਸਾਰੇ ਮੁਲਕਾਂ ਦੀ ਤਰ੍ਹਾਂ ਜਿਨ੍ਹਾਂ ਨੇ ਬਸਤੀਵਾਦ ਦਾ ਜੂਲਾ ਲਾਹ ਸੁੱਟਿਆ ਹੈ। ਮੁਲਕ ਜੋ ਵੰਨਸੁਵੰਨਤਾ ਵਾਲੇ, ਗਹਿਰਾਈ 'ਚ, ਹੋ ਸਕਦਾ ਹੈ ਘਾਤਕ ਰੂਪ 'ਚ ਨੁਕਸਦਾਰ ਹੋਣ, ਪਰ ਆਜ਼ਾਦ ਹਨ। ਜਦੋਂ ਦੱਖਣੀ ਅਫ਼ਰੀਕੀ ਆਪਣਾ ਹਰਮਨਪਿਆਰਾ ਇਕਜੁੱਟਤਾ ਨਾਅਰਾ, ਅਮੰਡਲਾ! ਸੱਤਾ ਲੋਕਾਂ ਨੂੰ, ਲਗਾ ਰਹੇ ਸਨ, ਕੀ ਉਹ ਗੋਰੇ ਲੋਕਾਂ ਦੀ ਨਸਲਕੁਸ਼ੀ ਦਾ ਸੱਦਾ ਦੇ ਰਹੇ ਸਨ? ਉਹ ਨਹੀਂ ਦੇ ਰਹੇ ਸਨ। ਉਹ ਨਸਲੀ ਰੰਗਭੇਦੀ ਰਾਜ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਸਨ। ਜਿਵੇਂ ਫ਼ਲਸਤੀਨੀ ਕਰ ਰਹੇ ਹਨ।

ਹੁਣ ਜੋ ਯੁੱਧ ਸ਼ੁਰੂ ਹੋ ਚੁੱਕਾ ਹੈ, ਉਹ ਭਿਆਨਕ ਹੋਵੇਗਾ। ਪਰ ਆਖ਼ਿਰਕਾਰ ਇਹ ਇਜ਼ਰਾਈਲ ਦੇ ਰੰਗਭੇਦ ਨੂੰ ਖ਼ਤਮ ਕਰ ਦੇਵੇਗਾ। ਸਾਰੀ ਦੁਨੀਆ ਸਾਰਿਆਂ ਲਈ ਕਿਤੇ ਜ਼ਿਆਦਾ ਸੁਰੱਖਿਅਤ ਹੋਵੇਗੀ - ਜਿਸ ਵਿਚ ਯਹੂਦੀ ਲੋਕ ਵੀ ਸ਼ਾਮਲ ਹਨ - ਅਤੇ ਕਿਤੇ ਜ਼ਿਆਦਾ ਨਿਆਂਪੂਰਨ ਵੀ। ਇਹ ਸਾਡੇ ਜ਼ਖ਼ਮੀ ਦਿਲ 'ਚੋਂ ਤੀਰ ਕੱਢਣ ਸਮਾਨ ਹੋਵੇਗਾ।

ਜੇ ਅਮਰੀਕਨ ਸਰਕਾਰ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲੈ ਲੈਂਦੀ ਹੈ, ਤਾਂ ਯੁੱਧ ਅੱਜ ਹੀ ਬੰਦ ਹੋ ਸਕਦਾ ਹੈ। ਇਸੇ ਪਲ ਹੀ ਦੁਸ਼ਮਣੀਆਂ ਖ਼ਤਮ ਹੋ ਸਕਦੀਆਂ ਹਨ। ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰਵਾਇਆ ਜਾ ਸਕਦਾ ਹੈ, ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕਰਾਇਆ ਜਾ ਸਕਦਾ ਹੈ। ਹਮਾਸ ਅਤੇ ਹੋਰ ਫ਼ਲਸਤੀਨੀ ਹਿੱਸੇਦਾਰਾਂ ਨਾਲ ਜੋ ਗੱਲਬਾਤ ਯੁੱਧ ਤੋਂ ਬਾਅਦ ਲਾਜ਼ਮੀ ਤੌਰ 'ਤੇ ਹੋਣੀ ਹੈ, ਉਹ ਹੁਣ ਹੋ ਸਕਦੀ ਹੈ ਅਤੇ ਲੱਖਾਂ ਲੋਕਾਂ ਦੇ ਸੰਤਾਪ ਨੂੰ ਰੋਕ ਸਕਦੀ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਜ਼ਿਆਦਾਤਰ ਲੋਕ ਇਸ ਨੂੰ ਇਕ ਸਿੱਧੜ, ਹਾਸੋਹੀਣੀ ਤਜਵੀਜ਼ ਮੰਨਣਗੇ।

ਆਲਾ ਅਬਦ ਅਲ-ਫਤਾਹ, ਆਪਣੀ ਗੱਲ ਸਮੇਟਦੇ ਹੋਏ ਮੈਨੂੰ ਆਪਣੀ ਜੇਲ੍ਹ 'ਚ ਲਿਖੀ ਕਿਤਾਬ You Have Not Yet Been Defeated (ਤੁਸੀਂ ਅਜੇ ਤੱਕ ਹਾਰੇ ਨਹੀਂ ਹੋ) ਦੇ ਸ਼ਬਦਾਂ ਵੱਲ ਮੁੜਨ ਦੀ ਇਜਾਜ਼ਤ ਦਿਓ। ਮੈਂ ਜਿੱਤ ਅਤੇ ਹਾਰ ਦੇ ਅਰਥ - ਅਤੇ ਅੱਖਾਂ ਵਿਚ ਈਮਾਨਦਾਰੀ ਨਾਲ ਨਿਰਾਸ਼ਾ ਨੂੰ ਦੇਖਣ ਦੀ ਰਾਜਨੀਤਕ ਜ਼ਰੂਰਤ ਬਾਰੇ ਅਜਿਹੇ ਖ਼ੂਬਸੂਰਤ ਸ਼ਬਦ ਘੱਟ ਹੀ ਪੜ੍ਹੇ ਹਨ। ਮੈਂ ਅਜਿਹਾ ਲਿਖਿਆ ਘੱਟ ਹੀ ਦੇਖਿਆ ਹੈ, ਜਿਸ ਵਿਚ ਇਕ ਨਾਗਰਿਕ ਆਪਣੇ ਆਪ ਨੂੰ ਰਾਜ ਤੋਂ, ਜਰਨੈਲਾਂ ਤੋਂ ਅਤੇ ਇੱਥੋਂ ਤੱਕ ਕਿ ਚੌਕ ਦੇ ਨਾਅਰਿਆਂ ਤੋਂ ਟੱਲੀ ਵਰਗੀ ਟੁਣਕਾਰ ਨਾਲ ਵੱਖ ਕਰਦਾ ਹੈ।

"ਕੇਂਦਰ ਵਿਸ਼ਵਾਸਘਾਤ ਹੈ, ਕਿਉਂਕਿ ਇਸ ਵਿਚ ਜਗ੍ਹਾ ਸਿਰਫ਼ ਜਰਨੈਲ ਲਈ ਹੈ...ਕੇਂਦਰ ਵਿਸ਼ਵਾਸਘਾਤ ਹੈ ਅਤੇ ਮੈਂ ਕਦੇ ਵੀ ਗ਼ੱਦਾਰ ਨਹੀਂ ਰਿਹਾ। ਉਹ ਸੋਚਦੇ ਹਨ ਕਿ ਉਨ੍ਹਾਂ ਨੇ ਸਾਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਇਸ ਨੂੰ ਕਦੇ ਵੀ ਨਹੀਂ ਛੱਡਿਆ, ਬਸ ਥੋੜ੍ਹੇ ਚਿਰ ਲਈ ਇਹ ਸਾਡੇ ਤੋਂ ਖੁੱਸ ਗਿਆ। ਨਾ ਵੋਟ ਬਕਸੇ, ਨਾ ਮਹਿਲ, ਨਾ ਮੰਤਰਾਲੇ, ਨਾ ਹੀ ਜੇਲ੍ਹਾਂ, ਇੱਥੋਂ ਤੱਕ ਕਿ ਕਬਰਾਂ ਵੀ ਸਾਡੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਵੱਡੀਆਂ ਹਨ। ਅਸੀਂ ਕਦੇ ਵੀ ਕੇਂਦਰ ਨਹੀਂ ਚਾਹਿਆ, ਕਿਉਂਕਿ ਇਸ ਵਿਚ ਸੁਪਨਾ ਤਿਆਗ ਦੇਣ ਵਾਲਿਆਂ ਤੋਂ ਸਿਵਾਏ ਹੋਰ ਕਿਸੇ ਲਈ ਜਗ੍ਹਾ ਨਹੀਂ ਹੈ। ਇੱਥੋਂ ਤੱਕ ਕਿ ਚੌਕ ਵੀ ਸਾਡੇ ਲਈ ਏਨਾ ਵੱਡਾ ਨਹੀਂ ਸੀ, ਇਸ ਲਈ ਇਨਕਲਾਬ ਦੀਆਂ ਜ਼ਿਆਦਾਤਰ ਲੜਾਈਆਂ ਇਸ ਦੇ ਬਾਹਰ ਹੋਈਆਂ, ਅਤੇ ਜ਼ਿਆਦਾਤਰ ਨਾਇਕ ਫਰੇਮ ਤੋਂ ਬਾਹਰ ਰਹੇ।

ਜੋ ਭਿਆਨਕਤਾ ਅਸੀਂ ਗਾਜ਼ਾ ਅਤੇ ਹੁਣ ਲੇਬਨਾਨ ਵਿਚ ਦੇਖ ਰਹੇ ਹਾਂ, ਉਹ ਤੇਜ਼ੀ ਨਾਲ ਖੇਤਰੀ ਯੁੱਧ 'ਚ ਬਦਲਦੀ ਜਾ ਰਹੀ ਹੈ, ਇਸਦੇ ਅਸਲ ਨਾਇਕ ਫਰੇਮ ਤੋਂ ਬਾਹਰ ਰਹਿੰਦੇ ਹਨ, ਪਰ ਉਹ ਲੜਨਾ ਜਾਰੀ ਰੱਖਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਕ ਦਿਨ-

ਨਦੀ ਤੋਂ ਸਮੁੰਦਰ ਤੱਕ
ਫ਼ਲਸਤੀਨ ਆਜ਼ਾਦ ਹੋਵੇਗਾ।
ਇਹ ਹੋਵੇਗਾ।
ਨਜ਼ਰ ਆਪਣੇ ਕੈਲੰਡਰ 'ਤੇ ਰੱਖੋ। ਆਪਣੀ ਘੜੀ 'ਤੇ ਨਹੀਂ।
ਜਰਨੈਲ ਨਹੀਂ, ਲੋਕ, ਆਪਣੀ ਮੁਕਤੀ ਲਈ ਲੜ ਰਹੇ ਲੋਕ ਸਮੇਂ ਨੂੰ ਇਸ ਤਰ੍ਹਾਂ ਮਾਪਦੇ ਹਨ।

# ਲੇਖਾ-ਜੋਖਾ ਗੌਤਮ ਅਡਾਨੀ ਦੇ ਕੇਸ ਦਾ ਅਤੇ ਪੰਜਾਬ ਤੇ ਭਾਰਤ ਦੀਆਂ ਚੋਣਾਂ ਦਾ

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਗੱਲ ਤਾਂ ਇੱਕੋ ਮਸਲੇ ਬਾਰੇ ਵੀ ਕੀਤੀ ਜਾ ਸਕਦੀ ਹੈ ਅਤੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਦੀਆਂ ਉੱਪ ਚੋਣਾਂ ਦੀ ਚੀਰ-ਫਾੜ ਦਾ ਕੰਮ ਕੋਈ ਛੋਟਾ ਨਹੀਂ ਅਤੇ ਗੌਤਮ ਅਡਾਨੀ ਦੇ ਅਮਰੀਕੀ ਅਦਾਲਤ ਵਾਲੇ ਕੇਸ ਵਿੱਚ ਫਸਣ ਵਾਲਾ ਕਿੱਸਾ ਫੋਲਣ ਦਾ ਕੰਮ ਵੀ ਪਿੱਛੇ ਨਹੀਂ ਪਾਇਆ ਜਾ ਸਕਦਾ। ਇਸ ਲਈ ਅਸੀਂ ਇਸ ਲਿਖਤ ਵਿੱਚ ਇਕੱਠੇ ਦੋਵਾਂ ਮੁੱਦਿਆਂ ਦੀ ਚਰਚਾ ਸਮੁੱਚੀ ਨਾ ਸਹੀ, ਕੁਝ ਨਾ ਕੁਝ ਬਹੁਤ ਜ਼ਰੂਰੀ ਨੁਕਤਿਆਂ ਦੀ ਜ਼ਰੂਰ ਕਰ ਲੈਣਾ ਚਾਹੁੰਦੇ ਹਾਂ।

ਫਿਰ ਵੀ ਇਨ੍ਹਾਂ ਦੋਵਾਂ ਮੁੱਦਿਆਂ ਨਾਲੋਂ ਪਹਿਲ ਅਸੀਂ ਅਪਰਾਧਾਂ ਬਾਰੇ ਸੰਸਾਰ ਅਦਾਲਤ ਦੇ ਉਸ ਫੈਸਲੇ ਲਈ ਦੇਣਾ ਚਾਹੁੰਦੇ ਹਾਂ, ਜਿੱਥੋਂ ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਗ੍ਰਿਫਤਾਰੀ ਵਾਰੰਟ ਜਾਰੀ ਹੋਣ ਪਿੱਛੋਂ ਇੱਕ ਪਾਸੇ ਅਮਰੀਕਾ ਇਹ ਹੁਕਮ ਮੰਨਣ ਨੂੰ ਤਿਆਰ ਨਹੀਂ ਅਤੇ ਦੂਸਰੇ ਪਾਸੇ ਉਸ ਦੇ ਸਾਥੀ ਦੇਸ਼ ਮੰਨਣ ਦਾ ਐਲਾਨ ਕਰਦੇ ਪਏ ਹਨ। ਇਸ ਕੇਸ ਤੋਂ ਪਹਿਲਾਂ ਏਸੇ ਅਦਾਲਤ ਨੇ ਇਹ ਮੰਨ ਕੇ ਕਿ ਯੂਕਰੇਨ ਵਿੱਚ ਹਮਲਾਵਰੀ ਬਹੁਤ ਜ਼ਿਆਦਾ ਹੋਈ ਹੈ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਗ੍ਰਿਫਤਾਰੀ ਵਾਰੰਟ ਵੀ ਜਾਰੀ ਕਰ ਦਿੱਤੇ ਸਨ। ਪੂਤਿਨ ਨੇ ਓਦੋਂ ਵਾਰੰਟਾਂ ਦੀ ਪ੍ਰਵਾਹ ਨਹੀਂ ਸੀ ਕੀਤੀ ਅਤੇ ਉਸ ਨਾਲ ਨੇੜ ਵਾਲੇ ਦੇਸ਼ਾਂ ਨੇ ਜਦੋਂ ਆਖਿਆ ਕਿ ਉਹ ਕਿਸੇ ਵੀ ਹਾਲਤ ਵਿੱਚ ਰੂਸ ਦੇ ਰਾਸ਼ਟਰਪਤੀ ਨੂੰ ਗ੍ਰਿਫਤਾਰ ਨਹੀਂ ਕਰਨਗੇ ਤਾਂ ਅਮਰੀਕਾ ਨੇ ਏਥੋਂ ਤੱਕ ਕਹਿ ਦਿੱਤਾ ਸੀ ਕਿ ਜਿਹੜੇ ਦੇਸ਼ਾਂ ਨੇ ਪੂਤਿਨ ਦੀ ਗ੍ਰਿਫਤਾਰੀ ਦੇ ਵਾਰੰਟ ਉੱਤੇ ਅਮਲ ਕਰਨ ਤੋਂ ਇਨਕਾਰ ਕੀਤਾ, ਉਨ੍ਹਾਂ ਖਿਲਾਫ ਸੰਸਾਰ ਭਰ ਵਿਚ ਪਾਬੰਦੀਆਂ ਲਾਈਆਂ ਜਾਣਗੀਆਂ। ਜਿਹੜਾ ਅਮਰੀਕਾ ਪੂਤਿਨ ਦੇ ਵਾਰੰਟਾਂ ਉੱਤੇ ਅਮਲ ਲਈ ਏਨਾ ਕਾਹਲਾ ਸੀ, ਮਿੱਤਰ ਦੇਸ਼ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਖਿਲਾਫ ਵਾਰੰਟ ਜਾਰੀ ਹੁੰਦੇ ਸਾਰ ਉਹ ਵਾਰੰਟ ਜਾਰੀ ਕਰਨ ਵਾਲੀ ਅਦਾਲਤ ਨੂੰ ਵੀ ਅੱਖਾਂ ਵਿਖਾਉਣ ਤੇ ਇਹ ਕਹਿਣ ਲੱਗ ਪਿਆ ਹੈ ਕਿ ਅਸੀਂ ਉਸ ਅਦਾਲਤ ਦੇ ਮੈਂਬਰ ਹੀ ਨਹੀਂ, ਇਨ੍ਹਾਂ ਵਾਰੰਟਾਂ ਦਾ ਸਾਨੂੰ ਕੋਈ ਫਰਕ ਨਹੀਂ ਪੈਂਦਾ। ਇਹੋ ਜਿਹੇ ਮੌਕੇ ਉਸ ਦੇ ਪੱਕੇ ਸਾਥੀ ਦੇਸ਼ਾਂ ਵਿੱਚੋਂ ਕੁਝ ਨੇ ਉਸ ਨਾਲ ਖੜੋਣ ਦੀ ਥਾਂ ਇਹ ਪੈਂਤੜਾ ਲੈ ਲਿਆ ਕਿ ਉਹ ਅਪਰਾਧਾਂ ਬਾਰੇ ਸੰਸਾਰ ਅਦਾਲਤ ਦਾ ਹੁਕਮ ਮੰਨਣਗੇ ਅਤੇ ਜੇ ਨੇਤਨਯਾਹੂ ਕਦੀ ਓਧਰ ਆ ਗਿਆ ਤਾਂ ਨਿਯਮਾਂ ਮੁਤਾਬਕ ਉਸ ਨੂੰ ਗ੍ਰਿਫਤਾਰ ਵੀ ਕਰਨ ਤੋਂ ਝਿਜਕਣਗੇ ਨਹੀਂ। ਅਮਰੀਕਾ ਲਈ ਬਹੁਤ ਲੰਮੇ ਸਮੇਂ ਤੋਂ ਕਦੀ ਏਦਾਂ ਦੀ ਸਥਿਤੀ ਬਣਦੀ ਨਹੀਂ ਦਿੱਸੀ ਕਿ ਉਸ ਦੇ ਸਾਥੀ ਦੇਸ਼ ਵੀ ਕਿਸੇ ਸੰਸਾਰ ਮੁੱਦੇ ਉੱਤੇ ਉਸ ਨਾਲ ਖੜੇ ਹੋਣ ਤੋਂ ਇਨਕਾਰ ਕਰਨ ਲੱਗ ਜਾਣ, ਪਰ ਇਸ ਸਮੇਂ ਇਹ ਵੀ ਹੁੰਦਾ ਪਿਆ ਹੈ। ਅਗਲੇ ਦਿਨ ਪਤਾ ਨਹੀਂ ਕਿੱਦਾਂ ਦੇ ਹੋਣਗੇ।

ਦੂਸਰਾ ਮੁੱਦਾ ਅਮਰੀਕਾ ਦੀ ਅਦਾਲਤ ਤੋਂ ਗੌਤਮ ਅਡਾਨੀ ਦੇ ਵਾਰੰਟ ਜਾਰੀ ਹੋਣ ਦਾ ਹੈ। ਸਭ ਨੂੰ ਇਸ ਗੱਲ ਬਾਰੇ ਪਤਾ ਹੈ ਕਿ ਗੌਤਮ ਅਡਾਨੀ ਇਸ ਵਕਤ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੀ ਕਮਾਨ ਸੰਭਾਲਣ ਵਾਲੇ ਨਰਿੰਦਰ ਮੋਦੀ ਦਾ ਖਾਸ ਮਿੱਤਰ ਹੈ ਅਤੇ ਜਿਸ ਕੇਸ ਵਿੱਚ ਇਹ ਵਾਰੰਟ ਜਾਰੀ ਹੋਇਆ ਹੈ, ਉਸ ਦਾ ਸਾਰਾ ਅਪਰਾਧ ਵੀ ਭਾਰਤ ਦੇ ਅੰਦਰ ਹੋਇਆ ਹੈ, ਪਰ ਵਾਰੰਟ ਅਮਰੀਕਾ ਵਿੱਚ ਜਾਰੀ ਕੀਤਾ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਅਪਰਾਧ ਜਦੋਂ ਉਸ ਦੇਸ਼ ਵਿੱਚ ਨਹੀਂ, ਭਾਰਤ ਵਿੱਚ ਹੋਇਆ ਹੈ ਤਾਂ ਅਮਰੀਕੀ ਅਦਾਲਤ ਵਾਰੰਟ ਕਿਵੇਂ ਕੱਢ ਸਕਦੀ ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਅਮਰੀਕੀ ਕਾਨੂੰਨ ਹੈ ਕਿ ਜਿਸ ਕੰਪਨੀ ਵਿੱਚ ਅਮਰੀਕੀ ਲੋਕਾਂ ਨੇ ਪੈਸਾ ਲਾਇਆ ਹੋਵੇ, ਜੇ ਉਹ ਕੰਪਨੀ ਕੋਈ ਅਪਰਾਧ ਸੰਸਾਰ ਵਿੱਚ ਕਿਤੇ ਵੀ ਕਰਦੀ ਹੈ ਤਾਂ ਅਮਰੀਕਾ ਵਿੱਚ ਉਸ ਵਿਰੁੱਧ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਗੌਤਮ ਅਡਾਨੀ ਦੀ ਕੰਪਨੀ ਨੇ ਅਮਰੀਕੀ ਐਕਸਚੇਂਜ ਵਿੱਚ ਪ੍ਰਚਾਰ ਕਰ ਕੇ ਕਿ ਭਾਰਤ ਵਿੱਚ ਸੋਲਰ ਪ੍ਰਾਜੈਕਟ ਲਾਉਣਾ ਹੈ, ਜਿਸ ਤੋਂ ਮੋਟਾ ਲਾਭ ਹੋਵੇਗਾ, ਉਨ੍ਹਾਂ ਲੋਕਾਂ ਨੂੰ ਸ਼ੇਅਰ ਖਰੀਦਣ ਵਾਸਤੇ ਬੇਵਕੂਫ ਬਣਾਇਆ ਸੀ। ਬਾਅਦ ਵਿੱਚ ਖਬਰ ਨਿਕਲੀ ਕਿ ਇਸ ਕੰਪਨੀ ਨੇ ਭਾਰਤੀ ਅਧਿਕਾਰੀਆਂ ਨੂੰ ਸਾਢੇ ਛੱਬੀ ਕਰੋੜ ਡਾਲਰ ਜਾਂ ਬਾਈ ਸੌ ਕਰੋੜ ਰੁਪਏ ਨਾਲੋਂ ਵੱਧ ਰਕਮ ਰਿਸ਼ਵਤ ਵਜੋਂ ਦਿੱਤੀ ਹੈ ਤੇ ਆਪਣੇ ਪ੍ਰਾਜੈਕਟ ਦਾ ਰਾਹ ਕੱਢਣ ਲਈ ਗਲਤ ਢੰਗ ਵਰਤੇ ਹਨ। ਕੇਸ ਅਮਰੀਕਨ ਅਦਾਲਤ ਵਿੱਚ ਗਿਆ ਤਾਂ ਇਸ ਦੀ ਮੁੱਢਲੀ ਕਾਰਵਾਈ ਵਿੱਚ ਹੀ ਸਾਰਾ ਕੁਝ ਸਪੱਸ਼ਟ ਹੋਣ ਪਿੱਛੋਂ ਗੌਤਮ ਦਾ ਵਾਰੰਟ ਜਾਰੀ ਕਰ ਦਿੱਤਾ ਗਿਆ। ਭਾਰਤ ਦੀ ਮੌਜੂਦਾ ਸਰਕਾਰ ਦੁਨੀਆ ਭਰ ਵਿੱਚ ਪ੍ਰਸਿੱਧ ਇਸ ਚਾਲਬਾਜ਼ ਪੂੰਜੀਪਤੀ ਦੇ ਪਿੱਛੇ ਸਦਾ ਖੜੀ ਹੁੰਦੀ ਰਹੀ ਹੈ, ਇਸ ਵਾਰ ਵੀ ਆ ਖੜੋਤੀ ਹੈ, ਇਸ ਲਈ ਅਡਾਨੀ ਨੂੰ ਬਚਾ ਲੈਣ ਦਾ ਪ੍ਰਭਾਵ ਬਣਨਾ ਸ਼ੁਰੂ ਹੋ ਗਿਆ ਹੈ। ਨਰਿੰਦਰ ਮੋਦੀ ਸਰਕਾਰ ਨੇ ਏਦਾਂ ਦੇ ਬਹੁਤ ਸਾਰੇ ਲੋਕਾਂ ਦੀ ਢਾਲ ਬਣ ਕੇ ਉਨ੍ਹਾਂ ਨੂੰ ਬਚਾਇਆ ਤੇ ਫਿਰ ਵੀ ਆਪਣੀ ਈਮਾਨਦਾਰੀ ਦਾ ਢੰਡੋਰਾ ਪਿੱਟਦੀ ਰਹੀ ਹੈ, ਭਵਿੱਖ ਵਿੱਚ ਵੀ ਇਹੀ ਖੇਡ ਖੇਡੀ ਜਾਂਦੀ ਰਹੇਗੀ।

ਅਸੀਂ ਆ ਜਾਈਏ ਤੀਸਰੇ ਉਸ ਮੁੱਦੇ ਦੀ ਚਰਚਾ ਵੱਲ, ਜਿਸ ਦਾ ਸੰਬੰਧ ਸਾਡੇ ਪੰਜਾਬ ਦੇ ਆਮ ਲੋਕਾਂ ਦੇ ਮੌਜੂਦਾ ਸਮੇਂ ਤੋਂ ਵੱਧ ਭਵਿੱਖ ਦੀਆਂ ਪੀੜ੍ਹੀਆਂ ਨਾਲ ਹੈ ਅਤੇ ਦੂਰਗਾਮੀ ਅਸਰ ਪਾ ਸਕਦਾ ਹੈ।

ਏਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਚਾਰ ਵਿਧਾਇਕ ਜਿੱਤ ਗਏ ਤਾਂ ਉਨ੍ਹਾਂ ਚਹੁੰਆਂ ਦੇ ਵਿਧਾਨ ਸਭਾ ਹਲਕਿਆਂ ਦੀ ਉੱਪ ਚੋਣ ਕਰਾਉਣੀ ਪੈਣੀ ਸੀ। ਉਹ ਚੋਣ ਹੋ ਗਈ ਅਤੇ ਨਤੀਜੇ ਆਉਣ ਨਾਲ ਬਹੁਤ ਕੁਝ ਬਦਲ ਗਿਆ ਹੈ। ਪਹਿਲਾਂ ਇਨ੍ਹਾਂ ਚਾਰ ਸੀਟਾਂ ਵਿੱਚੋਂ ਤਿੰਨ ਕਾਂਗਰਸ ਦੀਆਂ ਸਨ, ਪਰ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਚੱਬੇਵਾਲ ਦਾ ਕਾਂਗਰਸੀ ਵਿਧਾਇਕ ਰਾਜ ਕੁਮਾਰ ਆਮ ਆਦਮੀ ਵਿੱਚ ਸ਼ਾਮਲ ਹੋ ਗਿਆ ਅਤੇ ਉਹ ਚੋਣ ਉਸ ਪਾਰਟੀ ਦੀ ਟਿਕਟ ਉੱਤੇ ਲੜੀ ਅਤੇ ਜਿੱਤੀ ਸੀ। ਇਸ ਤਰ੍ਹਾਂ ਵੇਖਿਆ ਜਾਵੇ ਤਾਂ ਕਾਂਗਰਸ ਵਾਲੇ ਇਹ ਗੱਲ ਕਹਿ ਸਕਦੇ ਹਨ ਕਿ ਵਿਧਾਨ ਸਭਾ ਵਿੱਚ ਇੱਕ ਸੀਟ ਉਨ੍ਹਾਂ ਦੀ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਹੀ ਘਟ ਗਈ ਸੀ, ਉਨ੍ਹਾਂ ਦੀਆਂ ਦੋ ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਵਾਲੀਆਂ ਸੀਟਾਂ ਹੀ ਦਾਅ ਉੱਤੇ ਲੱਗੀਆਂ ਸਨ, ਪਰ ਉੱਪ ਚੋਣਾਂ ਵਿੱਚ ਉਹ ਪਾਰਟੀ ਦੋ ਜਿੱਤ ਸਕਣ ਜੋਗੀ ਨਹੀਂ ਹੋ ਸਕੀ, ਚਾਰ ਵਿੱਚੋਂ ਮਸਾਂ ਇੱਕ ਸੀਟ ਜਿੱਤੀ, ਉਹ ਵੀ ਆਪਣੀ ਨਹੀਂ, ਆਮ ਆਦਮੀ ਪਾਰਟੀ ਤੋਂ ਖੋਹੀ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਕਹਿ ਸਕਦੀ ਹੈ ਕਿ ਉਸ ਦੀ ਉਨ੍ਹਾਂ ਚੋਣਾਂ ਦੌਰਾਨ ਇੱਕੋ ਸੀਟ ਬਰਨਾਲਾ ਖਾਲੀ ਹੋਈ ਤੇ ਉੱਪ ਚੋਣਾਂ ਵਿੱਚ ਉਸ ਨੇ ਤਿੰਨ ਸੀਟਾਂ ਹੋਰ ਜਿੱਤੀਆਂ ਜਾਂ ਕਾਂਗਰਸ ਦੀਆਂ ਤਿੰਨ ਸੀਟਾਂ ਖੋਹ ਲਈਆਂ ਹਨ। ਕਹਿਣ ਲਈ ਦਲੀਲਾਂ ਹਰ ਕਿਸੇ ਕੋਲ ਲੋੜ ਜੋਗੀਆਂ ਹੁੰਦੀਆਂ ਹਨ, ਪਰ ਹਕੀਕਤਾਂ ਕਿਸੇ ਦਾ ਵੀ ਭੇਦ ਲੁਕਿਆ ਨਹੀਂ ਰਹਿਣ ਦੇਂਦੀਆਂ।

ਅਕਾਲੀ ਦਲ ਬਾਦਲ ਨੇ ਇਹ ਚੋਣਾਂ ਲੜੀਆਂ ਨਹੀਂ ਸਨ, ਕਿਉਂਕਿ ਉਨ੍ਹਾਂ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਸ ਵਕਤ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤੇ ਜਾਣ ਕਾਰਨ ਚੋਣ ਨਹੀਂ ਸੀ ਲੜ ਸਕਦਾ ਅਤੇ ਬਾਕੀ ਸਾਰੇ ਆਗੂ ਬਹਾਨਾ ਬਣਾ ਕੇ ਇਨ੍ਹਾਂ ਚੋਣਾਂ ਦੇ ਨਤੀਜੇ ਦੀ ਨਮੋਸ਼ੀ ਝੱਲਣ ਤੋਂ ਕੰਨੀ ਖਿਸਕਾ ਗਏ। ਉਨ੍ਹਾਂ ਨੂੰ ਪਤਾ ਸੀ ਕਿ ਪੰਜਾਬ ਦੇ ਲੋਕ ਉਨ੍ਹਾਂ ਨਾਲ ਚੋਖੇ ਨਾਰਾਜ਼ ਹਨ ਅਤੇ ਇੱਕ ਵਾਰ ਹੋਰ ਜ਼ਮਾਨਤਾਂ ਜ਼ਬਤ ਕਰਾਉਣ ਵਿੱਚ ਕੋਈ ਲਾਭ ਨਹੀਂ। ਨਤੀਜੇ ਮਗਰੋਂ ਉਹ ਇਹ ਕਹਿਣ ਦਾ ਹੱਕ ਵਰਤਣਗੇ ਕਿ ਜੇ ਉਹ ਚੋਣ ਲੜਦੇ ਤਾਂ ਨਤੀਜੇ ਹੋਰ ਹੋ ਸਕਦੇ ਸਨ। ਭਾਜਪਾ ਦੀ ਧਿਰ ਨੇ ਇਨ੍ਹਾਂ ਉੱਪ ਚੋਣਾਂ ਵਿੱਚ ਅਕਾਲੀਆਂ ਦੀ ਗੈਰ-ਹਾਜ਼ਰੀ ਦਾ ਲਾਹਾ ਖੱਟਣ ਦਾ ਯਤਨ ਕੀਤਾ, ਪਰ ਨਤੀਜਿਆਂ ਨਾਲ ਸਾਬਤ ਹੋ ਗਿਆ ਕਿ ਪੰਜਾਬ ਦੇ ਲੋਕ ਅਜੇ ਵੀ ਉਨ੍ਹਾਂ ਨੂੰ ਮੂੰਹ ਨਹੀਂ ਲਾਉਂਦੇ। ਚਾਰ ਸੀਟਾਂ ਦੀਆਂ ਉੱਪ ਚੋਣਾਂ ਹੋਈਆਂ ਅਤੇ ਚਾਰੇ ਸੀਟਾਂ ਉੱਤੇ ਉਸ ਦੇ ਉਮੀਦਵਾਰ ਤੀਸਰੀ ਥਾਂ ਰਹੇ। ਅਕਾਲੀਆਂ ਵਿੱਚੋਂ ਆਏ ਰਵੀਕਿਰਨ ਸਿੰਘ ਕਾਹਲੋਂ ਨੂੰ ਡੇਰਾ ਬਾਬਾ ਨਾਨਕ ਹਲਕੇ ਵਿੱਚ ਸਾਢੇ ਛੇ ਹਜ਼ਾਰ ਵੋਟਾਂ ਮਸਾਂ ਪਈਆਂ ਅਤੇ ਦੂਸਰੇ ਸੋਹਣ ਸਿੰਘ ਠੰਡਲ ਨੂੰ ਪੌਣੇ ਨੌਂ ਹਜ਼ਾਰ ਵੋਟਾਂ ਵੀ ਨਹੀਂ ਮਿਲ ਸਕੀਆਂ। ਕਾਂਗਰਸ ਵਿੱਚੋਂ ਆਇਆ ਵਿੱਚੋਂ ਕੇਵਲ ਸਿੰਘ ਢਿੱਲੋਂ ਅਠਾਰਾਂ ਹਜ਼ਾਰ ਲਾਗੇ ਪੁੱਜਣ ਵਿੱਚ ਕਾਮਯਾਬ ਹੋ ਗਿਆ, ਇੱਕ ਵਾਰ ਜਿੱਤ ਜਾਣ ਦੀ ਆਸ ਵੀ ਨਜ਼ਰ ਆਉਣ ਲੱਗ ਪਈ ਸੀ, ਪਰ ਦਲ-ਬਦਲੀਆਂ ਦੀ ਕਮਾਲ ਕਰਨ ਵਾਲਾ ਪੰਜਾਬ ਦਾ ਖਜ਼ਾਨਾ ਮੰਤਰੀ ਰਹਿ ਚੁੱਕਾ ਮਨਪ੍ਰੀਤ ਸਿੰਘ ਬਾਦਲ ਸਵਾ ਬਾਰਾਂ ਹਜ਼ਾਰ ਤੱਕ ਵੀ ਨਾ ਜਾ ਸਕਿਆ। ਉਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਤਾਏ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨਾਲ ਅੰਦਰ-ਖਾਤੇ ਗੱਲ ਮੁਕਾਈ ਪਈ ਹੈ ਅਤੇ ਅਕਾਲੀ ਦਲ ਭਾਵੇਂ ਚੋਣ ਨਹੀਂ ਲੜ ਰਿਹਾ, ਬਾਦਲ ਪਰਵਾਰ ਦੇ ਏਕੇ ਦੇ ਹੁਲਾਰੇ ਨਾਲ ਉਸ ਪਰਵਾਰ ਦੇ ਪੱਕੇ ਸਮਰਥਕ ਇਸ ਵਾਰੀ ਮਨਪ੍ਰੀਤ ਸਿੰਘ ਬਾਦਲ ਨੂੰ ਜਿਤਾਉਣ ਲਈ ਵਾਹ ਲਾ ਦੇਣਗੇ। ਏਦਾਂ ਦਾ ਕੁਝ ਵੀ ਨਹੀਂ ਵਾਪਰ ਸਕਿਆ ਅਤੇ ਮਨਪ੍ਰੀਤ ਸਿੰਘ ਥਾਂ-ਥਾਂ ਆਪਣੇ ਤਾਏ ਦੇ ਆਸ਼ੀਰਵਾਦ ਦੀਆਂ ਕਹਾਣੀਆਂ ਪਾਉਣ ਦੇ ਬਾਵਜੂਦ ਇਸ ਹਲਕੇ ਦੇ ਲੋਕਾਂ ਦਾ ਭਰੋਸਾ ਨਹੀਂ ਜਿੱਤ ਸਕਿਆ। ਇੱਕ ਤਰ੍ਹਾਂ ਭਾਜਪਾ ਅਤੇ ਅਕਾਲੀਆਂ ਹੀ ਨਹੀਂ, ਕਾਂਗਰਸੀਆਂ ਵਾਸਤੇ ਵੀ ਇਹ ਉੱਪ ਚੋਣਾਂ ਇੱਕ ਹੋਰ ਸੱਟ ਸਾਬਤ ਹੋਈਆਂ ਹਨ ਅਤੇ ਭਵਿੱਖ ਦੀ ਆਸ ਬੰਨ੍ਹਾਉਣ ਵਾਲੀ ਗੱਲ ਕੋਈ ਨਹੀਂ ਬਣ ਸਕੀ।

ਜਿੱਥੋਂ ਤੱਕ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਕਾਰਕਰਦਗੀ ਦਾ ਸਵਾਲ ਹੈ, ਉਹ ਖੁਸ਼ ਹੋਣ ਲਈ ਇਹ ਕਹਿ ਸਕਦੇ ਹਨ ਕਿ ਉਨ੍ਹਾਂ ਇੱਕ ਸੀਟ ਗਵਾਈ ਅਤੇ ਤਿੰਨ ਕਾਂਗਰਸ ਦੀਆਂ ਖੋਹ ਕੇ ਵਿਧਾਨ ਸਭਾ ਵਿੱਚ ਦੋ ਹੋਰ ਸੀਟਾਂ ਆਪਣੇ ਖਾਤੇ ਵਿੱਚ ਵਧਾਈਆਂ ਹਨ, ਪਰ ਬਰਨਾਲਾ ਸੀਟ ਆਪਣੇ ਹੱਥੋਂ ਗੁਆਉਣ ਦੀ ਚਰਚਾ ਵੱਧ ਹੋਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਉਹ ਆਪਣਾ ਇਲਾਕਾ ਹੈ, ਇਸ ਦੇ ਇਰਦ-ਗਿਰਦ ਲਗਭਗ ਹਰ ਥਾਂ ਇਹ ਪਾਰਟੀ ਹਰ ਪੱਖੋਂ ਮਜ਼ਬੂਤ ਸਮਝੀ ਜਾਂਦੀ ਹੈ, ਫਿਰ ਵੀ ਬਰਨਾਲਾ ਹਲਕਾ ਗੁਆ ਲੈਣ ਨੇ ਕਾਂਗਰਸ ਵਾਲੀਆਂ ਤਿੰਨ ਸੀਟਾਂ ਖੋਹ ਲੈਣ ਦੀ ਖੁਸ਼ੀ ਵਾਲੀ ਖੀਰ ਵਿੱਚ ਕੋਕੜੂ ਲਿਆ ਸੁੱਟਿਆ ਹੈ। ਇਸ ਤੋਂ ਪਹਿਲਾਂ ਏਦਾਂ ਦੀ ਸੱਟ ਇਸ ਪਾਰਟੀ ਨੂੰ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਬਣਦੇ ਸਾਰ ਉਸ ਵੱਲੋਂ ਛੱਡੀ ਹੋਈ ਸੰਗਰੂਰ ਲੋਕ ਸਭਾ ਸੀਟ ਖੁੱਸ ਜਾਣ ਨਾਲ ਪਈ ਸੀ। ਉਹ ਸੀਟ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਲਈ ਤਾਂ ਦਿਲ ਨੂੰ ਤਸੱਲੀ ਦੇਣ ਲਈ ਇਹ ਕਿਹਾ ਜਾਣ ਲੱਗ ਪਿਆ ਸੀ ਕਿ ਇਸ ਨਾਲ ਬਹੁਤਾ ਫਰਕ ਨਹੀਂ ਪੈਂਦਾ, ਨਵੀਂ ਉੱਠਦੀ ਆਮ ਆਦਮੀਪਾਰਟੀ ਦੇ ਰਿਵਾਇਤੀ ਵਿਰੋਧੀ ਅਕਾਲੀ ਦਲ ਤੇ ਭਾਜਪਾ ਵਾਲੇ ਬੁਰੀ ਤਰ੍ਹਾਂ ਹਾਰਨ ਨਾਲ ਓਦੋਂ ਵੱਡੀ ਸੱਟ ਖਾ ਗਏ ਹਨ। ਇਸ ਵਾਰ ਵੀ ਦਲੀਲਾਂ ਬਹੁਤ ਹੋਣਗੀਆਂ ਤੇ ਇਹ ਦਲੀਲ ਵੀ ਛੋਟੀ ਨਹੀਂ ਕਿ ਬਰਨਾਲੇ ਦੀ ਇੱਕ ਸੀਟ ਜੇ ਕਾਂਗਰਸ ਨੇ ਖੋਹ ਲਈ ਤਾਂ ਕਾਂਗਰਸ ਤੋਂ ਆਮ ਆਦਮੀ ਪਾਰਟੀ ਨੇ ਤਿੰਨ ਖੋਹ ਲਈਆਂ ਹਨ, ਪਰ ਬਾਹਰ ਜੋ ਮਰਜ਼ੀ ਕਹਿਣ, ਆਪਣੇ ਅੰਦਰ ਝਾਤੀ ਮਾਰਨ ਦੀ ਉਨ੍ਹਾਂ ਨੂੰ ਲੋੜ ਹੈ। ਉਨ੍ਹਾਂ ਲਈ ਇਹ ਗੱਲ ਸੋਚਣ ਦਾ ਸਹੀ ਮੌਕਾ ਹੈ ਕਿ ਏਦਾਂ ਦੀ ਸੱਟ ਲੋਕਾਂ ਨੇ ਮਾਰੀ ਕਿਉਂ ਅਤੇ ਉਹ ਕਿਹੜੀਆਂ ਕਮੀਆਂ ਸਨ, ਜਿਹੜੀਆਂ ਮੁੱਖ ਮੰਤਰੀ ਦੀ ਆਪਣੀ ਜੂਹ ਵਿੱਚ ਵੀ ਇਸ ਪਾਰਟੀ ਅੱਗੇ ਅੜਿੱਕੇ ਡਾਹੁਣ ਦਾ ਕੰਮ ਕਰਦੀਆਂ ਰਹੀਆਂ ਹਨ।

ਮਹਾਰਾਸ਼ਟਰ ਵਿੱਚ ਭਾਜਪਾ ਗੱਠਜੋੜ ਨੇ ਫਿਰ ਵਿਧਾਨ ਸਭਾ ਚੋਣ ਜਿੱਤ ਲਈ ਅਤੇ ਖ਼ੁਦ ਭਾਜਪਾ ਏਨੀ ਤਕੜੀ ਹੋ ਗਈ ਹੈ ਕਿ ਏਕਨਾਥ ਸ਼ਿੰਦੇ ਵਰਗੇ ਉਸ ਦੇ ਪਿਛਲੱਗ ਬਣੇ ਰਹਿਣਗੇ, ਪਰ ਝਾਰਖੰਡ ਵਿੱਚ ਜਿਹੜੀ ਸੱਟ ਲੋਕਾਂ ਨੇ ਇਸ ਪਾਰਟੀ ਨੂੰ ਮਾਰੀ ਹੈ, ਉਹ ਇਸ ਦੀ ਲੀਡਰਸ਼ਿਪ ਨੂੰ ਵੀ ਸੋਚਣ ਲਈ ਮਜਬੂਰ ਕਰੇਗੀ। ਉਨ੍ਹਾਂ ਦੇ ਨਾਲ ਕਾਂਗਰਸ ਵਾਲਿਆਂ ਲਈ ਵੀ ਇਹ ਸੋਚਣ ਦੀ ਘੜੀ ਹੈ ਕਿ ਉਹ ਪ੍ਰਿਅੰਕਾ ਗਾਂਧੀ ਦੀ ਵੱਡੀ ਜਿੱਤ ਦੀ ਖੁਸ਼ੀ ਵਿੱਚ ਨਾ ਨੱਚੀ ਜਾਣ, ਬਾਕੀ ਥਾਈਂ ਜਿਹੜੀ ਮਾਰ ਹਰ ਪਾਸੇ ਪੈਂਦੀ ਪਈ ਹੈ, ਉਸ ਦੇ ਕਾਰਨ ਲੱਭਣ ਦੀ ਲੋੜ ਹੈ। ਰਾਹੁਲ ਗਾਂਧੀ ਨੂੰ ਜਿੰਨਾ ਚਾਹੇ ਉਹ ਵੱਡਾ ਆਗੂ ਬਣਾਈ ਫਿਰਨ, ਨਰਿੰਦਰ ਮੋਦੀ ਵਰਗੀ ਮਜ਼ਬੂਤ ਲੀਡਰਸ਼ਿਪ ਨਾਲ ਭੇੜ ਵਿੱਚ ਉਸ ਨੂੰ ਹਰਾਉਣ ਜੋਗਾ ਸਾਬਤ ਨਹੀਂ ਹੋ ਰਿਹਾ ਤੇ ਮਲਿਕਾਰਜੁਨ ਖੜਗੇ ਵਰਗੇ ਆਗੂ ਨੂੰ ਪਾਰਟੀ ਠੀਕ ਤਰ੍ਹਾਂ ਚੱਲਣ ਨਹੀਂ ਦੇ ਰਹੀ। ਇਸ ਪਾਰਟੀ ਦੀ ਅਗਵਾਈ ਕਰਦੇ ਪਰਵਾਰ ਦੀ ਸੂਈ ਜਦੋਂ ਤੱਕ ਇਸ ਗੱਲ ਉੱਤੇ ਅੜੀ ਰਹੇਗੀ ਕਿ ਰਾਹੁਲ ਵੱਡਾ ਨੇਤਾ ਤਦੇ ਰਹੇਗਾ, ਜੇ ਬਾਕੀ ਸਾਰੇ ਆਗੂ ਬੌਣੇ ਹੋਣਗੇ ਜਾਂ ਬੌਣੇ ਬਣਾ ਕੇ ਰੱਖੇ ਜਾਣਗੇ, ਓਦੋਂ ਤੱਕ ਪਾਰਟੀ ਕਿਸੇ ਤਣ-ਪੱਤਣ ਲੱਗ ਸਕਣ ਦਾ ਸੁਫਨਾ ਨਹੀਂ ਵੇਖ ਸਕਦੀ। ਉਨ੍ਹਾਂ ਇਸ ਧਾਰਨਾ ਤੋਂ ਖਹਿੜਾ ਛੁਡਾਉਣਾ ਹੈ ਜਾਂ ਨਹੀਂ, ਮਰਜ਼ੀ ਉਨ੍ਹਾਂ ਦੀ ਹੈ।

# ਦਿਮਾਗੋਂ ਪੈਦਲ ਯਾਤਰਾ 'ਤੇ ਇੱਕ ਝਾਤ

ਸੁਲਘਦੇ ਸਵਾਲ
ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਬਹੁਤ ਸਿਆਣੇ ਅਤੇ ਮਹਾਂਪੁਰਸ਼ ਝੂਠ ਆਖਦੇ ਰਹਿੰਦੇ ਹਨ ਕਿ ਬਿਨਾਂ ਆਤਮਾ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ। ਇਸ ਕਰਕੇ ਅਸੀਂ ਆਪਣੇ ਪਾਠਕਾਂ ਨੂੰ ਬਿਨਾਂ ਆਤਮਾ ਹੀ ਨਹੀਂ ਬਲਕਿ ਬਿਨਾਂ ਸਿਰ ਉਨ੍ਹਾਂ ਮਹਾਨ ਨੇਤਾਵਾਂ ਦੇ ਦਰਸ਼ਨ ਕਰਾਉਣ ਦੀ ਕੋਸ਼ਿਸ਼ ਕਰਾਂਗੇ। ਪਰ ਸ਼ਰਤ ਇਹ ਰਹੇਗੀ ਕਿ ਪਾਠਕਾਂ ਨੂੰ ਵੀ ਸਮਝਣ 'ਚ ਆਪ ਮਿਹਨਤ ਕਰਨੀ ਪਵੇਗੀ। ਮੈਂ ਅਜੇ ਗੱਲ ਸ਼ੁਰੂ ਹੀ ਕਰਨ ਵਾਲਾ ਸੀ ਤਾਂ ਕੰਗਣਾ ਰਣੌਤ ਦਾ ਚਿਹਰਾ ਇਕਦਮ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗਾ। ਉਹ ਇਸ ਕਰਕੇ ਕਿ ਕਦੇ ਕੰਗਣਾ ਇੱਕ ਫਿਲਮ ਵਿੱਚ ਝਾਂਸੀ ਦੀ ਰਾਣੀ ਬਣੀ ਸੀ। ਝਾਂਸੀ ਸ਼ਬਦ ਨੇ ਕੁਝ ਦਿਨਾਂ ਤੋਂ ਬੜਾ ਬੇਅਰਾਮ ਕੀਤਾ ਹੋਇਆ ਹੈ। ਹੁਣ ਵੀ ਨਵਜਾਤ ਬੱਚਿਆਂ ਅਤੇ ਬੱਚੀਆਂ ਦੀਆਂ ਉਹ ਚੀਕਾਂ ਸੁਣਾਈ ਦੇ ਰਹੀਆਂ ਹਨ, ਜਿਨ੍ਹਾਂ ਅਜੇ ਆਪਣੇ ਮਾਂ-ਪਿਓ ਦੇ ਪਿਆਰ ਖ਼ਜ਼ਾਨੇ ਮਾਣਨੇ ਸੀ। ਜਿਨ੍ਹਾਂ ਦੇ ਆਖਰੀ ਚੀਕ-ਦਿਹਾੜੇ ਤੋਂ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਹਾਏ ਬੀਬੀ, ਹਾਏ ਮਾਂ, ਹਾਏ ਬਾਬਾ ਜਾਂ ਹਾਏ ਭਾਪਾ ਆਖ ਰਹੇ ਸਨ। ਨਾ ਹੀ ਇਸ ਆਖਰੀ ਸਮੇਂ ਉਥੇ ਮੌਜੂਦ ਮਾਂ-ਪਿਓ ਜਾਂ ਹੋਰ ਪਰਵਾਰਕ ਮੈਂਬਰ ਆਪਣੇ ਜਿਗਰੀ ਟੁਕੜਿਆਂ ਦੀ ਅਵਾਜ਼ ਪਹਿਚਾਣ ਸਕੇ।

ਸੰਬੰਧਤ ਮੰਦਭਾਗਾ ਭਾਣਾ ਬੀਤੇ ਦਿਨੀਂ ਅਚਾਨਕ ਬਿਜਲੀ ਦੇ ਸਪਾਰਕ ਨਾਲ ਵਾਪਰਿਆ। ਜਿਸ ਨੂੰ 'ਐਕਟ ਆਫ਼ ਗਾਡ' ਕਹਿ ਸਕਦੇ ਹੋ। ਪਰ ਬਿਜਲੀ ਦੇ ਚੰਗਿਆੜਿਆਂ ਨਾਲ ਲੱਗੀ ਅੱਗ ਤੋਂ ਇਲਾਵਾ ਬਾਕੀ ਸਭ ਕੁਦਰਤੀ ਨਹੀਂ ਬਲਕਿ ਅਣਗਹਿਲੀ ਹੈ। ਜਾਣਨ ਲਈ ਜ਼ਰਾ ਸੋਚੋ ਜਿਸ ਕਮਰੇ 'ਚ ਬੱਚਿਆਂ ਨਾਲ ਇਹ ਕਾਂਡ ਵਾਪਰਿਆ, ਉਹ ਕਮਰਾ ਸਿਰਫ਼ 18 ਬੱਚਿਆਂ ਵਾਸਤੇ ਸੀ। ਜਿਸ ਵਿੱਚ ਅਗਨੀ ਕਾਂਡ ਵਾਲੇ ਦਿਨ ਉਵੰਜਾ (49) ਬੱਚੇ ਡੱਕੇ ਹੋਏ ਸਨ। ਜਿਨ੍ਹਾਂ ਬੱਚਿਆਂ ਵਿੱਚ ਦਸ ਬੱਚੇ (ਮੇਲ ਤੇ ਫੀਮੇਲ) ਤਾਂ ਇਸ ਸੂਬੇ ਦੇ ਡੀਂਗਾਂ ਮਾਰਨ ਵਾਲੇ ਆਪ ਬੇਔਲਾਦ ਮੁੱਖ ਮੰਤਰੀ ਦੇ ਅਖੌਤੀ ਪ੍ਰਬੰਧਾਂ ਕਰਕੇ ਆਪਣੇ ਮਾਪਿਆਂ ਸਮੇਤ ਇਸ ਸੰਸਾਰ ਨੂੰ ਬਿਨਾਂ ਦੇਖਿਆਂ, ਮਾਣਿਆਂ ਅਲਵਿਦਾ ਆਖ ਗਏ। ਬਾਕੀ ਝੁਲਸੇ ਤੇ ਜ਼ਖ਼ਮੀ ਬੱਚੇ ਉਸੇ ਹਸਪਤਾਲ ਦੇ ਰਹਿਮੋ-ਕਰਮ 'ਤੇ ਇਲਾਜ ਅਧੀਨ ਹਨ।

ਮਰਨ ਵਾਲਿਆਂ ਵਿੱਚ ਇਕ ਉਹ ਨਿਰਕਰਮਾ ਬੱਚਾ ਵੀ ਸੀ ਜੋ ਜਲਦੀ ਇਸ ਸੰਸਾਰ ਦੇ ਦਰਸ਼ਨ ਕਰਨ ਲਈ ਆਪਣੀ ਮਾਂ ਪਾਸ ਪਹਿਲਾਂ ਹੀ ਆ ਗਿਆ ਸੀ। ਜਿਸ ਨੂੰ ਮਾਂ ਰੋਜ਼ ਦੇਖਿਆ ਕਰਦੀ ਸੀ। ਇਸੇ ਤਰ੍ਹਾਂ ਇਕ ਯਾਕੂਬ ਨਾਂ ਦੇ ਬਾਪ ਦੀਆਂ ਦੋ ਜੁੜਵੀਆਂ ਧੀਆਂ ਨੇ ਜਨਮ ਲਿਆ ਸੀ। ਜਿਸ ਕਰਕੇ ਉਹ ਅੱਲ੍ਹਾ ਅੱਗੇ ਧਰਤ ਲਿਸ਼ਕਾਰਦਾ ਸੀ। ਪਰ ਇਸ ਬੱਚੇ-ਖਾਣੀ ਘਟਨਾ ਨੇ ਉਨ੍ਹਾਂ ਨੂੰ ਵੀ ਨਿਗਲ ਲਿਆ। ਜਿਸ ਯਾਕੂਬ ਬਾਪ ਨੇ ਅੱਗ ਲੱਗਣ 'ਤੇ ਆਪਣੇ ਜ਼ੋਰ ਨਾਲ ਖਿੜਕੀ ਨੂੰ ਤੋੜ ਕੇ ਆਪ ਅਤੇ ਬਾਕੀ ਲੋਕਾਂ ਨੂੰ ਹਨੇਰੇ 'ਚ ਫੈਲੇ ਧੂੰਏਂ ਤੋਂ ਬਾਹਰ ਕੱਢਣ ਦੀ ਮਦਦ ਕੀਤੀ। ਇਸ ਘਟਨਾ ਤੋਂ ਬਾਅਦ ਸੰਬੰਧਤ ਸੂਬੇ ਦੇ ਮੁੱਖ ਮੰਤਰੀ ਨੇ ਦੁਖੀ ਹਿਰਦੇ ਨਾਲ ਪੰਜ-ਪੰਜ ਲੱਖ ਦੀ ਮਦਦ ਕਰਨ ਅਤੇ ਇਕ ਪੰਜ-ਮੈਂਬਰੀ ਪੜਤਾਲ ਕਮੇਟੀ ਬਣਾ ਕੇ ਆਪਣੇ ਮਨ ਦਾ ਭਾਰ ਹਲਕਾ ਕੀਤਾ। ਆਪਣੀ ਜਨਤਾ ਦੇ ਵੱਧ ਫਿਕਰਮੰਦ ਮੁੱਖ ਮੰਤਰੀ ਨੇ ਬਿਨਾਂ ਕੋਈ ਸਮਾਂ ਗੁਆਏ ਵੋਟਾਂ ਕਰਕੇ ਨਾਲ ਦੇ ਸ਼ਹਿਰ ਵਿੱਚ ਲੱਗਭੱਗ ਦੋ ਕਿਲੋਮੀਟਰ ਲੰਬਾ ਪ੍ਰਭਾਵਸ਼ਾਲੀ ਰੋਡ-ਸ਼ੋ ਕੱਢਿਆ। ਰੋਡ-ਸ਼ੋ ਕੱਢਣ ਤੱਕ ਸਭ ਬੱਚਿਆਂ ਦਾ ਅਜੇ ਸਸਕਾਰ ਨਹੀਂ ਸੀ ਹੋਇਆ। ਰੋਡ-ਸ਼ੋ 'ਚ ਪੂਰੀ ਯੂਪੀ ਗੂੰਜ ਰਹੀ ਸੀ ਕਿ "ਬਟੋਗੇ ਤੋਂ ਕਟੋਗੇ।" ਇਸ ਨਾਅਰੇ ਦੇ ਡਰਾਵੇ ਨਾਲ ਭਗਵਾਂਧਾਰੀ ਇੱਕ ਤਰ੍ਹਾਂ ਦੇ ਲੋਕਾਂ ਨੂੰ ਜ਼ਿਮਨੀ ਚੋਣਾਂ ਵਿੱਚ ਵੋਟਾਂ ਪਾਉਣ ਲਈ ਤਿਆਰ ਕਰ ਰਿਹਾ ਸੀ। "ਕੌਣ ਜਾਣੇ ਪੀੜ ਪਰਾਈ" ਵਾਲੀ ਕਹਾਵਤ ਅਤੇ ਗਾਣਾ ਠੀਕ ਜਾਪ ਰਿਹਾ ਸੀ। ਉਂਜ ਵੀ ਝਾਂਸੀ ਤੇ ਦੁਖੀ ਪਰਵਾਰਾਂ ਦੇ ਘਰ ਕਿਹੜੇ ਬਹੁਤ ਦੂਰ ਹਨ, ਸਭ ਨੇਤਾ ਜੀ ਦੀ ਪਹੁੰਚ 'ਚ ਹਨ। ਕਦ ਮਨ ਕਰੇਗਾ, ਫੇਰਾ ਪਾ ਆਉਣਗੇ। ਲੋਕਾਂ ਦਾ ਕੰਮ ਰੌਲਾ ਪਾਉਣਾ, ਉਹ ਪਾਈ ਜਾਣ। ਉਨ੍ਹਾਂ ਦੇ ਰੌਲਾ ਪਾਉਣ ਨਾਲ ਯੋਗੀ ਜੀ ਦਾ ਕੀ ਵਿਗੜਦਾ ਹੈ। ਵਿਰੋਧੀਆਂ ਦਾ ਜੋ ਕੰਮ ਹੁੰਦਾ ਹੈ ਉਹ ਕਰੀ ਜਾਣ। ਡਾਕਟਰ ਲੋਕ ਆਖਦੇ ਹਨ ਕਿ ਇਕ ਮਨੁੱਖ ਦੀਆਂ ਹਰਕਤਾਂ ਉਸ ਦੇ ਦਿਮਾਗ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਮਨੁੱਖ ਦਿਨ ਭਰ ਉਹ ਕੁਝ ਕਰਦਾ ਹੈ, ਜਿਸ ਦਾ ਦਿਮਾਗ ਹੁਕਮ ਕਰੇ। ਦਿਮਾਗ ਮਨੁੱਖ ਨੂੰ ਸੁੱਤੇ ਪਏ ਨੂੰ ਵੀ ਸੰਕੇਤ ਦਿੰਦਾ ਰਹਿੰਦਾ ਹੈ। ਜਿਸ ਕਰਕੇ ਮਨੁੱਖ ਖੱਬੇ-ਸੱਜੇ ਪਾਸਾ ਲੈਂਦਾ ਹੈ। ਸਰੀਰ ਦੇ ਕਿਸੇ ਭਾਗ 'ਤੇ ਲੋੜ ਪੈਣ 'ਤੇ ਹੱਥਾਂ ਨੂੰ ਹਰਕਤ ਵਿੱਚ ਲਿਆ ਕੇ ਖਾਜ ਕਰਦਾ ਹੈ। ਭਾਵ ਇੱਕ ਦਿਮਾਗ ਦੇ ਮਾਲਕ ਨੂੰ ਸਭ ਕੁਝ ਕਰਨ ਲਈ ਦਿਮਾਗ ਹੀ ਹੁਕਮ ਕਰਦਾ ਹੈ। ਫਿਰ ਜਿਸ ਦੀ ਡਿਊਟੀ ਝਾਂਸੀ ਜਾਣ ਦੀ ਹੋਵੇ, ਹੁਕਮ ਆਵੇ ਨਾ ਤਾਂ ਸੋਚਿਆ ਜਾ ਸਕਦਾ ਹੈ ਕਿ ਉਹ ਵਿਅਕਤੀ ਭਾਵੇਂ ਕਿਸੇ ਪਦ 'ਤੇ ਵੀ ਹੋਵੇ, ਆਪਣਾ ਫਰਜ਼ ਕਿਵੇਂ ਪਛਾਣ ਸਕਦਾ ਹੈ। ਜਿਵੇਂ ਸਿਆਣੇ ਕਹਿੰਦੇ ਹਨ-"ਜਾਨ ਹੈ ਤਾਂ ਜਹਾਨ ਹੈ" ਮੁਤਾਬਕ ਅਗਰ ਨੇਤਾ ਜੀ ਜ਼ਿਮਨੀ ਚੋਣਾਂ 'ਚ ਨੱਕ ਬਚਾ ਸਕਣਗੇ ਤਾਂ ਚੋਣਾਂ ਬਾਅਦ ਵੀ ਜਾਇਆ ਜਾ ਸਕਦਾ ਹੈ। ਉਦੋਂ ਤੱਕ ਮਰਨ ਵਾਲੇ ਬੱਚਿਆਂ ਦੇ ਮਾਪਿਆਂ ਦਾ ਦੁੱਖ ਕਿਹੜਾ ਘਟ ਜਾਣੈ?

ਆਤਮਾ ਵੀ ਦਿਮਾਗ਼ ਦੀ ਭੈਣ ਹੋਣ ਕਰਕੇ ਦੋਵੇਂ ਇਕੋ ਜਿਹਾ ਹੀ ਸੋਚਦੇ ਹਨ। ਕਿਤੇ ਦਸ ਬੱਚਿਆਂ ਦੀ ਮੌਤ ਦਾ ਦੁੱਖ ਸਮੁੱਚੀ ਯੂ ਪੀ ਦੇ ਦੁੱਖ ਤੋਂ ਵੱਡਾ ਤਾਂ ਨਹੀਂ? ਸਗੋਂ ਉਲਟਾ ਹੈ। ਇਹ ਦੁੱਖ ਦਿਨੋ-ਦਿਨ ਘਟਣਾ ਹੈ ਪਰ ਯੂ ਪੀ ਦਾ ਫਿਕਰ ਚੋਣ ਨਤੀਜੇ ਨੇੜੇ ਆਉਣ ਕਰਕੇ ਵਧਣਾ ਹੈ।

ਹੁਣ ਦੂਜੀ ਵੰਨਗੀ ਦੇਖੋ। ਦੇਸ਼ ਦੇ ਸਿਖਰਲੇ ਨੇਤਾ ਦਾ ਦੇਸ਼ ਦਿਨੋ-ਦਿਨ ਵੱਧ ਕਰਜ਼ਾਈ ਹੋਣ ਦੇ ਬਾਵਜੂਦ ਅੱਸੀ ਤੋਂ ਪਚਾਸੀ ਲੱਖ ਲੋਕਾਂ ਨੂੰ ਸਰਕਾਰੀ ਰੋਟੀ ਵੰਡਣ, ਪੈਸਾ ਗਲਫ ਦੇਸ਼ਾਂ ਤੋਂ ਥੱਲੇ ਹੋਣ ਦੁਨੀਆਂ ਦੀਆਂ ਲਗੀਆਂ ਵੱਖ-ਵੱਖ ਦੇਸ਼ਾਂ ਵਿਚਕਾਰ ਜੰਗਾਂ ਨੂੰ ਖ਼ਤਮ ਕੀਤੇ ਵਾਅਦਿਆਂ ਨੂੰ ਨਾ ਨਿਭਾਉਣ ਵਾਲਾ, ਡਿਗਰੀ ਛੁਪਾਉਣ ਵਾਲਾ, ਅੱਜ ਵਿਸ਼ਵ ਗੁਰੂ ਅਤੇ ਸੰਸਾਰ ਦੀ ਤੀਜੀ ਅਰਥ-ਵਿਵਸਥਾ ਬਣਾਉਣ ਦੀਆਂ ਡੀਂਗਾਂ ਮਾਰਨ ਵਾਲਾ, ਜਿਸ ਨੇ ਆਪਣੇ ਇਕ ਭਾਸ਼ਨ 'ਚ ਪਹਿਲਾਂ ਆਖਿਆ ਸੀ, ਜਿਸ ਦਿਨ ਮੇਰੀ ਜ਼ੁਬਾਨ 'ਚੋਂ ਹਿੰਦੂ-ਮੁਸਲਮਾਨ ਨਿਕਲੇਗਾ, ਉਸ ਦਿਨ ਮੈਨੂੰ ਸਰਵਜਨਕ ਜੀਵਨ 'ਚ ਵਿਚਰਨ ਦਾ ਕੋਈ ਹੱਕ ਨਹੀਂ ਹੋਵੇਗਾ। ਪਰ ਇਹ ਸ਼ਬਦ ਆਖਣ ਵਾਲਾ ਰੋਜ਼ ਵਰਦੀ ਬਦਲ ਕੇ ਵਿਚਰ ਰਿਹਾ ਹੈ। ਅੱਜ ਦੇ ਦਿਨ ਅਜਿਹੇ ਮਹਾਂਪੁਰਸ਼ ਨੂੰ ਉਦੋਂ ਤੱਕ ਰੋਟੀ ਨਹੀਂ ਪਚਦੀ ਜਦ ਤੱਕ ਉਹ ਹਿੰਦੂ-ਮੁਸਲਮਾਨ ਦਾ ਜਾਪ ਨਹੀਂ ਕਰਦਾ। ਦੁਨੀਆ ਦੇ ਕੋਨੇ-ਕੋਨੇ 'ਚ ਪਹੁੰਚ ਕਰਨ ਵਾਲੇ ਅਤੇ ਪਹੁੰਚਣ ਵਾਲੇ ਭੱਦਰ ਪੁਰਸ਼ ਕੋਲ ਪਿੱਛੇ ਪੌਣੇ ਦੋ ਸਾਲ ਤੋਂ ਦੇਸ਼ ਦੇ ਅਤਿ ਸੰਵੇਦਨਸ਼ੀਲ ਮਣੀਪੁਰ ਸੂਬੇ ਵਿੱਚ ਜਾਣ ਦਾ ਸੱਬਬ ਨਹੀਂ ਬਣਿਆ, ਜਾਂ ਉਸ ਮੁਤਾਬਕ ਉਸ ਸੂਬੇ ਵਿੱਚ ਅਜੇ ਨਿਰਦੋਸ਼ਾਂ ਦਾ ਓਨਾ ਖ਼ੂਨ ਨਹੀਂ ਡੁੱਲ੍ਹਿਆ ਜਿੰਨਾ ਉਨ੍ਹਾਂ ਮੁਤਾਬਕ ਚਾਹੀਦਾ ਹੈ। ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਦਿਮਾਗੋਂ ਅਜੇ ਹੁਕਮ ਨਾ ਮਿਲਿਆ ਹੋਵੇ। ਹੁੰਦਾ ਤਾਂ ਮਿਲ ਜਾਣਾ ਚਾਹੀਦਾ ਸੀ। ਉਂਜ ਸਮੁੱਚੇ ਸੰਸਾਰ ਦੇ ਲੋਕ ਸਮਝ ਚੁੱਕੇ ਹਨ ਕਿ ਸੰਸਾਰ ਦੇ ਚੌਧਰੀ ਜੋ ਅੱਜਕੱਲ੍ਹ ਸੱਤਾ ਵਿੱਚ ਹਨ। ਜੰਗਾਂ ਘਟਾਉਣ ਵਾਲੇ ਘੱਟ, ਜੰਗਾਂ ਨੂੰ ਹੱਲਾਸ਼ੇਰੀ ਦੇਣ ਵਾਲੇ ਵੱਧ ਹਨ। ਸਭ ਆਪੋ-ਆਪਣੇ ਮੁਨਾਫ਼ੇ ਲਈ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ। ਵਰਨਾ ਫਲਸਤੀਨ ਦੀ ਜੰਗ 'ਚ ਮਰਨ ਵਾਲਿਆ ਦੀ ਗਿਣਤੀ ਅਧੇ ਕਰੋੜ ਤੋਂ ਨਾ ਵਧਦੀ। ਅਸਲ 'ਚ ਐਸੇ ਸੰਸਾਰੀ ਚੌਧਰੀ ਕਈ ਵਾਰ ਕਈ ਗੱਲਾਂ ਤੋਂ ਪੈਦਲ ਹੀ ਹੁੰਦੇ ਹਨ। ਬੇਔਲਾਦ ਹੋਣਾ ਵੀ ਆਪਣੇ ਆਪ 'ਚ ਇਕ ਅਵਗੁਣ ਹੈ। ਜੋ ਬਿਨਾਂ ਕਸੂਰੋਂ ਮਾਰੇ ਜਾਂਦੇ ਹਨ, ਉਨ੍ਹਾਂ ਦੇ ਦਰਦ ਨੂੰ ਬੇਔਲਾਦੇ ਸਮਝਣ 'ਚ ਸੱਚੀਂ-ਮੁੱਚੀਂ ਦੇਰੀ ਕਰ ਜਾਂਦੇ ਹਨ। ਉਂਜ ਮਣੀਪੁਰ ਵੀ ਭਾਰਤੀ ਸੂਬਾ ਹੈ ਅਤੇ ਭਾਰਤੀ ਹੱਦਾਂ ਅੰਦਰ ਸਥਿਤ ਹੈ। ਦਿਮਾਗੋਂ ਸੁਨੇਹੇ ਦੀ ਘਾਟ ਕਰਕੇ ਅਜਿਹਾ ਹੋ ਰਿਹਾ।

# ਸੰਪਰਕ : 98721-65741

# ਸਦਗੁਰੂ ਦੇ ਈਸ਼ਾ ਫਾਊਂਡੇਸ਼ਨ 'ਤੇ ਕਿਉਂ ਉੱਠੇ ਸਵਾਲ ?

ਡਾ. ਤੇਜਿੰਦਰ ਵਿਰਲੀ

ਸਾਡੇ ਦੇਸ਼ ਵਿੱਚ ਹਰ ਆਏ ਦਿਨ ਕੋਈ ਨਾ ਕੋਈ ਸਾਧ ਕਿਸੇ ਨਾ ਕਿਸੇ ਵਿਵਾਦ ਵਿੱਚ ਫਸਿਆ ਹੀ ਰਹਿੰਦਾ ਹੈ। ਪਿਛਲੇ ਦਿਨਾਂ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਸਾਧ ਗੁਰੂ ਦੀਆਂ ਸਾਰੀਆਂ ਮੁਸੀਬਤਾਂ ਇਕ ਝਟਕੇ ਨਾਲ ਹੱਲ ਕਰ ਦਿੱਤੀਆਂ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਸਾਧ ਗੁਰੂ 'ਤੇ ਬਣੀਆਂ ਮੁਸੀਬਤਾਂ ਤਾਂ ਭਾਵੇਂ ਹੱਲ ਹੋ ਗਈਆਂ, ਪਰੰਤੂ ਜਿਹੜਾ ਪ੍ਰਵਚਨ ਸੁਸਾਇਟੀ ਵਿੱਚ ਇਹਨਾਂ ਡੇਰਿਆਂ, ਸਾਧਾਂ ਜਾਂ ਗੁਰੂਆਂ ਬਾਰੇ ਚੱਲ ਰਿਹਾ ਹੈ, ਉਹਦੇ ਵਿੱਚ ਨਵਾਂ ਮੀਲ ਪੱਥਰ ਆ ਸ਼ਾਮਲ ਹੋਇਆ। ਸਤਿਗੁਰੂ ਨੂੰ ਭਾਵੇਂ ਸੁਪਰੀਮ ਕੋਰਟ ਵੱਲੋਂ ਹਰੀ ਝੰਡੀ ਮਿਲ ਗਈ ਹੈ, ਪ੍ਰੰਤੂ ਇਸ ਸੰਬੰਧੀ ਸੁਸਾਇਟੀ ਦੇ ਚਿੰਤਨ ਵਰਗ ਵਿੱਚ ਚੁੰਝ ਚਰਚਾ ਹੋਰ ਵੀ ਤੇਜ਼ ਹੋ ਗਈ ਹੈ।

ਸੁਪਰੀਮ ਕੋਰਟ ਨੇ ਇੱਕ ਵਿਅਕਤੀ ਦੁਆਰਾ ਦਾਇਰ ਇੱਕ ਹੈਬੀਅਸ ਕਾਰਪਸ ਪਟੀਸ਼ਨ 'ਤੇ ਕਾਰਵਾਈ ਨੂੰ ਬੰਦ ਕਰ ਦਿੱਤਾ, ਜਿਸ ਨੇ ਦਾਅਵਾ ਕੀਤਾ ਸੀ ਕਿ ਉਸ ਦੀਆਂ ਦੋ ਧੀਆਂ ਨੂੰ ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਪ੍ਰਚਾਰਕ ਜੱਗੀ ਵਾਸੂਦੇਵ ਉਰਫ ਸਾਧ ਗੁਰੂ ਦੇ ਈਸ਼ਾ ਫਾਊਂਡੇਸ਼ਨ ਕੇਂਦਰ ਦੇ ਅਹਾਤੇ ਵਿੱਚ ਬੰਧਕ ਬਣਾ ਕੇ ਰੱਖਿਆ ਗਿਆ ਸੀ। ਇਹ ਕੇਸ ਜਦੋਂ ਹੀ ਸੁਪਰੀਮ ਕੋਰਟ ਵਿੱਚ ਪਹੁੰਚਿਆ ਤਾਂ ਸਾਰੀਆਂ ਅਖਬਾਰਾਂ ਲਈ ਵੱਡੀ ਸੁਰਖੀ ਬਣਿਆ।

ਕੋਇੰਬਟੂਰ ਦੇ ਇੱਕ ਵਧੀਕ ਪੁਲਸ ਸੁਪਰਡੈਂਟ ਆਫ ਪੁਲਸ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ 150 ਪੁਲਸ ਅਧਿਕਾਰੀਆਂ ਦੀ ਇੱਕ ਬਟਾਲੀਅਨ ਨੇ ਮਦਰਾਸ ਹਾਈ ਕੋਰਟ ਵੱਲੋਂ ਫਾਊਂਡੇਸ਼ਨ ਦੇ ਖਿਲਾਫ ਦਰਜ ਕੀਤੇ ਗਏ ਸਾਰੇ ਅਪਰਾਧਿਕ ਮਾਮਲਿਆਂ ਦੀ ਰਿਪੋਰਟ ਮੰਗੇ ਜਾਣ ਤੋਂ ਇੱਕ ਦਿਨ ਬਾਅਦ ਮੰਗਲਵਾਰ ਨੂੰ ਥੋਂਡਾਮਥੁਰ ਵਿੱਚ ਈਸ਼ਾ ਫਾਊਂਡੇਸ਼ਨ ਦੇ ਆਸ਼ਰਮ ਵਿੱਚ ਤਲਾਸ਼ੀ ਮੁਹਿੰਮ ਚਲਾਈ।

ਪੁਲਸ ਵੱਲੋਂ ਚਲਾਏ ਜਾ ਰਹੇ ਸਰਚ ਅਪਰੇਸ਼ਨ ਵਿੱਚ ਤਿੰਨ ਡੀ ਐੱਸ ਪੀ , ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਅਪ੍ਰੇਸ਼ਨ ਕੈਦੀਆਂ ਦੀ ਪੂਰੀ ਤਰ੍ਹਾਂ ਤਸਦੀਕ ਕਰਨ ਅਤੇ ਨੀਂਹ 'ਤੇ ਕਮਰਿਆਂ ਦੀ ਤਲਾਸ਼ੀ 'ਤੇ ਕੇਂਦਰਤ ਹੈ।

ਵਿਕਾਸ ਦੇ ਜਵਾਬ ਵਿੱਚ ਈਸ਼ਾ ਯੋਗਾ ਕੇਂਦਰ ਨੇ ਕਿਹਾ ਕਿ ਜੋ ਕੁਝ ਹੋ ਰਿਹਾ ਸੀ, ਉਹ ਸਿਰਫ਼ ਇੱਕ ਜਾਂਚ ਸੀ। ਅਦਾਲਤ ਦੇ ਹੁਕਮਾਂ ਅਨੁਸਾਰ ਐੱਸ ਪੀ ਸਮੇਤ ਪੁਲਸ ਆਮ ਪੁੱਛਗਿੱਛ ਲਈ ਈਸ਼ਾ ਯੋਗ ਕੇਂਦਰ ਵਿੱਚ ਆਈ ਹੈ। ਉਹ ਨਿਵਾਸੀਆਂ ਅਤੇ ਵਲੰਟੀਅਰਾਂ ਨਾਲ ਪੁੱਛਗਿੱਛ ਕਰ ਰਹੇ ਹਨ, ਜੀਵਨ-ਸ਼ੈਲੀ ਨੂੰ ਸਮਝ ਰਹੇ ਹਨ, ਇਹ ਸਮਝ ਰਹੇ ਹਨ ਕਿ ਉਹ ਕਿਵੇਂ ਆਉਂਦੇ ਹਨ ਅਤੇ ਕਿਵੇਂ ਰਹਿੰਦੇ ਹਨ ਆਦਿ, ਇਸ ਨੇ ਇੱਕ ਬਿਆਨ ਵਿੱਚ ਕਿਹਾ।

ਅਦਾਲਤ ਨੇ ਕੋਇੰਬਟੂਰ ਦਿਹਾਤੀ ਪੁਲਸ ਨੂੰ ਇੱਕ ਸੇਵਾਮੁਕਤ ਪ੍ਰੋਫ਼ੈਸਰ ਡਾਕਟਰ ਐੱਸ ਕਾਮਰਾਜ ਦੁਆਰਾ ਦਾਇਰ ਇੱਕ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਜਾਂਚ ਕਰਨ ਅਤੇ ਰਿਪੋਰਟ ਦਾਇਰ ਕਰਨ ਦਾ ਹੁਕਮ ਦਿੱਤਾ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਸ ਦੀਆਂ ਦੋ ਧੀਆਂ ਗੀਤਾ ਕਾਮਰਾਜ (42) ਅਤੇ ਲਤਾ ਕਾਮਰਾਜ (39) ਕੋਇੰਬਟੂਰ ਵਿੱਚ ਫਾਊਂਡੇਸ਼ਨ ਵਿੱਚ ਬੰਦੀ ਬਣਾਈਆਂ ਗਈਆਂ ਸਨ। ਉਸ ਨੇ ਦੋਸ਼ ਲਾਇਆ ਕਿ ਇਹ ਸੰਗਠਨ ਵਿਅਕਤੀਆਂ ਦਾ ਬ੍ਰੇਨਵਾਸ਼ ਕਰ ਰਿਹਾ ਹੈ, ਉਨ੍ਹਾਂ ਨੂੰ ਸੰਨਿਆਸੀ ਬਣਾ ਰਿਹਾ ਹੈ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਸੰਪਰਕ ਨੂੰ ਸੀਮਤ ਕਰ ਰਿਹਾ ਹੈ।

ਅਦਾਲਤ ਨੇ ਈਸ਼ਾ ਫਾਊਂਡੇਸ਼ਨ ਦੇ ਸੰਸਥਾਪਕ ਜੱਗੀ ਵਾਸੂਦੇਵ ਦੇ ਜੀਵਨ ਵਿਚ ਸਪੱਸ਼ਟ ਵਿਰੋਧਾਭਾਸ 'ਤੇ ਸਵਾਲ ਉਠਾਏ। ਜਸਟਿਸ ਐੱਸ ਐੱਮ ਸੁਬਰਾਮਨੀਅਮ ਅਤੇ ਵੀ. ਸ਼ਿਵਗਨਨਮ ਨੇ ਪੁੱਛਿਆ ਕਿ ਕਿਉਂ ਸਾਧ ਗੁਰੂ ਜੱਗੀ ਆਪਣੇ ਪੈਰੋਕਾਰਾਂ ਵਿੱਚ ਜਾਣਿਆ ਜਾਂਦਾ ਹੈ, ਜਿਸ ਦੀ ਆਪਣੀ ਧੀ ਵਿਆਹੀ ਹੋਈ ਸੀ ਅਤੇ ਚੰਗੀ ਤਰ੍ਹਾਂ ਸੈਟਲ ਸੀ, ਹੋਰ ਮੁਟਿਆਰਾਂ ਨੂੰ ਸਿਰ ਮੁੰਨਣ, ਦੁਨਿਆਵੀ ਜੀਵਨ ਤਿਆਗਣ ਅਤੇ ਆਪਣੇ ਯੋਗਾ ਅਸਥਾਨ ਵਿੱਚ ਸੰਨਿਆਸੀਆਂ ਵਜੋਂ ਰਹਿਣ ਲਈ ਉਤਸ਼ਾਹਤ ਕਰ ਰਿਹਾ ਸੀ।

ਜਦੋਂ ਕਾਮਰਾਜ ਦੀ ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਉਸ ਦੀਆਂ ਦੋ ਧੀਆਂ ਨੂੰ ਵੇਲੀਅਨਗਿਰੀ, ਕੋਇੰਬਟੂਰ ਦੀ ਤਲਹਟੀ ਵਿੱਚ ਸੰਸਥਾ ਦੇ ਯੋਗਾ ਕੇਂਦਰ ਵਿੱਚ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਰੱਖਿਆ ਜਾ ਰਿਹਾ ਹੈ, ਤਾਂ ਦੋਵੇਂ ਔਰਤਾਂ, ਜੋ ਅਦਾਲਤ ਵਿੱਚ ਮੌਜੂਦ ਸਨ, ਉਨ੍ਹਾਂ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਕੇਂਦਰ ਵਿੱਚ ਰਹਿ ਰਹੀਆਂ ਹਨ ।

ਕਾਮਰਾਜ ਦੀ ਪਟੀਸ਼ਨ ਵਿੱਚ ਫਾਊਂਡੇਸ਼ਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਦੀਆਂ ਧੀਆਂ ਦੀਆਂ ਪੇਸ਼ੇਵਰ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਗਿਆ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਦੀ ਵੱਡੀ ਧੀ ਯੂ ਕੇ ਦੀ ਇੱਕ ਵੱਕਾਰੀ ਯੂਨੀਵਰਸਿਟੀ ਤੋਂ ਮੇਕੈਟ੍ਰੋਨਿਕਸ ਵਿੱਚ ਪੋਸਟ ਗ੍ਰੈਜੂਏਟ ਹੈ, 2008 ਵਿੱਚ ਆਪਣੇ ਪਤੀ ਨੂੰ ਤਲਾਕ ਦੇਣ ਤੋਂ ਪਹਿਲਾਂ ਕਾਫ਼ੀ ਤਨਖਾਹ ਕਮਾ ਰਹੀ ਸੀ। ਤਲਾਕ ਤੋਂ ਬਾਅਦ, ਉਸ ਨੇ ਫਾਊਂਡੇਸ਼ਨ ਵਿੱਚ ਯੋਗਾ ਕਲਾਸਾਂ ਵਿੱਚ ਜਾਣਾ ਸ਼ੁਰੂ ਕੀਤਾ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਛੋਟੀ ਧੀ ਇੱਕ ਸਾਫਟਵੇਅਰ ਇੰਜੀਨੀਅਰ ਨੇ ਜਲਦੀ ਹੀ ਆਪਣੀ ਭੈਣ ਦਾ ਪਿੱਛਾ ਕੀਤਾ, ਅੰਤ ਵਿੱਚ ਸਥਾਈ ਤੌਰ 'ਤੇ ਕੇਂਦਰ ਵਿੱਚ ਰਹਿਣ ਦਾ ਫੈਸਲਾ ਕੀਤਾ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਫਾਊਂਡੇਸ਼ਨ ਨੇ ਉਸ ਦੀਆਂ ਧੀਆਂ ਨੂੰ ਭੋਜਨ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ, ਜਿਸ ਨਾਲ ਉਨ੍ਹਾਂ ਦੀਆਂ ਬੋਧਾਤਮਿਕ ਸ਼ਕਤੀਆਂ ਕਮਜ਼ੋਰ ਹੋ ਗਈਆਂ, ਜਿਸ ਨਾਲ ਉਹਨਾਂ ਆਪਣੇ ਪਰਵਾਰ ਨਾਲ ਸਾਰੇ ਸਬੰਧ ਤੋੜ ਲਏ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੱਛਮੀ ਏਸ਼ੀਆ ਦੇ ਅਰਬ ਦੇਸ਼ ਅਤੇ ਇਜ਼ਰਾਈਲ-ਫਲਸਤੀਨ ਜੰਗ

ਪੁਸ਼ਪਿੰਦਰ

ਸਾਊਦੀ ਅਰਬ ਦੀ ਰਾਜਧਾਨੀ ਰਿਆਦ ਵਿਚ ਇਸਲਾਮੀ ਅਤੇ ਅਰਬ ਦੇਸ਼ਾਂ ਦੀ ਸਾਂਝੀ ਕਾਨਫਰੰਸ ਬੀਤੀ 11 ਨਵੰਬਰ ਨੂੰ ਕੀਤੀ ਗਈ ਹੈ । ਇਹ ਕਾਨਫਰੰਸ ਇਜ਼ਰਾਈਲ ਵੱਲੋਂ 7 ਅਕਤੂਬਰ 2023 ਤੋਂ ਬਾਅਦ ਇਜ਼ਰਾਈਲ ਵੱਲੋਂ ਗਾਜ਼ਾ ਅਤੇ ਵੈਸਟ ਬੈਂਕ, ਲਿਬਨਾਨ ਉਪਰ ਲਗਾਤਾਰ ਕੀਤੀ ਜਾ ਰਹੀ ਬੰਬਾਰੀ ਦੇ ਮਸਲੇ ਨੂੰ ਵਿਚਾਰਨ ਲਈ ਕੀਤੀ ਗਈ ਹੈ । ਪਾਕਿਸਤਾਨ ਦੇ ਅਖਬਾਰ 'ਡਾਨ' ਨੇ ਆਪਣੇ 13 ਨਵੰਬਰ ਦੇ ਸੰਪਾਦਕੀ ਵਿਚ ਲਿਖਿਆ ਹੈ, "ਇਸਲਾਮੀ ਦੇਸ਼ਾਂ ਵਿਚ ਬਿਆਨਬਾਜ਼ੀ ਤੋਂ ਇਲਾਵਾ ਏਕਤਾ ਤਾਂ ਘੱਟ ਹੀ ਦੇਖਣ ਨੂੰ ਮਿਲਦੀ ਹੈ, ਪਰ ਫਿਰ ਵੀ ਬੜੇ ਸੁਭਾਗ ਦਾ ਇਤਫਾਕ ਹੈ ਕਿ 11 ਨਵੰਬਰ ਸੋਮਵਾਰ ਵਾਲੇ ਦਿਨ ਰਿਆਦ ਵਿਖੇ ਓ ਆਈ ਸੀ ਅਤੇ ਅਰਬ ਲੀਗ ਦੇ ਦੇਸ਼ਾਂ ਦਾ ਅਸਧਾਰਨ ਸਿਖਰ ਸੰਮੇਲਨ ਫਲਸਤੀਨ ਅਤੇ ਲਿਬਨਾਨ ਵਿਚ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਬਾਰੇ ਕੀਤਾ ਗਿਆ ਹੈ ਅਤੇ ਸਾਰਿਆ ਨੇ ਰਲ ਕੇ ਇਸ ਦੀ ਭਰਪੂਰ ਨਿਖੇਧੀ ਕੀਤੀ ਹੈ।' ਅੱਗੇ ਲਿਖਦਾ ਹੈ, 'ਚਾਹੀਦਾ ਤਾਂ ਸੀ ਕਿ ਮੁਸਲਿਮ ਬਲਾਕ ਹਜ਼ਾਰਾਂ ਲੋਕਾਂ ਦੇ ਕਾਤਲ ਇਜ਼ਰਾਈਲ ਅਤੇ ਉਸ ਦੇ ਹਮਾਇਤੀਆਂ ਦੇ ਖਿਲਾਫ ਕੋਈ ਸਖਤ ਅਮਲੀ ਕਾਰਵਾਈ ਦਾ ਐਲਾਨ ਕਰਦਾ, ਪਰ ਫਿਰ ਵੀ ਅੱਜ ਦੇ ਹਾਲਾਤ ਦੌਰਾਨ ਇੱਕ ਮੰਚ 'ਤੇ ਇਕੱਠੇ ਹੋ ਕੇ ਨਸਲਘਾਤ ਦੇ ਵਿਰੁਧ ਆਵਾਜ਼ ਬੁਲੰਦ ਕਰਨਾ ਵੀ ਇੱਕ ਪ੍ਰਾਪਤੀ ਹੈ।'

7 ਅਕਤੂਬਰ, 2023 ਨੂੰ ਹਮਾਸ ਵੱਲੋਂ ਇਜ਼ਰਾਈਲ ਉਪਰ ਕੀਤੇ ਗਏ ਹਮਲੇ ਨੇ ਸਾਰੀ ਦੁਨੀਆ ਵਿਚ ਖਾਸ ਕਰ ਖੇਤਰੀ ਦੇਸ਼ਾਂ ਵਿਚ ਖਲਬਲੀ ਮਚਾ ਦਿੱਤੀ ਸੀ। ਇਜ਼ਰਾਈਲ ਵੱਲੋਂ ਕੀਤੇ ਜਵਾਬੀ ਹਮਲੇ ਵਿਚ ਹੁਣ ਤੱਕ 47000 ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ ਤੀਜਾ ਹਿੱਸਾ ਬੱਚੇ ਤੇ ਔਰਤਾਂ ਹਨ। ਬੇਸ਼ੁਮਾਰ ਹਿੰਸਾ ਅਤੇ ਬਰਬਾਦੀ ਦੀ ਵਿਸ਼ਵ ਭਰ ਦੇ ਦੇਸ਼ਾਂ ਵੱਲੋਂ ਨੁਕਾਤਚੀਨੀ ਜਾ ਰਹੀ ਹੈ, ਪਰ ਆਲੇ-ਦੁਆਲੇ ਦੇ ਅਰਬ ਦੇਸ਼ਾਂ ਦਾ ਵਤੀਰਾ ਚੌਕਸੀ ਭਰਿਆ ਹੈ, ਖਾਸ ਕਰ ਖੇਤਰੀ ਸ਼ਕਤੀ ਸਾਊਦੀ ਅਰਬ, ਯੂਨਾਈਟਡ ਅਰਬ ਅਮੀਰਾਤ, ਕਤਰ , ਮਿਸਰ ਇਸ ਵਿਚ ਸ਼ਾਮਲ ਹਨ । ਕਿਹਾ ਜਾਵੇ ਤਾਂ ਇਨ੍ਹਾਂ ਮੁਲਕਾਂ ਨੇ ਫਲਸਤੀਨ ਦੀ ਸੱਮਿਸਿਆ ਤੋਂ ਜ਼ਿਆਦਾ ਆਪਣੇ ਹਿੱਤਾਂ ਨੂੰ ਤਰਜੀਹ ਦਿੱਤੀ ਹੈ । ਸ਼ੁਰੂ ਵਿਚ ਸਾਊਦੀ ਅਰਬ ਵੱਲੋਂ ਸਮੁੱਚੇ ਦੇਸ਼ਾਂ ਦਾ ਇੱਕ ਸਾਂਝਾ ਪ੍ਰਤੀਕਰਮ ਉਸਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਗਈ ਸੀ, ਜਦ 11 ਨਵੰਬਰ, 2023 ਨੂੰ ਰਿਆਦ ਵਿਖੇ ਅਸਧਾਰਨ ਅਰਬ-ਇਸਲਾਮਿਕ ਸੰਮੇਲਨ ਕੀਤਾ ਗਿਆ ਸੀ। ਫਲਸਤੀਨ ਸਟੇਟ ਦੀ ਹਮਾਇਤ ਕੀਤੀ ਗਈ ਸੀ, ਇਜ਼ਰਾਈਲ ਉਪਰ ਦੋਸ਼ ਲਾਇਆ ਗਿਆ ਸੀ ਕਿ ਉਹ ਜਾਣਬੁਝ ਕੇ ਮਸਲੇ ਦਾ ਹੱਲ ਨਹੀਂ ਕਰ ਰਿਹਾ ਅਤੇ ਵਿਗੜ ਰਹੇ ਮਾਨਵੀ ਹਾਲਾਤ ਦਾ ਉਹ ਜ਼ਿੰਮੇਵਾਰ ਹੈ, ਪਰ ਇਹ ਸੰਮੇਲਨ ਸੱਮਿਸਿਆ ਦੇ ਨਾਲ ਨਜਿੱਠਣ ਲਈ ਕੋਈ ਠੋਸ ਅਮਲੀ ਪਲਾਨ ਨਹੀਂ ਬਣਾ ਸਕਿਆ। ਇਸ ਲਈ ਦੇਖਦੇ ਹਾਂ ਕਿ ਟੁਨੇਸ਼ੀਆ, ਇਰਾਕ, ਅਲਜ਼ੀਰੀਆ , ਲਿਬੀਆ ਦਾ ਇਜ਼ਰਾਈਲ ਦੇ ਪ੍ਰਤੀ ਵਤੀਰਾ ਬਹੁਤ ਸਖਤ ਹੈ, ਜਦ ਕਿ ਮਿਸਰ, ਜਾਰਡਨ ਵਰਗੇ ਅਰਬ ਦੇਸ਼ ਬਹੁਤ ਸੰਭਲ ਕੇ ਬੋਲ ਰਹੇ ਹਨ। ਸੀਰੀਆ ਅਤੇ ਜਾਰਡਨ ਵਰਗੇ ਦੇਸ਼, ਜੋ ਅਤੀਤ ਵਿਚ ਫਲਸਤੀਨ ਦੀ ਜ਼ਬਰਦਸਤ ਹਮਾਇਤ ਕਰਦੇ ਰਹੇ ਹਨ, ਇਸ ਵਾਰ ਕਿਨਾਰੇ 'ਤੇ ਖੜੇ ਜਾਪਦੇ ਹਨ।

ਅਰਬ ਦੇਸ਼ਾਂ ਦਾ ਨਰਮ ਅੰਦਾਜ਼ ਬਹੁਤ ਵਚਿੱਤਰ ਜਾਪਦਾ ਹੈ, ਕਿਉਂਕਿ 1979 ਦੀ ਅਮਨ ਸੰਧੀ ਤੱਕ ਇਜ਼ਰਾਈਲ ਦੇ ਖਿਲਾਫ ਜੰਗ ਵਿਚ ਮੋਹਰਲੀ ਭੂਮਿਕਾ ਅਦਾ ਕਰਦਾ ਰਿਹਾ ਮਿਸਰ, ਹੁਣ ਇਸ ਨੇ ਆਪਣੀ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ ਗਾਜ਼ਾ ਸ਼ਰਨਾਰਥੀਆਂ ਨੂੰ ਆਪਣੇ ਇਲਾਕੇ ਵਿਚ ਆਉਣ ਤੋਂ ਰੋਕ ਦਿੱਤਾ। ਇਜ਼ਰਾਈਲ ਦੀ ਸਖਤ ਨੁਕਤਾਚੀਨੀ ਕੀਤੀ। ਕਤਰ ਦੇ ਇਲਾਕੇ ਅੰਦਰ ਹਮਾਸ ਦਾ ਰਾਜਨੀਤਕ ਦਫਤਰ 2012 ਤੋਂ ਬਣਿਆ ਹੋਇਆ ਹੈ, ਇਸ ਲਈ ਅਮਰੀਕਾ, ਇਜ਼ਰਾਈਲ ਗਾਜ਼ਾ ਦੇ ਦਰਮਿਆਨ ਵਾਰਤਾਲਾਪ ਦਾ ਕੇਂਦਰ ਬਣਿਆ ਰਿਹਾ ਹੈ, ਪਰ ਕਤਰ ਜੰਗਬੰਦੀ ਕਰਵਾਉਣ ਲਈ ਪ੍ਰਭਾਵਸ਼ਾਲੀ ਨਹੀਂ ਹੋ ਸਕਿਆ।

ਹੁਣੇ ਦੁਬਾਰਾ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਹਿਲੀ ਵਾਰੀ ਦੌਰਾਨ ਇਜ਼ਰਾਈਲ ਅਤੇ ਕੁਝ ਅਰਬ ਦੇਸ਼ਾਂ ਦਰਮਿਆਨ 'ਅਬਰਾਹਿਮ ਅਕਾਰਡਜ਼' ਦੇ ਨਾਂਅ ਹੇਠ ਸੰਧੀਆਂ ਉਪਰ ਦਸਤਖਤ ਕੀਤੇ ਗਏ ਸਨ, ਤਾਂ ਕਿ ਖਿੱਤੇ ਵਿਚ ਸ਼ਾਂਤੀ ਬਹਾਲ ਹੋ ਸਕੇ। ਇਨ੍ਹਾਂ ਵਿਚੋਂ ਖਾਸ ਕਰ ਯੂਨਾਈਟਡ ਅਰਬ ਅਮੀਰਾਤ , ਬਹਿਰੀਨ, ਮਰਾਕੋ ਅਤੇ ਸੂਡਾਨ ਕਿਸੇ ਨੇ ਵੀ ਇਜ਼ਰਾਈਲ ਨਾਲ ਇਹ ਸਮਝੌਤੇ ਰੱਦ ਨਹੀਂ ਕੀਤੇ। ਮਰਾਕੋ ਨੇ ਆਪਣੇ ਇਲਾਕੇ ਵਿਚ ਫਲਸਤੀਨ ਦੇ ਪੱਖ ਵਿਚ ਹੋਣ ਵਾਲੇ ਪ੍ਰਦਰਸ਼ਨਾਂ ਦੀ ਇਜਾਜ਼ਤ ਜ਼ਰੂਰ ਦਿੱਤੀ, ਇਜ਼ਰਾਈਲ ਦੀ ਕਾਰਵਾਈ ਦੀ ਨਿੰਦਾ ਕੀਤੀ, ਪਰ ਤਲ-ਅਵੀਵ ਨਾਲ ਕੂਟਨੀਤਕ ਆਰਥਕ ਸਬੰਧ ਬਹਾਲ ਰੱਖੇ ਹੋਏ ਹਨ। ਸ਼ੁਰੂ ਵਿਚ ਅਮੀਰਾਤ ਨੇ ਹਮਾਸ ਦੇ ਹਮਲੇ ਦੀ ਨੁਕਤਾਚੀਨੀ ਕੀਤੀ ਸੀ, ਪਰ ਫੇਰ ਬਾਅਦ ਵਿਚ ਸਾਵਧਾਨੀ ਵਾਲਾ ਵਤੀਰਾ ਅਪਨਾਉਂਦੇ ਹੋਏ ਇਜ਼ਰਾਈਲ ਦੇ ਵਿਰੁੱਧ ਅਵਾਜ਼ ਉਠਾਈ ਹੈ, ਪਰ ਇਸ ਨੇ ਇਜ਼ਰਾਈਲ ਨਾਲ ਸੰਬੰਧ ਤੋੜੇ ਨਹੀਂ ਹਨ, ਸਗੋਂ ਦੁਵੱਲੇ ਆਰਥਕ ਰਿਸ਼ਤੇ ਬਕਾਇਦਾ ਬਰਕਰਾਰ ਹਨ।

ਸਾਊਦੀ ਅਰਬ ਹਮੇਸ਼ਾ ਵੱਡਾ ਤੇ ਅਮੀਰ ਮੁਲਕ ਹੋਣ ਕਰਕੇ ਅਰਬ ਅਤੇ ਇਸਲਾਮੀ ਦੇਸ਼ਾਂ ਦਾ ਲੀਡਰ ਹੋਣ ਦਾ ਦਾਅਵੇਦਾਰ ਰਿਹਾ ਹੈ । ਇਸ ਨੇ ਵੀ ਸ਼ੁਰੂ ਵਿਚ ਹਮਾਸ ਦੀ ਕਾਰਵਾਈ ਦੀ ਹਮਾਇਤ ਨਹੀਂ ਕੀਤੀ , ਝਗੜੇ ਨੂੰ ਫੈਲਣ ਤੋਂ ਰੋਕਣ, ਇਜ਼ਰਾਈਲ ਦੇ ਕਬਜ਼ੇ ਹੇਠਲੇ ਇਲਾਕਿਆਂ ਵਿਚ ਵਸਦੇ ਫਲਸਤੀਨੀਆਂ ਦੀ ਮੰਦੀ ਹਾਲਤ ਵੱਲ ਤਵੱਜੋਂ ਦੇਣ ਦੀ ਵਕਾਲਤ ਕੀਤੀ ਸੀ, ਪਰ ਹੁਣ 11 ਨਵੰਬਰ ਦੇ ਅਰਬ-ਇਸਲਾਮਿਕ ਸੰਮੇਲਨ ਵਿਚ ਦੇਸ਼ ਦੇ ਸੰਭਾਵਤ ਰਾਜੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਨੇ ਇਜ਼ਰਾਈਲ ਉਪਰ ਨਸਲ-ਕੁਸ਼ੀ ਦਾ ਦੋਸ਼ ਲਾਉਂਦੇ ਹੋਏ ਜੰਗ ਬੰਦ ਕਰਨ ਦੀ ਚੇਤਾਵਨੀ ਦਿੱਤੀ ਹੈ।

ਫਲਸਤੀਨ ਦੀ ਮੌਜੂਦਾ ਜੰਗ, ਗਾਜ਼ਾ ਦੀ ਹੌਲਨਾਕ ਸਥਿਤੀ ਬਾਰੇ ਅਰਬ ਦੇਸ਼ਾਂ ਦੇ ਅਜਿਹੇ ਸੁਸਤ ਅਤੇ ਅੰਤਰ-ਵਿਰੋਧੀ ਪ੍ਰਤੀਕਰਮ ਨੂੰ ਕਿਵੇਂ ਦੇਖਿਆ ਜਾਵੇ? ਹਿਟਲਰ ਦੇ ਹੌਲੋਕਾਸਟ ਤੋਂ ਬਾਅਦ ਦਾ ਇਹ ਦੂਸਰਾ ਵੱਡਾ ਮਾਨਵੀ ਦੁਖਾਂਤ ਮੰਨਿਆ ਜਾ ਰਿਹਾ ਹੈ। ਇਹ ਦੇਸ਼ ਫਲਸਤੀਨੀ ਲੋਕਾਂ ਦੇ ਹੱਕ ਵਿਚ ਡਟ ਕੇ ਕਿਉਂ ਨਹੀਂ ਖੜੇ ਹੋਏ ? ਹੇਠਾਂ ਕੁਝ ਸੰਭਾਵਤ ਕਾਰਨਾਂ ਦਾ ਵਰਨਣ ਕਰਦੇ ਹਾਂ।

ਹੋ ਸਕਦਾ ਹੈ ਕਿ ਇਨ੍ਹਾਂ ਦੇਸ਼ਾਂ ਦੇ ਨੇਤਾ ਇਲਾਕੇ ਵਿਚ ਅਮਨ ਸਥਿਰਤਾ ਨੂੰ ਪਹਿਲ ਦੇਣਾ ਪਸੰਦ ਕਰਦੇ ਹਨ, ਇਸ ਲਈ ਚਾਹੁੰਦੇ ਹਨ ਕਿ ਝਗੜਾ ਜ਼ਿਆਦਾ ਨਾ ਫੈਲੇ, ਜਲਦੀ ਤੋਂ ਜਲਦੀ ਸਮਝੌਤੇ ਦਾ ਰਾਹ ਲੱਭਿਆ ਜਾਵੇ। ਇਹ ਵੀ ਮਹਤੱਵਪੂਰਨ ਹੈ ਕਿਉਂ ਕਿ ਇਸ ਇਲਾਕੇ ਨੇ ਪਿਛਲੇ ਦਸ ਸਾਲ ਅਸ਼ਾਂਤੀ ਤੇ ਲੜਾਈਆਂ-ਝਗੜਿਆਂ ਦੇ ਦੌਰ ਵਿਚ ਹੀ ਹੰਢਾਏ ਹਨ । ਲਿਬੀਆ, ਇਰਾਕ ਉਪਰ ਕੀਤੇ ਗਏ ਸਾਮਰਾਜੀ ਹਮਲੇ , ਟਿਊਨੇਸ਼ੀਆ ਤੋਂ ਸ਼ੁਰੂ ਹੋਈ ਅਰਬੀ ਬਗਾਵਤ ਸਾਰੇ ਇਲਾਕੇ ਵਿਚ ਫੈਲ ਜਾਂਦੀ ਹੈ , ਅਲ-ਕਾਇਦਾ ਅਤੇ ਇਸਲਾਮਿਕ ਸਟੇਟ ਵਰਗੀਆਂ ਅੱਤਵਾਦੀ ਜਥੇਬੰਦੀਆਂ ਵੱਲੋਂ ਕੀਤੀ ਗਈ ਤਬਾਹੀ, ਸੀਰੀਆ ਵਿਚਲੀ ਖਾਨਾਜੰਗੀ, ਯਮਨ ਤੇ ਸੂਡਾਨ, ਦੁਨੀਆ ਦੇ ਇਸ ਭਾਗ ਨੇ ਬਹੁਤ ਖ਼ੂਨਖਰਾਬਾ ਦੇਖਿਆ ਹੈ ਤੇ ਦੇਖ ਰਿਹਾ ਹੈ। ਜਿਸਮਾਨੀ ਨੁਕਸਾਨ ਤੋਂ ਇਲਾਵਾ ਪਦਾਰਥਿਕ, ਬੇਅੰਤ ਆਰਥਕ ਨੁਕਸਾਨ ਉਠਾਇਆ ਹੈ। ਇਸ ਲਈ ਅਮੀਰਾਤ, ਸਾਊਦੀ ਅਰਬ, ਕਤਰ, ਬਹਿਰੀਨ ਆਦਿ ਦੇਸ਼ਾਂ ਨੇ ਅਬਰਾਹਮ ਸਮਝੌਤੇ ਉਪਰ ਦਸਤਖਤ ਕਰਨ ਤੋਂ ਬਾਅਦ ਆਪਸ ਵਿਚ ਅਤੇ ਕਥਿਤ ਬਾਹਰਲੇ ਦੁਸ਼ਮਣਾਂ ਨਾਲ ਵੀ ਦੋਸਤੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਸਾਰੇ ਘਟਨਾਕ੍ਰਮ ਦਾ ਆਗਾਜ਼ ਸ਼ਾਇਦ ਇਸ ਸੋਚ ਤੋਂ ਹੁੰਦਾ ਹੈ ਕਿ ਮਸਲਿਆਂ ਦਾ ਹੱਲ ਲੜਾਈ-ਝਗੜਿਆਂ ਨਾਲ ਨਹੀਂ, ਗੱਲਬਾਤ ਰਾਹੀਂ ਅਮਨਪੂਰਵਕ ਕੂਟਨੀਤੀ ਰਾਹੀਂ ਕੀਤਾ ਜਾਵੇ। ਇਸ ਸਮੇਂ ਦੌਰਾਨ ਅਮੀਰਾਤ, ਸਾਊਦੀ ਅਰਬ ਦੇ ਮੁਲਕਾਂ ਦਾ ਝੁਕਾਅ ਆਰਥਕ ਖੁਸ਼ਹਾਲੀ ਦਾ ਵਿਕਾਸ ਕਰਨ ਵੱਲ ਜ਼ਿਆਦਾ ਪਲਟਦਾ ਹੈ, ਇਸ ਕਰਕੇ ਹੀ ਸਾਊਦੀ ਅਰਬ ਚੀਨ ਦੇ ਨਾਲ ਵੱਡਾ ਆਰਥਕ ਸਮਝੌਤਾ ਕਰਦਾ ਹੈ ਅਤੇ ਨਾਲ-ਨਾਲ ਭਾਰਤ, ਇਜ਼ਰਾਈਲ, ਅਮਰੀਕਾ, ਯੂਰਪੀਨ ਯੂਨੀਅਨ ਸੰਘ ਵੀ ਇੰਡੀਆ-ਮਿਡਲ ਈਸਟ-ਯੂਰਪ ਇਕਨਾਮਿਕ ਕਾਰੀਡੋਰ ਦੀ ਗੱਲ ਵੀ ਕੀਤੀ ਜਾਂਦੀ ਹੈ। ਇਸੇ ਸਮੇਂ ਅਮਰੀਕਾ ਵੱਲੋਂ ਇਜ਼ਰਾਈਲ-ਸਾਊਦੀ ਅਰਬ ਦਰਮਿਆਨ ਸਮਝੌਤੇ ਦੀ ਗੱਲਬਾਤ ਚਲਾਈ ਜਾ ਰਹੀ ਸੀ। ਕਈ ਸਿਆਸੀ ਮਾਹਰਾਂ ਦੀ ਇਹ ਰਾਏ ਵੀ ਹੈ ਕਿ ਹਮਾਸ ਵੱਲੋਂ ਇਜ਼ਰਾਈਲ ਉਪਰ ਕੀਤੇ ਹਮਲੇ ਦਾ ਇਕ ਮਕਸਦ ਇਸ ਸਮਝੌਤੇ ਵਿਚ ਰੁਕਾਵਟ ਬਣਨਾ ਵੀ ਸੀ।

ਜੰਗ ਦੇ ਫੈਲਣ ਦਾ ਡਰ : ਅਰਬ ਦੇ ਦੇਸ਼ਾਂ ਨੂੰ ਇਹ ਵੀ ਚਿੰਤਾ ਹੈ ਕਿ ਈਰਾਨ-ਇਜ਼ਰਾਈਲ ਵਿਚਲੀ ਕਸ਼ਮਕਸ਼ ਪੂਰਨ ਜੰਗ ਦਾ ਰੂਪ ਵੀ ਧਾਰ ਸਕਦੀ ਹੈ ਅਤੇ ਇਹ ਸਮੁੱਚੇ ਇਲਾਕੇ ਨੂੰ ਕਲਾਵੇ ਵਿਚ ਲੈ ਸਕਦੀ ਹੈ । 1979 ਦੇ ਇਸਲਾਮਿਕ ਇਨਕਲਾਬ ਤੋਂ ਬਾਅਦ ਈਰਾਨ ਆਪਣਾ ਦਬਦਬਾ ਵਧਾਉਣ ਲਈ ਜਾਂ ਕਿਹਾ ਜਾਵੇ ਕਿ ਮੁਸਲਿਮ ਦੁਨੀਆ ਵਿਚ ਆਪਣੀ ਸਰਦਾਰੀ ਕਾਇਮ ਕਰਨ ਲਈ ਫਲਸਤੀਨ ਦੇਸ਼ ਸਥਾਪਤ ਕਰਨ ਲਈ ਅੱਗੇ ਹੋ ਕੇ ਸੰਘਰਸ਼ ਕਰ ਰਿਹਾ ਹੈ। ਆਪਣੀਆਂ ਧਾਰਮਿਕ ਵਿਚਾਰਧਾਰਕ ਦਲੀਲਾਂ ਦੇ ਆਧਾਰ 'ਤੇ ਈਰਾਨ ਇਜ਼ਰਾਈਲ ਦੀ ਹੋਂਦ ਨੂੰ ਹੀ ਨਜਾਇਜ਼ ਮੰਨਦਾ ਹੈ ਅਤੇ ਕਈ ਵਾਰ ਇਜ਼ਰਾਈਲ ਦੀ ਹਸਤੀ ਮਿਟਾਉਣ ਦੀਆਂ ਧਮਕੀਆਂ ਦਿੰਦਾ ਹੈ। ਇਸ ਆਧਾਰ 'ਤੇ ਹੀ ਇਜ਼ਰਾਈਲ ਈਰਾਨ ਨੂੰ ਜਾਨੀ ਦੁਸ਼ਮਣ ਮੰਨ ਰਿਹਾ ਹੈ। ਆਪਣੀ ਇਸ ਮਨਸ਼ਾ ਨੂੰ ਪੂਰੀ ਕਰਨ ਦੇ ਲਈ ਹੀ ਈਰਾਨ ਨੇ ਲਿਬਨਾਨ ਅੰਦਰ ਹਿਜ਼ਬੁੱਲਾ ਵਰਗੀ ਹਥਿਆਰਬੰਦ ਜਥੇਬੰਦੀ ਨੂੰ ਖੜਾ ਕੀਤਾ, ਜਿਸ ਨੇ 2006 ਵਿਚ ਇਜ਼ਰਾਈਲ ਦੇ ਨਾਲ ਜੰਗ ਲੜੀ। ਇਜਰਾਈਲ ਨੂੰ ਦੱਖਣੀ ਲਿਬਨਾਨ ਵਿਚੋਂ ਫੌਜਾਂ ਵਾਪਸ ਕਰਨੀਆਂ ਪਈਆਂ ਸਨ । ਇਸ ਤਜਰਬੇ ਦੇ ਆਧਾਰ 'ਤੇ ਹੀ ਫਲਸਤੀਨ ਵਿਚ ਆਪਣੀ ਸਿਆਸੀ ਫੌਜੀ ਤਾਕਤ ਵਧਾਉਣ ਲਈ ਹਮਾਸ ਦੀ ਮਦਦ ਕਰਨੀ ਸ਼ੁਰੂ ਕੀਤੀ । ਯਮਨ ਵਿਚ ਹੂਤੀ, ਇਰਾਕ, ਸੀਰੀਆ ਅੰਦਰ ਸ਼ੀਆ ਫੌਜੀ ਸੰਗਠਨਾਂ ਦੀ ਸਥਾਪਨਾ ਈਰਾਨ ਦੀ ਇਸ ਰਣਨੀਤੀ ਦਾ ਹੀ ਨਤੀਜਾ ਹਨ। ਅਜਿਹੇ ਸੰਗਠਨਾਂ ਨੂੰ ਆਰਮਡ ਨਾਨ ਸਟੇਟ ਐਕਟਰਜ਼ ਦਾ ਨਾਂਅ ਦਿੱਤਾ ਗਿਆ ਹੈ। ਈਰਾਨ ਦੀ ਮਦਦ ਨਾਲ ਵਧ-ਫੁਲ ਰਹੇ ਇਨ੍ਹਾਂ ਗਰਮਦਲੀ ਮੁਸਲਿਮ ਸੰਗਠਨਾਂ ਤੋਂ ਅਰਬ ਦੇਸ਼ ਖੁਦ ਵੀ ਭੈਅ-ਭੀਤ ਹਨ ।

ਮਾਰਚ 2015 ਵਿਚ ਸਾਊਦੀ ਅਰਬ ਵੱਲੋਂ ਯਮਨ ਵਿਚ ਫੌਜੀ ਕਾਰਵਾਈ ਅਸਲ ਵਿਚ ਹੂਤੀ ਸੰਗਠਨ ਵਿਰੁੱਧ ਕਾਰਵਾਈ ਹੀ ਸੀ, ਇਹ ਵੱਖਰੀ ਗੱਲ ਹੈ ਇਹ ਆਪਣਾ ਮਕਸਦ ਪੂਰਾ ਨਹੀਂ ਕਰ ਸਕੀ। 2019 ਵਿਚ ਸਾਊਦੀ ਅਰਬ ਦੇ ਤੇਲ ਭੰਡਾਰਾਂ ਉਪਰ ਹਮਲਾ, 2022 ਸੰਯੁਕਤ ਅਰਬ ਅਮੀਰਾਤ ਉਪਰ ਹੋਏ ਹਮਲੇ, ਇਨ੍ਹਾਂ ਈਰਾਨ ਦੀਆਂ ਪਿੱਠੂ ਜਥੇਬੰਦੀਆਂ ਦੀਆਂ ਹੀ ਕਾਰਵਾਈਆਂ ਸਨ ਅਤੇ ਇਨ੍ਹਾਂ ਕਰਕੇ ਹੀ ਇਨ੍ਹਾਂ ਦੇਸ਼ਾਂ ਨੇ ਈਰਾਨ ਦੇ ਨਾਲ ਸੁਲ੍ਹਾ-ਸਫਾਈ ਨੂੰ ਬੇਹਤਰ ਸਮਝਿਆ। ਈਰਾਨ-ਇਜ਼ਰਾਈਲ ਦਰਮਿਆਨ ਜੰਗ ਦੀ ਵਧ ਰਹੀ ਸੰਭਾਵਨਾ ਨੇ ਇਨ੍ਹਾਂ ਦੇਸ਼ਾਂ ਦੀ ਚਿੰਤਾ ਨੂੰ ਹੋਰ ਵੀ ਵਧਾ ਦਿੱਤਾ ਹੈ।

ਅਰਬ ਸਪਰਿੰਗਜ਼-ਮੁਸਲਿਮ ਦੇਸ਼ਾਂ ਦੀ ਰਾਜਨੀਤਕ ਪਟਕਥਾ ਵਿਚ ਇੱਕ ਨਵੀਂ ਪਰਵਿਰਤੀ ਲੈ ਕੇ ਆਉਂਦਾ ਹੈ। ਇਨ੍ਹਾਂ ਦੇਸ਼ਾਂ ਦੀਆਂ ਗਲੀਆਂ ਵਿਚ ਜਦ ਲੋਕ ਰਾਜਾਸ਼ਾਹੀ ਦੇ ਵਿਰੁੱਧ ਪ੍ਰਦਰਸ਼ਨ ਕਰਨ ਲਗਦੇ ਹਨ ਤਾਂ ਮਹਿਲਾਂ ਵਿਚ ਬੈਠੇ ਘਬਰਾ ਜਾਂਦੇ ਹਨ। ਮਿਸਰ, ਸਾਊਦੀ ਅਰਬ ਅਤੇ ਅਮੀਰਾਤ ਆਦਿ ਦੇਸ਼ਾਂ ਨੇ ਮੁਸਲਿਮ ਬਰਦਰਹੁਡ ਉਪਰ ਅੱਤਵਾਦ ਦਾ ਜਨਮਦਾਤਾ ਕਹਿ ਕੇ ਪਾਬੰਦੀ ਲਗਾ ਦਿੱਤੀ ਹੋਈ ਹੈ ।

ਹਮਾਸ ਦੀ ਉਤਪਤੀ ਦੀਆਂ ਜੜ੍ਹਾਂ ਅਸਲ ਵਿਚ ਮਿਸਰ ਵਿਚ ਪਨਪੇ ਮੁਸਲਿਮ ਬਰਦਰਹੁਡ ਵਿਚ ਹੀ ਮਿਲਦੀਆਂ ਹਨ, ਜੋ ਰਾਜਾਸ਼ਾਹੀ ਨੂੰ ਹਟਾ ਕੇ ਇਸਲਾਮਿਕ ਜਨਤੰਤਰ ਦੀ ਵਕਾਲਤ ਕਰਦਾ ਹੈ। ਇਹ ਇੱਕ ਮੁੱਖ ਕਾਰਨ ਹੈ ਕਿ ਇਨ੍ਹਾਂ ਦੇਸ਼ਾਂ ਦੇ ਰਾਜੇ ਮੁਸਲਮਾਨ ਹੁੰਦਿਆਂ ਵੀ ਖੁੱਲ੍ਹ ਕੇ ਗਾਜ਼ਾ ਦੇ ਹੱਕ ਵਿਚ ਨਹੀਂ ਆ ਰਹੇ।

ਇਸ ਸਭ ਕੁਝ ਦੇ ਹੁੰਦਿਆਂ ਫਲਸਤੀਨ ਦਾ ਮਸਲਾ ਅਰਬ ਦੇਸ਼ਾਂ ਦੇ ਲਈ ਬਹੁਤ ਮਹਤੱਵਪੂਰਨ ਚੁਣੌਤੀ ਹੈ। 7 ਅਕਤੂਬਰ ਤੋਂ ਪਹਿਲਾਂ ਇਨ੍ਹਾਂ ਲਈ ਇਹ ਪ੍ਰਮੁੱਖਤਾ ਨਹੀਂ ਸੀ, ਪਰ ਹੁਣ ਜਦ ਗਲੀਆਂ, ਬਜ਼ਾਰਾਂ ਵਿਚ ਆਮ ਲੋਕ ਫਲਸਤੀਨ ਦੇ ਹੱਕ ਵਿਚ ਨਿਕਲ ਰਹੇ ਹਨ , ਸਾਊਦੀ ਅਰਬ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ, ਜਿਸ ਤਰ੍ਹਾਂ ਗੋਲੀ-ਬਾਰੂਦ ਅਤੇ ਭੁੱਖ ਨੂੰ ਹਥਿਆਰ ਬਣਾ ਕੇ ਇਜ਼ਰਾਈਲ ਵੱਲੋਂ ਗਾਜ਼ਾ, ਫਲਸਤੀਨ ਦੇ ਲੋਕਾਂ ਉਪਰ ਤਸ਼ੱਦਦ ਕੀਤਾ ਜਾ ਰਿਹਾ ਹੈ, ਸਾਰੀ ਦੁਨੀਆ ਵਿਚ , ਖਾਸ ਕਰ ਮੁਸਲਿਮ ਭਾਈਚਾਰੇ ਵਿਚ ਰੋਸ ਦੀ ਲਹਿਰ ਉਠ ਰਹੀ ਹੈ, ਜਿਸ ਨੂੰ ਇਨ੍ਹਾਂ ਦੇਸ਼ਾਂ ਦੇ ਸ਼ਾਸਕ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਅਬਰਾਹਮ ਸੰਧੀਆਂ, ਜਿਨ੍ਹਾਂ ਉਪਰ ਅਮੀਰਾਤ ਵਰਗੇ ਦੇਸ਼ਾਂ ਨੇ ਦਸਤਖਤ ਕੀਤੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮਾਨਵੀ ਸੰਵੇਦਨਾਵਾਂ ਤੇ ਮਸ਼ੀਨੀ ਬੁੱਧੀ ਦਾ ਨਾਟ-ਪ੍ਰਵਚਨ




ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਚੰਦਰ ਪ੍ਰਕਾਸ਼**

## ਸੋ ਦਰੁ

**(ਦੋ ਨਾਟਕ)**
**ਅਮਰਜੀਤ ਗਰੇਵਾਲ**
**ਸਫ਼ੇ : 132, ਕੀਮਤ : 300 ਰੁਪਏ**
**ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ**

ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਲਈ ਮਸਨੂਈ ਬੁੱਧੀ/ਲਿਆਕਤ/ਸਿਆਣਪ ਜਾਂ ਮਸ਼ੀਨੀ ਬੁੱਧੀ ਵਰਗਾ ਕੋਈ ਹੋਰ ਨਾਂਅ ਘੜ ਲਿਆ ਜਾਵੇ; ਦਾ ਚਰਚਾ-ਬਿੰਦੂ ਮਨੁੱਖ-ਮਸ਼ੀਨ ਦੀ ਸੰਬੰਧਕਾਰੀ ਨਾਲ ਜੁੜੇ ਰਹਿਣਾ ਹੀ ਹੈ। ਸਾਹਿਤ, ਸੰਗੀਤ, ਕਲਾ, ਖੇਤੀ, ਵਪਾਰ, ਸੱਭਿਆਚਾਰ, ਦਰਸ਼ਨ, ਗਿਆਨ ਵਿਗਿਆਨ ਆਦਿ ਆਦਿ 'ਚ ਇਸ ਵਿਸ਼ੇ ਬਾਰੇ ਚਰਚਾ ਜ਼ੋਰਾਂ-ਸ਼ੋਰਾਂ 'ਤੇ ਹੈ। ਮਨੁੱਖੀ ਜੀਵਨ ਸ਼ੈਲੀ ਦੀ ਭਵਿੱਖਸਾਜ਼ੀ ਨੂੰ ਲੈ ਕੇ ਸ਼ੰਕੇ/ਭਰਮ ਭੁਲੇਖੇ ਵੀ ਹਨ ਅਤੇ ਉਤਸ਼ਾਹ ਭਰਪੂਰ ਜੀਵਨ-ਵਿਗਿਆਨਕ ਕਾਢਾਂ ਦੀ ਉਡੀਕ ਵੀ। ਸਿਧਾਂਤ-ਵਿਹਾਰ ਦੀ ਖਹਿਬਾਜ਼ੀ ਵਿਚ ਵਿਦਵਾਨਾਂ ਨੇ ਅੰਤਰ-ਅਨੁਸ਼ਾਸਨੀ ਪਹੁੰਚ ਰਾਹੀਂ ਸੰਵਾਦ ਨੂੰ ਅੱਗੇ ਤੋਰਨ ਦਾ ਯਤਨ ਕੀਤਾ ਹੈ/ਕਰ ਰਹੇ ਹਨ।ਇਹ ਸੱਚ ਹੈ ਕਿ ਸੰਵਾਦ 'ਚੋਂ ਹੀ ਸਮਾਧਾਨ ਉਪਜਦਾ ਹੈ। ਬਾਬੇ ਨਾਨਕ/ਬਾਣੀ ਨੇ ਤਾਂ ਢੇਰ ਚਿਰ ਪਹਿਲਾਂ ਹੀ ਸੰਵਾਦਕ ਸੰਸਾਰ ਉਸਾਰਨ ਦੇ ਮਾਡਲ ਨੂੰ ਤਸਦੀਕ ਕਰ ਦਿੱਤਾ ਸੀ।ਅਮਰਜੀਤ ਗਰੇਵਾਲ ਹੁਰਾਂ ਨੇ ਇਸ ਮਾਡਲ ਦੇ ਹਵਾਲੇ ਨਾਲ ਨਵ-ਜੀਵਨ ਸਮੀਕਰਣਾਂ ਨੂੰ ਸਮਝਣ/ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਕੋਸ਼ਿਸ਼ ਦੇ ਮਾਧਿਅਮ ਲਈ ਨਾਟ-ਵਿਧਾ ਨੂੰ ਚੁਣਿਆ ਹੈ। ਨਾਟਕ ਹੋਰ ਵਿਧਾਵਾਂ ਦੇ ਮੁਕਾਬਲੇ ਚੁਣੌਤੀ ਭਰਪੂਰ ਹੈ, ਕਿਉਂਕਿ ਪਾਠ ਅਤੇ ਮੰਚ ਦੀ ਸੰਯੋਗਤਾ ਨੂੰ ਬਰਕਰਾਰ ਰੱਖਣਾ ਔਖਾ ਹੁੰਦਾ ਹੈ।ਨਾਟ-ਵਿਉਂਤਕਾਰ ਨੇ ਇਸ ਚੁਣੌਤੀ ਨੂੰ ਸਵੀਕਾਰ ਕਰਦਿਆਂ ਨਵੀਂ ਸਾਹਿਤਕ, ਦਾਰਸ਼ਨਿਕ, ਵਿਗਿਆਨਕ ਭਾਸ਼ਾ ਰਾਹੀਂ ਨਾਟ-ਪ੍ਰਵਚਨ ਸਿਰਜਿਆ ਹੈ। ਡਾ. ਮਨਮੋਹਨ ਦੇ ਸ਼ਬਦਾਂ ਵਿਚ ਪੰਜਾਬੀ ਨਾਟ ਜਗਤ ਵਿਚ ਇਸ ਵਿਸ਼ੇ ਦਾ ਸ਼ਾਇਦ ਪਹਿਲੀ ਵਾਰ ਏਨਾ ਇਕਾਗਰ, ਇਕਜੁੱਟ ਅਤੇ ਇਕਸਾਰ ਸਾਹਿਤਕ ਰੂਪਾਂਤਰਣ ਪੇਸ਼ ਹੋਇਆ ਹੈ। (ਸੰਵਾਦ-18, ਸਫ਼ਾ/45)

'ਸੋ ਦਰੁ' ਨਾਟ-ਪੁਸਤਕ ਵਿਚ ਦੋ ਨਾਟਕ ਹਨ:-ਸੋ ਦਰੁ ਅਤੇ ਦੇਹੀ। ਦੋਨਾਂ ਦਾ ਸੰਦਰਭ ਮਨੁੱਖ +ਮਸ਼ੀਨ+ਕੁਦਰਤ ਦੀ ਤਿਕੋਣ 'ਚੋਂ ਬਣਨ ਵਾਲੇ ਭਵਿੱਖ ਨਾਲ ਸੰਬੰਧਤ ਹੈ।

'ਸੋ ਦਰੁ' ਵਿਚ ਆਧਾਰ ਸਰੋਤ ਲਈ ਅਗਲੇ ਦਹਾਕੇ ਨੂੰ ਚੁਣਿਆ ਗਿਆ ਹੈ।ਭਾਵ 2034 ਨੂੰ। ਇਸ ਵੇਲੇ ਦੀ ਬੌਧਿਕਤਾ/ਚੇਤਨਤਾ ਨਾਲ ਜੁੜੇ ਸਵਾਲ ਕੇਂਦਰ ਵਿਚ ਹਨ।ਨਾਟ-ਸਮਾਪਤੀ 'ਤੇ ਦਰਜ ਰਾਗ ਆਸਾ ਵਿੱਚ ਸ਼ਬਦ ਗਾਇਨ : 'ਸੋ ਦਰੁ ਕੇਹਾ ਜਿਤੁ ਬਹਿ ਸਰਬ ਸਮਾਵੇ/ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।' ਬੁੱਧੀ ਦੇ ਬੰਦ ਦਰਵਾਜ਼ੇ ਨੂੰ ਖੋਲ੍ਹਣ ਲਈ ਪ੍ਰੇਰਦਾ ਹੈ।

ਸੱਤ ਹਿੱਸਿਆਂ ਵਾਲੇ ਇਸ ਨਾਟਕ ਦੇ ਆਰੰਭ ਵਿਚ ਕਿਊ ਆਰ ਕੋਡ ਨਾਲ ਹੋਣ ਵਾਲਾ ਦਰਸ਼ਕ-ਦਾਖ਼ਲਾ ਅਤੇ ਗੀਤਕ ਬੋਲ 'ਨੱਚ ਰੋਬੋ ਨੱਚ ਸਾਡੇ ਨਾਲ ਨਾਲ/-ਹੱਸਣਾ ਤੇ ਰੋਣਾ ਕੁਰਲਾਉਣਾ ਹੈਂ ਤੂੰ ਕਾਸਤੇ/ਰਹਿਣ ਦੇ ਇਹ ਗੱਲਾਂ ਬੱਸ ਬੰਦਿਆਂ ਦੇ ਵਾਸਤੇ' ਘਣਾ ਕੁਝ ਕਹਿ ਜਾਂਦਾ ਹੈ ਨਾਟਕ' ਵਿਚ ਦਰਸ਼ਕ ਦੀ ਸ਼ਮੂਲੀਅਤ/ਅਹਿਮੀਅਤ ਵੱਲ ਇਸ਼ਾਰਾ ਇੱਥੇ ਹੀ ਕਰ ਦਿੱਤਾ ਹੈ।ਨਾਟਕ ਦੀ ਸੰਪੂਰਨਤਾ 'ਚ ਦਰਸ਼ਕ ਵੱਡੀ ਥਾਂ ਉੱਤੇ ਹੁੰਦਾ ਹੈ, ਜਿਸ ਨੂੰ ਅਕਸਰ ਅਧਿਐਨ ਵੇਲੇ ਪਾਸੇ ਕਰ ਦਿੱਤਾ ਜਾਂਦਾ ਹੈ ਜਾਂ ਰਹਿ ਜਾਂਦਾ ਹੈ।

ਨਾਟਕ ਦੇ ਪਹਿਲੇ ਹਿੱਸੇ ਵਿਚ ਪਹਿਲੇ ਬੰਦੇ ਦਾ ਪਹਿਲਾ ਸੰਵਾਦ:' ਮਸ਼ੀਨਾਂ ਬੁੱਧੀਮਾਨ ਹੁੰਦੀਆਂ ਜਾ ਰਹੀਆਂ ਨੇ! ਦਰਸ਼ਕ/ਪਾਠਕ ਮਨ ਨੂੰ ਝੰਜੋੜਨ ਦੀ ਸਮਰੱਥਾ ਰੱਖਦਾ ਹੈ। ਮਨੁੱਖ ਬਨਾਮ ਮਸ਼ੀਨ+ਕੁਦਰਤ, ਸਹਿਯੋਗ ਬਨਾਮ ਸ਼ੋਸ਼ਣ, ਨੈਤਿਕਤਾ ਬਨਾਮ ਮਸ਼ੀਨ ਆਦਿ ਦੀ ਸੰਵਾਦਕ ਲੜੀ/ਪ੍ਰਸ਼ਨਾਵਲੀ ਨੂੰ ਹੱਲ ਕਰਨ ਲਈ ਏ ਆਈ ਐਥਿਕਸ ਕਮਿਸ਼ਨ ਗਠਿਤ ਕੀਤਾ ਜਾਂਦਾ ਹੈ। ਕਮਿਸ਼ਨ ਦੇ ਚੇਅਰਮੈਨ ਦੀ ਜ਼ਿੰਮੇਵਾਰੀ ਨਾਟਕਕਾਰ ਨੂੰ ਸੌਂਪੀ ਜਾਂਦੀ ਹੈ।9/11 ਦੇ ਆਤੰਕੀ ਹਮਲੇ ਦੀ ਵੀਡੀਓ 'ਚੋਂ ਉਦੈ ਹੋਇਆ ਸੰਵਾਦ; ਨਾਟਕ ਦੇ 'ਥੌਟ ਐਕਸਪੈਰੀਮੈਂਟ' ਰਾਹੀਂ ਦੂਜੇ ਹਿੱਸੇ ਵਿਚ ਪ੍ਰਵੇਸ਼ ਕਰਦਾ ਹੈ।ਇਸ ਥੌਟ ਐਕਸਪੈਰੀਮੈਂਟ ਵਿਚ ਚੇਅਰਮੈਨ ਬਿਕਰਮਜੀਤ, ਲੜਕੀ ਅਤੇ ਬੁੱਧੂ ਭਾਗ ਲੈਂਦੇ ਹਨ।ਆਤੰਕੀ ਹਮਲੇ, ਜਹਾਜ਼, ਪਾਇਲਟ, ਮਾਰੇ ਗਏ ਮੁਸਾਫਰਾਂ ਨੂੰ ਏ ਆਈ ਨਾਲ ਜੋੜ ਕੇ ਚਿੰਤਨ ਮਨਨ ਕਰਦੇ ਹਨ।ਕਾਰਨ-ਕਾਰਜਾਂ ਬਾਰੇ ਪ੍ਰਤੀਕਰਮ ਦਿੰਦੇ ਹੋਏ ਵੋਟ/ਰਾਜਨੀਤੀ/ਸੱਤਾ/ਕਾਨੂੰਨ ਵਿਵਸਥਾ, ਹਾਸ਼ੀਆਗਤ ਸ਼੍ਰੇਣੀਆਂ ਦੀ ਪਾਰ ਸਥਿਤੀ ਤੱਕ ਜਾ ਪਹੁੰਚਦੇ ਹਨ। ਚਰਚਾ ਦੇ ਸਾਰ ਅੰਸ਼ 'ਚੋਂ ਨੁਕਤਾ ਉੱਭਰਦਾ ਹੈ :-ਸ਼ਕਤੀ ਤੋੜਦੀ ਐ। ਪ੍ਰੇਮ ਜੋੜਦੈ। ਆਪਣੀ ਹਉਂ ਦੀ ਅਹੂਤੀ ਦੇ ਕੇ ਦੂਜੇ ਨੂੰ ਆਪਣੀ ਹਉਂ ਅੰਦਰ ਵਸਾਉਣ ਦੀ ਜੁਗਤ ਐ, ਪ੍ਰੇਮ ।ਪ੍ਰੇਮ ਮਨੁੱਖ ਨੂੰ ਕੇਵਲ ਮਨੁੱਖਾਂ ਨਾਲ ਹੀ ਨਹੀਂ, ਬ੍ਰਹਿਮੰਡ ਨਾਲ ਵੀ ਜੋੜਦੈ। ਪ੍ਰੇਮ ਹੀ ਪ੍ਰਭੂਤੇ। (ਸੋ ਦਰੁ, ਸਫ਼ਾ/24)

ਪ੍ਰੇਮ : ਦਾਰੂ ਹੈ ਬੀਮਾਰੀਆਂ ਦੀ। ਜ਼ਿੰਦਗੀ ਦੀ ਵੱਡੀ ਤਾਕਤ।

ਇਉਂ ਇਹ ਖੰਡ ਬ੍ਰਹਿਮੰਡੀ ਚੇਤਨਾ ਦੇ ਨਾਲ-ਨਾਲ ਨਾਟਕਕਾਰ ਦੀ ਹਾਜ਼ਰੀ ਸਹਿਤ ਨਾਟ-ਮੁੱਲ ਨਿਰਧਾਰਤ ਕਰਦਾ ਹੈ ਅਤੇ ਤੀਜੇ ਹਿੱਸੇ ਦੇ ਮੁੱਢਲੇ ਸੰਵਾਦ 'ਚ ਸ਼ਾਮਲ ਹੋ ਅਰਥ-ਵਿਸਥਾਰ ਵੀ : ਜਿੱਥੇ ਜਾ ਕੇ ਤਰਕ ਕਾਨੂੰਨ, ਫਲਸਫ਼ਾ, ਸਿਧਾਂਤ ਅਤੇ ਸਿਆਸਤ ਫੇਲ੍ਹ ਹੋ ਜਾਂਦੇ ਹਨ, ਉੱਥੇ ਸਾਹਿਤ ਅਤੇ ਕਲਾ ਦੀ ਯਾਤਰਾ ਆਰੰਭ ਹੁੰਦੀ ਹੈ। ਇਸੇ ਲਈ ਮੈਂ ਲੇਖ ਨਹੀਂ ਲਿਖ ਰਿਹਾ, ਨਾਟਕ ਖੇਡ ਰਿਹਾ ਹਾਂ। (ਸੋ ਦਰੁ, ਸਫ਼ਾ/25) ਇਸ ਨਾਟ-ਖੰਡ ਵਿਚ ਏ ਆਈ ਨਾਲ ਜੁੜੇ ਵਿਦਿਆਰਥੀ ਅਮਨਦੀਪ ਦੀ ਆਮਦ ਨੈਤਿਕਤਾ, ਬੁੱਧੀਮਾਨ ਸਿਆਣਪਤਾ ਸੰਬੰਧੀ ਬਣੇ ਸ਼ੰਕਿਆਂ, ਭਰਮ-ਭੁਲੇਖਿਆਂ ਉੱਪਰ ਸਵਾਲੀਆ ਚਿੰਨ੍ਹ ਲਗਾਉਂਦੀ ਹੈ।ਉਸ ਦਾ ਮੰਨਣਾ ਹੈ ਕਿ ਬੁੱਧੀਮਾਨ ਜਹਾਜ਼ ਨੂੰ ਹਾਈਜੈਕ ਕਰਨਾ ਔਖਾ ਹੈ।ਸ਼ੱਕੀ ਬੰਦਿਆਂ ਦੀ ਪਛਾਣਕਾਰੀ ਵਿਚ ਵੀ ਮਦਦ ਮਿਲ ਸਕਦੀ ਹੈ। ਰੋਬੋ ਮਨੁੱਖੀ ਨਿਰਦੇਸ਼ਨਾ ਦੀ ਪਾਲਣਾ ਕਰਨਯੋਗ ਵੀ ਹੈ। ਸਾਈਬਰ ਸਕਿਊਰਟੀ ਨਾਲ ਮਾਨਵੀ ਸੁਰੱਖਿਆ 'ਚ ਵਾਧਾ ਕੀਤਾ ਜਾ ਸਕਦਾ ਹੈ।ਇਉਂ ਨਾਟਕ; ਸਾਈਬਰ ਸਮਝ ਨਾਲ ਜਾ ਜੁੜਦਾ ਹੈ।

ਗਿਆਨ ਸ਼ਾਖਾ ਦੀਆਂ ਵਿਭਿੰਨ ਕੜੀਆਂ ਹਨ।ਸੋ, ਮਸ਼ੀਨੀ ਯੁੱਗ ਵਿਚ ਸਵੀਕਾਰਨ ਅਤੇ ਨਕਾਰਨ ਦੀ ਸੂਝ ਰੱਖਣ ਵਾਲਾ ਸ਼ਖ਼ਸ 'ਗਿਆਨਵਾਨ' ਹੈ।ਇਹ ਉਹ ਗਿਆਨ ਵੀ ਹੈ; ਜਿਸ ਨੂੰ ਸੱਤਾ ਨਾਲ ਜੋੜ ਕੇ ਸਮਝਿਆ ਜਾਂਦਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਤਕਨੀਕ ਦੇ ਸੂਖਮ ਭੇਦ ਨੂੰ ਸਮਝਣ/ਜਾਨਣ ਵਾਲਾ ਦੇਵਤਾ ਹੋਵੇਗਾ।ਮਨੁੱਖ ਜੋ ਸਿੱਖਿਆ ਦੇਣ ਦਾ ਆਦੀ ਹੈ (ਸੀ); ਸਿੱਖਿਆ ਲੈਣ ਦਾ ਆਦੀ ਵੀ ਬਣਨਾ ਪਵੇਗਾ। ਆਧੁਨਿਕਤਾ, ਉੱਤਰ ਆਧੁਨਿਕਤਾ ਨਾਲੋਂ ਉੱਤਰ-ਮਾਨਵਵਾਦ ਦਾ ਇਹ ਹੀ ਵੱਡਾ ਨਿਖੇੜਾ ਹੈ।ਸੁਣਾਉਣ ਦੇ ਨਾਲ-ਨਾਲ ਸੁਣਨਾ ਵੀ ਪੈਣਾ।

ਚੌਥੇ ਨਾਟ-ਹਿੱਸੇ ਵਿਚ ਪੰਜਾਬ ਯੂਨੀਵਰਸਿਟੀ ਤੋਂ ਵਿਗਿਆਨ ਅਧਿਆਪਕ ਡਾ. ਯੋਗ ਰਾਜ ਮੰਚ ਪ੍ਰਵੇਸ਼ ਕਰਦੇ ਹਨ। ਜਹਾਜ਼ ਅਗਵਾ ਦੇ ਪ੍ਰਸੰਗ ਵਿਚ ਕਥਾ ਅੱਗੇ ਤੁਰਦੀ ਹੋਈ ਪਰਿਡਿਕਟਿਵ ਪੋਲਸਿੰਗ ਤਕਨੀਕ ਦੀ ਤੇਜ਼ ਗਤੀ ਨੂੰ ਦਰਸਾਉਂਦੀ ਹੈ। ਜਿਵੇਂ ਤੁਹਾਡਾ ਜਨੈਟਿਕ ਕੋਡ ਤੁਹਾਡੀ ਆਵਾਜਾਈ, ਤੁਹਾਡੀਆਂ ਚਾਹਤਾਂ, ਮੁਹੱਬਤਾਂ ਅਤੇ ਨਫਰਤਾਂ, ਤੁਹਾਡੇ ਮਨਸੂਬੇ, ਤੁਹਾਡੀ ਮਾਨਸਿਕਤਾ, ਤੁਹਾਡੇ ਟਾਰਗੇਟ, ਤੁਹਾਡੀਆਂ ਗੁੱਝੀਆਂ ਰਮਜਾਂ, ਗੱਲ ਕੀ ਨੈੱਟ ਤੋਂ ਤੁਹਾਡਾ ਕੁਝ ਵੀ ਛੁਪਿਆ ਹੋਇਆ ਨਹੀਂ ।ਤੁਸੀਂ ਸ਼ਾਇਦ ਆਪਣੇ ਬਾਰੇ ਓਨਾ ਨਹੀਂ ਜਾਣਦੇ, ਜਿੰਨਾ ਨੈੱਟ ਤੁਹਾਡੇ ਬਾਰੇ ਜਾਣਦੈ। ਤੁਸੀਂ ਕਦੋਂ, ਕਿੱਥੇ, ਕੀ ਕਰਨ ਵਾਲੇ ਹੋ, ਇਸ 'ਤੇ ਪੂਰੀ ਨਿਗ੍ਹਾ ਰੱਖੀ ਜਾ ਰਹੀ ਹੈ। (ਸੋ ਦਰੁ, ਸਫ਼ਾ/38) ਮਨੁੱਖੀ ਅਤੇ ਮਸ਼ੀਨੀ ਨਿਗਾਹ ਦੀ ਤੁਲਨਾ ਜਾਂ ਰਲੇਵਾਂ ਆਮ ਬੰਦੇ ਦੀ ਸਮਝ ਤੋਂ ਬਾਹਰ ਹੈ।ਅਸਲ ਸਮਝ, ਸਮਝੋਂ ਬਾਹਰ ਨੂੰ ਸਮਝੋਂ ਬਾਹਰ ਵਾਂਗ ਸਮਝ ਲੈਣ ਵਿਚ ਹੈ।

ਲੜਕੀ, ਚੇਅਰਮੈਨ ਦੀ ਚਰਚਾ 'ਚੋਂ ਇਹ ਖਦਸ਼ਾ ਵੀ ਸਾਹਮਣੇ ਆਉਂਦਾ ਹੈ ਕਿ ਤਕਨਾਲੋਜੀ ਸਹਿਜੇ ਹੀ ਆਰਥਿਕ ਅਤੇ ਸਿਆਸੀ ਫਾਸ਼ੀਵਾਦ ਦਾ ਹਥਿਆਰ ਬਣ ਜਾਵੇਗੀ।ਮਨੋ ਰਾਜਨੀਤਕ ਹਥਿਆਰ ਬਣਨ ਦੀ ਸਮਰੱਥਾ ਵੀ ਹੈ। ਡਿਜੀਟਲ ਸਰਵੇਲੈਂਸ ਦੇ ਹਥਿਆਰ ਬਣਨ ਨਾਲ ਸਿਆਸਤ ਦੇ ਮਾਇਨੇ ਬਦਲ ਜਾਣਗੇ।ਇਹ ਮਾਇਨੇ ਸਿੱਖਿਆ ਨਾਲ ਵੀ ਜੁੜਨਗੇ।ਬਣ ਰਹੀ ਨਿਵੇਕਲੀ ਦੁਨੀਆ 'ਚ ਨੈਤਿਕਤਾ ਲਈ ਕਿਤਾਬਾਂ ਵੱਲ ਪਰਤਣਾ ਪੈ ਸਕਦਾ ਹੈ।ਕਿਤਾਬਾਂ ਵਿਚ ਪਈ ਨੈਤਿਕਤਾ/ਗਿਆਨ ਮਸ਼ੀਨੀ ਬੁੱਧੀ ਦੇ ਕੰਮ ਆ ਸਕਦਾ ਹੈ।ਨੈੱਟਵਰਕੀ ਚੇਤਨਾ/ਗਿਆਨ ਨੂੰ ਸਾਂਝੇ ਵਿਸ਼ਵੀ ਨੈਤਿਕ ਕੋਡ ਰਾਹੀਂ ਹੱਲ ਕਰਨ ਦੀ ਵਕਾਲਤ ਪੰਜਵੇਂ ਹਿੱਸੇ 'ਚ ਕੀਤੀ ਗਈ ਹੈ। ਬਿਜ਼ਨੈੱਸਮੈਨ, ਚੇਅਰਮੈਨ ਅਤੇ ਲੜਕੀ ਦੀ ਤਿਕੜੀ ਬਿਗ-ਡਾਟੇ ਦੇ ਨਫ਼ੇ-ਨੁਕਸਾਨ ਨੂੰ ਵਿਚਾਰਦੀ ਹੈ।ਡਾਟੇ ਦੇ ਦਾਬੇ ਕਾਰਨ ਅਣਕਿਆਸਾ ਵਾਪਰਨ ਦੀ ਸੰਭਾਵਨਾ ਤੋਂ ਮੁਕਰਨਾ ਕਠਿਨ ਹੈ।ਰੁਜ਼ਗਾਰਤਾ ਵਿਚ ਏ ਆਈ ਦੇ ਦਖ਼ਲ-ਦਾਖਲ ਕਰਕੇ ਵਿਅਕਤੀਗਤ ਸੁਰਖਿਅਤਾ /ਸਮਾਜਿਕ ਚੁਣੌਤੀਆਂ ਦੇ ਨਵੇਂ ਰੂਪ ਸਾਹਮਣੇ ਆਉਣਗੇ, ਪਰ ਮਸ਼ੀਨਾਂ ਦੀ ਇਨਸਾਫ਼ਪਸੰਦੀ-ਸੰਚਾਲਨ ਮਨੁੱਖ ਹੱਥ ਹੀ ਰਹਿਣਾ ਹੈ।ਤਕਨੀਕ ਦੀ ਉਤੇਜਨਾ/ਉਤਸ਼ਾਹਿਤ ਮਾਹੌਲ 'ਚ ਕਿਰਤ ਸ਼ੋਸ਼ਣ ਦੇ ਲੁਪਤ ਤਰੀਕੇ ਹੋਰ ਈਜ਼ਾਦ ਹੋਣਗੇ।ਹਾਈਪਰ ਕੁਨੈਕਟਿਡ ਸੰਸਾਰ ਵਿਚ ਜੀਣ-ਥੀਣ ਦੀ ਜਟਿਲਤਾ ਸਮਝਣਯੋਗ ਹੈ।ਇਸ ਜ਼ਿੰਦਗੀ-ਮੌਤ ਦੇ ਕੋਡ/ਪ੍ਰਸ਼ਨ ਨੂੰ ਸੁਲਝਾਉਣ ਲਈ ਇਤਿਹਾਸਕਾਰ, ਚੇਅਰਮੈਨ, ਲੜਕੀ ਅਤੇ ਬੁੱਧੂ ਛੇਵੇਂ ਹਿੱਸੇ 'ਚ ਹਾਜ਼ਰੀ ਲਗਵਾਉਂਦੇ ਹਨ। ਮਨੁੱਖ ਦੇ ਸੰਘਰਸ਼ਮਈ ਜੀਵਨ 'ਚ ਕੁਦਰਤ-ਦੇਣ ਨੂੰ ਡਾਰਵਿਨ-ਸਿਧਾਂਤ ਦੀ ਕਸੌਟੀ 'ਤੇ ਪਰਖਦਿਆਂ ਆਰਟੀਫੀਸ਼ਲ ਦੀ ਡੀਪ ਲਰਨਿੰਗ ਤੱਕ ਪਹੁੰਚ ਕੀਤੀ ਜਾਂਦੀ ਹੈ। ਇਤਿਹਾਸਕ ਸਰਵੇਖਣ ਕਰਦਿਆਂ ਇਤਿਹਾਸਕਾਰ ਨਤੀਜਾ ਕੱਢਦਾ ਹੈ ਕਿ ਜਿੰਨੀ ਦੇਰ ਤੱਕ ਸ੍ਰਿਸ਼ਟੀ ਐ, ਜੀਵਨ ਐ, ਚੇਤਨੈ, ਓਨੀ ਦੇਰ ਤੱਕ ਇਤਿਹਾਸ ਦਾ ਅੰਤ ਨਹੀਂ ਹੋ ਸਕਦਾ। ਹਾਂ, ਇਤਿਹਾਸ ਦਾ ਇੱਕ ਨਵੇਂ ਅਧਿਆਇ ਜ਼ਰੂਰ ਸ਼ੁਰੂ ਹੋਣ ਵਾਲੈ।—ਮਨੁੱਖੀ ਹਉਂ ਅਤੇ ਉਸ ਦੇ ਸ਼ਕਤੀ ਸੰਬੰਧਾਂ ਰਾਹੀਂ ਉਸਰੀ ਮਾਨਵ ਸੰਸਕ੍ਰਿਤੀ, ਸਿਆਸਤ ਅਤੇ ਅਰਥਚਾਰੇ ਦਾ ਜਾਣਾ ਲੱਗਭੱਗ ਤਹਿ ਐ। ਨਵੇਂ ਇਤਿਹਾਸ ਦੀ ਸਿਰਜਣਾ ਆਰੰਭ ਹੋਵੇਗੀ। (ਸੋ ਦਰੁ, ਸਫ਼ਾ/60)। ਇਉਂ ਇਤਿਹਾਸ ਦੀ ਆਰੰਭਤਾ ਨੂੰ ਸਵਾਗਤਯੋਗ ਕਹਿਣ ਦੀ ਅਪੀਲ ਨਾਲ ਨਾਟਕ ਸੱਤਵੇਂ ਹਿੱਸੇ ਨੂੰ ਮੁਕੰਮਲ ਕਰ ਜਾਂਦਾ ਹੈ।

'ਸੋ ਦਰੁ' ਨਾਟਕ ਦੀ ਸਿਰਜਣਕਾਰੀ ਮਨੁੱਖੀ-ਮਸ਼ੀਨੀ ਯਥਾਰਥ ਨੂੰ ਸਮਝਣ ਲਈ ਵਿਭਿੰਨ ਅੰਤਰ ਦ੍ਰਿਸ਼ਟੀਆਂ ਤੋਂ ਸਹਾਇਤਾ ਪ੍ਰਾਪਤ ਕਰਦੀ ਹੋਈ ਲੇਖਕ ਦੀ ਮੌਤ, ਗਿਆਨ, ਸ਼ਕਤੀ, ਸੱਤਾ ਆਦਿ ਸੰਕਲਪਾਂ ਦਾ ਨਵੇਂ ਸਿਰਿਉਂ ਅਵਲੋਕਨ ਕਰਦੀ ਹੈ। ਬ੍ਰਹਿਮੰਡੀ ਚੇਤਨਾ, ਦੁਨੀਆ ਦੀ ਬਦਲਦੀ ਤਸਵੀਰ, ਨੈਤਿਕਤਾ, ਤਕਨੀਕ ਕ੍ਰਾਂਤੀ ਆਦਿ ਦੀ ਚਰਚਾ; 'ਇਤਿਹਾਸ ਨੂੰ ਸਮਕਾਲ 'ਚ ਰੂਪਾਂਤਰਣ ਕਰਨ' ਵਾਲੀ ਨਾਟ-ਵਿਧੀ ਚੁਣਦੀ ਹੈ। ਦੂਸਰੇ ਦੇ ਦੂਸਰੇਪਣ ਲਈ ਕੁਰਬਾਨੀ ਦੇਣ ਵਾਲੇ ਵਿਰਲੇ ਗੁਰੂ ਤੇਗ ਬਹਾਦਰ ਜੀ, ਕਾਮਰੇਡੀ ਸੋਚ, ਵੋਟਾਂ ਦੀ ਬਹੁਗਿਣਤੀ ਦਾ ਰਾਜਨੀਤਕ ਪ੍ਰੋਜੈਕਟ, ਸਿਆਸਤ ਵਿਚ ਨਾਰੀ ਥਾਂ, ਉੱਚੀ ਨੀਵੀਂ ਜਾਤ ਦਾ ਦਵੰਦ, ਸਿਖਿਅਕ, ਹਿੰਸਾ ਆਦਿ ਵਿਅੰਗਾਤਮਕ ਹਵਾਲੇ ਧਿਆਨ ਮੰਗਦੇ ਹਨ। ਜਹਾਜ਼ ਦਾ 'ਹਾਈਜੈਕ' ਪ੍ਰਸੰਗ ਅਤੇ ਪਾਤਰ/ਅਦਾਕਾਰ ਬਿਕਰਮਜੀਤ ਦੀ ਅਮਨਦੀਪ ਵਿਚ ਤਬਦੀਲੀ; ਚਿਹਨਮਈ-ਜੁਗਤ ਹੈ।

ਭਵਿੱਖੀ ਜੀਵਨ ਅਤੇ ਨਾਟ-ਵਿਹਾਰ ਦਾ 'ਥੌਟ ਐਕਸਪੈਰੀਮੈਂਟ' ਦਿਮਾਗ਼ੀ ਡੈਂਟ ਤਾਂ ਪਾਉਂਦਾ ਹੀ ਹੈ।

ਦੂਜੇ ਨਾਟਕ 'ਦੇਹੀ' ਦੀ ਸਿਰਜਣਾਤਮਕ ਬਿਰਤੀ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਸ਼ਾਮਲ ਹੈ।ਕਬੀਰ ਸ਼ਬਦ 'ਇਸ ਦੇਹੀ ਕਉ ਸਿਮਰਹਿ ਦੇਵ' ਕਾਰਜਸ਼ੀਲ ਭੂਮਿਕਾ ਨਿਭਾਉਂਦਾ ਹੈ। ਦੇਹੀ ਨੂੰ ਦੇਹ, ਤਨ, ਸਰੀਰ, ਆਤਮਾ, ਜੀਵਾਤਮਾ/ਪ੍ਰਾਣ ਆਦਿ ਨਾਲ ਸੰਬੰਧਤ ਕਰਕੇ ਵਿਚਾਰ ਪ੍ਰਵਾਹ ਸਿਰਜਿਆ ਜਾਂਦਾ ਹੈ/ਰਿਹਾ ਹੈ ।ਇਹ ਨਾਟਕ ਵੀ ਨਵੇਂ ਬੰਦੇ ਦੀ ਬਣ ਰਹੀ ਦੇਹੀ ਨਾਲ ਰੂਬਰੂ ਹੁੰਦਾ ਹੈ।

ਨਾਟਕ ਦਾ ਆਰੰਭਲਾ ਦ੍ਰਿਸ਼ ਬੁੱਧੀਮਾਨ ਮਸ਼ੀਨੀ, ਸਾਥੀਆਂ, ਸਾਥਣਾਂ, ਸਹਾਇਕਾਂ, ਪੈਟ ਜਾਨਵਰਾਂ ਦੇ ਵਿਕਰੀ ਕੇਂਦਰ ਤੋਂ ਹੁੰਦਾ ਹੈ।ਨੌਂ ਹਿੱਸਿਆਂ ਵਾਲੇ ਇਸ ਨਾਟਕ ਵਿੱਚ ਔਰਤ ਦਾ ਪਲੇਠਾ ਸੰਵਾਦ ਇਹੋ ਜਿਹਾ ਹੈ : ਮੈਂ ਆਪਣੇ ਪਿਤਾ ਜੀ ਲਈ ਇੱਕ ਸੂਝਵਾਨ ਮਸ਼ੀਨੀ ਸਾਥੀ ਦੀ ਤਲਾਸ਼ ਵਿੱਚ ਹਾਂ। ਮੇਰੇ ਮਾਤਾ ਜੀ ਦੇ ਦੇਹਾਂਤ ਬਾਅਦ ਉਹ ਇਕੱਲੇ ਰਹਿ ਗਏ ਨੇ। (ਸੋ ਦਰੁ, ਸਫ਼ਾ/70) ਅੱਗੋਂ ਸੇਲਜ਼ਮੈਨ ਦੇ ਕਥਨ ਵਿੱਚ ਵੀ ਠੋਸ ਜਵਾਬ ਪੇਸ਼ ਹੈ :.. 'ਮੈਮ, ਕੀ ਉਹ ਮੇਲ ਸਾਥੀ ਚਾਹੁਣਗੇ ਜਾਂ ਫੀਮੇਲ ? (ਸੋ ਦਰੁ, ਸਫ਼ਾ/70) ਸ਼ੁਰੂਆਤੀ ਸੰਵਾਦ ਪ੍ਰਬੰਧ 'ਚੋਂ ਹੀ ਨਵ ਜੀਵਨ ਸ਼ੈਲੀ ਦਾ ਮੁਹਾਂਦਰਾ ਝਲਕਣ ਲੱਗਦਾ ਹੈ। ਸਟੋਰ ਦੀ ਮਾਲਕ ਅੰਮ੍ਰਿਤਾ ਸਿੰਘ ਦਇਆਵਾਨ ਸੀਰੀਜ਼/ਪ੍ਰੋਜੈਕਟ ਹੇਠ ਉਪਭੋਗਤਾਵਾਂ ਨੂੰ ਆਕਰਸ਼ਿਤ ਕਰਨ ਲਈ ਮਮਤਾ, ਮੁਹੱਬਤ, ਕਰੁਣਾ, ਦੋਸਤੀ ਆਦਿ ਸੁਵਿਧਾਵਾਂ ਮੁਹੱਈਆ ਕਰਵਾਉਂਦੀ ਹੈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਹਾਣੀਆਂ ਵਰਗੇ ਲੋਕਾਂ ਦੀਆਂ ਕਹਾਣੀਆਂ ਦਾ ਬਿਰਤਾਂਤ

**ਨਿਰੰਜਣ ਬੋਹਾ**

## ਤਾਂਗੇ ਵਾਲਾ ਸੁੱਖ ਮੁਹੰਮਦ

**(ਸ਼ਬਦ ਚਿੱਤਰ)**
**ਪ੍ਰੇਮ ਗੋਰਖੀ**
**ਪੰਨੇ-104, ਮੁੱਲ-190 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

ਪ੍ਰੇਮ ਗੋਰਖੀ ਪੰਜਾਬੀ ਭਾਸ਼ਾ ਦਾ ਵੱਡਾ ਕਹਾਣੀਕਾਰ ਸੀ ਤੇ ਹੈ। ਉਹ ਥੁੜੇ-ਟੁੱਟੇ ਲੋਕਾਂ ਨੂੰ ਆਪਣੀਆਂ ਕਹਾਣੀਆਂ ਦੇ ਪਾਤਰ ਬਣਾਉਣ ਵਾਲਾ ਕਹਾਣੀਕਾਰ ਸੀ, ਇਸ ਲਈ ਸਾਡੇ ਸਾਹਿਤ ਚਿੰਤਕਾਂ ਵੱਲੋਂ ਉਸ ਦਾ ਸ਼ੁਮਾਰ ਦਲਿਤ ਸਰੋਕਾਰਾਂ 'ਤੇ ਕਹਾਣੀਆਂ ਲਿਖਣ ਵਾਲੇ ਚੇਤੰਨ ਕਹਾਣੀਕਾਰ ਵਜੋਂ ਕੀਤਾ ਜਾਂਦਾ ਹੈ। ਆਪਣੇ ਸਮਕਾਲ ਦੀ ਸਮਾਜਿਕ ਤੇ ਆਰਥਿਕ ਵਿਵਸਥਾ ਵੱਲੋਂ ਦਬਾਏ, ਸਤਾਏ ਤੇ ਤੜਫਾਏ ਜਾਣ ਵਾਲੇ ਲੋਕ ਚਾਹੇ ਕਿਸੇ ਵੀ ਜਾਤੀ, ਧਰਮ ਜਾਂ ਫਿਰਕੇ ਨਾਲ ਸੰਬੰਧਤ ਹੋਣ, ਸਾਰੇ ਹੀ ਉਸ ਦੀਆਂ ਕਹਾਣੀਆਂ ਦੇ ਪਾਤਰ ਬਣਨ ਦਾ ਹੱਕ ਰੱਖਦੇ ਸਨ, ਪਰ ਜਾਤੀਗਤ ਪੱਧਰ 'ਤੇ ਦਲਿਤ ਕਹੇ ਜਾਣ ਵਾਲੇ ਲੋਕਾਂ ਨਾਲ ਉਸ ਦਾ ਬਚਪਨ ਤੋਂ ਹੀ ਵਾਹ-ਵਾਸਤਾ ਰਿਹਾ ਸੀ, ਇਸ ਲਈ ਇਹ ਲੋਕ ਹੋਰ ਵੀ ਵੱਡੀ ਗਿਣਤੀ ਵਿਚ ਉਸ ਦੀਆਂ ਕਹਾਣੀਆਂ ਦੇ ਪਾਤਰ ਬਣਦੇ ਰਹੇ ਹਨ। ਉਸ ਦੇ ਸਰੀਰਕ ਵਿਛੋੜੇ ਤੋਂ ਬਾਅਦ ਉਸ ਦੀ ਬੇਟੀ ਨਵਰੂਪ ਕੌਰ ਦੇ ਯਤਨਾਂ ਨਾਲ ਛਾਪੇ ਗਏ ਉਸ ਦੇ ਸ਼ਬਦ ਚਿੱਤਰਾਂ ਦੀ ਪੁਸਤਕ 'ਕਹਾਣੀਆਂ ਵਰਗੇ ਲੋਕ' ਵਿਚਲੇ ਨਿੱਕ ਅਕਾਰੀ ਸ਼ਬਦ ਚਿੱਤਰ ਇਸ ਗੱਲ ਦੀ ਪੁਸ਼ਟੀ ਤੇ ਪ੍ਰੋੜ੍ਹਤਾ ਕਰਦੇ ਹਨ ਕਿ ਸਮਾਜਿਕ, ਆਰਥਿਕ ਤੇ ਰਾਜਸੀ ਵਿਵਸਥਾ ਪ੍ਰਤੀ ਤਨਾਓ ਤੇ ਨਾਬਰੀ ਭਾਵ ਰੱਖਣ ਵਾਲੇ ਲੋਕਾਂ ਨਾਲ ਉਸ ਦਾ ਕੀ ਰਿਸ਼ਤਾ ਸੀ। ਇਹ ਸ਼ਬਦ ਚਿੱਤਰ ਕਿਸੇ ਵਿਅਕਤੀ ਵਿਸ਼ੇਸ਼ ਦੀ ਉਪਮਾ ਨਹੀਂ ਕਰਦੇ, ਸਗੋਂ ਗਲੀ ਮੁਹੱਲੇ ਦੇ ਸਾਧਾਰਨ ਲੋਕਾਂ ਅੰਦਰ ਛੁਪੀ ਉਸ ਅਸਧਾਰਨਤਾ ਨੂੰ ਤਲਾਸ਼ਦੇ ਹਨ, ਜਿਹੜੀ ਉਨ੍ਹਾਂ ਨੂੰ ਉਸ ਦੀਆਂ ਕਹਾਣੀਆਂ ਦੇ ਪਾਤਰ ਬਣਾਉਣ ਦੇ ਯੋਗ ਬਣਾਉਂਦੀ ਰਹੀ ਹੈ।




ਜਲੰਧਰ ਜ਼ਿਲ੍ਹੇ ਦੇ ਲਾਡੋਵਾਲੀ ਪਿੰਡ ਨਾਲ ਸੰਬੰਧਤ ਇਹ ਪਾਤਰ ਵੱਖ-ਵੱਖ ਧਰਮਾਂ ਤੇ ਜਾਤਾਂ ਨਾਲ ਸੰਬੰਧਤ ਹਨ ਤੇ ਕੁਝ ਲੋਕਾਂ ਦੀ ਭਾਸ਼ਾ ਵੀ ਦੂਜਿਆਂ ਨਾਲੋਂ ਵੱਖਰੀ ਹੈ। ਲੇਖਕ ਦਾ ਬਚਪਨ ਇਹਨਾਂ ਥੁੜੇ-ਟੁੱਟੇ ਲੋਕਾਂ ਵਿਚ ਹੀ ਬੀਤਿਆ ਹੈ, ਇਸ ਲਈ ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਸਮੇਂ ਤੇ ਸਥਿਤੀਆਂ ਅਨੁਸਾਰ ਆਪਣਾ ਰੂਪ ਬਦਲ ਕੇ ਉਸ ਦੀਆਂ ਕਹਾਣੀਆਂ ਦੇ ਪਾਤਰ ਬਣਦੇ ਰਹੇ ਹਨ। ਸਹਿਜ, ਸੁਭਾਵਿਕ ਤੇ ਸੁਖਾਲੀ ਜ਼ਿੰਦਗੀ ਜਿਉਣ ਵਾਲੇ ਲੋਕ ਨਾ ਤਾਂ ਕਹਾਣੀਆਂ ਵਰਗੇ ਹੁੰਦੇ ਹਨ ਤੇ ਨਾ ਹੀ ਉਹ ਕਹਾਣੀਆਂ ਦੇ ਪਾਤਰ ਬਣਨ ਦੀ ਯੋਗਤਾ ਰੱਖਦੇ ਹਨ। ਤਣਾਓ ਰਹਿਤ ਮਨੁੱਖੀ ਜੀਵਨ ਬਾਰੇ ਲਿਖੀ ਕਹਾਣੀ ਪਾਠਕੀ ਮਨ ਮਸਤਕ ਵਿਚ ਕਦੇ ਵੀ ਆਪਣੀ ਚਿਰਜੀਵੀ ਪਛਾਣ ਨਹੀਂ ਬਣਾ ਸਕਦੀ। ਕਹਾਣੀ ਦੇ ਪਾਤਰਾਂ ਦੇ ਜੀਵਨ ਵਿਚਲਾ ਤਣਾਓ ਹੀ ਪਾਠਕੀ ਮਨਾਂ ਵਿੱਚ ਤਣਾਓ ਪੈਦਾ ਕਰਕੇ ਉਨ੍ਹਾਂ ਦੀ ਪ੍ਰਤੀਕ੍ਰਿਆ ਨੂੰ ਗਹਿਰ-ਗੰਭੀਰ ਬਣਾਉਂਦਾ ਹੈ। ਪ੍ਰੇਮ ਗੋਰਖੀ ਇਸ ਪੁਸਤਕ ਰਾਹੀਂ ਜਿਨ੍ਹਾਂ ਲੋਕਾਂ ਦੇ ਸ਼ਬਦ ਚਿੱਤਰ ਉਲੀਕਦਾ ਹੈ, ਉਹਨਾਂ ਦੇ ਜੀਵਨ ਵਿੱਚ ਬਹੁਤ ਵੱਡੇ-ਵੱਡੇ ਮਾਨਸਿਕ ਖਲਾਅ ਹਨ, ਜੋ ਉਹਨਾਂ ਨੂੰ ਲਗਾਤਾਰ ਭਟਕਣ ਦਾ ਸ਼ਿਕਾਰ ਬਣਾਈ ਰੱਖਦੇ ਹਨ।

ਜੇ ਸ਼ਬਦ ਚਿੱਤਰ ਲੇਖ ਚਿੱਪੀ ਵਾਲਾ ਚੋਰ ਵਿਚਲਾ ਬੱਚਾ (ਖੁਦ ਲੇਖਕ) ਸਾਈਂ ਦੀ ਚਿੱਪੀ ਵਿਚੋਂ ਨੋਟ ਚਰਾਉਂਦਾ ਹੈ, ਲੇਖ 'ਅਮੀਆਂ ਨਚਾਰ' ਵਿਚਲਾ ਅਮੀਆਂ ਨਸ਼ੇੜੀ ਬਣਦਾ ਹੈ ਜਾਂ ਲੇਖ 'ਪਾਲਾ ਇਸਾਈ' ਵਿਚਲਾ ਪਾਲਾ ਮਾੜੀ ਸੰਗਤ ਵਿੱਚ ਪੈਂਦਾ ਹੈ ਤਾਂ ਇਸ ਦਾ ਇੱਕੋ-ਇੱਕ ਕਾਰਨ ਇਹੀ ਵਿਖਾਈ ਦਿੰਦਾ ਹੈ ਕਿ ਆਪਣੀ ਸਮਾਜਿਕ ਤੇ ਆਰਥਿਕ ਵਿਵਸਥਾ ਨਾਲ ਤਣਾਓਸ਼ੀਲ ਸੰਬੰਧਾਂ ਦੇ ਚੱਲਦਿਆਂ ਇਹਨਾਂ ਦੀ ਮਾਨਸਿਕਤਾ ਪੂਰੀ ਤਰ੍ਹਾਂ ਪ੍ਰਤੀਕ੍ਰਿਆਵਾਦੀ ਬਦਲਾ-ਲਊ ਤੇ ਉਲਾਰਪਣ ਦੀਆਂ ਬਿਰਤੀਆਂ ਗ੍ਰਹਿਣ ਕਰ ਚੁੱਕੀ ਹੈ। ਸ਼ਬਦ ਚਿੱਤਰ ਲੇਖ 'ਔਖੇ ਵੇਲੇ' ਦੇ ਕੇਂਦਰ ਵਿਚ ਰਹਿਣ ਵਾਲੇ ਗਿਆਨ ਚੰਦ ਅਤੇ 'ਜਦੋਂ ਹੰਭ ਗਿਆ ਹੁਕਮੀ' ਵਿਚਲੇ ਹੁਕਮੀ ਅੰਦਰਲੇ ਮਾਨਸਿਕ ਖਲਾਅ ਵੀ ਉਨ੍ਹਾਂ ਨੂੰ ਨਸ਼ੇੜੀ, ਪ੍ਰਤੀਕ੍ਰਿਆਵਾਦੀ ਤੇ ਲੁੰਪਨ ਪਾਤਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇ ਉਹ ਕਿਸੇ ਧਾਰਮਿਕ ਸੰਗਠਨ ਦੇ ਅਸੂਲਾਂ ਨੂੰ ਮੰਨ ਕੇ ਸ਼ਰਾਬ ਪੀਣਾ ਛੱਡਦੇ ਹਨ ਜਾਂ ਆਪਣੇ ਗੁੱਸੇਖੋਰ ਸੁਭਾਅ ਨੂੰ ਸਾਊ ਸੁਭਾਅ ਵਿੱਚ ਬਦਲਦੇ ਹਨ ਤਾਂ ਇਹ ਕਿਸੇ ਸਭ ਕੁਝ ਕਿਸੇ ਦੈਵੀ ਸ਼ਕਤੀ ਦੀ ਕ੍ਰਿਪਾ ਨਾਲ ਨਹੀਂ ਵਾਪਰਦਾ, ਸਗੋਂ ਉਹ ਸੰਗਠਨ ਨਾਲ ਜੁੜੇ ਲੋਕਾਂ ਅੰਦਰਲੀ ਮਿਲਵਰਤਨ ਪਿਆਰ ਤੇ ਸਤਿਕਾਰ ਦੀ ਭਾਵਨਾ ਹੀ ਉਹਨਾਂ ਮਾਨਸਿਕ ਅੰਦਰਲੇ ਖਲਾਅ ਨੂੰ ਭਰ ਕੇ ਉਨ੍ਹਾਂ ਨੂੰ ਇਸ ਦੇ ਯੋਗ ਬਣਾਉਂਦੀ ਹੈ।

ਇਹਨਾਂ ਲੋਕਾਂ ਨਾਲ ਲੇਖਕ ਦਾ ਆਪਣਾ ਰਿਸ਼ਤਾ ਕਿੰਨਾ ਹੰਢਣਸਾਰ ਤੇ ਸਨੇਹ ਭਰਪੂਰ ਰਿਹਾ ਸੀ, ਇਸ ਗੱਲ ਦਾ ਖੁਲਾਸਾ ਉਸ ਦਾ ਸ਼ਬਦ ਚਿੱਤਰ 'ਇੰਜ ਬਣਿਆ ਮੈਂ ਗੋਰਖੀ' ਕਰਦਾ ਹੈ। ਇਹ ਪੁਸਤਕ ਪੜ੍ਹਨ ਤੋਂ ਪਹਿਲਾਂ ਮੇਰੇ ਸਮੇਤ ਕਈ ਪਾਠਕਾਂ ਦਾ ਅਨੁਮਾਨ ਹੋ ਸਕਦਾ ਹੈ ਕਿ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਵਾਂਗ ਪ੍ਰੇਮ ਨੇ ਵੀ ਆਪਣੇ ਨਾਂਅ ਨਾਲ ਗੋਰਖੀ ਸ਼ਬਦ ਰੂਸੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਲਾਇਆ ਹੋਵੇਗਾ ਤੇ ਆਪਣੇ ਨਾਂਅ ਨਾਲ ਇਹ ਸ਼ਬਦ ਜੋੜਨ ਵੇਲੇ ਸੰਸਾਰ ਪ੍ਰਸਿੱਧ ਰੂਸੀ ਨਾਵਲਕਾਰ ਮੈਕਸਿਮ ਗੋਰਕੀ ਦਾ ਨਾਂਅ ਵੀ ਉਹਨਾਂ ਦੇ ਜ਼ਿਹਨ ਵਿਚ ਜ਼ਰੂਰ ਹੋਵੇਗਾ। ਪੁਸਤਕ ਵਿੱਚੋਂ ਮਿਲਦੀ ਇਹ ਜਾਣਕਾਰੀ ਵਧੇਰੇ ਪਾਠਕਾਂ ਲਈ ਬਿਲਕੁਲ ਨਵੀਂ ਹੈ ਕਿ ਉਸ ਆਪਣੇ ਨਾਂਅ ਦੇ ਨਾਲ ਗੋਰਖੀ ਸ਼ਬਦ ਕਿਸੇ ਪੁਰਸ਼ ਪਾਤਰ ਤੋਂ ਪ੍ਰਭਾਵਿਤ ਹੋ ਕੇ ਨਹੀਂ ਲਾਇਆ, ਸਗੋਂ ਗੋਰਖੀ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਉਹ ਮਜ਼ਦੂਰ ਉਹ ਕੁੜੀ ਸੀ, ਜਿਹੜੀ ਚੜ੍ਹਦੀ ਜੁਆਨੀ ਵਿਚ ਉਸ ਦੀ ਚਾਹਤ ਤੇ ਸਨੇਹ ਦੀ ਪਾਤਰ ਰਹੀ ਸੀ। ਸੜਕ ਹਾਦਸੇ ਵਿੱਚ ਗੋਰਖੀ ਦੀ ਮੌਤ ਤੋਂ ਬਾਅਦ ਉਸ ਆਪਣੇ ਨਾਂਅ ਨਾਲ ਨਿਮਾਣਾ ਸ਼ਬਦ ਲਾਹੁਣ ਤੇ ਗੋਰਖੀ ਸ਼ਬਦ ਜੋੜਨ ਦਾ ਫੈਸਲਾ ਕਰ ਲਿਆ ਤਾਂ ਅਜਿਹਾ ਕਰਨ ਨਾਲ ਉਸ ਨੂੰ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕ ਰਾਹਤ ਮਿਲੀ। ਇਸ ਰਾਹਤ ਵਿਚ ਉਸ ਸਮੇਂ ਹੋਰ ਵੀ ਹੋਰ ਵਾਧਾ ਹੁੰਦਾ ਹੈ, ਜਦੋਂ ਅੰਮ੍ਰਿਤਾ ਪ੍ਰੀਤਮ ਉਸ ਨੂੰ ਥਾਪੜਾ ਦਿੰਦਿਆਂ ਆਖਦੀ ਹੈ, ਐਵੇਂ ਬਹੁਤਾ ਨਿਮਾਣਾ ਵੀ ਨਹੀਂ ਬਣੀਂਦਾ .. ਗੋਰਖੀ ਤਾਂ ਬੜਾ ਚੰਗਾ ਨਾਂਅ ਹੈ, ਪ੍ਰੇਮ ਗੋਰਖੀ।

ਅਮੀਆਂ, ਜੀਤ ਲਲਾਰੀ, ਪਾਲਾ ਇਸਾਈ, ਹੁਕਮੀ, ਬੇਬੇ ਬਿਸੀ, ਚਾਚਾ ਗਾਗੀ, ਗਿਆਨੋ, ਸੁੱਖ ਮੁਹੰਮਦ ਤਾਂਗੇ ਵਾਲਾ ਉਰਫ ਸੁੱਖੂ, ਬੇਬੇ ਚਿੰਤੀ, ਚਾਚੀ ਛਟੈਲੋ, ਚਾਚੀ ਜੀਤੀ, ਬਚਨੀ ਕੁਲਫੀਆਂ ਵਾਲਾ, ਬੇਰਾਂ ਵਾਲੀ ਚਾਚੀ, ਮੁਨਸ਼ੀ ਅਲਾਹਾਬਾਦੀ, ਭਗਤਾ ਫੌਜੀ, ਚਾਚਾ ਬਸੰਤਾ, ਮਾਸੀ ਪ੍ਰਕਾਸ਼ੋ, ਤਾਇਆ ਕਰਮ ਸਿੰਘ, ਮਾਸੀ ਹਰਕੋ, ਚਾਚਾ ਪੁੰਨੂੰ, ਰਣੀਆਂ ਚਾਹ ਵਾਲਾ, ਚਾਚਾ ਕਾਬਲ ਸਿੰਘ, ਕੱਪੜੇ ਪ੍ਰੈੱਸ ਕਰਨ ਵਾਲੀ ਚੈਨਾਂ ਤੇ ਬਾਊ ਧੰਨਾ ਆਦਿ ਸਾਰੇ ਲੋਕ ਇੱਕੋ ਪਿੰਡ ਦੇ ਵਸਨੀਕ ਹੋਣ ਕਾਰਨ ਇਹਨਾਂ ਦੀਆਂ ਬਹੁਤ ਸਾਰੀਆਂ ਅੰਗਲੀਆਂ-ਸੰਗਲੀਆਂ ਆਪਸ ਵਿਚ ਮਿਲਦੀਆਂ ਹਨ ਤੇ ਇਹ ਸਾਰੇ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਵੀ ਸਾਂਝੀ ਹਨ। ਜੀਵਨ ਤੋਰ ਨੂੰ ਅੱਗੇ ਲਿਜਾਣ ਲਈ ਕਠਿਨ ਸੰਘਰਸ਼ ਕਰਨ ਵਾਲੇ ਇਹ ਲੋਕ ਪਦਾਰਥਕ ਤੌਰ 'ਤੇ ਖੁਸ਼ਹਾਲ ਲੋਕਾਂ ਵਾਂਗ ਮੋਹ ਵਿਹੂਣੇ ਨਹੀਂ ਹਨ। ਇਹ ਲੋਕ ਭਾਵੇਂ ਆਪਸ ਵਿਚ ਲੜਦੇ-ਝਗੜਦੇ ਵੀ ਹਨ, ਫਿਰ ਵੀ ਮੋਹ ਦੀਆਂ ਕੁਝ ਤੰਦਾਂ ਇਹਨਾਂ ਨੂੰ ਆਪਸ ਵਿਚ ਜੋੜੀ ਰੱਖਦੀਆਂ ਹਨ। ਆਪਣੇ ਕਿਸੇ ਨੇੜਲੇ ਨੂੰ ਮੁਸੀਬਤ ਵਿਚ ਵੇਖ ਕੇ ਇਹ ਉਸ ਤੋਂ ਪਾਸਾ ਵੱਟ ਕੇ ਨਹੀਂ ਸਨ ਲੰਘਦੇ, ਸਗੋਂ ਹਿੱਕ ਡਾਹ ਕੇ ਉਸ ਦੇ ਨਾਲ ਖੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਭਾਵੇਂ ਇਹਨਾਂ ਦੇ ਸੁਭਾਅ ਵਿੱਚ ਬਹੁਤ ਸਾਰੀਆਂ ਘਾਟਾਂ-ਕਮਜ਼ੋਰੀਆਂ ਹਨ, ਪਰ ਇਹਨਾਂ ਦੀ ਸੁਭਾਅ ਦੀ ਸਮੁੱਚਤਾ ਵਿੱਚੋਂ ਉੱਭਰਦੇ ਇਹਨਾਂ ਦੇ ਕਿਰਦਾਰ ਮਾਨਵਤਾ ਪੱਖੀ ਹੀ ਸਾਬਤ ਹੁੰਦੇ ਹਨ। ਸ਼ਬਦ ਚਿੱਤਰ ਚਾਚਾ ਬਸੰਤਾ ਵਿਚਲਾ ਬਸੰਤਾ ਆਪਣੀ ਭਰਜਾਈ ਚੰਨੋ ਨੂੰ ਕਰਤਾਰਪੁਰੀਏ ਸਰਦਾਰ ਦੀ ਕੋਠੀ ਕੰਮ ਕਰਨ ਜਾਂਦੇ ਵੇਖਦਾ ਹੈ ਤਾਂ ਉਸ ਦੀ ਜਾਗੀ ਅਣਖ ਵਿੱਚੋਂ ਇਹ ਬੋਲ ਨਿਕਲਦੇ ਹਨ, ਓਏ ਮੈਂ ਫੂਕਨਾ ਆ ਇਸ ਦੇਹ ਨੂੰ ...ਹੱਦ ਕਰਤੀ ਬਾਈ .. ਮੈਂ ਕੱਲ ਤੋਂ ਜਾਊਂ ਰਾਜ ਕੇ ਟਾਲ ਉੱਪਰ।

ਇਹਨਾਂ ਲੋਕਾਂ ਦੀ ਜੀਵਨ ਕਹਾਣੀ ਦੇ ਜਿਹੜਾ ਬਿਰਤਾਂਤ ਪਰੇਮ ਗੋਰਖੀ ਨੇ ਪੇਸ਼ ਕੀਤਾ ਹੈ, ਉਹ 20ਵੀਂ ਸਦੀ ਦੇ ਸੱਤਵੇਂ ਜਾਂ ਅੱਠਵੇਂ ਦਹਾਕੇ ਦੇ ਉਸ ਸਮੇਂ ਨੂੰ ਸਜੀਵਤਾ ਪ੍ਰਦਾਨ ਕਰਨ ਵਾਲਾ ਹੈ। ਸਮਾਜਿਕ ਧਰਾਤਲ 'ਤੇ ਚਾਚੇ-ਚਾਚੀ, ਤਾਇਆ-ਤਾਈ , ਭੂਆ-ਫੁੱਫੜ, ਮਾਸੀ-ਮਾਸੜ ਤੇ ਮਾਮਾ-ਮਾਮੀ ਵਰਗੇ ਰਿਸ਼ਤੇ ਅੰਕਲ-ਆਂਟੀ ਦੇ ਮੋਹ ਵਿਹੂਣੇ ਸੰਬੋਧਨ ਵਿਚ ਤਬਦੀਲ ਨਹੀਂ ਸਨ ਹੋਏ। ਇਸ ਤਰ੍ਹਾਂ ਇਹ ਪੁਸਤਕ ਭਲੇ ਵੇਲਿਆਂ ਦੇ ਉਸ ਸਮਾਜ ਤੇ ਉਸ ਦੀਆਂ ਕੀਮਤਾਂ ਨੂੰ ਵੀ ਇਤਿਹਾਸਕ ਦਸਤਾਵੇਜ਼ ਵਜੋਂ ਸੰਭਾਲਦੀ ਹੈ। ਪੁਸਤਕ ਵਿਚਲੇ ਸ਼ਬਦ ਚਿੱਤਰਾਂ ਦੇ ਪਾਤਰ ਇੱਕੋ ਹੀ ਪੇਂਡੂ ਇਕਾਈ ਨਾਲ ਸੰਬੰਧਤ ਹੋਣ ਕਾਰਨ ਇਸ ਵਿਚਲੇ ਕੁਝ ਵੇਰਵਿਆਂ ਦਾ ਦੁਹਰਾਓ ਜ਼ਰੂਰ ਹੋਇਆ ਹੈ, ਪਰ ਕੁਲ ਮਿਲਾ ਕੇ ਇਹਨਾਂ ਦਾ ਪਾਠ ਗੋਰਖੀ ਦੀਆਂ ਕਹਾਣੀਆਂ ਦੇ ਪਾਠ ਵਰਗੀ ਦਿਲਚਸਪੀ ਨਾਲ ਹੀ ਕੀਤਾ ਜਾ ਸਕਦਾ ਹੈ।

*ਮੋਬਾਇਲ-89682-82700*

# ਸੱਜਰਾ ਸਾਹਿਤ

## ਲੋਕ ਕਾਵਿ ਰੂਪ : ਰੰਗ

**(ਸੰਪਾਦਨ ਤੇ ਸਮੀਖਿਆ)**
**ਹਰਨੇਕ ਸਿੰਘ ਹੇਅਰ (ਡਾ.)**
**ਪੰਨੇ: 176, ਕੀਮਤ : 286 ਰੁਪਏ**
**ਅਲਖ ਪ੍ਰਕਾਸ਼ਨ, ਜਲੰਧਰ**




'ਰੰਗ' ਪੰਜਾਬੀ ਦਾ ਇਕ ਅਤੀ ਹਰਮਨ ਪਿਆਰਾ ਲੋਕ ਕਾਵਿ-ਰੂਪ ਹੈ, ਜੋ ਗਾਉਣ ਲਈ ਹੀ ਰਚਿਆ ਗਿਆ ਪ੍ਰਤੀਤ ਹੁੰਦਾ ਹੈ। ਬਹੁਤੇ ਰੰਗ-ਲੋਕ-ਗਾਥਾਵਾਂ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਉਨ੍ਹਾਂ ਰੰਗਾਂ ਦੀ ਵੀ ਕੋਈ ਘਾਟ ਨਹੀਂ, ਜੋ ਲੋਕ-ਗਾਥਾਵਾਂ ਦਾ ਅੰਗ ਨਹੀਂ ਹਨ। ਇਨ੍ਹਾਂ ਰੰਗਾਂ ਦੇ ਸਿਰਜਕ ਵਧੇਰੇ ਕਰਕੇ ਅੱਖਰ ਗਿਆਨ ਤੋਂ ਕੋਰੇ ਜਾਂ ਅੱਧਖੜ ਹੀ ਸਨ, ਕੋਈ ਵਿਰਲਾ ਹੀ ਅੱਖਰ ਉਠਾਲਣ ਦੀ ਮੁਹਾਰਤ ਰੱਖਦਾ ਸੀ। ਇਹ ਰੰਗ ਕਾਗਜ਼ਾਂ 'ਤੇ ਨਹੀਂ, ਸਗੋਂ ਲੋਕ ਗਾਇਕਾਂ ਦੇ ਸੀਨਿਆਂ ਵਿੱਚ ਉੱਕਰੇ ਗਏ। ਹਰ ਰਾਗੀ ਆਪਣੇ ਸ਼ਾਗਿਰਦ ਨੂੰ ਇਹ ਸਾਹਿਤਕ ਖਜ਼ਾਨਾ ਕੰਠ ਕਰਵਾ ਕੇ ਇਸ ਲੋਕ-ਪ੍ਰਵਾਹ ਨੂੰ ਜਿਉਂਦਾ ਰੱਖਦਾ ਆ ਰਿਹਾ ਹੈ। ਵੀਹਵੀਂ ਸਦੀ ਦੇ ਚੌਥੇ-ਪੰਜਵੇਂ ਦਹਾਕੇ ਵਿੱਚ ਕੁਝ ਰਿਕਾਰਡਿੰਗ ਕੰਪਨੀਆਂ ਨੇ ਇਨ੍ਹਾਂ ਰੰਗਾਂ ਨੂੰ ਰਿਕਾਰਡਬੱਧ ਵੀ ਕੀਤਾ, ਪਰ ਇਹ ਗੋਹੜੇ ਵਿੱਚੋਂ ਮਹਿਜ਼ ਪੂਣੀ ਕੱਤੇ ਜਾਣ ਦੇ ਤੁੱਲ ਸੀ। ਹਰਨੇਕ ਸਿੰਘ ਹੇਅਰ ਨੇ ਲੋਕ-ਸਿਮਰਤੀ ਵਿੱਚੋਂ ਕਿਰਦੇ ਜਾ ਰਹੇ ਇਨ੍ਹਾਂ ਰੰਗਾਂ ਦੀ ਆਪਣੀ ਪੁਸਤਕ ਵਿੱਚ ਨਾ ਸਿਰਫ਼ ਸੰਭਾਲ ਹੀ ਕੀਤੀ ਹੈ, ਬਲਕਿ ਇਨ੍ਹਾਂ ਦੀ ਬਾਰੀਕੀ ਨਾਲ ਪੁਣ-ਛਾਣ ਵੀ ਕੀਤੀ ਹੈ। ਹਰਨੇਕ ਦੇ ਇਸ ਉੱਦਮ, ਸਿਰੜ ਅਤੇ ਲਗਨ ਨੂੰ ਸਲਾਮ ਹੈ।

## ਹਿਰਦੇ ਦਾ ਕੌਲ ਫੁੱਲ

**(ਕਾਵਿ ਸੰਗ੍ਰਹਿ)**
**ਪਰਮਜੀਤ ਸਿੰਘ ਲਾਂਡਰਾਂ**
**ਸਫੇ : 103, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਪਰਮਜੀਤ ਸਿੰਘ ਲਾਂਡਰਾ ਕੋਲ ਇੱਕ ਕਲਿਆਣਕਾਰੀ ਦ੍ਰਿਸ਼ਟੀ ਹੈ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੀ ਕਵਿਤਾ ਦਾ ਮੂਲ ਆਧਾਰ ਬਣਾਇਆ ਹੈ। ਉਸ ਨੇ ਗੁਰਬਾਣੀ ਅਤੇ ਭਗਤਾਂ ਦੀ ਬਾਣੀ ਦਾ ਅਧਿਐਨ ਕੀਤਾ। ਉਹ ਭਰਮ-ਭੁਲੇਖਿਆਂ ਤੋਂ ਸੁਚੇਤ ਹੈ। ਉਸ ਨੂੰ ਸੰਜਮੀ ਸ਼ੈਲੀ ਰਾਹੀਂ ਡੂੰਘੀ ਗੱਲ ਕਹਿਣ ਦੀ ਜਾਚ ਹੈ। ਗੁਰੂ ਨਾਨਕ, ਬਾਬਾ ਫਰੀਦ, ਭਗਤ ਕਬੀਰ ਅਤੇ ਭਗਤ ਰਵੀਦਾਸ ਉਸ ਲਈ ਚਾਨਣ-ਮੁਨਾਰੇ ਹਨ। ਰਾਮ ਨਾਮ ਉਸ ਲਈ ਸੁੱਚੇ ਗਹਿਣੇ ਹਨ। ਇਹ ਕਵਿਤਾਵਾਂ ਅਗੰਮੀ ਪ੍ਰਵੇਸ਼ ਦਾ ਪ੍ਰਗਟਾਅ ਹਨ। ਜਿਸ ਅਨੁਭਵ 'ਚੋਂ ਇਹ ਕਵਿਤਾਵਾਂ ਸਿਰਜੀਆਂ ਗਈਆਂ ਹਨ, ਉਸ ਸੰਵੇਦਨਾ ਰੂਪੀ ਅੰਦਾਜ਼ ਨਾਲ ਪੜ੍ਹਨੀਆਂ ਜ਼ਰੂਰੀ ਹਨ। ਪੁਸਤਕ ਦੇ ਰਚੇਤਾ ਨੂੰ ਹੋਰ ਅੱਗੇ ਤੁਰਨ ਲਈ ਸ਼ੁੱਭ ਕਾਮਨਾਵਾਂ।

**(ਮਨਮੋਹਨ ਸਿੰਘ ਦਾਊਂ), ਬੈਕ ਕਵਰ ਤੋਂ**

## ਨਾਰੀ ਚੇਤਨਾ

**(ਆਲੋਚਨਾ)**
**ਮੁੱਖ ਸੰਪਾ. ਡਾ. ਅਮਨਦੀਪ ਕੌਰ,**
**ਸੰਪਾ. ਡਾ. ਇੰਦਰਜੀਤ ਕੌਰ**
**ਸਫੇ : 214, ਮੁੱਲ : 275 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਨਾਰੀ ਚੇਤਨਾ ਤੋਂ ਭਾਵ ਨਾਰੀ ਅੰਦਰ ਪੈਦਾ ਹੋਈ ਜਾਗ੍ਰਿਤੀ ਅਤੇ ਇਸ ਜਾਗ੍ਰਿਤੀ ਦੇ ਵਿਕਾਸ ਤੋਂ ਹੈ। ਪੱਛਮੀ ਪ੍ਰਭਾਵ ਨਾਲ ਭਾਰਤੀ ਨਾਰੀ ਵੀ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਚੇਤੰਨ ਹੋਈ ਅਤੇ ਭਾਰਤੀ ਨਾਰੀ ਦੀ ਸਮਾਜਿਕ ਸਥਿਤੀ ਵਿੱਚ ਪਰਿਵਰਤਨ ਆਏ ਹਨ। ਨਾਰੀ ਦੇ ਬਹੁਪਸਾਰੀ ਅਨੁਭਵ ਦੀ ਅਭੀਵਿਅਕਤੀ ਹੀ ਨਾਰੀ ਚੇਤਨਾ ਅਖਵਾਉਂਦੀ ਹੈ। ਜਦੋਂ ਨਾਰੀ ਚੇਤਨਾ ਪਦ ਸਾਹਿਤ ਨਾਲ ਜੁੜ ਜਾਂਦਾ ਹੈ ਤਾਂ ਇਹ ਨਾਰੀ ਦੀ ਉਸ ਮਨੋਵਿਗਿਆਨਕ, ਸਮਾਜਿਕ ਤੇ ਆਰਥਿਕ ਸਥਿਤੀ ਦਾ ਬੌਧਿਕ ਬਣ ਜਾਂਦਾ ਹੈ, ਜੋ ਰੂਪਾਂਤਰਣ ਦੀ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਸਾਹਿਤ ਵਿੱਚ ਪ੍ਰਗਟ ਹੁੰਦਾ ਹੈ। ਔਰਤ ਅੰਦਰ ਚੇਤਨਾ ਦਾ ਪੈਦਾ ਹੋਣਾ ਨਾਰੀਵਾਦੀ ਲਹਿਰ ਦਾ ਸਿੱਟਾ ਹੈ, ਜਿਸ ਨਾਲ ਨਾਰੀ ਨੂੰ ਨਾ ਕੇਵਲ ਸਮਾਜਿਕ ਖੇਤਰ ਵਿੱਚ ਮਰਦ ਦੇ ਬਰਾਬਰ ਦਰਜਾ ਮਿਲਣ ਦਾ ਯਤਨ ਹੋਇਆ, ਸਗੋਂ ਸਾਹਿਤ ਆਲੋਚਨਾ ਦੇ ਖੇਤਰ ਵਿੱਚ ਵੀ ਨਾਰੀਵਾਦੀ ਆਲੋਚਨਾ ਹੋਂਦ ਵਿੱਚ ਆਈ, ਜਿਸ ਦਾ ਉਦੇਸ਼ ਔਰਤ ਲੇਖਿਕਾਵਾਂ ਦੀਆਂ ਰਚਨਾਵਾਂ ਦੇ ਅਧਿਐਨ ਲਈ ਚੇਤਨਾ ਪੈਦਾ ਕਰਨਾ ਅਤੇ ਸਾਹਿਤ ਵਿੱਚ ਨਾਰੀ ਦੇ ਬਿੰਬ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ ਸੀ।




**-ਸੰਪਾਦਕੀ 'ਚੋਂ**

# ਪੁਸਤਕ ਰੀਵਿਊ

## ਸੁਰਖ਼ ਰਾਹਾਂ ਦੇ ਹਮਸਫ਼ਰ

**ਰਵਿੰਦਰ ਸਹਿਰਾਅ**
**ਪੰਨੇ : 164, ਮੁੱਲ : 295 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

1980 ਤੋਂ ਲੈ ਕੇ 2018 ਤੱਕ ਅੱਠ ਕਾਵਿ ਪੁਸਤਕਾਂ ਦੇ ਰਚੈਤਾ ਰਵਿੰਦਰ ਸਹਿਰਾਅ ਦੀ ਅਗਲੀ ਪੁਸਤਕ ਵਾਰਤਕ ਰਚਨਾਵਾਂ ਦੀ ਹੈ। ਇਹ ਰਚਨਾਵਾਂ ਲਹਿਰ ਨਾਲ਼ ਸੰਬੰਧਤ ਉਸ ਦੇ ਆਪਣੇ ਜੀਵਨ ਤਜਰਬਿਆਂ 'ਤੇ ਆਧਾਰਤ ਹਨ। ਉਸ ਨੇ ਲਹਿਰ ਦੇ ਸਰਗਰਮ ਮੈਂਬਰ ਵਜੋਂ ਹੰਢਾਏ ਅਨੁਭਵਾਂ ਅਤੇ ਆਪਣੇ ਇਸ ਸਫ਼ਰ ਵਿੱਚ ਨਾਲ਼ ਚੱਲਣ ਵਾਲੇ ਸਾਥੀਆਂ ਬਾਰੇ ਲਿਖਿਆ ਹੈ। ਇਹਨਾਂ ਅਨੁਭਵਾਂ 'ਤੇ ਆਧਾਰਤ ਇਹਨਾਂ ਰਚਨਾਵਾਂ ਨੂੰ ਵਾਰਤਕ ਦੇ ਵਿਧਾ ਰੂਪ ਸੰਸਮਰਣ ਵਜੋਂ ਅਤੇ ਖ਼ਾਸ ਵਿਅਕਤੀਆਂ ਬਾਰੇ ਲਿਖੀਆਂ ਰਚਨਾਵਾਂ ਨੂੰ ਰੇਖਾ-ਚਿੱਤਰਾਂ ਵਜੋਂ ਨਿਰਧਾਰਤ ਕੀਤਾ ਜਾ ਸਕਦਾ ਹੈ। ਲੇਖਕ ਦੁਆਰਾ ਇਹਨਾਂ 19 ਪਾਠਾਂ ਨੂੰ ਲਿਖਣ ਲਈ ਇਸ ਖ਼ਾਸ ਵਿਸ਼ੇ ਕਾਰਨ ਇਹਨਾਂ ਰਚਨਾਵਾਂ ਵਿੱਚ ਉਸ ਦੇ ਆਪਣੇ ਅਨੁਭਵਾਂ ਦੀ ਪੇਸ਼ਕਾਰੀ ਪੂਰੀ ਵਾਸਵਿਕਤਾ ਅਤੇ ਇਮਾਨਦਾਰੀ ਨਾਲ਼ ਹੋਈ ਹੈ। ਇਹਨਾਂ ਰਚਨਾਵਾਂ ਦੀ ਸਿਰਜਨਾ ਸਮੇਂ ਵੀ ਕਾਲਪਨਿਕ ਬਿਰਤਾਂਤ ਦੀ ਥਾਂ ਬੌਧਿਕਤਾ ਅਤੇ ਯਾਦਦਾਸ਼ਤ ਦੀ ਜ਼ਿਆਦਾ ਵਰਤੋਂ ਹੋਣ ਕਾਰਨ ਇਹਨਾਂ ਵਿੱਚ ਪੂਰੀ ਵਾਸਵਿਕਤਾ ਨਜ਼ਰ ਆਉਂਦੀ ਹੈ। ਇਸ ਪੁਸਤਕ ਦੀ ਪਹਿਲੀ ਰਚਨਾ ਲੇਖਕ ਨੇ ਆਪਣੀ ਮਾਂ ਬਾਰੇ ਲਿਖੀ ਹੈ, ਜਿਸ ਬਾਰੇ ਉਹ ਸਾਰੀ ਜਾਣਕਾਰੀ ਭਾਵੁਕਤਾ ਅਤੇ ਆਦਰ ਨਾਲ਼ ਪੇਸ਼ ਕਰਦਾ ਹੈ।

ਉਹ ਮਾਂ ਦੇ ਪੁਸਤਕਾਂ ਪੜ੍ਹਨ ਦੇ ਸ਼ੌਂਕ ਦੀ ਗੱਲ ਕਰਦਾ ਹੈ ਅਤੇ ਮਾਂ ਦੁਆਰਾ ਐਮਰਜੈਂਸੀ ਵੇਲੇ ਉਸ ਬਾਰੇ ਅਤੇ ਉਸ ਦੇ ਸਾਥੀਆਂ ਬਾਰੇ ਕੀਤੀ ਜਾਣ ਵਾਲੀ ਚਿੰਤਾ ਦੀ ਗੱਲ ਕਰਦਾ ਹੈ।

ਲੇਖਕ ਅਨੁਸਾਰ 1970 ਦੇ ਨੇੜੇ ਲਹਿਰ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਮੰਗੂਵਾਲ ਪਿੰਡ ਦਾ ਵੱਡਾ ਨਾਂਅ ਸੀ। ਇਸ ਪਿੰਡ ਤੋਂ ਕਈ ਨੌਜਵਾਨ ਲਹਿਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਸਨ, ਜਿਨ੍ਹਾਂ ਵਿੱਚੋਂ ਦੋ ਭਰਾ ਦਰਸ਼ਨ ਖਟਕੜ ਅਤੇ ਜਸਵੰਤ ਖਟਕੜ ਦੇ ਨਾਂਅ ਪ੍ਰਮੁੱਖ ਹਨ। ਇਹਨਾਂ ਦੋਹਾਂ ਬਾਰੇ ਦੋ ਵੱਖਰੇ ਪਾਠਾਂ ਵਿੱਚ ਲੇਖਕ ਨੇ ਸਾਰੀਆਂ ਗਤੀਵਿਧੀਆਂ ਨੂੰ ਕਲਮਬੱਧ ਕੀਤਾ ਹੈ, ਉਹਨਾਂ ਦੇ ਜੇਲ੍ਹ ਜਾਣ ਬਾਰੇ ਲਿਖਿਆ ਹੈ। ਉਹਨਾਂ ਦੇ ਲਹਿਰ ਨਾਲ਼ ਸੰਬੰਧਤ ਸਾਹਿਤ ਰਚੇ ਜਾਣ ਦੀ ਗੱਲ ਕੀਤੀ ਹੈ ਅਤੇ ਦੁਆਬਾ ਕਲਾ ਮੰਚ ਅਤੇ ਲਿਖਾਰੀ ਸਭਾ ਜਗਤਪੁਰ ਵਰਗੀਆਂ ਸੰਸਥਾਵਾਂ ਦੀਆਂ ਕਾਰਗੁਜ਼ਾਰੀਆਂ ਬਾਰੇ ਲਿਖਿਆ ਹੈ। ਅਗਲੇ ਪਾਠ ਵਿੱਚ ਲੇਖਕ ਅਮੋਲਕ ਸਿੰਘ ਜੰਮੂ ਦੀ ਵਿਦਵਤਾ, ਉਸ ਦੀ ਪੰਜਾਬ ਟਾਈਮਸ ਪੱਤ੍ਰਿਕਾ ਅਤੇ ਉਸ ਦੀ ਬਿਮਾਰੀ ਦੀ ਗੱਲ ਕਰਦਾ ਹੈ। ਪਿੰਡ ਅਤੇ ਪਿੰਡ ਦੀ ਰਿਆੜ ਲੇਖਕ ਦੀਆਂ ਲਹਿਰ ਨਾਲ਼ ਸੰਬੰਧਤ ਗਤੀਵਿਧੀਆਂ ਬਾਰੇ ਹੈ ਅਤੇ ਇਸ ਤੋਂ ਬਾਅਦ ਉਹ ਕਮਲਜੀਤ ਸਿੰਘ ਵਿਰਕ ਦੀ ਗੱਲ ਕਰਦਾ ਹੈ। ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਕਲਮਬੱਧ ਕਰਦੇ ਹੋਏ ਲੇਖਕ ਉਸ ਦੀਆਂ ਯੂਨੀਅਨ ਦੇ ਕੰਮਾਂ-ਕਾਜਾਂ, ਮਾਰਕਸਵਾਦੀ ਸਕੂਲਿੰਗ ਅਤੇ ਯੂਨੀਅਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਾ ਹੈ। ਉਸ ਦੇ ਜੀਵਨ ਦੇ ਅਗਲੇ ਪੜਾਅ 'ਤੇ ਜਦ ਉਹ ਬਾਹਰਲੇ ਦੇਸ਼ ਜਾ ਵੱਸਦਾ ਹੈ ਤਾਂ ਉਸ ਸੰਘਰਸ਼ ਦਾ ਵੀ ਬਿਓਰਾ ਲੇਖਕ ਇਸ ਪਾਠ ਵਿੱਚ ਲਿਖਦਾ ਹੈ। ਇਸ ਤੋਂ ਅਗਲੇ ਪਾਠਾਂ ਵਿੱਚ ਲੇਖਕ ਨਕਸਲੀ ਲਹਿਰ ਨਾਲ਼ ਸੰਬੰਧਤ ਕਵਿਤਾ ਰਚੇ ਜਾਣ ਦੀ ਪ੍ਰਕ੍ਰਿਆ ਅਤੇ ਅਜਿਹੀ ਕਵਿਤਾ ਰਚਣ ਵਾਲੇ ਕਵੀਆਂ ਦੀ ਗੱਲ ਕੀਤੀ ਹੈ। ਇਹਨਾਂ ਕਵੀਆਂ 'ਚ ਮੀਸ਼ਾ, ਡਾ. ਜਗਤਾਰ, ਸੰਤ ਰਾਮ ਉਦਾਸੀ, ਪ੍ਰੋ. ਨਰਿੰਜਨ ਸਿੰਘ ਢੇਸੀ, ਅਨੂਪ ਵਿਰਕ, ਪਾਸ਼ ਅਤੇ ਜਸਵਿੰਦਰ ਦੀਆਂ ਕਵਿਤਾਵਾਂ ਬਾਰੇ ਦੱਸਦਾ ਹੈ। ਪੁਸਤਕ ਦੀ ਭਾਸ਼ਾ ਸਰਲ ਅਤੇ ਸਪੱਸ਼ਟ ਹੈ ਅਤੇ ਲੇਖਕ ਨੇ ਬਿਆਨੀਆ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਢੰਗ ਨਾਲ਼ ਇਹ ਪੁਸਤਕ ਲਹਿਰ ਦੀਆਂ 1970 ਤੋਂ ਬਾਅਦ ਦੀਆਂ ਗਤੀਵਿਧੀਆਂ ਅਤੇ ਸੰਬੰਧਤ ਯੂਨੀਅਨਾਂ ਦੀਆਂ ਕਾਰਗੁਜ਼ਾਰੀਆਂ ਦਾ ਅਹਿਮ ਦਸਤਾਵੇਜ਼ ਬਣਦੀ ਹੈ।

**— ਡਾ. ਸੰਦੀਪ ਰਾਣਾ**

## ਤੀਸਰੀ ਖਿੜਕੀ

**ਨਿਰੰਜਣ ਬੋਹਾ**
**ਸਫ਼ੇ : 137, ਮੁੱਲ 300 ਰੁਪਏ**
**ਸਾਹਿਬਦੀਪ ਪਬਲੀਕੇਸ਼ਨ, ਭੀਖੀ**

ਨਿੱਤ ਦਿਹਾੜੇ ਸੂਰਜ ਦੀ ਲਾਲੀ ਚੜ੍ਹਦਿਆਂ ਹੀ ਨਵੀਆਂ ਪੰਜਾਬੀ ਪ੍ਰਕਾਸ਼ਿਤ ਪੁਸਤਕਾਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਕੁਝ ਪੁਰਾਣੇ ਅਤੇ ਬਹੁਤੇ ਨਵੇਂ ਲੇਖਕਾਂ ਦੀਆਂ ਕਿਤਾਬਾਂ ਪਾਠਕਾਂ ਦੇ ਹੁੰਗਾਰੇ ਦੀ ਆਸ ਵਿਚ ਰੰਗ-ਬਿਰੰਗੇ ਸਵਰਕਾਂ ਦੀ ਓਟ ਵਿੱਚੋਂ ਕੋਈ ਹਾਂ-ਪੱਖੀ ਹੁੰਗਾਰਾ ਭਾਲਦੀਆਂ ਹਨ। ਨਵੇਂ -ਪੁਰਾਣੇ ਅਖਬਾਰ, ਮੈਗਜ਼ੀਨ, ਆਨ ਲਾਈਨ ਅਖਬਾਰਾਂ ਵਿਚ ਕੁਝ ਕੁ ਪੁਸਤਕਾਂ ਦੀ ਚਰਚਾ ਵੀ ਹੁੰਦੀ ਹੈ ਅਤੇ ਅੰਤਲੇ ਸ਼ਬਦ ਅਜਿਹੀਆਂ ਪੁਸਤਕਾਂ ਨੂੰ 'ਪੰਜਾਬੀ ਸਾਹਿਤ ਵਿਚ ਹੋਏ ਨਿੱਗਰ ਵਾਧੇ' ਅਤੇ 'ਸਵਾਗਤ ਕਰਨਾ ਬਣਦਾ ਹੈ' ਵਰਗੇ ਵਾਕਾਂ ਨਾਲ ਖਤਮ ਹੁੰਦੀਆਂ ਹਨ, ਪਰ ਕਦੇ-ਕਦਾਈਂ ਹੀ ਅਜਿਹੀਆਂ ਸਾਹਿਤਕ ਕਿਰਤਾਂ ਦੀ ਆਮਦ ਹੁੰਦੀ ਹੈ, ਜੋ ਵੱਖ-ਵੱਖ ਆਲੋਚਕਾਂ ਦੀ ਆਲੋਚਨਾਤਮਕ ਦ੍ਰਿਸ਼ਟੀ ਦੇ ਮਾਪਦੰਡਾਂ ਦੀ ਸੰਤੁਸ਼ਟੀ ਕਰਨ ਤੋਂ ਬਾਅਦ ਹੀ ਆਪਣੇ ਪੱਖ ਵਿਚ ਕੁਝ ਸ਼ਬਦ ਲਿਖਵਾਉਣ ਵਿਚ ਕਾਮਯਾਬ ਹੁੰਦੀਆਂ ਹਨ। ਅਜਿਹੀ ਹੀ ਇਕ ਪੁਸਤਕ 'ਤੀਸਰੀ ਖਿੜਕੀ' (ਨਿਰੰਜਣ ਬੋਹਾ) ਦੀ 2022 ਵਿਚ ਸਾਹਮਣੇ ਆਈ। ਨਿਰੰਜਣ ਬੋਹਾ ਨੇ ਭਾਵੇਂ ਆਪਣਾ ਇਹ ਕਹਾਣੀ ਸੰਗ੍ਰਹਿ ਤਕਰੀਬਨ ਬਾਈ ਸਾਲ ਦੇ ਵਕਫੇ ਬਾਅਦ ਪੰਜਾਬੀ ਸਾਹਿਤ ਦੀ ਝੋਲੀ ਪਾਇਆ, ਪਰ ਇਸ ਸਮੇਂ ਦੌਰਾਨ ਉਹ ਗਲਪ ਦੀਆਂ ਪੁਸਤਕਾਂ ਸੰਬੰਧੀ ਵਿਸਥਾਰ ਵਿਚ ਚਰਚਾ ਕਰਨ ਵਾਲੇ ਆਲੋਚਕ ਵਜੋਂ ਕ੍ਰਿਆਸ਼ੀਲ ਰਿਹਾ ਹੈ ਅਤੇ ਯੂ ਟਿਊਬ ਦੇ ਆਪਣੇ ਚੈਨਲ 'ਤੇ ਵੀ ਚਰਚਾ ਕਰਦਾ ਰਿਹਾ ਹੈ। ਇਸ ਦਾ ਭਾਵ ਹੈ ਕਿ ਉਸ ਦੀਆਂ ਮੌਲਿਕ ਕਹਾਣੀਆਂ ਲੰਬੇ ਸਮੇਂ ਤੱਕ ਉਸ ਦੇ ਅੰਦਰ ਸਮੁੰਦਰ ਦੀਆਂ ਲਹਿਰਾਂ ਵਾਂਗ ਉਛਾਲੇ ਮਾਰਦੀਆਂ ਰਹੀਆਂ ਅਤੇ ਜਦੋਂ ਚੰਗੀ ਤਰ੍ਹਾਂ ਰਿੜਕੀਆਂ ਗਈਆਂ ਫੇਰ ਹੀ ਸ਼ਬਦਾਂ ਦਾ ਜਾਮਾ ਪਹਿਨ ਕੇ ਪ੍ਰਗਟ ਹੋਈਆਂ।

ਪ੍ਰਸਤੁਤ ਪੁਸਤਕ 'ਨਿਰੰਜਣ ਬੋਹਾ ਦੇ ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' ਦਾ ਸਮਾਜਿਕ ਪਰਿਪੇਖ', ਡਾ. ਰਾਜਬਿੰਦਰ ਕੌਰ ਵੱਲੋਂ ਸੰਪਾਦਿਤ ਕੀਤੀ ਗਈ ਹੈ, ਜਿਸ ਵਿਚ 'ਤੀਸਰੀ ਖਿੜਕੀ' ਸੰਬੰਧੀ ਅਠਾਰਾਂ ਆਲੋਚਕਾਂ ਨੇ ਵੱਖ-ਵੱਖ ਅਖਬਾਰਾਂ, ਮੈਗਜ਼ੀਨਾਂ ਵਿਚ ਆਪਣੇ ਜੋ ਵਿਚਾਰ ਪ੍ਰਗਟਾਏ ਹਨ, ਉਹਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਕਿਸੇ ਪੁਸਤਕ ਸੰਬੰਧੀ ਐਨੇ ਆਲੋਚਕਾਂ ਵੱਲੋਂ ਆਲੋਚਨਾਤਮਕ ਲੇਖ ਲਿਖੇ ਜਾਣਾ ਆਪਣੇ-ਆਪ ਵਿਚ ਹੀ ਇਕ ਵਿਸ਼ੇਸ਼ ਪ੍ਰਾਪਤੀ ਹੈ। ਇਹਨਾਂ ਪ੍ਰਬੁੱਧ ਆਲੋਚਕਾਂ ਵਿੱਚੋਂ ਕੁਝ ਹਨ-ਡਾ. ਰਾਜਬਿੰਦਰ ਕੌਰ, ਡਾ. ਹਰਜਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਅਮਰਜੀਤ ਕੌਂਕੇ, ਪ੍ਰੋ. ਗੁਰਦੀਪ ਸਿੰਘ ਢਿੱਲੋਂ, ਡਾ. ਚੰਦਰ ਪ੍ਰਕਾਸ਼, ਡਾ. ਪਰਗਟ ਸਿੰਘ ਟਿਵਾਣਾ, ਡਾ. ਹਰਿੰਦਰ ਸਿੰਘ, ਰਵਿੰਦਰ ਸਿੰਘ ਸੋਢੀ, ਜਗਦੀਸ਼ ਰਾਏ ਕੁਲਰੀਆਂ ਆਦਿ। ਇਸ ਪੁਸਤਕ ਵਿਚ ਦਰਜ ਕੁਝ ਲੇਖ, ਰੀਵਿਊਆਂ ਦੀ ਸੀਮਾ ਪਾਰ ਕਰਦੇ ਹੋਏ 'ਆਲੋਚਨਾਤਮਕ ਪੇਪਰਾਂ' ਦੀ ਸ਼੍ਰੇਣੀ ਵਿਚ ਪ੍ਰਵੇਸ਼ ਕਰ ਗਏ ਹਨ, ਜਿਸ ਤੋਂ ਇਹ ਤੱਥ ਉਜਾਗਰ ਹੁੰਦਾ ਹੈ ਕਿ ਵਿਚਾਰ ਅਧੀਨ ਕਹਾਣੀ ਸੰਗ੍ਰਹਿ ਇਕ ਆਮ ਕਹਾਣੀ ਸੰਗ੍ਰਹਿ ਨਾ ਹੋ ਕੇ ਆਪਣੇ ਵਿਸ਼ਿਆਂ, ਪਾਤਰਾਂ, ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਕਾਰਨ ਵਿਸ਼ੇਸ਼ ਸਾਹਿਤਕ ਕਿਰਤ ਦੀ ਫ਼ਹਿਰਸਤ ਵਿਚ ਸ਼ਾਮਲ ਹੁੰਦਾ ਹੈ।

ਕਮਾਲ ਦੀ ਗੱਲ ਇਹ ਹੈ ਕਿ ਸਾਰੇ ਆਲੋਚਕਾਂ ਨੇ ਹੀ ਇਸ ਪੁਸਤਕ ਦੀ ਸਮੀਖਿਆ ਵੱਖੋ-ਵੱਖ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਇਸ ਦਾ ਭਾਵ ਹੈ ਕਿ ਡਾ. ਰਾਜਬਿੰਦਰ ਦੀ ਇਹ ਪੁਸਤਕ ਪੜ੍ਹ ਕੇ 'ਤੀਸਰੀ ਖਿੜਕੀ' ਦੇ ਅਠਾਰਾਂ ਪੱਖ ਪਾਠਕਾਂ ਦੇ ਸਨਮੁੱਖ ਹੁੰਦੇ ਹਨ। ਆਪਣੀਆਂ ਕਹਾਣੀਆਂ ਨੂੰ ਇਸ ਤਰ੍ਹਾਂ ਦੀ ਵਿਸ਼ਾਲਤਾ ਪ੍ਰਦਾਨ ਕਰਨ ਲਈ ਕਹਾਣੀਕਾਰ ਨਿਰੰਜਣ ਬੋਹਾ ਪੰਜਾਬੀ ਕਹਾਣੀ ਸਾਹਿਤ ਵਿਚ ਇਕ ਵੱਖਰੇ ਮੁਕਾਮ 'ਤੇ ਪਹੁੰਚ ਗਿਆ ਹੈ। ਕੁਝ ਆਲੋਚਨਾਤਮਕ ਲੇਖਾਂ ਦੇ ਸਿਰਲੇਖ ਦੇਖ ਕੇ ਉਪਰੋਕਤ ਕਥਨ ਦੀ ਸਚਾਈ ਨੂੰ ਪਰਖਿਆ ਜਾ ਸਕਦਾ ਹੈ—ਰਿਸ਼ਤਾ-ਨਾਤਾ ਪ੍ਰਬੰਧ ਪ੍ਰਤੀ ਯਥਾਰਥਕ ਦ੍ਰਿਸ਼ਟੀਕੋਣ ਦੀ ਤਰਜਮਾਨੀ ਕਰਦਾ ਕਹਾਣੀ ਸੰਗ੍ਰਹਿ, ਨਿਰੰਜਣ ਬੋਹਾ ਦੇ ਕਹਾਣੀ 'ਤੀਸਰੀ ਖਿੜਕੀ' 'ਚੋਂ ਝਾਕਦੀਆਂ ਪਰਵਾਰਕ ਪ੍ਰਸਥਿਤੀਆਂ, ਤਿੜਕ ਰਹੇ ਰਿਸ਼ਤਿਆਂ ਦੀ ਜੜ੍ਹ ਪਹਿਚਾਣਦਾ ਕਥਾ ਕੈਨਵਸ, ਪੰਜਾਬੀ ਕਹਾਣੀ ਵਿਚ ਨਵੀਂ ਕਿਸਮ ਦੀ ਚੇਤਨਾ ਤੇ ਵਿਹਾਰ ਦੀ ਨਿਸ਼ਾਨਦੇਹੀ ਕਰਦਾ ਕਹਾਣੀ ਸੰਗ੍ਰਹਿ, 'ਤੀਸਰੀ ਖਿੜਕੀ' ਦਾ ਮੂਲ ਪਛਾਣਦਿਆਂ, ਨਾਰੀ ਮਨ ਦੀ ਸੰਵੇਦਨਾਤਮਕ ਪਰਤ, ਮਨੁੱਖੀ ਕਿਰਦਾਰਾਂ ਨੂੰ ਅੰਦਰੋਂ ਤੇ ਬਾਹਰੋਂ ਚਿਤਰਦੀਆਂ ਕਹਾਣੀਆਂ, 'ਤੀਸਰੀ ਖਿੜਕੀ': ਆਲੋਚਨਾਤਮਕ ਅਧਿਐਨ ਆਦਿ। ਇਹ ਪਰਚੇ ਸਮਕਾਲੀ ਸਾਹਿਤ, ਮੁਹਾਂਦਰਾ, ਆਬਰੂ, ਕਹਾਣੀਧਾਰਾ, ਸਿਰਜਣਾ, ਕਲਾਕਾਰ, ਆਪਣੀ ਅਵਾਜ਼, ਮੇਲਾ, ਪੰਜ ਦਰਿਆ, ਗੁਫਤ-ਗੂ, ਸ਼ਬਦ ਤ੍ਰਿੰਝਣ ਮੈਗਜ਼ੀਨਾਂ ਤੋਂ ਇਲਾਵਾ ਨਵਾਂ ਜ਼ਮਾਨਾ, ਦੇਸ਼ ਸੇਵਕ, ਪੰਜਾਬੀ ਜਾਗਰਣ, ਪੰਜਾਬ ਟਾਈਮਜ਼ (ਯੂ ਐੱਸ ਏ), ਪੰਜਾਬ ਟਾਈਮਜ਼ (ਯੂ ਕੇ) ਅਤੇ ਹੋਰ ਕਈ ਪੇਪਰਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ।

ਪੁਸਤਕ ਦੀ ਸੰਪਾਦਕ ਡਾ. ਰਾਜਬਿੰਦਰ ਕੌਰ ਨੇ ਪ੍ਰਵੇਸ਼ਕਾ ਵਿਚ ਨਿਰੰਜਣ ਬੋਹਾ ਦੀ ਕਹਾਣੀ ਕਲਾ 'ਤੇ ਚਰਚਾ ਹੀ ਨਹੀਂ ਕੀਤੀ, ਬਲਕਿ ਪੁਸਤਕ ਵਿਚ ਦਰਜ ਸਾਰੇ ਲੇਖਾਂ ਦਾ ਸਮੁੱਚਾ ਨਿਚੋੜ ਵੀ ਪੇਸ਼ ਕੀਤਾ ਹੈ। ਉਸ ਨੇ ਕਹਾਣੀਕਾਰ ਸੰਬੰਧੀ ਇਕ ਬਹੁਤ ਹੀ ਸਾਰਥਿਕ ਟਿੱਪਣੀ ਕੀਤੀ ਹੈ, 'ਇਸ ਕਹਾਣੀ ਸੰਗ੍ਰਹਿ ਰਾਹੀਂ ਉਸ ਨੇ ਸਾਡੇ ਰਿਸ਼ਤਾ ਪ੍ਰਬੰਧ ਦੀਆਂ ਅਨੇਕਾਂ ਮਹੀਨ ਪਰਤਾਂ ਨੂੰ ਬਹੁਤ ਹੀ ਸਹਿਜਤਾ, ਸੁਹਿਰਦਤਾ, ਸੰਜੀਦਗੀ ਤੇ ਸੁਹਜ ਨਾਲ ਫਰੋਲਿਆ ਹੈ। ਇਕ ਪਾਸੇ ਉਹ ਸਾਡੇ ਸਮਾਜਿਕ ਪ੍ਰਬੰਧ ਦੀਆਂ ਰੂੜ੍ਹੀਵਾਦੀ ਕੀਮਤਾਂ ਤੇ ਠੋਸ ਹਕੀਕਤਾਂ 'ਤੇ ਚਾਨਣਾ ਪਾਉਂਦਾ ਹੈ ਤਾਂ ਦੂਜੇ ਪਾਸੇ ਇਹਨਾਂ ਰਸਮਾਂ-ਭਿੱਥਾਂ ਦੇ ਬਦਲ ਪੇਸ਼ ਕਰਦਿਆਂ ਨਵਾਂ-ਨਕੋਰ ਸਮਾਜ ਸਿਰਜਣ ਦੀ ਗੱਲ ਵੀ ਕਰਦਾ ਹੈ।ਇਹ ਪੁਸਤਕ ਪੜ੍ਹ ਕੇ ਨਿਰੰਜਣ ਬੋਹਾ ਦੀ ਕਹਾਣੀ ਕਲਾ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

**-ਰਵਿੰਦਰ ਸਿੰਘ ਸੋਢੀ**

# ਪੰਜਾਬੀ ਸਾਹਿਤ ਅਕਾਦਮੀ ਵੱਲੋਂ 'ਸਾਹਿਤ ਉਤਸਵ'

**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 14 ਤੋਂ 17 ਨਵੰਬਰ ਤੱਕ ਪੰਜਾਬੀ ਭਵਨ, ਲੁਧਿਆਣਾ ਵਿਖੇ ਚਾਰ ਰੋਜ਼ਾ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਦਾ ਆਰੰਭ 14 ਨਵੰਬਰ ਨੂੰ ਕੀਤਾ ਗਿਆ, ਜਿਸ ਦਾ ਉਦਘਾਟਨ ਸਾਬਕਾ ਚਾਂਸਲਰ ਅਤੇ ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਸ. ਸ. ਜੌਹਲ ਨੇ ਕੀਤਾ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਈ ਥਾਈਂ ਪੁਸਤਕ ਮੇਲੇ ਲੱਗਦੇ ਹਨ, ਪਰ ਲੁਧਿਆਣੇ ਤੋਂ ਚੰਡੀਗੜ੍ਹ ਤੱਕ ਇਹੋ ਜਿਹਾ ਮੇਲਾ ਕਿਤੇ ਨਹੀਂ ਲੱਗਦਾ। ਪੰਜਾਬ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਸੋ ਪੰਜਾਬ ਦੀ ਜਵਾਨੀ ਨੂੰ ਸੰਭਾਲਣ ਲਈ ਇਹ ਉਤਸਵ ਕਰਵਾ ਰਹੇ ਹਾਂ ਅਤੇ ਅੱਗੇ ਤੋਂ ਮੇਲਾ ਹਰ ਸਾਲ ਲੱਗਿਆ ਕਰੇਗਾ।

ਪਹਿਲਾ ਦਿਨ 14 ਨਵੰਬਰ ਬਾਲ-ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਮੌਕੇ 'ਆਓ ਪੁਸਤਕਾਂ ਪੜ੍ਹੀਏ' ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਸ. ਸ. ਜੌਹਲ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸ. ਅਮਰਜੀਤ ਸਿੰਘ ਟਿੱਕਾ ਪ੍ਰਧਾਨ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਸ. ਪ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਲੁਧਿਆਣਾ ਅਤੇ ਸਾਬਕਾ ਮੇਅਰ ਸ. ਹਰਚਰਨ ਸਿੰਘ ਗੋਹਲਵੜੀਆ ਸ਼ਾਮਲ ਹੋਏ। ਜੰਗ ਬਹਾਦਰ ਗੋਇਲ ਨੇ ਪੰਜਾਬੀ ਸਾਹਿਤ ਅਕਾਡਮੀ ਦੇ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਆਪਣੇ ਪੇਪਰ 'ਆਓ ਕਿਤਾਬਾਂ ਪੜ੍ਹੀਏ' ਵਿਚ ਵਿਸਥਾਰ ਸਹਿਤ ਗੱਲ ਕਰਦਿਆਂ ਕਿਹਾ ਕਿ ਪੁਸਤਕਾਂ ਚੰਗੀ ਅਤੇ ਸੁਖਮਈ ਜ਼ਿੰਦਗੀ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਸਾਡੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਜੇ.ਪੀ. ਅਬਦੁਲ ਕਲਾਮ ਕਿਹਾ ਕਰਦੇ ਸਨ 'ਕਿਤਾਬਾਂ ਦੀ ਸੰਗਤ ਵਿਚ ਮੇਰੇ ਜੀਵਨ ਵਿਚ ਕੋਈ ਘਾਟ ਨਹੀਂ ਸੀ।' ਨੌਜਵਾਨਾਂ ਨੂੰ ਕਿਤਾਬਾਂ ਨਾਲ ਦੋਸਤੀ ਕਰਨੀ ਚਾਹੀਦੀ ਹੈ। ਕਿਤਾਬਾਂ ਪੜ੍ਹਨ ਨਾਲ ਚੰਗੀ ਜ਼ਿੰਦਗੀ ਦੀ ਚੋਣ ਕਰਨੀ ਸੌਖੀ ਹੋ ਜਾਂਦੀ ਹੈ। ਜਦੋਂ ਮਨ ਅੱਕਿਆ, ਥੱਕਿਆ, ਹਤਾਸ਼ ਅਤੇ ਨਿਰਾਸ਼ ਹੋਵੇ, ਅਰਦਾਸ/ਪ੍ਰਾਰਥਨਾ ਨਾਲ ਵੀ ਮਨ ਨਾ ਟਿਕੇ, ਉਦੋਂ ਇਕ ਚੰਗੀ ਕਿਤਾਬ ਸਹਾਈ ਸਿੱਧ ਹੋ ਸਕਦੀ ਹੈ। ਕਿਤਾਬਾਂ ਦੀ ਕਰਾਮਾਤ ਹੈ ਕਿ ਉਹ ਖ਼ੁਦਕੁਸ਼ੀ ਕਰਦੇ ਮਨੁੱਖ ਵੀ ਮੋੜ ਲਿਆਉਂਦੀਆਂ ਹਨ। ਸ. ਹਰਚਰਨ ਸਿੰਘ ਗੋਹਲਵੜੀਆ ਨੇ ਕਿਹਾ, ਮੈਂ ਪੰਜਾਬੀ ਭਵਨ ਅਨੇਕ ਵਾਰ ਆਇਆ ਹਾਂ, ਪਰ ਇਸ ਵਾਰ ਬਹੁਤ ਬਦਲਾਓ ਮਹਿਸੂਸ ਕੀਤਾ ਹੈ। ਉਨ੍ਹਾਂ ਨੇ ਸਾਹਿਤ ਉਤਸਵ ਸਮੇਂ ਨਾਟਕ ਖੇਡਣ ਵਾਲੀਆਂ ਟੀਮਾਂ ਨੂੰ ਕਿਰਾਏ ਲਈ ਨਕਦ ਰਾਸ਼ੀ ਮੌਕੇ 'ਤੇ ਦਿੱਤੀ। ਸ. ਅਮਰਜੀਤ ਸਿੰਘ ਟਿੱਕਾ ਨੇ ਕਿਹਾ, ਅੱਜ ਸਰਕਾਰਾਂ ਦੀ ਨਾਕਾਮਯਾਬੀ ਕਰਕੇ ਨੌਜਵਾਨ ਨਸ਼ੇ ਵਿਚ ਡੁੱਬੇ ਹੋਏ ਹਨ ਤੇ ਬਾਕੀ ਵਿਦੇਸ਼ਾਂ ਨੂੰ ਜਾ ਰਹੇ ਹਨ। ਸ. ਪ੍ਰਿਤਪਾਲ ਸਿੰਘ ਨੇ ਇਸ ਸ਼ਲਾਘਾਯੋਗ ਉੱਦਮ ਲਈ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੂੰ ਮੁਬਾਰਕਬਾਦ ਦਿੱਤੀ।

ਉਦਘਾਟਨੀ ਸੈਸ਼ਨ ਦਾ ਮੰਚ ਸੰਚਾਲਨ ਕਰਦਿਆਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪੁਸਤਕ ਸੇਵਾ ਅਤੇ ਲੰਗਰ ਸੇਵਾ ਦੋਵੇਂ ਇਕ ਮਹਾਨ ਕਾਰਜ ਹੈ।

ਪਹਿਲੇ ਦਿਨ ਹੀ 'ਬਲਰਾਜ ਸਾਹਨੀ ਖੁੱਲ੍ਹੇ ਰੰਗਮੰਚ' ਵਿਖੇ ਉੱਘੇ ਨਿਰਦੇਸ਼ਕਾਂ ਦੀ ਨਿਰਦੇਸ਼ਨਾ ਹੇਠ ਚਾਰ ਚੋਣਵੇਂ ਨਾਟਕ, ਨਾਟ-ਕਲਾ ਕੇਂਦਰ ਜਗਰਾਉਂ ਦੀ ਪੇਸ਼ਕਾਰੀ 'ਪੰਛੀ ਬੋਲਣ ਮਿਠੜੇ ਬੋਲ' ਬਾਲ ਨਾਟਕ ਮੋਹੀ ਅਮਰਜੀਤ ਸਿੰਘ ਦੀ ਨਿਰਦੇਸ਼ਨਾ ਹੇਠ, ਥੀਏਟਰ ਅਤੇ ਫ਼ਿਲਮ ਪ੍ਰੋਡਕਸ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੇਸ਼ਕਾਰੀ 'ਏਵਮ ਇੰਦਰਜੀਤ' ਡਾ. ਜਸਪਾਲ ਕੌਰ ਦੀ ਨਿਰਦੇਸ਼ਨਾ ਹੇਠ, ਇਪਟਾ ਮੁਹਾਲੀ ਅਤੇ ਯੂਨੀਵਰਸਲ ਆਰਟ ਐਂਡ ਵੈਲਫੇਅਰ ਸੁਸਾਇਟੀ ਦੀ ਪੇਸ਼ਕਾਰੀ 'ਮੇਰਾ ਉੱਜੜਿਆ ਗੁਆਂਢੀ' (ਸੰਤੋਖ ਸਿੰਘ ਧੀਰ ਦੀ ਕਹਾਣੀ 'ਤੇ ਅਧਾਰਿਤ) ਜਿਸ ਦੇ ਲੇਖਕ ਸੰਜੀਵਨ ਅਤੇ ਨਰਿੰਦਰ ਪਾਲ ਨੀਨਾ ਦੀ ਨਿਰਦੇਸ਼ਨਾ ਹੇਠ, ਰੰਗਮੰਚ ਰੰਗਨਗਰੀ (ਰਜਿ.) ਲੁਧਿਆਣਾ ਦੀ ਪੇਸ਼ਕਾਰੀ 'ਸੱਚ ਦੀ ਸਰਦਲ ਤੋਂ' (ਹਿੰਦੀ ਨਾਟਕ ਚੌਰਾਹੇ ਪਰ) ਦੇ ਲੇਖਕ ਅੰਮ੍ਰਿਤ ਲਾਲ ਮਦਾਨ, ਅਨੁਵਾਦ ਹੀਰਾ ਸਿੰਘ ਰੰਧਾਵਾ, ਤਰਲੋਚਨ ਸਿੰਘ ਦੇ ਨਿਰਦੇਸ਼ਨ ਹੇਠ ਪੇਸ਼ ਕੀਤੇ ਗਏ। ਇਸ ਸੈਸ਼ਨ ਦੇ ਕੋਆਰਡੀਨੇਟਰ ਸੰਜੀਵਨ ਸਨ। ਪਹਿਲੇ ਨਾਟਕ 'ਤੇ ਪ੍ਰੋ. ਅਤੈ ਸਿੰਘ ਅਤੇ ਦੂਜੇ ਬਾਰੇ ਜਸਪਾਲ ਮਾਨਖੇੜਾ ਨੇ ਭਾਵਪੂਰਤ ਟਿੱਪਣੀ ਕੀਤੀ। ਤੀਜੇ ਨਾਟਕ 'ਤੇ ਰਾਜਵਿੰਦਰ ਸਮਰਾਲਾ ਨੇ ਤੇ ਚੌਥੇ ਨਾਟਕ 'ਤੇ ਡਾ. ਜਸਪਾਲ ਕੌਰ ਦਿਓਲ ਨੇ ਟਿੱਪਣੀ ਕੀਤੀ।



ਦੂਸਰੇ ਦਿਨ ਦੇ ਪਹਿਲੇ ਸੈਸ਼ਨ ਵਿਚ ਕੈਬਨਿਟ ਮੰਤਰੀ ਪੰਜਾਬ ਸਰਕਾਰ ਹਰਦੀਪ ਸਿੰਘ ਮੁੰਡੀਆਂ ਅਤੇ ਚੇਅਰਮੈਨ ਮਾਰਕਫੈੱਡ ਪੰਜਾਬ ਅਮਨਦੀਪ ਸਿੰਘ ਸੋਹੀ ਪਹੁੰਚੇ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਫੁੱਲਾਂ ਦੇ ਗੁਲਦਸਤਿਆਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਡਾ. ਸਰਬਜੀਤ ਸਿੰਘ ਨੇ ਉਨ੍ਹਾਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਅਕਾਡਮੀ ਵੱਲੋਂ ਕਰਵਾਏ ਜਾ ਰਹੇ ਚਾਰ ਰੋਜ਼ਾ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਬਾਦਲ ਸਰਕਾਰ ਵੇਲੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਲਈ ਪ੍ਰਤੀਬੱਧ ਸੰਸਥਾਵਾਂ ਨੇ ਇਕ ਰਾਜ ਭਾਸ਼ਾ ਐਕਟ ਤਿਆਰ ਕਰਕੇ ਦਿੱਤਾ ਸੀ, ਜੋ ਅੱਜ ਤੱਕ ਲਾਗੂ ਨਹੀਂ ਹੋ ਸਕਿਆ। ਸਾਹਿਤ ਸੰਸਥਾਵਾਂ ਕੰਮ ਕਰ ਰਹੀਆਂ ਹਨ, ਪਰ ਸਰਕਾਰਾਂ ਸੰਸਥਾਵਾਂ ਦੀ ਮਦਦ ਵੀ ਨਹੀਂ ਕਰ ਰਹੀਆਂ। ਪੰਜਾਬ ਸਰਕਾਰ ਪੰਜਾਬੀ ਭਾਸ਼ਾ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦੀ ਗੱਲ ਸੁਣੇ ਅਤੇ ਪਹਿਲ ਦੇ ਆਧਾਰ 'ਤੇ ਪੰਜਾਬੀ ਭਾਸ਼ਾ ਐਕਟ ਲਾਗੂ ਕਰੇ।

ਸਾਹਿਤ ਉਤਸਵ ਮੌਕੇ ਸੁਖਜੀਵਨ ਅਤੇ ਰਵੀ ਰਵਿੰਦਰ ਦੁਆਰਾ ਲਗਾਈ ਫ਼ੋਟੋ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਉਪਰੰਤ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸਭ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤਾਂ ਅਤੇ ਸ਼ਾਇਰਾਂ ਨੇ ਪੰਜਾਬ ਦੀ ਵਿਰਾਸਤ ਨੂੰ ਬਹੁਤ ਬੁਲੰਦੀਆਂ ਬਖ਼ਸ਼ੀਆਂ ਹਨ। ਲੇਖਕਾਂ ਦੀ ਕਲਮ ਵਿਚ ਬਹੁਤ ਜਾਨ ਹੁੰਦੀ ਹੈ । ਉਨ੍ਹਾਂ ਦੁਆਰਾ ਰਚਿਤ ਪੁਸਤਕਾਂ ਨੂੰ ਪੜ੍ਹਨ ਦਾ ਅਲੱਗ ਹੀ ਆਨੰਦ ਹੁੰਦਾ ਹੈ। ਪੁਸਤਕਾਂ ਰਾਹ ਦਸੇਰਾ ਹੁੰਦੀਆਂ ਹਨ। ਬੱਚਿਆਂ ਤੇ ਨੌਜਵਾਨਾਂ ਨੂੰ ਵਿਰਸੇ ਅਤੇ ਧਰਮ ਨਾਲ ਜੋੜਨ ਦੀ ਲੋੜ ਹੈ, ਜੋ ਮੁੱਖ ਰੂਪ ਵਿਚ ਲੇਖਕਾਂ ਦੇ ਹੀ ਵੱਸ ਦੀ ਗੱਲ ਹੈ। ਉਨ੍ਹਾਂ ਕਿਹਾ ਪੰਜਾਬੀ ਭਵਨ, ਲੁਧਿਆਣਾ ਵਿਖੇ ਆ ਕੇ ਅਤੇ ਲੇਖਕਾਂ ਨੂੰ ਮਿਲ ਕੇ ਹਾਰਦਿਕ ਪ੍ਰਸੰਨਤਾ ਹੋਈ ਹੈ। ਇਸ ਤਰ੍ਹਾਂ ਦੇ ਕਾਰਜ ਕਰਨ ਲਈ ਤੁਸੀਂ ਵਧਾਈ ਦੇ ਪਾਤਰ ਹੋ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀਆਂ ਮੰਗਾਂ 'ਤੇ ਤੁਰੰਤ ਅਮਲ ਕਰਦਿਆਂ ਸੋਮਵਾਰ ਤੋਂ ਕੰਮ ਸ਼ੁਰੂ ਹੋ ਜਾਣ ਦਾ ਭਰੋਸਾ ਦਿਵਾਇਆ। ਮੈਂ ਮੁੱਖ ਮੰਤਰੀ ਸਾਹਿਬ ਨਾਲ ਵਿਚਾਰ ਵਟਾਂਦਰਾ ਕਰਕੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਆਰਥਿਕ ਮਦਦ ਜਲਦੀ ਹੀ ਕੀਤੀ ਜਾਵੇਗੀ।

ਚੇਅਰਮੈਨ ਅਮਨਦੀਪ ਸਿੰਘ ਮੋਹੀ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਸਾਂਭਣ ਦੀ ਲੋੜ ਹੈ। ਪੁਸਤਕ ਮੇਲਾ ਅਤੇ ਸਾਹਿਤ ਉਤਸਵ ਇਕ ਸ਼ਲਾਘਾਯੋਗ ਕਾਰਜ ਹੈ। ਅਸੀਂ ਪੰਜਾਬੀ ਮਾਂ ਬੋਲੀ ਤੋਂ ਬਹੁਤ ਦੂਰ ਜਾ ਰਹੇ ਹਾਂ, ਜਿਸ ਵਿਚ ਵਿਦਿਅਕ ਸੰਸਥਾਵਾਂ ਦਾ ਵੱਡਾ ਹੱਥ ਹੈ। ਮਾਪਿਆਂ ਨੂੰ ਬੱਚਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਵੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨਾਲ ਸਲਾਹ ਕਰਕੇ ਵੱਖ-ਵੱਖ ਥਾਵਾਂ 'ਤੇ ਅਜਿਹੇ ਮੇਲਿਆਂ ਦਾ ਪ੍ਰਬੰਧ ਕੀਤਾ ਜਾਵੇਗਾ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਚੇਅਰਮੈਨ ਅਮਨਦੀਪ ਸਿੰਘ ਮੋਹੀ ਨੂੰ ਯਾਦ ਚਿੰਨ੍ਹ, ਪੁਸਤਕਾਂ ਦੇ ਸੈੱਟ ਅਤੇ ਦੋਸ਼ਾਲੇ ਦੇ ਕੇ ਸਨਮਾਨਿਤ ਕੀਤਾ ਗਿਆ।

ਅਗਲੇ ਸੈਸ਼ਨ ਵਿਚ 'ਰੇਪ ਮਾਨਸਿਕਤਾ ਅਤੇ ਔਰਤ' ਵਿਸ਼ੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਪਾਲ ਕੌਰ ਨੇ ਕੀਤੀ। ਮੁੱਖ ਮਹਿਮਾਨ ਵਜੋਂ ਪ੍ਰੋ. ਜਗਮੋਹਨ ਸਿੰਘ ਅਤੇ ਵਿਸ਼ੇਸ਼ ਮਹਿਮਾਨ ਸ੍ਰੀਮਤੀ ਪਰਮਿੰਦਰ ਸਵੈਚ ਸ਼ਾਮਲ ਹੋਏ। ਇਸ ਸੈਸ਼ਨ ਦੇ ਪੈਨਲਿਸਟ ਵਿਦਿਆਰਥੀ ਆਗੂ ਹਰਵੀਰ ਕੌਰ ਨੇ ਕਿਹਾ ਕਿ ਔਰਤ ਦਿਵਸ 8 ਮਾਰਚ ਨੂੰ ਹੀ ਕਿਉਂ ? ਇਸ ਗੰਭੀਰ ਚਰਚਾ ਲਈ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦਾ ਵੱਡਾ ਕਦਮ ਹੈ। ਰੇਪ ਸਾਡੇ ਕਲਚਰ ਦਾ ਹਿੱਸਾ ਬਣ ਰਿਹਾ ਹੈ, ਜੋ ਖ਼ਤਰਨਾਕ ਹੈ। ਕਿਸੇ ਕੁੜੀ ਨਾਲ ਰੇਪ ਅਤੇ ਕਤਲ ਹੋਣ ਤੋਂ ਬਾਅਦ ਹੀ ਜਨਤਕ ਲਹਿਰਾਂ ਉੱਠਦੀਆਂ ਹਨ। ਡਾ. ਮਨਮਿੰਦਰ ਕੌਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਤੋਂ ਸਾਢੇ ਪੰਜ ਸਦੀਆਂ ਬਾਅਦ ਵੀ ਹਾਲਾਤ ਨਹੀਂ ਬਦਲੇ। ਬਲਾਤਕਾਰੀਆਂ ਨੂੰ ਸਖਤ ਸਜ਼ਾਵਾਂ ਦੇਣ ਉਪਰੰਤ ਵੀ ਕੋਈ ਫ਼ਰਕ ਨਹੀਂ ਪੈ ਰਿਹਾ। ਅਜਿਹੇ ਘਿਨਾਉਣੇ ਅਪਰਾਧ ਵਿਚ ਪਿਤਾ, ਭਾਈ ਤੱਕ ਵੀ ਸ਼ਾਮਲ ਹੁੰਦੇ ਹਨ। ਮਰਦਾਵਾਂ ਸਮਾਜ ਜਾਂ ਮਰਦਾਨਗੀ ਹਵਸ ਵਧਾਉਣ ਦਾ ਵੱਡਾ ਕਾਰਨ ਹੈ। ਐਡਵੋਕੇਟ ਅਮਨਦੀਪ ਕੌਰ ਨੇ ਕਿਹਾ ਕਿ ਬਲਾਤਕਾਰ ਇਕ ਵਰਤਾਰਾ ਹੈ ਜਾਂ ਸੋਚ ਹੈ, ਇਸ ਨੂੰ ਘੋਖਣ ਦੀ ਲੋੜ ਹੈ। ਸਾਡੇ ਭਾਰਤ ਮਹਾਨ ਵਿਚ ਇਕ ਸਾਲ ਵਿਚ ਹੀ ਚਾਰ ਲੱਖ ਪੰਜਤਾਲੀ ਹਜ਼ਾਰ ਦੋ ਸੌ ਛਿਪੰਜਾ ਕੇਸ ਦਰਜ ਹੋਏ ਹਨ। ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਵਾਪਰੀਆਂ ਘਟਨਾਵਾਂ ਦਾ ਦੋ ਪ੍ਰਤੀਸ਼ਤ ਹੀ ਹਨ। ਕਿਸਾਨ ਆਗੂ ਜਸਵੀਰ ਕੌਰ ਨੱਤ ਨੇ ਕਿਹਾ ਕਿ ਜਾਤ ਜਾਂ ਜਮਾਤ ਨੂੰ ਨੀਵਾਂ ਦਿਖਾਉਣ ਲਈ ਔਰਤ 'ਤੇ ਹਮਲਾ ਕੀਤਾ ਜਾਂਦਾ ਹੈ। ਇਹ ਪ੍ਰਵਿਰਤੀ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਸਜ਼ਾ ਸਿਰਫ਼ ਕੇਸ ਨਾ ਲੜ ਸਕਣ ਵਾਲੇ ਦੋਸ਼ੀ ਨੂੰ ਹੀ ਹੁੰਦੀ ਹੈ। ਹਰਦੀਪ ਕੋਟਲਾ ਨੇ ਕਿਹਾ ਕਿ ਸਮਾਜ ਦੀ ਹਰ ਦੱਬੀ-ਕੁਚਲੀ ਜਮਾਤ ਨਾਲ ਧੱਕਾ (ਰੇਪ) ਹੁੰਦਾ ਹੈ, ਜਿਸ ਦਾ ਪੰਜਾਹ ਪ੍ਰਤੀਸ਼ਤ ਪੀੜਤ ਔਰਤ ਹੀ ਹੁੰਦੀ ਹੈ ਕਿਉਂਕਿ ਉਹ ਕਿਸੇ ਜਾਇਦਾਦ ਦੀ ਮਾਲਕ ਨਹੀਂ ਹੁੰਦੀ। ਅੱਜਕੱਲ੍ਹ ਸੋਸ਼ਲ ਮੀਡੀਆ ਇਸ ਅਪਰਾਧ ਪ੍ਰਵਿਰਤੀ ਨੂੰ ਵਧਾਉਣ ਲਈ ਪੂਰਨ ਸਮੱਗਰੀ ਪੇਸ਼ ਕਰ ਰਿਹਾ ਹੈ। ਜਗਮੋਹਨ ਸਿੰਘ ਨੇ ਸ਼ਹੀਦ ਭਗਤ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਦਗੀ ਚੰਗੀ ਚੀਜ਼ ਹੈ, ਪਰ ਵਿਚਾਰਾਂ ਦੀ ਮਜ਼ਬੂਤੀ ਹੋਵੇ। ਅਨਿਆਂ ਨਾਲ ਕਦੇ ਸਮਝੌਤਾ ਨਹੀਂ ਕਰਨਾ ਚਾਹੀਦਾ। ਹਿੰਸਾ ਦਾ ਸਭ ਤੋਂ ਘਿਨਾਉਣਾ ਰੂਪ ਬਲਾਤਕਾਰ ਹੀ ਹੈ। ਪਰਮਿੰਦਰ ਸਵੈਚ ਨੇ ਕਿਹਾ ਕਿ ਪੂੰਜੀਵਾਦੀ ਦੇਸ਼ਾਂ ਵਿਚ ਜੇ ਇਸ ਨਾਲੋਂ ਵੱਧ ਵਿਕਾਸ ਹੋਇਆ ਹੈ ਤਾਂ ਜੁਰਮਾਂ ਨੇ ਵੀ ਓਨਾ ਹੀ ਵਿਕਾਸ ਕੀਤਾ ਹੈ। ਹਰਪ੍ਰੀਤ ਕੌਰ ਸੰਧੂ, ਹਰਜਿੰਦਰ ਸਿੰਘ ਦਿਲਗੀਰ, ਮਨਜੀਤ ਇੰਦਰਾ, ਸੰਜੀਵਨ, ਜਸਵੀਰ ਝੱਜ, ਬਲਕੌਰ ਸਿੰਘ ਨੇ ਪੜ੍ਹੇ ਗਏ ਪਰਚਿਆਂ 'ਤੇ ਟਿੱਪਣੀਆਂ ਕੀਤੀਆਂ। ਮੰਚ ਸੰਚਾਲਨ ਡਾ. ਅਰਵਿੰਦਰ ਕੌਰ ਕਾਕੜਾ ਨੇ ਕੀਤਾ।

ਦੂਜੇ ਸੈਸ਼ਨ ਦੇ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਸਿੱਧ ਕਵਿੱਤਰੀ ਮਨਜੀਤ ਇੰਦਰਾ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਸੁਰਿੰਦਰ ਗੀਤ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਗੁਰਚਰਨ ਕੌਰ ਕੋਚਰ ਸ਼ਾਮਲ ਹਨ। ਕਵੀ ਦਰਬਾਰ ਵਿਚ ਸੋਮਾ ਸਬਲੋਕ, ਜਸਲੀਨ ਕੌਰ, ਜਸਪ੍ਰੀਤ ਫ਼ਲਕ, ਗੁਰਮੀਤ ਕੌਰ, ਕਮਲ ਸੇਖੋਂ, ਅੰਜੂ ਅਮਨਦੀਪ ਗਰੋਵਰ, ਪੁਸ਼ਪਿੰਦਰ ਵਿਰਕ, ਅੰਮ੍ਰਿਤਪਾਲ ਕਲੇਰ, ਜੋਗਿੰਦਰ ਨੂਰਮੀਤ, ਹਰਸਿਮਰਤ ਕੌਰ, ਦੀਪ ਇੰਦਰ, ਰਾਜਵਿੰਦਰ ਜਟਾਣਾ, ਮਨਿੰਦਰ ਕੌਰ ਬਸੀ, ਰਮਨਦੀਪ ਵਿਰਕ, ਵਿਜੇਤਾ ਭਾਰਦਵਾਜ, ਹਰਪ੍ਰੀਤ ਕੌਰ ਸੰਧੂ, ਜਸਪ੍ਰੀਤ ਅਮਲਤਾਸ, ਚਰਨਜੀਤ ਕੌਰ ਜੋਤ, ਡਾ. ਸਰਬਜੀਤ ਕੌਰ ਬਰਾੜ ਸ਼ਾਮਲ ਹੋਏ। ਕਵੀ ਦਰਬਾਰ ਦਾ ਮੰਚ ਸੰਚਾਲਨ ਨਰਿੰਦਰਪਾਲ ਕੌਰ ਨੇ ਕੀਤਾ। ਇਸ ਮੌਕੇ ਸਰੂਪ ਸਿਆਲਵੀ ਦੀ ਕਿਤਾਬ 'ਵਰਗ (ਵਰਣ) ਸੰਘਰਸ਼ ਅਤੇ ਸੰਸਕ੍ਰਿਤੀਆਂ ਦੀ ਆਪਸੀ-ਨਿਰਭਰਤਾ' ਲੋਕ ਅਰਪਣ ਕੀਤੀ ਗਈ।

ਤੀਜਾ ਦਿਨ 16 ਨਵੰਬਰ ਸ਼ਾਇਰੀ ਦਾ 'ਸਰਵਰ' ਪੰਜਾਬ ਮਾਹ ਨੂੰ ਸਮਰਪਤ ਕੀਤਾ ਗਿਆ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਸਾਹਿਤ ਉਤਸਵ ਸਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਸੈਸ਼ਨ ਦੀ ਪ੍ਰਧਾਨਗੀ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਕੀਤੀ। ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀ ਜਸਵੰਤ ਜ਼ਫ਼ਰ ਮੁੱਖ ਮਹਿਮਾਨ ਵਜੋਂ ਅਤੇ ਆਰਟ ਕਾਉਂਸਲ ਦੇ ਚੇਅਰਮੈਨ ਸ੍ਰੀ ਸਵਰਨਜੀਤ ਸਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਕਵੀ ਦਰਬਾਰ ਵਿਚ ਪ੍ਰੋ. ਸੁਰਜੀਤ ਜੱਜ, ਹਰਮਿੰਦਰ ਕੋਹਾਰਵਾਲਾ, ਵਿਜੈ ਵਿਵੇਕ, ਗੁਰਪ੍ਰੀਤ ਮਾਨਸਾ, ਬਲਵਿੰਦਰ ਸੰਧੂ, ਸਵਾਮੀ ਅੰਤਰ ਨੀਰਵ, ਵਾਹਿਦ (ਸਤਨਾਮ ਸਿੰਘ), ਰਮਨ ਸੰਧੂ, ਮੁਕੇਸ਼ ਆਲਮ, ਬਲਕਾਰ ਔਲਖ, ਸੁਰਜੀਤ ਸਿਰੜੀ, ਲਿੱਪੀ ਦਾ ਮਹਾਂਦੇਵ, ਡਾ. ਸੰਦੀਪ ਸ਼ਰਮਾ, ਹਰਮੀਤ ਵਿਦਿਆਰਥੀ, ਅਮਰਿੰਦਰ ਸੋਹਲ, ਰਾਮ ਸਿੰਘ, ਧਾਮੀ ਗਿੱਲ, ਸੁਰਿੰਦਰ ਮਕਸੂਦਪੁਰੀ, ਜਸਦੇਵ ਸਿੰਘ ਲਲਤੋਂ, ਮਨਪ੍ਰੀਤ ਧਰਮਕੋਟ, ਡਾ. ਪੂਨਮ, ਦਰਸ਼ਨ ਬੁੱਟਰ, ਪ੍ਰਤੀਕ ਸਿੰਘ ਸ਼ਾਮਲ ਹੋਏ। ਇਸ ਸੈਸ਼ਨ ਦਾ ਮੰਚ ਸੰਚਾਲਨ ਕਵੀ ਦਰਬਾਰ ਦੇ ਸੰਯੋਜਕ ਡਾ. ਜਗਵਿੰਦਰ ਜੋਧਾ ਨੇ ਕੀਤਾ। ਇਸ ਮੌਕੇ ਅਕਾਡਮੀ ਵੱਲੋਂ ਵਿਦਿਆਰਥੀ ਚਿਨਮੇ ਜੱਗਾ, ਅਕਾਡਮੀ ਦੇ ਵਿਕਰੀ ਕੇਂਦਰ ਦੇ ਸੰਚਾਲਕ ਸਤਨਾਮ ਸਿੰਘ ਦਾ ਸਨਮਾਨ ਕੀਤਾ ਗਿਆ। ਪ੍ਰੋ. ਰਵਿੰਦਰ ਭੱਠਲ ਦੀ ਕਿਤਾਬ 'ਛਾਵਾਂ ਦਾ ਸੇਕ', ਡਾ. ਗੁਰਇਕਬਾਲ ਸਿੰਘ ਦੀ ਕਿਤਾਬ 'ਕਥਾ ਸੁੱਕਦੇ ਦਰਿਆਵਾਂ ਦੀ', ਸੱਜਣ ਦੀ ਕਿਤਾਬ 'ਮੈਂ ਇਸ਼ਕ ਕਰਦਾ ਹਾਂ', ਕਿਰਨਪ੍ਰੀਤ ਸਿੰਘ ਦੀ ਪੁਸਤਕ 'ਮਕਰੰਦ' ਲੋਕ ਅਰਪਣ ਕੀਤੀ ਗਈ।

ਦੂਜੇ ਸੈਸ਼ਨ ਵਿਚ ਨਵਲਪ੍ਰੀਤ ਰੰਗੀ (ਕੈਨੇਡਾ) ਵੱਲੋਂ ਦਸਤਾਵੇਜ਼ੀ ਫ਼ਿਲਮਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ। ਮਨੂੰ ਬੁਆਣੀ ਵੱਲੋਂ 'ਨਿਊ ਕੁਇਨ' ਲਘੂ ਫ਼ਿਲਮ ਦੀ ਦਿਖਾਈ ਗਈ। ਪੁਸਤਕ ਮੇਲੇ ਮੌਕੇ ਤੀਜੇ ਦਿਨ 45 ਕਿਤਾਬਾਂ ਦੇ ਸਟਾਲਾਂ ਤੋਂ ਪੁਸਤਕ ਪ੍ਰੇਮੀਆਂ ਨੇ ਆਪਣੀ ਮਨਪਸੰਦ ਦੀਆਂ ਪੁਸਤਕਾਂ ਖ਼ਰੀਦੀਆਂ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਭ ਦਾ ਧੰਨਵਾਦ ਕੀਤਾ।

ਚੌਥੇ ਤੇ ਅੰਤਿਮ ਦਿਨ 'ਪੰਜਾਬ ਦੇ ਚੰਗੇਰੇ ਭਵਿੱਖ' ਨੂੰ ਸਮਰਪਿਤ ਕੀਤਾ ਗਿਆ। 'ਪੰਜਾਬ ਦਾ ਅੱਜ ਅਤੇ ਭਵਿੱਖ' ਵਿਸ਼ੇ ਬਾਰੇ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸੈਮੀਨਾਰ ਦੇ ਆਰੰਭ ਵਿਚ ਸਭ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾਂ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਇਸ ਚਾਰ ਰੋਜ਼ਾ ਸਾਹਿਤ ਉਤਸਵ ਮੌਕੇ ਹੁੰਮ-ਹੁਮਾ ਕੇ ਪਹੁੰਚੇ ਵਿਦਵਾਨਾਂ, ਪ੍ਰਕਾਸ਼ਕਾਂ, ਪੁਸਤਕ ਵਿਕ੍ਰੇਤਾਵਾਂ, ਪੁਸਤਕ ਪ੍ਰੇਮੀਆਂ ਅਤੇ ਸਰੋਤਿਆਂ ਦਾ ਪੰਜਾਬੀ ਭਵਨ ਦੇ ਵਿਹੜੇ 'ਚ ਆਉਣ 'ਤੇ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ। ਪੈਨਲਿਸਟ ਡਾ. ਗਿਆਨ ਸਿੰਘ 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਪੂੰਝੇ-ਕਪੂੰਝੇ', ਡਾ. ਬਲਵਿੰਦਰ ਸਿੰਘ ਔਲਖ 'ਪੰਜਾਬ ਦਾ ਸਿਹਤ ਸੰਕਟ', ਸ. ਗੁਰਪ੍ਰੀਤ ਸਿੰਘ ਤੂਰ 'ਪੰਜਾਬ ਅਤੇ ਪਰਵਾਸ', ਡਾ. ਪਰਮਜੀਤ ਸਿੰਘ ਢੀਂਗਰਾ 'ਪੰਜਾਬ : ਅਤੀਤ ਅਤੇ ਅੱਜ' ਬਾਰੇ ਭਾਵਪੂਰਤ ਪੇਪਰ ਪੇਸ਼ ਕੀਤੇ। ਇਸ ਸੈਸ਼ਨ ਦਾ ਮੰਚ ਸੰਚਾਲਨ ਅਕਾਡਮੀ ਦੇ ਸਕੱਤਰ ਸਾਹਿਤਕ ਸਰਗਰਮੀਆਂ ਡਾ. ਹਰੀ ਸਿੰਘ ਜਾਚਕ ਨੇ ਬਾਖ਼ੂਬੀ ਨਿਭਾਇਆ।

ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਕਲਮਾਂ ਵਾਲਿਆਂ ਦਾ ਇਹ ਫ਼ਰਜ਼ ਹੈ ਕਿ ਲੜਾਈ ਲੜਨ ਵਾਲਿਆਂ ਨੂੰ ਸੇਧ ਦੇਣ। ਸੰਵਿਧਾਨ ਦੀ ਆੜ ਹੇਠ ਅੱਜਕੱਲ੍ਹ ਆਮ ਆਦਮੀ ਨਪੀੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਪੰਜਾਬ ਮਾਰੂ ਨੀਤੀਆਂ ਤੋਂ ਪੰਜਾਬੀਆਂ ਨੂੰ ਸੁਚੇਤ ਕਰਨ ਦੀ ਲੋੜ ਹੈ।

ਇਸ ਮੌਕੇ ਪੜ੍ਹੇ ਗਏ ਪਰਚਿਆਂ ਬਾਰੇ ਡਾ. ਸੁਖਦੇਵ ਸਿੰਘ ਪੀ.ਏ.ਯੂ., ਸੰਜੀਵਨ, ਬਲਕੌਰ ਸਿੰਘ, ਮਨਦੀਪ ਕੌਰ ਭੰਮਰਾ ਨੇ ਸਵਾਲ ਕੀਤੇ ਅਤੇ ਪੈਨਲਿਸਟ ਨੇ ਬਹੁਤ ਵਧੀਆ ਜਵਾਬ ਦਿੱਤੇ।

ਡਾ. ਗੁਲਜ਼ਾਰ ਸਿੰਘ ਪੰਧੇਰ ਵੱਲੋਂ ਸੰਪਾਦਤ ਮੈਗਜ਼ੀਨ 'ਸਮਾਂਤਰ ਨਜ਼ਰੀਆ', ਬਾਬਾ ਗੇਂਦਾ ਸਿੰਘ ਦੌਧਰ ਦੀ ਪੁਸਤਕ ਸੰਪਾਦਕ ਡਾ. ਸੁਖਦੇਵ ਸਿੰਘ ਸਿਰਸਾ, 'ਮੇਰੀ ਜੀਵਨ ਕਥਾ : ਸੱਚੋ ਸੱਚ', ਰਿਪੁਦਮਨ ਸਿੰਘ ਰੂਪ ਦੀ ਪੁਸਤਕ 'ਤੀਲਾ' ਅਤੇ ਹੋਰ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ ਪ੍ਰਧਾਨ ਡਾ. ਹਰਵਿੰਦਰ ਸਿੰਘ ਸਿਰਸਾ ਪੈਨਲਿਸਟਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤ ਉਤਸਵ ਵਿਚ ਸ਼ਾਮਲ ਹੋਏ ਸਾਰੇ ਪੈਨਲਿਸਟਾਂ ਤੋਂ ਅਕਾਡਮੀ ਨੂੰ ਵੱਡੀਆਂ ਉਮੀਦਾਂ ਹਨ। ਚਾਰੇ ਦਿਨ ਮੇਲੇ ਵਿਚ ਹਜ਼ਾਰਾਂ ਦਰਸ਼ਕਾਂ ਤੇ ਪੁਸਤਕ ਪ੍ਰੇਮੀਆਂ ਨੇ ਆਨੰਦ ਮਾਣਿਆ।

## ਇਤਿਹਾਸਕ ਪੈੜਾਂ ਛੱਡ ਗਿਆ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਰੋਹ



**ਗੁਰਦਾਸਪੁਰ**-ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ ਰਾਮ ਸਿੰਘ ਦੱਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਕਰਵਾਇਆ ਗਿਆ। ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਬੁਲਾਰੇ ਪ੍ਰਮੁੱਖ ਚਿੰਤਕ, ਸਮਾਜਿਕ ਤੇ ਰਾਜਨੀਤਕ ਮਸਲਿਆਂ ਦੇ ਵਿਸ਼ਲੇਸ਼ਕ ਡਾ. ਪਿਆਰਾ ਲਾਲ ਗਰਗ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ, ਮੀਤ ਪ੍ਰਧਾਨ ਡਾ. ਹਰਜਿੰਦਰ ਅਟਵਾਲ, ਮੀਤ ਪ੍ਰਧਾਨ ਸੇਲਿੰਦਰਜੀਤ ਸਿੰਘ ਰਾਜਨ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ (ਸਾਰੇ ਕੇਂ.ਪੰ.ਲੇ. ਸਭਾ), ਉੱਘੇ ਵਿਦਵਾਨ ਡਾ. ਕੁਲਦੀਪ ਪੁਰੀ, ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾ. ਲੇਖ ਰਾਜ, ਸੰਯੋਜਕ ਮੱਖਣ ਕੁਹਾੜ, ਜ਼ਿਲ੍ਹਾ ਭਾਸ਼ਾ ਅਫਸਰ ਡਾ. ਪਰਮਜੀਤ ਸਿੰਘ ਕਲਸੀ ਅਤੇ ਕਹਾਣੀਕਾਰ ਲਾਲ ਸਿੰਘ ਦਸੂਹਾ ਸ਼ਾਮਲ ਹੋਏ। ਪ੍ਰੋਗਰਾਮ ਨੂੰ ਅੱਗੇ ਤੋਰਦਿਆਂ ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾ. ਲੇਖ ਰਾਜ ਨੇ ਆਏ ਵਿਦਵਾਨਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਪ੍ਰਿੰਸੀਪਲ ਸੁਜਾਨ ਸਿੰਘ ਅਤੇ ਡਾ. ਨਿਰਮਲ ਸਿੰਘ ਆਜ਼ਾਦ ਦੀ ਸਾਹਿਤ ਅਤੇ ਸਮਾਜ ਨੂੰ ਦੇਣ ਬਾਰੇ ਕੁੰਜੀਵਤ ਸ਼ਬਦਾਂ ਨਾਲ ਸਾਂਝ ਪਵਾਈ। ਜਨਵਾਦੀ ਕਵੀ ਵਿਜੇ ਅਗਨੀਹੋਤਰੀ ਨੇ ਇਨਕਲਾਬੀ ਗੀਤ ਪੇਸ਼ ਕੀਤਾ ।

ਸਮਾਰੋਹ ਦੌਰਾਨ ਪ੍ਰਮੁੱਖ ਬੁਲਾਰੇ ਡਾ. ਪਿਆਰਾ ਲਾਲ ਗਰਗ ਨੇ ਪੰਜਾਬ ਖੁਸ਼ਹਾਲੀ ਤੋਂ ਬਦਹਾਲੀ ਵੱਲ ਵਧਣ ਦੇ ਕਾਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਦੇਵ ਜੀ ਅਤੇ ਕਾਰਲ ਮਾਰਕਸ ਦੇ ਸਿਧਾਂਤਾਂ ਬਾਰੇ ਖੁੱਲ੍ਹ ਕੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਹੁਣ ਸਾਡੇ ਆਗੂ ਤੇ ਗਿਆਨੀ ਗਿਆਨ ਤਾਂ ਦਿੰਦੇ ਹਨ, ਪਰ ਉਹ ਉਸ ਦੇ ਉੱਤੇ ਆਪ ਨਹੀਂ ਚੱਲਦੇ। ਡਾ. ਗਰਗ ਨੇ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਰੁਜ਼ਗਾਰ ਪੈਦਾ ਕਰਨ ਦੀ ਬਜਾਏ ਕਾਰਪੋਰੇਟ ਸੈਕਟਰ ਪੱਖੀ ਰਹੀਆਂ ਹਨ। ਸੁਸ਼ੀਲ ਦੁਸਾਂਝ ਨੇ ਕਿਹਾ ਕਿ ਸਿਆਸਤਦਾਨਾਂ ਦੀ ਘਟੀਆ ਸਿਆਸਤ ਅਤੇ ਸਮੇਂ-ਸਮੇਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਅੱਤਵਾਦ ਦੇ ਦੌਰ ਦੇ ਬਾਅਦ ਪੰਜਾਬ ਅੱਜ ਤੱਕ ਪੈਰਾਂ 'ਤੇ ਖੜ੍ਹਾ ਨਹੀਂ ਹੋ ਸਕਿਆ। ਡਾਕਟਰ ਹਰਜਿੰਦਰ ਸਿੰਘ ਅਟਵਾਲ ਅਤੇ ਕੁਲਦੀਪ ਪੁਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।ਇਸ ਮੌਕੇ ਜ਼ਿਲ੍ਹਾ ਸਾਹਿਤ ਕੇਂਦਰ ਵੱਲੋਂ ਕਹਾਣੀਕਾਰ ਰਤਨ ਸਿੰਘ ਕੰਵਲ ਵਾਸੀ ਅਨੰਤਨਾਗ (ਜੰਮੂ-ਕਸ਼ਮੀਰ) ਨੂੰ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਐਵਾਰਡ ਅਤੇ ਕਹਾਣੀਕਾਰ ਅਲਫਾਜ ਨੂੰ ਉਤਸ਼ਾਹ-ਵਰਧਕ ਸਨਮਾਨ ਅਤੇ ਵਿਸ਼ਵ ਪ੍ਰਸਿੱਧ ਲੇਖਕ ਡਾ. ਧਰਮ ਸਿੰਘ ਗੁਰਾਇਆ (ਯੂ ਐੱਸ ਏ) ਨੂੰ ਪ੍ਰਸਿੱਧ ਅਰਥਸ਼ਾਸਤਰੀ ਡਾਕਟਰ ਨਿਰਮਲ ਸਿੰਘ ਆਜ਼ਾਦ ਯਾਦਗਾਰੀ ਐਵਾਰਡ ਨਾਲ ਸਨਮਾਨਿਆ ਗਿਆ।

ਇਸ ਮੌਕੇ ਧਰਮ ਸਿੰਘ ਗੁਰਾਇਆ ਦੀ ਪੁਸਤਕ ਰਾਵੀ ਦਾ ਰਾਠ ਰਾਏ ਅਹਿਮਦ ਖਾਨ ਖਰਲ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਬੁਲਾਰਾ ਪੰਜਾਬੀ ਲੇਖਕ ਲੋਕ ਅਰਪਿਤ ਕੀਤੇ ਗਏ। ਮੱਖਣ ਕੁਹਾੜ ਨੇ ਪੰਜਾਬੀ ਨੂੰ ਅਦਾਲਤੀ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕਰਨ, ਅਖੌਤੀ ਮਾਡਲ ਤੇ ਪਬਲਿਕ ਸਕੂਲਾਂ ਵਿੱਚ ਇਹ ਬੋਰਡ ਲਵਾਉਣ ਕਿ 'ਇਸ ਸਕੂਲ ਵਿੱਚ ਪੰਜਾਬੀ ਬੋਲਣ 'ਤੇ ਪਾਬੰਦੀ ਨਹੀਂ ਹੈ' ਨਵੀਂ ਸਿੱਖਿਆ ਨੀਤੀ ਫੌਰੀ ਤੌਰ 'ਤੇ ਰੱਦ ਕਰਨ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਸੌਂਪਣ, ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਰਾਹੀਂ ਸਿੱਖਿਆ ਦੇਣ ਤੇ ਸੰਸਾਰ ਵਿੱਚ ਚੱਲ ਰਹੀਆਂ ਜੰਗਾਂ ਨੂੰ ਸਮਾਪਤ ਕਰਨ ਦੇ ਮਤੇ ਪੇਸ਼ ਕੀਤੇ।ਅਖੀਰ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਹੋਰਾਂ ਨੇ ਆਪਣੀ ਗੱਲ ਵੀ ਕਹੀ ਅਤੇ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਪਹੁੰਚੇ ਸਰੋਤਿਆਂ ਦਾ ਧੰਨਵਾਦ ਕੀਤਾ। ਸੀਤਲ ਗੁੰਨੋਪੁਰੀ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

## 'ਪੰਜਾਬੀ ਮਿੰਨੀ ਕਹਾਣੀ ਦੇ ਨਿਕਾਸ, ਵਿਕਾਸ, ਵਰਤਮਾਨ ਅਤੇ ਭਵਿੱਖ' ਬਾਰੇ ਸੈਮੀਨਾਰ

**ਬਰਨਾਲਾ** : ਜ਼ਿਲ੍ਹਾ ਭਾਸ਼ਾ ਦਫਤਰ ਬਰਨਾਲਾ ਵੱਲੋਂ ਪੰਜਾਬੀ ਮਹੀਨਾ ਨਵੰਬਰ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ 'ਚ ਪੰਜਾਬੀ ਮਿੰਨੀ ਕਹਾਣੀ 'ਨਿਕਾਸ, ਵਿਕਾਸ, ਵਰਤਮਾਨ ਅਤੇ ਭਵਿੱਖ' ਵਿਸ਼ੇ 'ਤੇ ਗੋਸ਼ਟੀ ਅਤੇ 'ਮਿੰਨੀ ਕਹਾਣੀ ਦਰਬਾਰ' ਹੋਇਆ।ਸਮਾਗਮ ਦੀ ਪ੍ਰਧਾਨਗੀ ਓਮ ਪ੍ਰਕਾਸ਼ ਗਾਸੋ ਪੰਜਾਬੀ ਸਾਹਿਤ ਰਤਨ ਨੇ ਕੀਤੀ।ਡਾ. ਜੋਗਿੰਦਰ ਸਿੰਘ ਨਿਰਾਲਾ ਕਹਾਣੀਕਾਰ ਅਤੇ ਆਲੋਚਕ ਵੱਲੋਂ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ, ਜਦਕਿ ਲੇਖਕ ਅਤੇ ਆਲੋਚਕ ਤੇਜਾ ਸਿੰਘ ਤਿਲਕ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।ਤ੍ਰੈਮਾਸਿਕ ਮਿੰਨੀ ਦੇ ਸੰਪਾਦਕ ਜਗਦੀਸ਼ ਰਾਏ ਕੁਲਰੀਆਂ ਮੁੱਖ ਬੁਲਾਰੇ ਵਜੋਂ ਸਮਾਗਮ 'ਚ ਪਹੁੰਚੇ। ਜ਼ਿਲ੍ਹਾ ਭਾਸ਼ਾ ਅਫਸਰ ਬਿੰਦਰ ਸਿੰਘ ਖੁੱਡੀ ਕਲਾਂ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਸਮਾਗਮ ਦੇ ਮਨੋਰਥ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਮਾਗਮ ਕਰਵਾਉਣਾ ਜ਼ਿਲ੍ਹਾ ਭਾਸ਼ਾ ਦਫਤਰ ਦਾ ਸ਼ਲਾਘਾਯੋਗ ਉਪਰਾਲਾ ਹੈ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਜ਼ਿਲ੍ਹਾ ਭਾਸ਼ਾ ਦਫਤਰ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਿੰਨੀ ਕਹਾਣੀ ਬਾਰੇ ਕਰਵਾਇਆ ਜਾ ਰਿਹਾ ਇਹ ਸਮਾਗਮ ਮਿੰਨੀ ਕਹਾਣੀ ਲੇਖਕਾਂ ਨੂੰ ਕਹਾਣੀ ਰਚਨਾ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਕੇ ਹੋਰ ਬਿਹਤਰ ਸਿਰਜਣਾ ਲਈ ਪ੍ਰੇਰਿਤ ਕਰੇਗਾ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਮੌਜੂਦਾ ਸਮਾਂ ਛੋਟੀਆਂ ਸਿਨਫਾਂ ਦਾ ਸਮਾਂ ਹੈ।ਇਸ ਲਈ ਪੰਜਾਬੀ ਸਾਹਿਤ ਦੇ ਖੇਤਰ 'ਚ ਮਿੰਨੀ ਕਹਾਣੀ ਦਾ ਭਵਿੱਖ ਵੀ ਰੌਸ਼ਨ ਹੈ।ਮੁੱਖ ਬੁਲਾਰੇ ਵਜੋਂ ਬੋਲਦਿਆਂ ਜਗਦੀਸ਼ ਰਾਏ ਕੁਲਰੀਆਂ ਨੇ ਕਿਹਾ ਕਿ ਮਿੰਨੀ ਕਹਾਣੀ ਦਾ ਘੇਰਾ ਦਿਨ ਪ੍ਰਤੀ ਦਿਨ ਵਿਸ਼ਾਲ ਹੋ ਰਿਹਾ ਹੈ।ਵੱਡੀ ਗਿਣਤੀ 'ਚ ਪੰਜਾਬੀ ਸਾਹਿਤਕਾਰਾਂ ਵੱਲੋਂ ਮਿੰਨੀ ਕਹਾਣੀ ਦੀ ਸਿਰਜਣਾ ਕੀਤੀ ਜਾਣ ਲੱਗੀ ਹੈ। ਸਮਾਗਮ ਦੇ ਦੂਜੇ ਦੌਰ 'ਚ ਮਿੰਨੀ ਕਹਾਣੀ ਲੇਖਕਾਂ ਦਰਸ਼ਨ ਸਿੰਘ ਬਰੇਟਾ, ਬੀਰਇੰਦਰ ਸਿੰਘ ਬਨਭੌਰੀ, ਕੁਲਵਿੰਦਰ ਕੌਸ਼ਲ, ਰਣਜੀਤ ਆਜ਼ਾਦ ਕਾਂਝਲਾ, ਡਾ. ਵੀਰਪਾਲ ਕੌਰ, ਪਰਮਜੀਤ ਕੌਰ ਸੇਖੂਪੁਰ ਕਲਾਂ, ਸੁਖਵਿੰਦਰ ਸਿੰਘ ਦਾਨਗੜ੍ਹ, ਤੇਜਿੰਦਰ ਚੰਡਿਹੋਕ, ਮਾਲਵਿੰਦਰ ਸ਼ਾਇਰ, ਗੁਰਮੇਲ ਰੁੜਕੇ, ਅੰਗਰੇਜ਼ ਉੱਪਲੀ, ਗੁਰਤੇਜ ਤਪਾ, ਅਮ੍ਰਿਤ ਬਰਨਾਲਵੀ ਅਤੇ ਦਵਿੰਦਰ ਕੌਰ ਦੀਪ ਅਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਲਿਖੀਆਂ ਮਿੰਨੀ ਕਹਾਣੀਆਂ ਹਾਜ਼ਰੀਨ ਦੇ ਸਨਮੁੱਖ ਕੀਤੀਆਂ ਗਈਆਂ।ਸਮਾਗਮ ਦੇ ਅਖੀਰ 'ਚ ਬੋਲਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਕਿਹਾ ਕਿ ਸਾਡੀ ਮਾਂ ਬੋਲੀ ਹੋਣ ਦੇ ਨਾਤੇ ਪੰਜਾਬੀ ਭਾਸ਼ਾ ਨੂੰ ਸਤਿਕਾਰ ਦੇਣਾ ਸਾਡਾ ਸਭ ਦਾ ਨੈਤਿਕ ਫਰਜ਼ ਹੈ। ਮੰਚ ਸੰਚਾਲਨ ਦਾ ਫਰਜ਼ ਰੰਗ ਮੰਚ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਮੈਡਮ ਰੁਪਇੰਦਰਜੀਤ ਕੌਰ ਵੱਲੋਂ ਬਾਖੂਬੀ ਨਿਭਾਇਆ ਗਿਆ।

## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਸੈਮੀਨਾਰ



**ਟੋਰਾਂਟੋ** - 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' (ਮਾਇਸੋ) ਵੱਲੋਂ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 109ਵੇਂ ਸ਼ਹਾਦਤ ਦਿਵਸ ਤੇ ਬਰੈਂਪਟਨ ਵਿਖੇ 'ਵਿਦੇਸ਼ਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਲਈ ਚੁਣੌਤੀਆਂ ਤੇ ਸੰਘਰਸ਼ ਦਾ ਰਾਹ' ਵਿਸ਼ੇ ਉੱਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਮਾਇਸੋ ਦੇ ਨੌਜਵਾਨ ਆਗੂ ਖੁਸ਼ਪਾਲ ਗਰੇਵਾਲ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਘਾਲਣਾ ਬਾਰੇ ਬੋਲਦਿਆਂ ਨੌਜਵਾਨਾਂ-ਵਿਦਿਆਰਥੀਆਂ ਨੂੰ ਸਿਆਸੀ ਚੇਤੰਨਤਾ ਗ੍ਰਹਿਣ ਕਰਨ ਦੀ ਅਪੀਲ ਕੀਤੀ। ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ, ਕੈਨੇਡਾ ਦੇ ਆਗੂ ਬਲਵਿੰਦਰ ਬਰਨਾਲਾ ਨੇ ਬਸਤੀਵਾਦੀ ਲੁੱਟ-ਜਬਰ ਦੇ ਦੌਰ ਅੰਦਰ ਸਰਾਭਾ ਦੀ ਲਾਸਾਨੀ ਕੁਰਬਾਨੀ ਅਤੇ ਗਦਰੀ ਵਿਚਾਰਧਾਰਾ ਦੀ ਇਨਕਲਾਬੀ ਵਿਰਾਸਤ ਤੋਂ ਜ਼ਰੂਰੀ ਸਬਕ ਗ੍ਰਹਿਣ ਕਰਨ ਉੱਤੇ ਜ਼ੋਰ ਦਿੱਤਾ। ਕੈਨੇਡਾ ਤੋਂ ਛਪਦੇ ਮੈਗਜ਼ੀਨ 'ਨੌਜਵਾਨ ਅਵਾਜ਼' ਦੇ ਸੰਪਾਦਕ ਮਨਦੀਪ ਨੇ ਮੁੱਖ ਵਿਸ਼ੇ ਉੱਤੇ ਗੱਲ ਕਰਦਿਆਂ ਕਿਹਾ ਕਿ ਕੈਨੇਡਾ ਸਮੇਤ ਦੁਨੀਆ ਭਰ ਵਿੱਚ ਤੇਜ਼ੀ ਨਾਲ ਬਦਲ ਰਹੇ ਹਾਲਾਤ ਵਿੱਚ ਜਿੱਥੇ ਕੁੱਲ ਕਿਰਤੀ ਜਮਾਤ ਪਿਸ ਰਹੀ ਹੈ, ਉੱਥੇ ਵਿਦੇਸ਼ਾਂ ਵਿੱਚ ਪ੍ਰਵਾਸੀ ਕਾਮਿਆਂ ਤੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਲੁੱਟ ਤੇ ਵਿਤਕਰੇਬਾਜ਼ੀ ਦਾ ਮਹੌਲ ਤੇਜ਼ ਹੋ ਰਿਹਾ ਹੈ। ਲੰਘੀਆਂ ਅਮਰੀਕੀ ਚੋਣਾਂ ਸਮੇਂ ਪ੍ਰਵਾਸੀਆਂ ਵਿਰੋਧੀ ਨਫਰਤ ਅਤੇ ਦੇਸ਼-ਨਿਕਾਲੇ ਦੇ ਐਲਾਨਾਂ ਨਾਲ ਇਹ ਜ਼ਾਹਰ ਹੋ ਗਿਆ ਹੈ ਕਿ ਸਾਮਰਾਜੀ ਮੁਲਕ ਇੱਕ ਪਾਸੇ ਕੱਚੇ ਕਾਮਿਆਂ ਨੂੰ ਸਸਤੀ ਕਿਰਤ ਸ਼ਕਤੀ ਦੇ ਸਾਧਨ ਵਜੋਂ ਵਰਤਦੇ ਹਨ ਤੇ ਦੂਜੇ ਪਾਸੇ ਉਹਨਾਂ ਨੂੰ ਦੇਸ਼-ਨਿਕਾਲਾ ਦੇ ਕੇ ਆਪਣੇ ਸਿਆਸੀ ਤੇ ਆਰਥਿਕ ਲਾਹੇ ਹਾਸਲ ਕਰਦੇ ਹਨ। ਉਹਨਾਂ ਕਿਹਾ ਕਿ ਇਸ ਸਮੇਂ ਫਲਸਤੀਨ ਦੁਨੀਆ ਦੇ ਸਭ ਤੋਂ ਵੱਡੇ ਮਨੁੱਖੀ ਸੰਕਟ ਦਾ ਸ਼ਿਕਾਰ ਹੈ ਤੇ ਪ੍ਰਵਾਸ ਸੰਕਟ ਅਸਲ ਅਰਥਾਂ ਵਿੱਚ ਪੂੰਜੀਵਾਦੀ ਸੰਕਟ ਹੈ। ਉਹਨਾਂ ਕੈਨੇਡਾ ਵਿੱਚ ਕੱਚੇ ਕਾਮਿਆਂ ਨੂੰ ਪੱਕੇ ਕਰਨ ਤੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਵਾਲੇ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ ਦੀ ਮੰਗ ਕੀਤੀ। ਉਹਨਾਂ ਵਿਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਕਾਮਿਆਂ ਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਭੜਕਾਊ, ਫਿਰਕੂ ਤੇ ਸਪਾਂਸਰਡ ਅਖੌਤੀ ਜੱਥੇਬੰਦੀਆਂ ਤੇ ਵਿਅਕਤੀਆਂ ਦੇ ਭੁਚਲਾਵੇ ਤੋਂ ਸੁਚੇਤ ਹੋ ਕੇ ਵਿਚਾਰਧਾਰਕ ਤੌਰ 'ਤੇ ਚੇਤੰਨ ਜੱਥੇਬੰਦੀ, ਏਕਤਾ ਤੇ ਸਾਂਝੇ ਸੰਘਰਸ਼ਾਂ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਸਮੇਂ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਡਾ. ਹਰਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਸਰਾਭਾ ਦੀ ਸ਼ਹਾਦਤ ਦੇ 109 ਵਰ੍ਹਿਆਂ ਬਾਅਦ ਸੰਸਾਰ ਹਾਲਾਤ ਬਹੁਤ ਤੇਜ਼ ਗਤੀ ਨਾਲ ਬਦਲ ਚੁੱਕੇ ਹਨ। ਇਸ ਲਈ ਸੰਸਾਰ ਪੂੰਜੀਵਾਦ ਦੀਆਂ ਨਵੀਆਂ ਤੇ ਵੱਡੀਆਂ ਚੁਣੌਤੀਆਂ ਖਿਲਾਫ ਲੜਨ ਲਈ ਨਵੀਂ-ਨਰੋਈ ਅਗਵਾਈ ਦੀ ਲੋੜ ਹੈ। ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ, ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੰਡੋ-ਕੈਨੇਡੀਅਨ ਭਾਈਚਾਰੇ ਦੇ ਬੁਨਿਆਦੀ ਮੁੱਦੇ ਸਾਂਝੇ ਹਨ ਤੇ ਇਸ ਲਈ ਉਹਨਾਂ ਦੀ ਜਮਾਤੀ-ਤਬਕਾਤੀ ਸਾਂਝ ਬਣਦੀ ਹੈ। ਉਹਨਾਂ ਕੈਨੇਡਾ ਵਿੱਚ ਵਸਦੇ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਹਾਕਮ ਜਮਾਤਾਂ ਦੀਆਂ ਵੰਡਪਾਊ ਤੇ ਫਿਰਕਾਪ੍ਰਸਤ ਚਾਲਾਂ ਤੋਂ ਦੂਰ ਰਹਿ ਕੇ ਧਰਮ-ਨਿਰਪੱਖਤਾ ਤੇ ਜਮਹੂਰੀ ਹੱਕਾਂ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਕੈਨੇਡੀਅਨ ਸਾਹਿਤ ਸਭਾ ਵੱਲੋਂ ਤਲਵਿੰਦਰ ਮੰਡ, ਪੰਜਾਬੀ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਪ੍ਰੋ. ਜਾਗੀਰ ਸਿੰਘ ਕਾਹਲੋਂ, ਐਸੋਸੀਏਸ਼ਨ ਆਫ ਪ੍ਰੋਗਰੈਸਿਵ ਕੈਨੇਡੀਅਨ ਕੋਆਰਡੀਨੇਸ਼ਨ ਵੱਲੋਂ ਹਰਪਰਮਿੰਦਰ ਸਿੰਘ ਗਦਰੀ ਤੇ ਕੁਲਦੀਪ ਸਿੰਘ ਬੋਪਾਰਾਏ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸ਼ਹੀਦਾਂ ਦੀ ਅਗਾਂਹਵਧੂ ਇਨਕਲਾਬੀ ਵਿਚਾਰਧਾਰਾ ਦੀ ਮਾਰਗ-ਸੇਧ 'ਤੇ ਚੱਲਦਿਆਂ ਜੱਥੇਬੰਦ ਏਕਤਾ ਦਾ ਸੁਨੇਹਾ ਦਿੱਤਾ।

# ਪਾਠਕਾਂ ਦੇ ਝਰੋਖੇ 'ਚੋਂ

## ਅਣਖੀ ਯੋਧਿਆਂ ਦੇ ਪਿੰਡਾਂ ਦਾ ਇਤਿਹਾਸ

17 ਨਵੰਬਰ ਦੇ 'ਐਤਵਾਰਤਾ' ਵਿਚ ਗਦਰੀ ਬਾਬਿਆਂ ਦੇ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਚ ਲੱਗੇ ਮੇਲੇ ਬਾਰੇ ਗਿਆਨ ਸੈਦਪੁਰੀ ਦੇ ਲੇਖ 'ਮੇਲਾ ਕੀ ਕਹਿੰਦਾ..' ਵਿਚ ਪੂਰੀ ਝਲਕ ਪੜ੍ਹਨ ਨੂੰ ਮਿਲੀ ।ਕੇਸਰ ਨੇ ਇਸ ਮੇਲੇ ਵਿਚ ਲੱਗੇ ਪੁਸਤਕ ਮੇਲੇ ਦੀ ਜਾਣਕਾਰੀ ਬਹੁਤ ਖੂਬਸੂਰਤ ਸ਼ਬਦਾਂ ਵਿਚ ਦਿੱਤੀ ਹੈ। ਲੱਖਾਂ ਪਾਠਕਾਂ ਨੇ ਇਸ ਮੇਲੇ ਵਿਚੋਂ ਆਪਣੀ ਪਸੰਦ ਦੀਆਂ ਕਿਤਾਬਾਂ ਖਰੀਦੀਆਂ ।ਲੇਖਕ ਨੇ ਬਲਬੀਰ ਪਰਵਾਨਾ, ਡਾਕਟਰ ਹਰਜਿੰਦਰ ਅਟਵਾਲ ਤੇ ਤਸਕੀਨ ਆਦਿ ਸਾਹਿਤਕਾਰਾਂ ਦੇ ਹਵਾਲੇ ਨਾਲ ਪਾਠਕਾਂ ਦੀ ਪੁਸਤਕ ਮੇਲੇ ਨਾਲ ਸਾਂਝ ਪੁਆਈ ਹੈ। ਮੇਲਾ ਹਰ ਸਾਲ ਨਵੀਂ ਦਿੱਖ ਹਾਸਲ ਕਰਦਾ ਜਾ ਰਿਹਾ ਹੈ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਸੁਰਜੀਤ ਪਾਤਰ ਦੇ ਹਵਾਲੇ ਨਾਲ ਜ਼ਿੰਦਗੀ ਦੀ ਤੋਰ ਦਾ ਜ਼ਿਕਰ ਕੀਤਾ ਹੈ। ਤੁਰਨ ਵਾਲੇ ਹੀ ਮੰਜ਼ਲਾਂ ਪ੍ਰਾਪਤ ਕਰਦੇ ਹਨ। ਮੈਨੂੰ ਯਾਦ ਹੈ ਕਿ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਅਕਸਰ ਤੁਰ ਕੇ ਬੱਸ ਅੱਡੇ ਤੋਂ ਪੰਜਾਬੀ ਭਵਨ ਲੁਧਿਆਣਾ ਤੱਕ ਜਾਇਆ ਕਰਦੇ ਸਨ। ਉਨ੍ਹਾ ਆਪਣੀ 'ਸਵੈਜੀਵਨੀ' ਵਿਚ ਤੁਰਨ ਦਾ ਜ਼ਿਕਰ ਕੀਤਾ ਹੈ। ਤੁਰਨ ਨਾਲ ਸਰੀਰ ਵੀ ਚੁਸਤ ਰਹਿੰਦਾ ਹੈ ਤੇ ਫੁਰਤੀ ਵੀ ਕਾਇਮ ਰਹਿੰਦੀ ਹੈ। ਤੁਰਨ ਨਾਲ ਜਿਹੜੇ ਰਾਹ ਬਣਦੇ ਹਨ, ਉਨ੍ਹਾਂ ਰਾਹਾਂ 'ਤੇ ਲੋਕ ਚਲਦੇ ਹਨ ਤੇ ਰਾਹ ਬਣਾਉਣ ਵਾਲਿਆਂ ਨੂੰ ਯਾਦ ਕਰਦੇ ਹਨ। ਪੁਰਾਣੇ ਸਮੇਂ ਵਿਚ ਖੇਤਾਂ ਦੀਆਂ ਪਗਡੰਡੀਆ ਹੀ ਰਾਹ ਬਣ ਜਾਇਆ ਕਰਦੇ ਸਨ। ਪ੍ਰਕਾਸ਼ ਕੌਰ ਸੰਧੂ ਨੇ ਸਈਦਾ ਹਮੀਦ ਦੀ ਸ਼ਖ਼ਸੀਅਤ ਬਾਰੇ ਅਨੁਵਾਦਿਤ ਲੇਖ ਵਿਚ ਜ਼ਿਕਰ ਕੀਤਾ ਹੈ। ਇਹ ਜਜ਼ਬਾ ਸਾਹਿਤ ਵਿਚੋਂ ਮਿਲਦਾ ਹੈ। ਅਮਰਜੀਤ ਸਿੰਘ ਫੌਜੀ ਨੇ ਰਿਸ਼ਵਤਖੋਰ ਥਾਣੇਦਾਰ ਦਾ ਜ਼ਿਕਰ ਕੀਤਾ ਹੈ ।ਹਰਾਮ ਦੀ ਕਮਾਈ ਕਰਨ ਵਾਲਿਆਂ ਦਾ ਹਾਲ ਮਾੜਾ ਹੁੰਦਾ ਹੈ। 'ਦ੍ਰਿਸ਼ਟੀਕੋਣ' 'ਚ ਸੜਕਾਂ ਦੇ ਚੱਲਣ ਦੀ ਗੱਲ ਕੀਤੀ ਹੈ। ਦੇਸ਼ ਵਿਚ ਬਹੁਤਾ ਕੁਝ ਰੱਬ-ਆਸਰੇ ਚੱਲੀ ਜਾਂਦਾ ਹੈ। ਮੇਰਾ ਰੀਵਿਊ ਛਾਪਣ ਲਈ ਧੰਨਵਾਦ। ਵਿਜੈ ਬੰਬੇਲੀ ਦੀ ਕਿਤਾਬ ਇਤਿਹਾਸਕ ਹੈ। ਅਣਖੀ ਯੋਧਿਆਂ ਦੇ ਪਿੰਡਾਂ ਦਾ ਇਤਿਹਾਸ ਲਿਖਣਾ ਬਹੁਤ ਜ਼ਰੂਰੀ ਹੈ। ਇਹ ਸਾਡੇ ਵਿਰਾਸਤੀ ਪਿੰਡ ਹਨ। ਸਾਹਿਤਕ ਸਰਗਰਮੀਆਂ ਪੜ੍ਹ ਕੇ ਮਨ ਖੁਸ਼ ਹੋਇਆ ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

# ਸੜਕਨਾਮਾ ਦੇ ਨਾਵਲ 'ਯਸ਼ੋਧਰਾ' 'ਤੇ ਕਰਵਾਈ ਗੋਸ਼ਟੀ

**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ । ਮਾਲਵਾ ਸਾਹਿਤ ਸਭਾ ਦੇ ਬਾਨੀ ਪ੍ਰਧਾਨ ਸੰਤ ਰਾਮ ਉਦਾਸੀ ਦੀ ਬਰਸੀ ਨੂੰ ਸਮਰਪਿਤ ਇਸ ਸਮਾਗਮ ਵਿੱਚ ਜਗਰਾਜ ਧੌਲਾ ਦੀ ਪੁਸਤਕ 'ਪੰਜਾਬੀ ਵਿਆਹਾਂ ਦੀਆਂ ਰਸਮਾਂ ਅਤੇ ਗੀਤਾਂ' ਦਾ ਲੋਕ ਅਰਪਣ ਕੀਤਾ ਗਿਆ। ਇਸ ਬਾਰੇ ਬੋਲਦਿਆਂ ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ, ਜੁਗਰਾਜ ਧੌਲਾ ਲੋਕ ਕਵੀ ਹੈ, ਪਰ ਉਸ ਨੇ ਪੰਜਾਬੀ ਵਿਆਹਾਂ ਦੀਆਂ ਰਸਮਾਂ, ਗੀਤਾਂ ਨਾਲ ਪੁਸਤਕ ਰਚ ਕੇ ਆਪਣੇ ਵਿਰਸੇ ਨੂੰ ਸੰਭਾਲਿਆ ਹੈ। ਇਹ ਪੁਸਤਕ ਜਿੱਥੇ ਪੰਜਾਬ ਵਾਸੀਆਂ ਨੂੰ ਵਿਆਹ ਨਾਲ ਸੰਬੰਧਤ ਅਨੇਕਾਂ ਤੱਥਾਂ 'ਤੇ ਚਾਨਣਾ ਪਾਉਂਦੀ ਹੈ, ਉੱਥੇ ਨਵੀਂ ਪੀੜ੍ਹੀ ਅਤੇ ਪ੍ਰਵਾਸ ਕਰ ਚੁੱਕੇ ਪੰਜਾਬੀ ਧੀਆਂ-ਪੁੱਤਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕਰੇਗੀ। ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜਗਰਾਜ ਧੌਲਾ ਦੀ ਇਹ ਪੁਸਤਕ ਵਿਆਹ ਪ੍ਰਬੰਧ ਦੇ ਵਿਧਾਨ ਦੀ ਵਿਆਖਿਆ ਦੇ ਨਾਲ-ਨਾਲ ਪੰਜਾਬੀ ਵਿਆਹਾਂ ਸੰਬੰਧੀ ਪ੍ਰਚੱਲਤ ਰਸਮਾਂ-ਗੀਤਾਂ ਨੂੰ ਸਾਂਭਣ ਵਾਲੀ ਅਹਿਮ ਕਿਤਾਬ ਹੈ। ਇਹ ਉਹ ਰਸਮਾਂ, ਗੀਤਾਂ ਹਨ, ਜਿਨ੍ਹਾਂ ਨੂੰ ਨਿਭਾਉਣ ਵਿੱਚ ਹੁਣ ਤੱਕ ਦੀ ਹਰ ਪੀੜ੍ਹੀ ਦਾ ਸਮੁੱਚਾ ਜੀਵਨ ਲੱਗਿਆ ਹੈ।ਉਪਰੰਤ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਯਸ਼ੋਧਰਾ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਯਸ਼ੋਧਰਾ' ਵਿਚ ਮਿੱਥ ਦੀ ਪੁਨਰ ਸਿਰਜਣਾ ਕੀਤੀ ਗਈ ਹੈ।

ਡਾਕਟਰ ਸੁਰਜੀਤ ਬਰਾੜ ਨੇ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ 'ਯਸ਼ੋਧਰਾ' ਇਤਿਹਾਸਕ ਨਾਵਲ ਹੈ। ਇਹਨਾਂ ਤੋਂ ਇਲਾਵਾ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਕੰਵਰਜੀਤ ਭੱਠਲ, ਜਗਤਾਰ ਜਜ਼ੀਰਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਹਾਕਮ ਸਿੰਘ ਰੂੜੇਕੇ ਨੇ ਵੀ ਇਹਨਾਂ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਾਹਿਤਕ ਇਕੱਤਰਤਾ ਵਿੱਚ ਕੰਵਰਜੀਤ ਭੱਠਲ ਦੁਆਰਾ ਸੰਪਾਦਤ ਮੈਗਜ਼ੀਨ 'ਕਲਾਕਾਰ' ਦਾ 146ਵਾਂ ਅਤੇ 'ਲੋਹਮਣੀ' ਦਾ ਨਵਾਂ ਅੰਕ ਲੋਕ ਅਰਪਣ ਕੀਤਾ ਗਿਆ।

ਉਪਰੰਤ ਹੋਏ ਕਵੀ ਦਰਬਾਰ ਵਿਚ ਰਘਵੀਰ ਸਿੰਘ ਗਿੱਲ ਕੱਟੂ, ਪਾਲ ਸਿੰਘ ਲਹਿਰੀ, ਮੇਜਰ ਸਿੰਘ ਗਿੱਲ, ਰਜਨੀਸ਼ ਕੌਰ, ਬਬਲੀ, ਰੂਪ ਸਿੰਘ ਧੌਲਾ, ਡਾ. ਹਰਪ੍ਰੀਤ ਕੌਰ ਰੂਬੀ, ਸੁਰਜੀਤ ਸਿੰਘ ਦੇਹੜ, ਲਛਮਨ ਦਾਸ ਮੁਸਾਫਰ, ਦਲਬਾਰ ਸਿੰਘ ਧਨੌਲਾ, ਚਰਨੀ ਬੇਦਿਲ, ਲਖਵਿੰਦਰ ਸਿੰਘ ਠੀਕਰੀਵਾਲ, ਚਰਨ ਸਿੰਘ ਭਦੌੜ, ਮਨਦੀਪ ਕੌਰ ਭਦੌੜ, ਜਗਜੀਤ ਕੌਰ ਢਿੱਲਵਾਂ, ਸੁਖਵਿੰਦਰ ਸਿੰਘ ਆਜ਼ਾਦ, ਸੁਖਵਿੰਦਰ ਸਿੰਘ ਸਨੇਹ, ਪ੍ਰਿੰਸੀਪਲ ਕੌਰ ਸਿੰਘ, ਤੇਜਿੰਦਰ ਚੰਡਿਹੋਕ ਅਤੇ ਮਨਜੀਤ ਸਿੰਘ ਸਾਗਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

## 'ਪੰਜਾਬੀ ਲੇਖਕ' ਦਾ 100ਵਾਂ ਅੰਕ ਰਿਲੀਜ਼



**ਅੰਮ੍ਰਿਤਸਰ**—ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬੁਲਾਰੇ 'ਪੰਜਾਬੀ ਲੇਖਕ' ਦੇ 100ਵੇਂ ਅੰਕ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਮੌਕੇ ਰਿਲੀਜ਼ ਕੀਤਾ ਹੈ।ਭਾਸ਼ਾ ਵਿਭਾਗ ਪੰਜਾਬ ਦੇ ਨਵ-ਨਿਯੁਕਤ ਡਾਇਰੈਕਟਰ ਅਤੇ ਪ੍ਰਮੁੱਖ ਸ਼ਾਇਰ ਜਸਵੰਤ ਜ਼ਫਰ, ਪਰਵਾਸੀ ਸਾਹਿਤਕਾਰ ਹਰਜਿੰਦਰ ਸਿੰਘ ਕੰਗ, ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ ਅਤੇ ਡਾ. ਆਤਮ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿਚ ਪੰਜਾਬੀ ਲੇਖਕ ਬਾਰੇ ਜਾਣ-ਪਛਾਣ ਕਰਵਾਉਂਦਿਆਂ ਕੇਂਦਰੀ ਸਭਾ ਦੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਇਹ 100ਵਾਂ ਅੰਕ ਸਭਾ ਦੇ ਬਾਨੀ ਹੀਰਾ ਸਿੰਘ ਦਰਦ ਦੀ ਯਾਦ ਨੂੰ ਸਮਰਪਿਤ ਹੈ ਅਤੇ ਸਰਵਰਕ ਉੱਪਰ ਉਹਨਾਂ ਦੀ ਰੰਗਦਾਰ ਤਸਵੀਰ ਹੈ। ਉਹਨਾਂ ਦੱਸਿਆ ਕਿ 'ਪੰਜਾਬੀ ਲੇਖਕ' ਪੰਜਾਬ ਅਤੇ ਪੰਜਾਬੋਂ ਬਾਹਰਲੀਆਂ ਸਾਹਿਤ ਸਭਾਵਾਂ ਨਾਲ ਕੇਂਦਰੀ ਸਭਾ ਦਾ ਰਾਬਤਾ ਕਾਇਮ ਕਰਨ ਦਾ ਸਿੱਧਾ ਸਰੋਤ ਹੈ। ਆਏ ਮਹਿਮਾਨਾਂ ਨੇ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਉਪਰਾਲੇ ਮਾਤ ਭਾਸ਼ਾ ਦੀ ਤਰੱਕੀ ਅਤੇ ਆਪਸੀ ਸੰਵਾਦ ਦਾ ਸਬੱਬ ਵੀ ਬਣਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਰੋਮਣੀ ਸ਼ਾਇਰ ਬਲਵਿੰਦਰ ਸੰਧੂ, ਰਮਨ ਸੰਧੂ, ਸਿਮਰਨ ਅਕਸ, ਰੋਜ਼ੀ ਸਿੰਘ, ਰਾਜਪਾਲ ਬਾਠ, ਡਾ. ਹੀਰਾ ਸਿੰਘ, ਮਨਮੋਹਨ ਸਿੰਘ ਢਿੱਲੋਂ, ਐੱਸ ਪਰਸ਼ੋਤਮ, ਹਰਮੀਤ ਆਰਟਿਸਟ, ਡਾ. ਪਰਮਿੰਦਰ ਸਿੰਘ, ਡਾ. ਕੁਲਦੀਪ ਸਿੰਘ ਅਤੇ ਡਾ. ਮਿੰਨੀ ਸਲਵਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਫੋਰਟ ਵਿਲੀਅਮ ਕਾਲਜ : ਸਈਅਦ ਸਬਤ ਹਸਨ**

**ਤਵਾਰੀਖ-ਏ-ਖੇਤੀ : ਵਿਜੈ ਬੰਬੇਲੀ**

**'ਸ਼ੇਰਨੀਆਂ' : ਅਮਰਜੀਤ ਬਰਾੜ, (ਫੋਕਸ) ਡਾ. ਹਰਿੰਦਰ ਸਿੰਘ ਤੂੜ**

**ਗੋਵਰਧਨ ਗੱਬੀ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

24-Nov-Sunday.qxd 11/23/2024 11:07 PM Page 3



# ਬੀਰ ਇੰਦਰ ਬਨਭੌਰੀ ਦੀਆਂ ਮਿੰਨੀ ਕਹਾਣੀਆਂ

**ਬੀਰ ਇੰਦਰ ਬਨਭੌਰੀ ਦੀਆਂ ਮਿੰਨੀ ਕਹਾਣੀਆਂ ਵਿਚ ਨਪੀੜੇ ਤੇ ਲਤਾੜੇ ਜਾ ਰਹੇ ਲੋਕਾਂ ਲਈ ਹੇਰਵਾ ਹੈ। ਉਹ ਲੋਕਾਂ ਲਈ ਲਿਖਦਾ ਹੋਇਆ ਉਨ੍ਹਾਂ ਦੇ ਦੁੱਖਾਂ ਦੀ ਬਾਤ ਪਾਉਂਦਾ ਹੈ। ਉਹ ਕਲਾ ਕਲਾ ਦੇ ਲਈ ਨਹੀਂ, ਕਲਾ ਲੋਕਾਂ ਦੇ ਲਈ ਗੱਲ ਦਾ ਧਾਰਨੀ ਹੈ। ਇਸ ਤਰ੍ਹਾਂ ਲੋਕ ਮਾਨਸਿਕਤਾ ਤੇ ਮਸਲਿਆਂ ਵਾਲੀਆਂ ਰਚਨਾਵਾਂ ਧਿਆਨ ਖਿੱਚਦੀਆਂ ਹਨ।**

**ਪੇਸ਼ਕਸ਼ : ਜਗਦੀਸ਼ ਰਾਏ ਕੁਲਰੀਆਂ**

## ਸ਼ਨਾਖਤ

ਉਹ ਪੈਰਾਂ ਨੂੰ ਘਸੀਟਦਾ ਹੋਇਆ ਮਸਾਂ ਹੀ ਘਰ ਅੱਪੜਿਆ। ਉਸ ਦੀ ਹਾਲਤ ਉਸ ਫੌਜੀ ਵਾਂਗ ਸੀ, ਜਿਹੜਾ ਜੰਗ ਵਿਚ ਜ਼ਮੀਨ ਦਾ ਟੁਕੜਾ ਹੀ ਨਹੀਂ, ਸਗੋਂ ਆਪਣੇ ਹਥਿਆਰ ਵੀ ਖੋਹ ਆਇਆ ਹੋਵੇ, ਪਰ ਉਹਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਉਹਦੀ ਮੁਟਿਆਰ ਧੀ ਨੂੰ ਕਿਸੇ ਨੇ ਖ਼ਬਰ ਦਿੱਤੀ ਸੀ ਕਿ ਉਹਦੇ ਪਿਉ ਨੇ ਰਾਤ ਪੁਲਸ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ ਆਪਣੇ ਜਵਾਨ ਪੁੱਤ ਨੂੰ ਪਛਾਨਣ ਤੋਂ ਨਾਂਹ ਕਰ ਦਿੱਤੀ ਹੈ। ਜਿਹੜਾ ਪੁਲਸ ਦੀਆਂ ਨਜ਼ਰਾਂ ਵਿਚ ਅੱਤਵਾਦੀ ਸੀ।

"ਵਾਹ ਬਾਪੂ, ਵਾਹ...... ਜਿਹੜੇ ਪੁੱਤ ਦੇ ਮੂੰਹ 'ਚ ਤੂੰ ਮੇਰੇ ਮੂੰਹ ਦਾ ਕੱਢ ਕੇ ਪਾਉਂਦਾ ਰਿਹਾਂ, ਜਿਹੜੇ ਪੁੱਤ ਨੂੰ ਮੋਢਿਆਂ 'ਤੇ ਚੱਕ ਕੇ ਖਿਡਾਉਂਦਾ ਰਿਹਾ ... ਅੱਜ ਉਹਨੂੰ ਵੀ ਸਿਆਨਣ ਤੋਂ ਨਾਂਹ ਕਰਤੀ। ਕਹਿਤਾ ਇਹ ਮੇਰਾ ਪੁੱਤ ਨੀਂ", ਕੁੜੀ ਦੀਆਂ ਅੱਖਾਂ ਵਿਚ ਅੱਥਰੂ ਤੇ ਆਵਾਜ਼ ਵਿਚ ਨਾਰਾਜ਼ਗੀ ਸੀ।

"ਤੂੰ ਸਾਰੀ ਜ਼ਿੰਦਗੀ ਮੇਰੇ ਹੱਕ ਖੋਂਹਦਾ ਆਇਆ, ਬਾਪੂ ਅੱਜ ਮੇਰਾ ਭੈਣ ਹੋਣ ਦਾ ਹੱਕ ਵੀ ਖੋਹ ਲਿਆ, ਮੈਂ ਆਪਣੇ ਵੀਰ ਨੂੰ ਆਖਰੀ ਵਾਰ ਵੀ ਨੀਂ ਦੇਖ ਸਕਦੀ। ਘੱਟੋ-ਘੱਟ ਅੱਜ ਤਾਂ ਮੇਰੇ ਮਾਂ ਵਾਹਰੀ ਧੀ ਬਾਰੇ ਸੋਚ ਲੈਂਦਾ ਬਾਪੂ ...।" ਤੇ ਕੁੜੀ ਆਪਣੇ ਪਿਉ ਦੇ ਗਲ ਚਿੰਬੜ ਬੁਰੀ ਤਰ੍ਹਾਂ ਕੁਰਲਾ ਉੱਠੀ।

"ਸਮਝਣ ਦੀ ਕੋਸ਼ਿਸ਼ ਕਰ ਧੀਏ, ਅੱਜ ਮੈਂ ਤੇਰੇ ਬਾਰੇ ਸੋਚ ਕੇ ਈ ਪੁੱਤ ਦੀ ਲਾਸ਼ ਸਿਆਨਣ ਤੋਂ ਨਾਂਹ ਕਰੀਐ," ਮੁਟਿਆਰ ਕੁੜੀ ਦੇ ਮੋਢਿਆਂ 'ਤੇ ਆਈ ਚੁੰਨੀ ਨੂੰ ਮੁੜ ਸਿਰ 'ਤੇ ਧਰਦਿਆਂ ਬੁੱਢੇ ਬਾਪ ਨੇ ਕਿਹਾ, ਤੇ ਆਪਣੀਆਂ ਚੋਂਦੀਆਂ ਅੱਖਾਂ ਨੂੰ ਪੂੰਝ ਬੜੇ ਹੀ ਲਾਡ ਨਾਲ ਧੀ ਦਾ ਸਿਰ ਪਲੋਸ ਦਿੱਤਾ।

## ਪੱਗ

ਫੋਨ ਸੁਣਨ ਤੋਂ ਬਾਅਦ ਉਸ ਨੇ ਕਾਰ ਦੀ ਰਫ਼ਤਾਰ ਹੋਰ ਤੇਜ਼ ਕਰ ਲਈ।

"ਹੌਲੀ ਚਲਾ ਪੁੱਤ, ਬਿੰਦ-ਘੜੀ 'ਡੀਕ ਲੈਣਗੇ ਉਹ। " ਨਾਲ ਦੀ ਸੀਟ 'ਤੇ ਬੈਠੀ ਮਾਂ, ਜਿਸ ਨੇ ਫੋਨ 'ਤੇ ਹੋਈ ਸਾਰੀ ਗੱਲਬਾਤ ਸੁਣ ਲਈ ਸੀ, ਨੇ ਅਸਿੱਧੇ ਤੌਰ 'ਤੇ ਮੱਖਣ ਨੂੰ ਕਾਰ ਤੇਜ਼ ਚਲਾਉਣ ਤੋਂ ਵਰਜਿਆ।

"ਬੇਬੇ ਉਹ ਤਾਂ ਠੀਕ ਐ, ਪਰ ਟੈਮ੍ਹ ਮੈਂ ਹੀ ਦਿੱਤਾ ਤੀ ਗਿਆਰਾਂ ਬਜੇ ਦਾ..., ਤੇ ਮੈਂ ਹੀ ਲੇਟ ਹੋ ਗਿਆ।" ਮੱਖਣ ਨੇ ਕਾਰ ਦੀ ਰਫ਼ਤਾਰ ਉਹੀ ਰੱਖੀ।

ਮੱਖਣ ਨੂੰ ਉਸ ਦੇ ਸੰਘਰਸ਼ੀ ਸਾਥੀਆਂ ਦੇ ਫੋਨ ਵਾਰ-ਵਾਰ ਆ ਰਹੇ ਸਨ।

ਮਾਪਿਆਂ ਦਾ 'ਕੱਲਾ ਪੁੱਤ ਸੀ ਉਹ। ਘਰ ਦੀ ਸਾਰੀ ਕਬੀਲਦਾਰੀ ਤੇ ਖੇਤੀ-ਪੱਤੀ ਉਸੇ ਦੇ ਮੋਢਿਆਂ 'ਤੇ ਸੀ। ਪੜ੍ਹਿਆ-ਲਿਖਿਆ ਅਤੇ ਗੱਲਬਾਤ ਕਰਨ ਦੀ ਕਲਾ ਦਾ ਮਾਹਿਰ ਹੋਣ ਕਾਰਨ ਜਥੇਬੰਦੀ ਨੇ ਉਸ ਨੂੰ ਜ਼ਿਲ੍ਹਾ ਪ੍ਰਧਾਨਗੀ ਦੀ ਜ਼ਿੰਮੇਵਾਰੀ ਉਸ ਦੇ ਮੋਢਿਆਂ 'ਤੇ ਪਾ ਦਿੱਤੀ ਸੀ ਤੇ ਅੱਜ ਉਸ ਨੇ ਜ਼ਿਲ੍ਹਾ ਪੱਧਰੀ ਪੱਕਾ ਧਰਨਾ ਲਾਉਣ ਦਾ ਐਲਾਨ ਕਰ ਰੱਖਿਆ ਸੀ। ਸਵੇਰੇ ਉਹ ਜਦੋਂ ਸ਼ਹਿਰ ਵੱਲ ਨੂੰ ਜਾਣ ਦੀ ਤਿਆਰੀ ਕਰ ਹੀ ਰਿਹਾ ਸੀ ਤਾਂ ਗੁਸਲਖਾਨੇ ਵਿਚ ਨਹਾਉਣ ਗਈ ਉਸਦੀ ਮਾਂ ਤਿਲ੍ਹਕ ਕੇ ਡਿੱਗ ਗਈ। ਸਿਰ ਵਿੱਚ ਸੱਟ ਵੱਜੀ। ਲਹੂ ਕਾਫ਼ੀ ਨਿਕਲਿਆ। ਪਿੰਡ ਵਾਲੇ ਡਾਕਟਰ ਨੇ ਮੌਕੇ 'ਤੇ ਆ ਕੇ ਉਸ ਨੂੰ ਸਾਂਭ ਤਾਂ ਲਿਆ ਸੀ, ਪਰ ਕਿਸੇ ਹੋਰ ਖ਼ਤਰੇ ਦੇ ਡਰੋਂ ਸਿਰ ਦੀ ਸਕੈਨਿੰਗ ਕਰਾਉਣ ਨੂੰ ਵੀ ਕਹਿ ਦਿੱਤਾ ਸੀ, ਤੇ ਮੱਖਣ ਨੂੰ ਮਾਂ ਦੀ ਚੈਕਅੱਪ ਕਰਾਉਣ ਲਈ ਸ਼ਹਿਰ ਜਾਣਾ ਪੈ ਗਿਆ ਸੀ। ਉਸ ਨੂੰ ਉਮੀਦ ਸੀ ਕਿ ਉਹ ਜਲਦੀ ਮੁੜ ਆਵੇਗਾ ਪਰ ਭੀੜ ਹੋਣ ਕਾਰਨ ਉਸ ਨੂੰ ਸਮਾਂ ਕੁਝ ਜ਼ਿਆਦਾ ਹੀ ਲੱਗ ਗਿਆ ਸੀ। ਉਸ ਨੂੰ ਆਪਣੇ-ਆਪ 'ਤੇ ਖਿਝ ਜਿਹੀ ਵੀ ਆ ਰਹੀ ਸੀ।

ਕਾਰ ਚਲਾਉਂਦੇ ਮੱਖਣ ਨੂੰ ਯਾਦ ਆਇਆ ਕਿ ਪਿੰਡ ਇਕਾਈ ਦੀ ਪ੍ਰਧਾਨਗੀ ਨਾ ਲੈਣ ਲਈ ਉਸ ਨੇ ਕਈ ਬਹਾਨੇ ਲਾਏ ਸਨ, ਪਰ ਜਥੇਬੰਦੀ ਦੇ ਸੀਨੀਅਰ ਆਗੂਆਂ ਨੇ ਉਸ ਦੇ ਪਿਤਾ ਦੀ ਕੁਰਬਾਨੀ ਨੂੰ ਵੇਖਦਿਆਂ ਉਸ ਨੂੰ ਇਸ ਆਹੁਦੇ 'ਤੇ ਸੇਵਾ ਨਿਭਾਉਣ ਦਾ ਜਜ਼ਬਾਤੀ ਜਿਹਾ ਹੁਕਮ ਉਸ ਦੇ ਪਿਤਾ ਦੇ ਭੋਗ ਵਾਲੇ ਦਿਨ ਸੁਣਾਉਂਦਿਆਂ ਪ੍ਰਧਾਨਗੀ ਵਾਲੀ ਪੱਗ ਉਸ ਦੇ ਸਿਰ ਰੱਖ ਦਿੱਤੀ ਸੀ। ਮੱਖਣ ਦਾ ਪਿਤਾ ਜਾਗਰ ਸਿੰਘ ਸੰਘਰਸ਼ ਦੌਰਾਨ ਹੀ ਪੁਲਸ ਵਾਲਿਆਂ ਵੱਲੋਂ ਮਾਰੀਆਂ ਪਾਣੀ ਦੀਆਂ ਬੁਛਾੜਾਂ ਦੀ ਮਾਰ ਵਿਚ ਆ ਗਿਆ ਸੀ ਤੇ ਜਥੇਬੰਦੀ ਨੇ ਉਸ ਨੂੰ ਸ਼ਹੀਦ ਗਰਦਾਨਿਆ ਸੀ।

ਮੱਖਣ ਨੇ ਕਾਹਲੀ-ਕਾਹਲੀ ਵਿਚ ਕਾਰ ਵਿਹੜੇ ਵਿਚ ਲਿਆ ਖੜੀ ਕੀਤੀ। ਸਿਰ 'ਤੇ ਬੰਨ੍ਹੀ ਪੱਗ ਵਿਹੜੇ ਵਿਚ ਹੀ ਪਏ ਮੰਜੇ 'ਤੇ ਹੀ ਲਾਹ ਕੇ ਰੱਖ ਦਿੱਤੀ ਤੇ ਕਾਹਲੀ ਨਾਲ ਕਮਰੇ ਅੰਦਰ ਜਾ ਵੜਿਆ ਤੇ ਕੁਝ-ਕੁ ਮਿੰਟਾਂ ਵਿਚ ਹੀ ਉਹ ਹੋਰ ਪੱਗ ਬੰਨ੍ਹ ਕੇ ਬਾਹਰ ਆ ਗਿਆ।

ਲੌਬੀ ਵਿਚ ਬੈਠੀ ਮਾਂ ਨੇ ਗਹੁ ਨਾਲ ਮੱਖਣ ਵੱਲ ਵੇਖਿਆ ਤੇ ਬੋਲੀ, "ਲਗਦੈ ਤੂੰ ਆਪਣੇ ਪਿਓ ਵਾਲੀ ਪੱਗ ਬੰਨ੍ਹ ਲਈ ਐ ਗਲਤੀ ਨਾਲ।" ਮੱਖਣ ਨੇ ਲੌਬੀ ਵਿਚ ਹੀ ਲੱਗੇ ਵਾਸਵਿਸ਼ਨ ਦੇ ਸ਼ੀਸ਼ੇ ਮੂਹਰੇ ਖੜ੍ਹ ਕੇ ਸਿਰ 'ਤੇ ਬੰਨ੍ਹੀ ਪੱਗ ਨੂੰ ਗਹੁ ਨਾਲ ਵੇਖਿਆ।

"ਹਾਂ ਬੇਬੇ, 'ਲਮਾਰੀ 'ਚੋਂ ਪੱਗ ਕੱਢਣ ਲੱਗਿਆਂ ਗੂੜ੍ਹੇ-ਫਿੱਕੇ ਰੰਗ ਦਾ ਪਤਾ ਈ ਨੀ ਲੱਗਿਆ, ਚੱਲ ਕੋਈ ਨਾ, ਰੰਗ ਤਾਂ ਉਹੀ ਐ।"

ਉਸ ਨੇ ਪਤਨੀ ਵੱਲੋਂ ਪਹਿਲਾਂ ਹੀ ਤਿਆਰ ਕਰਕੇ ਰੱਖਿਆ ਕੱਪੜਿਆਂ ਵਾਲਾ ਬੈਗ ਮੋਢੇ 'ਤੇ ਟੰਗਿਆ ਤੇ ਬਾਹਰ ਵਿਹੜੇ ਵਿਚ ਆ ਗਿਆ।

"ਆਪਣਾ ਦੀਪਾ ਕਿੱਥੇ ਐ..?" ਉਸ ਨੇ ਬਾਹਰਲੇ ਗੇਟ ਤੱਕ ਉਸ ਨੂੰ ਵਿਦਾ ਕਰਨ ਆਈ ਆਪਣੀ ਪਤਨੀ ਨੂੰ ਪੁੱਛਿਆ।

ਪਤਨੀ ਨੇ ਬਿਨਾਂ ਮੂੰਹੋਂ ਕੁਝ ਬੋਲਿਆਂ, ਅੱਖਾਂ ਨਾਲ ਹੀ, ਵਿਹੜੇ ਵਿਚ ਬਣੇ ਚੌਂਕੇ ਦੇ ਓਟੇ ਦੇ ਪਰਲੇ ਪਾਸੇ ਇਸ਼ਾਰਾ ਕੀਤਾ।

ਉਸ ਦਾ ਤਿੰਨ ਕੁ ਸਾਲਾਂ ਦਾ ਬੇਟਾ ਦੀਪਾ, ਮੰਜੇ 'ਤੇ ਪਈ ਉਸ ਦੀ ਪੱਗ ਨੂੰ ਆਪਣੇ ਸਿਰ 'ਤੇ ਟਿਕਾਈ ਖਿਡੌਣੇ ਟਰੈਕਟਰ ਨਾਲ ਖੇਡ ਰਿਹਾ ਸੀ।

## ਭਾਰ ਮੁਕਤ

"ਉਹ ਸਾਡੀ ਮਾਂ ਐਂ ..।"

"ਸਾਡੀ ਨਹੀਂ, ਸਿਰਫ਼ ਤੇਰੀ ਮਾਂ ...। "

"ਪਰ ਲੋਕ ਕੀ ਕਹਿਣਗੇ?"

"ਮੈਂ ਲੋਕਾਂ ਦਾ ਠੇਕਾ ਨਹੀਂ ਲਿਆ, ਇਥੋਂ ਤੁਰਦੀ ਕਰੋ ਉਹਨੂੰ, ਹੋਰ ਕੁਝ ਨਹੀਂ।"

"ਤੂੰ ਸੋਚ ਸੁੰਨੇ ਘਰ ਵਿਚ ਮਾਂ 'ਕੱਲੀ ਕਿਵੇਂ ਰਹੇਗੀ ?"

"ਕਿਉਂ ਇਕੱਲੀ ਨੂੰ ਕਿਹੜਾ ਭੂਤ ਖਾਂਦੇ ਐ ਉਹਨੂੰ, ਹੌਲੀ-ਹੌਲੀ ਆਪਣੇ ਆਪ ਆਦਤ ਪੈ ਜੂ 'ਕੱਲੇ ਰਹਿਣ ਦੀ।"

"ਉਹ ਬਜ਼ੁਰਗ ਐ, ਉਹਨੂੰ ਲੋੜ ਐ ਸਾਡੀ, ਅਸੀਂ ਕਿਵੇਂ ਉਸ ਨੂੰ ਇਕੱਲਿਆਂ ਛੱਡ ਸਕਦੇ ਹਾਂ, ਨਾਲੇ ਸਾਡੇ ਤੋਂ ਬਿਨਾਂ ਉਸ ਦਾ ਹੋਰ ਹੈ ਵੀ ਕੌਣ..?"

"ਪਰ ਮੈਂ ਉਸ ਬੁੱਢੀ ਨਾਲ ਨਹੀ ਰਹਿ ਸਕਦੀ ਤੇ ਨਾ ਹੀ ਆਪਣੇ ਬੱਚਿਆਂ ਨੂੰ ਉਸ ਨਾਲ ਰਹਿਣ ਦੀ ਇਜਾਜ਼ਤ ਦੇਵਾਂਗੀ।" ਸ਼ੋਭਾ ਨੇ ਆਪਣਾ ਫੈਸਲਾ ਸੁਣਾਇਆ।

"ਚੱਲ ਠੀਕ ਹੈ, ਮੈਂ ਕਰਦਾਂ ਮਾਤਾ ਨਾਲ ਗੱਲ।" ਯੋਗੇਸ਼ ਨੇ ਭਰੇ ਮਨ ਨਾਲ ਕਿਹਾ।

"ਗੱਲ ਕਰਨ ਦੀ ਕੀ ਲੋੜ ਐ, ਸਾਮਾਨ ਚੁੱਕੋ, ਤੇ ਉਸ ਦੇ ਘਰ ਵਿਚ ਰੱਖੋ ਤੇ ਉਸ ਨੂੰ ਕਹਿ ਦੇਵੋ ਕਿ ਅੱਜ ਤੋਂ ਉਹ ਸਾਡੇ ਨਾਲ ਨਹੀਂ ਰਹੇਗੀ। "

"ਪਰ...ਯਾਰ... ਇਹ ਇਕ-ਦਮ ਕਿਵੇਂ ਹੋ ਸਕਦੈ, ਉਸ ਨੂੰ ਮੈਂ ਕਿਵੇਂ ਕਹਿ ਸਕਦਾਂ ਘਰ ਛੱਡ ਕੇ ਜਾਣ ਲਈ...ਆਖਰ ਉਸ ਦਾ ਸਾਰਾ ਕੁਝ ਇਥੇ ਈ ਐ..."

"ਨਾ ਕੀ ਐ ਇੱਥੇ ਉਸ ਦਾ...?, ਮੇਰੇ ਪਾਪਾ ਦੀ ਬਣਾਈ ਪ੍ਰਾਪਰਟੀ ਐ ਇਹ।" ਸ਼ੋਭਾ ਕੜਕਦੀ ਹੋਈ ਬੋਲੀ।

ਸ਼ੋਭਾ ਮੂੰਹੋਂ ਨਿਕਲੇ ਸ਼ਬਦ, 'ਪਾਪਾ ਦੀ ਪ੍ਰੋਪਰਟੀ' ਯੋਗੇਸ਼ ਦੇ ਸੀਨੇ ਵਿਚ ਆਰੀ ਵਾਂਗ ਫਿਰ ਗਏ। ਇਹ ਸ਼ਬਦ ਸੁਣ ਯੋਗੇਸ਼ ਨੂੰ ਕਚੀਚੀ ਜਿਹੀ ਵੀ ਚੜ੍ਹੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਆਪਣੀ ਪਤਨੀ ਦੇ ਇਕ ਥੱਪੜ ਮਾਰ ਦਿਆਂ ਉਸ ਦੇ ਵਾਲੀ ਭਾਸ਼ਾ ਵਿਚ ਹੀ ਉਸ ਨੂੰ ਦੋ ਚਾਰ ਸੁਣਾ ਦੇਵੇ, ਪਰ ਉਸ ਨੇ ਆਪਣੇ ਹੱਥਾਂ ਅਤੇ ਆਪਣੀ ਜ਼ੁਬਾਨ 'ਤੇ ਕਾਬੂ ਰੱਖਿਆ ਤੇ ਬੋਝਲ ਜਿਹੇ ਮਨ ਨਾਲ ਮਾਂ ਵਾਲੀ ਅਲਮਾਰੀ ਖੋਹਲ, ਮਾਂ ਦਾ ਸਮਾਨ ਬੈਗ ਵਿਚ ਪਾਉਣ ਲੱਗਿਆ।

"ਆਹ ਸਿਲਾਈ ਮਸ਼ੀਨ ਵੀ ਰੱਖ ਲਵੋ।"

"ਪਰ ਇਹ ਤਾਂ ਤੂੰ ਵਰਤਦੀ ਐਂ।"

"ਹੁਣ ਤੱਕ ਜਿੰਨੀ ਵਰਤਣੀ ਸੀ, ਵਰਤ ਲਈ, ਪਰ ਹੈ ਤਾਂ ਉਸੇ ਦੀ ਨਾ, ਮੈਂ ਉਸ ਦੀ ਕੋਈ ਵੀ ਚੀਜ਼ ਘਰ ਵਿਚ ਨਹੀਂ ਰੱਖਣਾ ਚਾਹੁੰਦੀ, ਜਿਸ ਨੂੰ ਵੇਖ-ਵੇਖ ਮੈਨੂੰ ਉਸ ਦਾ ਮਨਹੂਸ ਚਿਹਰਾ ਯਾਦ ਆਵੇ।"

ਸ਼ੋਭਾ ਦੀ ਗੱਲ ਸੁਣ ਯੋਗੇਸ਼ ਦਾ ਸਿਰ ਫੇਰ ਚਕਰਾਇਆ। ਸੀਨੇ ਵਿਚ ਉੱਠਦੇ ਉਬਾਲ਼ ਨੂੰ ਅੰਦਰੋ-ਅੰਦਰੀ ਪੀਂਦੇ ਹੋਏ ਯੋਗੇਸ਼ ਨੇ ਮਾਂ ਦੇ ਸਮਾਨ ਵਾਲਾ ਬੈਗ ਪੈਕ ਕਰ ਦੂਜੇ ਕਮਰੇ ਵਿਚ ਮਾਂ ਕੋਲ਼ ਚਲਾ ਗਿਆ।

ਯੋਗੇਸ਼ ਨੂੰ ਕਮਰਿਓਂ ਬਾਹਰ ਗਿਆ ਦੇਖ, ਸ਼ੋਭਾ ਕਮਰੇ ਵਿਚ ਆਈ, ਉਸ ਦਾ ਦਸ ਕੁ ਸਾਲ ਦਾ ਬੇਟਾ ਵੀ ਖੇਡਦਾ-ਖੇਡਦਾ ਨਾਲ ਆ ਗਿਆ। ਸ਼ੋਭਾ ਨੇ ਬੈਗ ਚੈੱਕ ਕਰਨ ਦੇ ਰਓਂ ਨਾਲ ਬੈਗ ਦੀ ਜਿੱਪ ਖੋਲ੍ਹੀ ਤਾਂ ਇਕਦਮ ਭਵੰਤਰ ਜਿਹੀ ਗਈ। ਉਸ ਨੇ ਡੌਰ-ਭੌਰ ਹੋਈ ਨੇ ਪਹਿਲਾਂ ਖੁੱਲ੍ਹੇ ਪਏ ਬੈਗ ਵੱਲ ਅਤੇ ਫੇਰ ਕੋਲ਼ੇ ਹੀ ਖੇਡ ਰਹੇ ਆਪਣੇ ਬੇਟੇ ਵੱਲ ਬੜੀ ਗਹੁ ਨਾਲ ਦੇਖਿਆ। ਉਸ ਦੇ ਚਿਹਰੇ 'ਤੇ ਇਕਦਮ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ। ਉਸ ਦੀਆਂ ਅੱਖਾਂ ਤੋਂ ਉਸ ਦੇ ਦਿਮਾਗ ਵਿਚਲਾ ਵਜ਼ਨ ਸਪੱਸ਼ਟ ਝਲਕ ਰਿਹਾ ਸੀ। ਇੰਜ ਲੱਗ ਰਿਹਾ ਸੀ ਕਿ ਜਿਵੇਂ ਉਹ ਕੋਈ ਡਰਾਉਣਾ ਸੁਫਨਾ ਦੇਖ ਰਹੀ ਹੋਵੇ।

ਫਿਰ ਆਪਣੇ-ਆਪ ਨੂੰ ਸੰਭਾਲਦਿਆਂ ਉਹ ਪੈਕ ਕੀਤੇ ਆਪਣੇ ਪਤੀ ਅਤੇ ਸੱਸ ਦੇ ਬੈਗ ਵਿੱਚੋਂ ਕੱਢ ਅਲਮਾਰੀ ਵਿਚ ਟਿਕਾ ਦਿੱਤੇ ਤੇ ਖਾਲੀ ਬੈਗ ਪਰ੍ਹਾਂ ਰੱਖ ਦਿੱਤਾ। ਅਲਮਾਰੀ ਦਾ ਪੱਲਾ ਬੰਦ ਕਰਕੇ ਜਿਉਂ ਹੀ ਮੁੜੀ ਤਾਂ ਉਸ ਦੀ ਨਿਗ੍ਹਾ ਖਾਲੀ ਪਏ ਬੈਗ 'ਤੇ ਪਈ। ਖਾਲੀ ਬੈਗ ਨੂੰ ਦੇਖ ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਕਿ ਕੱਪੜਿਆਂ ਦੇ ਭਾਰ ਤੋਂ ਬੈਗ ਨਹੀਂ, ਸਗੋਂ ਉਸ ਦਾ ਦਿਮਾਗ ਕਿਸੇ ਵੱਡੇ ਭਾਰ ਤੋਂ ਮੁਕਤ ਹੋ ਗਿਆ ਹੋਵੇ।

## ਤੜਕੇ ਵੱਲ ਪੁਲਾਂਘ

"ਗੀਨਾ...! ਤੂੰ ਇੱਥੇ...?"

"ਤੂੰ ਵੀ ਤਾਂ ਇਥੇ ਈ ਐ..?"

"ਪਰ ਮੈਂ ਤਾਂ ਮਜਬੂਰੀ ਦਾ ਮਾਰਿਆ ਆਇਆਂ, ਨਾ ਚਾਹੁੰਦਿਆਂ ਵੀ..., ਕਸਮ ਨਾਲ ਪਹਿਲਾਂ ਕਦੀ ਨਹੀਂ ਆਇਆ। "

"ਪਰ ਤੂੰ ਤਾਂ ਕਾਲਜ ਦਾ ਸਾਊ ਮੁੰਡਾ ਸੀ, ਤੂੰ ਇਸ ਇਲਾਕੇ ਵਿਚ ਕਿਵੇਂ..?"

"ਕੀ ਦੱਸਾਂ, ਘਰੋਂ ਆਇਆ ਸੀ ਕੁਝ ਖੱਟਣ, ਪਰ ਇਸ ਵੱਡੇ ਸ਼ਹਿਰ ਵਿਚ ਆ ਕੇ ਮੈਂ ਤਾਂ ਪਿੰਡ ਵਿਚਲੇ ਆਪਣੇ ਰਿਸ਼ਤੇ ਵੀ ਗੁਆ ਬੈਠਾ। ਘਰੋਂ ਮਾਂ-ਬਾਪ ਦਾ ਫੋਨ ਆਉਂਦੈ ਕਿ ਪੁੱਤ ਕੰਮ ਦਾ ਕੀ ਬਣਿਆ। ਕੀ ਦੱਸਾਂ ਉਨ੍ਹਾਂ ਨੂੰ ਕਿ ਅੱਜ ਫੇਰ ਅੱਧੀ ਦਿਹਾੜੀ ਲਾ ਕੇ ਆਇਆਂ। ਬੱਸ... ਪ੍ਰੇਸ਼ਾਨੀਆਂ ਵਿੱਚ ਘਿਰੇ ਨੇ ਪਹਿਲਾਂ ਸ਼ਰਾਬ ਪੀਣ ਦੀ ਗਲਤੀ ਕੀਤੀ.. ਸ਼ਰਾਬ ਦਾ ਨਸ਼ਾ ਇਧਰ ਨੂੰ ਖਿੱਚ ਲਿਆਇਆ..." ਮੁੰਡੇ ਨੇ ਸਫ਼ਾਈ ਦਿੱਤੀ।

"ਪਰ ਗੀਨਾ...ਤੈਨੂੰ ਦੇਖ ਕੇ ਸਾਰਾ ਨਸ਼ਾ ਉਡ ਗਿਆ ਮੇਰਾ ਤਾਂ।" ਮੁੰਡੇ ਨੇ ਬਹੁਤ ਹੀ ਜਜ਼ਬਾਤੀ ਰੌਅ ਵਿੱਚ ਗੱਲ ਪੂਰੀ ਕੀਤੀ।

"ਪਰ ਤੂੰ ਇਥੇ ਕਿਉਂ...?" ਮੁੰਡਾ ਬੋਲਿਆ।

"ਮੈਂ ਕਿਹੜਾ ਸ਼ੌਂਕ ਨਾਲ ਆਈ ਹਾਂ, ਮੇਰੀ ਵੀ ਮਜਬੂਰੀ ਹੀ ਐ।"

"ਪਰ ਤੇਰਾ ਤਾਂ ਕਾਲਜ ਪੜ੍ਹਦੀ ਦਾ ਹੀ ਵਿਆਹ ਕਰ ਦਿੱਤਾ ਸੀ ਘਰਦਿਆਂ ਨੇ...ਫੇਰ ਤੂੰ ਇਸ ਮਾੜੇ ਧੰਦੇ ਵਿਚ ..?"

"ਕਿਸਮਤ ਲੈ ਆਈ, ਕਿਸਮਤ..., "

"ਕਿਸਮਤ.....?"

"ਹਾਂ.. ਕਿਸਮਤ... ਆਪਣੀ ਗੱਲ ਕਹਿੰਦਿਆਂ ਉਹ ਕੁਝ ਪਲ ਰੁਕੀ, ਡੂੰਘਾ ਜਿਹਾ ਸਾਹ ਲਿਆ ਅਤੇ ਫੇਰ ਮੁੜ ਬੋਲੀ, "ਪਤੀ ਵਿਆਹ ਤੋਂ ਸਾਲ ਬਾਅਦ ਹੀ ਐਕਸੀਡੈਂਟ ਵਿਚ ਮਾਰਿਆ ਗਿਆ, ਸਹੁਰਿਆਂ ਨੇ ਬੰਦਾ ਖਾਣੀ ਕਹਿ ਕੇ ਘਰੋਂ ਕੱਢ ਦਿੱਤਾ। ਪੇਕਿਆਂ ਨੇ ਆਪਣੇ ਸਿਰ ਦਾ ਭਾਰ ਲਾਹੁਣ ਲਈ ਇਕ ਨਸ਼ੇੜੀ ਨਾਲ ਵਿਆਹ ਦਿੱਤਾ ਤੇ ਉਹ ਵਿਹਲੜ, ਨਸ਼ੇ ਦਾ ਏਨਾ ਜ਼ਿਆਦਾ ਆਦੀ ਸੀ ਕਿ ਉਸ ਨੇ ਵੱਧ ਪੈਸੇ ਕਮਾਉਣ ਦੇ ਚੱਕਰ ਵਿਚ ਮੈਨੂੰ ਧੱਕੇ ਨਾਲ ਇਸ ਕੰਮ ਵਿਚ...," ਕਹਿੰਦਿਆਂ ਉਸ ਦੀ ਅਵਾਜ਼ ਘਿਗਿਆ ਜਿਹੀ ਗਈ, ਪਰ ਆਪਣੇ-ਆਪ 'ਤੇ ਕਾਬੂ ਪਾਉਂਦੀ ਫੇਰ ਬੋਲੀ, "ਉਹ ਆਪ ਤਾਂ ਨਸ਼ੇ ਦੀ ਮਾਰ ਨਾ ਝੱਲਦਾ ਤੁਰ ਗਿਆ, ਪਰ ਮੈਨੂੰ ਇੱਥੇ ਛੱਡ ਗਿਆ.... ਇਸ ਨਰਕ ਵਿਚ ...," ਕਹਿੰਦਿਆਂ ਉਹ ਫਿਸ ਪਈ।

ਦੋਹਾਂ ਨੂੰ ਭਾਵੁਕ ਹੋਇਆ ਦੇਖ ਆਲੇ-ਦੁਆਲੇ ਆਪਣੇ ਗਾਹਕਾਂ ਦੀ ਉਡੀਕ ਕਰਦੀਆਂ ਹੋਰ ਅੱਖਾਂ ਉਨ੍ਹਾਂ ਨੂੰ ਤੱਕਣ ਲੱਗੀਆਂ। ਮੁੰਡੇ ਨੇ ਕੁੜੀ ਦੀ ਬਾਂਹ ਫੜੀ ਤੇ ਸੜਕ ਕਿਨਾਰੇ ਲੱਗੇ ਰੁੱਖ ਦੀ ਓਟ ਵਿਚ ਲੈ ਗਿਆ।

"ਰੋ ਨਾ ਗੀਨਾ, ਤੂੰ ਜਾਣ-ਬੁੱਝ ਕੇ ਥੋੜ੍ਹਾ... ਤੂੰ ਤਾਂ ਮਜਬੂਰ ਸੀ... ਗੱਲ ਕੀ ਹਾਲਾਤਾਂ ਦੇ ਹਨੇਰੇ ਨੇ ਸਾਨੂੰ ਬੌਂਦਲਾ ਰੱਖਿਐ...ਤੂੰ ਹੀ ਨੀਂ ਮੈਂ ਵੀ ਨਰਕ ਭੋਗ ਰਿਹਾਂ...", ਮੁੰਡਾ ਬੋਲਿਆ, ਉਸ ਦੀ ਆਵਾਜ਼ ਵੀ ਘਿਗਿਆਈ ਗਈ। ਥੋੜ੍ਹਾ ਜਿਹਾ ਰੁਕ ਕੇ ਉਹ ਮੁੜ ਬੋਲਿਆ, "ਗੀਨਾ...ਕਿਉਂ ਨਾ...ਅਸੀਂ ਇੱਕ...ਹੋ ਕੇ... ਹਾਲਾਤ ਦੇ ਹਨੇਰੇ ਨੂੰ ਚੀਰਨ ਦੀ ਕੋਸ਼ਿਸ਼ ਕਰੀਏ...ਕਿਸੇ ਹੋਰ ਥਾਂ 'ਤੇ ਜਾ ਕੇ...", ਮੁੰਡੇ ਨੇ ਜਕਦੇ-ਜਕਦੇ ਗੱਲ ਪੂਰੀ ਕੀਤੀ।

ਕੁੜੀ ਦੀਆਂ ਸੇਜਲ ਅੱਖਾਂ ਵਿੱਚ ਅਜੀਬ ਜਿਹੀ ਚਮਕ ਆ ਗਈ। ਉਹਨੇ ਆਪਣਾ ਹੱਥ ਮੁੰਡੇ ਵੱਲ ਵਧਾ ਦਿੱਤਾ। ਸੜਕ 'ਤੇ ਇੱਕ-ਦੂਜੇ ਦਾ ਹੱਥ ਫੜੀ ਤੁਰੇ ਜਾ ਰਹੇ ਗੱਭਰੂ-ਮੁਟਿਆਰ ਨੂੰ ਵੇਖਣ ਲਈ ਪਹਿਲਾਂ ਵਾਲੀਆਂ ਅੱਖਾਂ ਇੱਕ ਵਾਰ ਫ਼ੇਰ ਟੱਡੀਆਂ ਗਈਆਂ।

## ਭਰੋਸਾ

ਕਬੀਲੇ ਦਾ ਸਰਦਾਰ ਅਚਾਨਕ ਬਿਮਾਰ ਪੈ ਗਿਆ। ਕਬੀਲੇ ਦੇ ਹਕੀਮ-ਵੈਦ ਆਪਣੇ ਨੁਸਖ਼ੇ ਲਾ-ਲਾ ਕੇ ਹੰਭ ਗਏ, ਪਰ.... ਬਿਮਾਰੀ ਘਟਣ ਦਾ ਨਾਂਅ ਹੀ ਨਹੀਂ ਸੀ ਲੈ ਰਹੀ।

ਸਰਦਾਰ ਕਬੀਲੇ ਵਾਲਿਆਂ ਵਿੱਚ ਰੱਬ ਦੇ ਬਰਾਬਰ ਦਾ ਦਰਜਾ ਰੱਖਦਾ ਸੀ। ਕਈ ਵਾਰ ਜਦੋਂ ਵਕਤ, ਵਖ਼ਤ ਦਾ ਰੂਪ ਧਾਰ ਕਬੀਲੇ 'ਤੇ ਟੁੱਟਿਆ ਸੀ ਤਾਂ ਇਹੋ ਸਰਦਾਰ ਸੀ, ਜਿਹੜਾ ਕਬੀਲੇ ਦੀ ਹੋਂਦ ਨੂੰ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾਉਂਦਾ ਰਿਹਾ ਸੀ।

ਅੱਜ ਕਬੀਲੇ ਦਾ ਇਹ 'ਰੱਬ' ਕਿਸੇ ਭਿਆਨਕ ਬਿਮਾਰੀ ਕਾਰਨ ਮੰਜੇ 'ਤੇ ਪੈ ਗਿਆ ਸੀ। ਸਾਰਾ ਕਬੀਲਾ.... ਕੀ ਬੱਚੇ, ਕੀ ਬੁੱਢੇ, ਔਰਤਾਂ, ਮਰਦ... ਸਭ ਦੇ ਦਿਲਾਂ ਵਿੱਚ ਸਰਦਾਰ ਦੇ ਵਿੱਛੜ ਜਾਣ ਦਾ ਭੈਅ ਸੀ। ਕੁੱਲ ਕਬੀਲੇ ਦੀਆਂ ਅੱਖਾਂ ਵਿੱਚ ਨਿਰਾਸ਼ਤਾ ਤੇ ਚਿਹਰੇ 'ਤੇ ਜ਼ਰਦੀ ਸੀ।

ਕੁਝ ਦਿਨਾਂ ਬਾਅਦ ਕਬੀਲੇ ਦੇ ਧਾਰਮਿਕ ਆਗੂ ਨੇ ਐਲਾਨ ਕੀਤਾ ਕਿ ਜੇਕਰ ਚਿਰਾਗਾਂ ਵਾਲੇ ਪੀਰ ਦੀ ਮਜ਼ਾਰ 'ਤੇ ਜਾ ਕੇ ਸਰਦਾਰ ਦੀ ਤੰਦਰੁਸਤੀ ਮੰਗਦਿਆਂ ਚਿਰਾਗ ਜਗਾਇਆ ਜਾਵੇ ਤਾਂ ਸਰਦਾਰ ਦੇ ਸਾਹ ਵਧ ਸਕਦੇ ਹਨ।

ਤੇ......ਚਿਰਾਗਾਂ ਵਾਲੇ ਪੀਰ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਸੁੱਖਣਾ ਸੁੱਖਣ ਵਾਲਾ ਜਿੰਨੇ ਵੱਧ ਚਿਰਾਗ ਬਾਲ਼ ਕੇ ਅਰਦਾਸ ਕਰਦਾ ਤਾਂ ਉਸ ਦੀ ਅਰਦਾਸ ਓਨੀ ਜਲਦੀ ਸੁਣੀ ਜਾਂਦੀ ਸੀ।

ਕਬੀਲੇ ਦੇ ਲੋਕਾਂ ਨੇ ਚਿਰਾਗਾਂ ਵਾਲੇ ਪੀਰ ਵੱਲ ਵਹੀਰਾਂ ਘੱਤ ਦਿੱਤੀਆਂ। ਕਈ ਲੋਕ ਤਾਂ ਦਿਨ ਵਿੱਚ ਪੰਜ-ਪੰਜ ਵਾਰ, ਪੰਜ-ਪੰਜ ਚਿਰਾਗ ਜਗਾਉਣ ਲੱਗੇ। ਸਰਦਾਰ ਦੀ ਜ਼ਿੰਦਗੀ ਦਾ ਸਵਾਲ ਜੋ ਸੀ।

ਲੋਕੀਂ ਚਿੰਤਾ ਲੱਦੇ ਚਿਹਰਿਆਂ ਨਾਲ ਪੀਰ ਦੀ ਮਜ਼ਾਰ 'ਤੇ ਆਉਂਦੇ, ਚਿਰਾਗ਼ ਬਾਲ਼ਦੇ ਅਤੇ ਚਿੰਤਾ ਲੱਦੇ ਚਿਹਰਿਆਂ ਨਾਲ ਹੀ ਵਾਪਸ ਮੁੜ ਜਾਂਦੇ।

ਦਿਨ ਵੀਰਵਾਰ ਦਾ ਹੈ। ਚਿਰਾਗ ਲਾਉਣ ਵਾਲਿਆਂ ਦੀ ਭੀੜ ਹੈ। ਸਾਰਿਆਂ ਦੇ ਚਿਹਰੇ 'ਤੇ ਆਪਣੇ ਸਰਦਾਰ ਦੇ ਵਿੱਛੜ ਜਾਣ ਦੀ ਚਿੰਤਾ ਦੀਆਂ ਲਕੀਰਾਂ ਉੱਕਰੀਆਂ ਹੋਈਆਂ ਹਨ। ਬਹੁਤੇ ਲੋਕਾਂ ਦੇ ਹੱਥਾਂ ਵਿੱਚ ਪੰਜ-ਪੰਜ ਚਿਰਾਗ ਹਨ। ਲੋਕ ਚਿਰਾਗ ਬਾਲ਼ ਰਹੇ ਹਨ। ਹੰਝੂਆਂ ਲੱਦੀਆਂ ਅੱਖਾਂ ਨਾਲ ਸਰਦਾਰ ਦੀ ਤੰਦਰੁਸਤੀ ਮੰਗ ਰਹੇ ਹਨ।

ਕਬੀਲੇ ਦਾ ਹੀ ਇਕ ਛੋਟਾ ਜਿਹਾ ਮੁੰਡਾ ਹੱਥ ਵਿੱਚ ਇੱਕ ਚਿਰਾਗ ਚੁੱਕੀ ਮਜ਼ਾਰ 'ਤੇ ਆਇਆ। ਉਸ ਨੇ ਚਿਰਾਗ ਨੂੰ ਮਜ਼ਾਰ 'ਤੇ ਰੱਖਿਆ, ਮਾਚਿਸ ਕੱਢ ਕੇ ਚਿਰਾਗ ਬਾਲ਼ਿਆ। ਹੱਥ ਬੰਨ੍ਹੇ, ਅੱਖਾਂ ਮੀਚ ਕੇ ਕਾਫ਼ੀ ਸਮਾਂ ਸ਼ਾਂਤ ਬੈਠਾ ਰਿਹਾ।

"ਓਏ ਕਿਚਲੂ...ਤੂੰ ਕੇਵਲ ਇੱਕ ਹੀ ਚਿਰਾਗ ਬਾਲ਼ਿਆ......?"

ਆਪਣੇ ਹੱਥ ਵਿੱਚ ਫੜੇ ਪੰਜ ਚਿਰਾਗਾਂ ਨੂੰ ਸੰਭਾਲਦਿਆਂ ਇੱਕ ਆਦਮੀ ਨੇ ਨਿਰਾਸ਼ੀਆਂ ਨਜ਼ਰਾਂ ਨਾਲ ਚਿਰਾਗ ਬਾਲ਼ ਕੇ ਮਜ਼ਾਰ ਤੋਂ ਬਾਹਰ ਆ ਰਹੇ ਨਿੱਕੇ ਮੁੰਡੇ ਨੂੰ ਪੁੱਛਿਆ।

ਨਿੱਕੇ ਮੁੰਡੇ ਨੇ ਸਵਾਲ ਕਰਨ ਵਾਲੇ ਵੱਲ ਸਿਰਫ ਵੇਖਿਆ, ਤੇ ਬਿਨਾਂ ਜਵਾਬ ਦਿੱਤੇ ਭਰੋਸੇ ਲੱਦੀਆਂ ਨਜ਼ਰਾਂ ਨਾਲ ਅੰਬਰ ਵੱਲ ਵੇਖਦਿਆਂ ਮਜ਼ਾਰ ਦੀਆਂ ਪਾਉੜੀਆਂ ਉਤਰ ਗਿਆ।

# ਰਿਪੁਦਮਨ ਸਿੰਘ ਰੂਪ ਦਾ ਨਾਵਲ 'ਤੀਲ੍ਹਾ' ਲੋਕ-ਅਰਪਣ



**ਲੁਧਿਆਣਾ** : ਨੱਬੇ ਵਰ੍ਹੇ ਦੀ ਉਮਰੇ ਵੀ ਸ਼ਿੱਦਤ ਨਾਲ ਸਾਹਿਤ ਦੇ ਖ਼ੇਤਰ ਵਿਚ ਕਰਮਸ਼ੀਲ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ੍ਰੀ ਰਿਪੁਦਮਨ ਸਿੰਘ ਰੂਪ ਦਾ ਸੱਜਰਾ ਨਾਵਲ 'ਤੀਲ੍ਹਾ' ਪੰਜਾਬੀ ਸਾਹਿਤ ਅਕਾਡਮੀ ਵੱਲੋਂ ਆਯੋਜਿਤ ਸਾਹਿਤ ਉਤਸਵ-2024 ਦੌਰਾਨ ਲੋਕ-ਅਰਪਣ ਕੀਤਾ ਗਿਆ।ਸ੍ਰੀ ਰੂਪ ਦੀ ਗ਼ੈਰ-ਮੌਜੂਦਗੀ ਵਿਚ ਲੋਕ-ਅਰਪਣ ਦੀ ਰਸਮ (ਡਾ.) ਸੁਖਦੇਵ ਸਿੰਘ ਸਿਰਸਾ (ਡਾ.), ਸਰਬਜੀਤ ਸਿੰਘ, ਸ੍ਰੀ ਬਿਹਾਰੀ ਲਾਲ ਸੱਦੀ (ਡਾ.), ਗਿਆਨ ਸਿੰਘ, ਸ੍ਰੀ ਪਰਮਜੀਤ ਸਿੰਘ ਢੀਂਗਰਾ, ਸ੍ਰੀ ਹਰੀ ਸਿੰਘ ਜਾਚਕ, ਸ੍ਰੀ ਗੁਰਪ੍ਰੀਤ ਸਿੰਘ ਤੂਰ ਅਤੇ ਸ੍ਰੀ ਰੂਪ ਦੇ ਪੁੱਤਰ ਸ੍ਰੀ ਸੰਜੀਵਨ ਸਿੰਘ ਵੱਲੋਂ ਅਦਾ ਕੀਤੀ ਗਈ। ਨਾਵਲ 'ਤੀਲ੍ਹਾ' ਸਾਡੀ ਨਿਆਂਇਕ ਵਿਵਸਥਾ ਦੇ ਉਹਨਾਂ ਅੰਦਰੂਨੀ ਪਹਿਲੂਆਂ ਦੀ ਬਾਤ ਪਾਉਂਦਾ ਹੈ, ਜਿਸ ਤੋਂ ਅਕਸਰ ਆਮ ਲੋਕ ਅਣਜਾਣ ਹੁੰਦੇ ਹਨ। ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਉਹਨਾਂ ਦੇ ਨਾਵਲ 'ਤੀਲ੍ਹਾ' ਉਪਰ ਵਿਚਾਰ-ਚਰਚਾ/ਗੋਸ਼ਟੀ ਸ੍ਰੀ ਰੂਪ ਦੇ ਘਰ ਮੋਹਾਲੀ ਵਿਖੇ ਦਸੰਬਰ ਦੇ ਅੱਧ ਵਿਚ ਇਕ ਸੰਖੇਪ ਇਕੱਤਰਤਾ ਦੌਰਾਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਸਫ਼ਾ 2 ਦੀ ਬਾਕੀ

## ਪੱਛਮੀ ਏਸ਼ੀਆ ਦੇ ਅਰਬ ਦੇਸ਼..

ਸਨ, ਆਮ ਲੋਕਾਂ ਦੀ ਪ੍ਰਵਾਨਗੀ ਹਾਸਲ ਨਹੀਂ ਕਰ ਸਕੀਆਂ। ਸਾਊਦੀ ਅਰਬ ਪਹਿਲਾਂ ਹੀ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਇਜ਼ਰਾਈਲ ਨਾਲ ਸਮਝੌਤੇ ਤੋਂ ਪਹਿਲਾਂ ਫਲਸਤੀਨ ਮਸਲੇ ਦਾ ਹੱਲ ਲੱਭਿਆ ਜਾਵੇ। ਸੱਤ ਅਕਤੂਬਰ ਇਜ਼ਰਾਈਲ -ਗਾਜ਼ਾ ਜੰਗ ਸ਼ੁਰੂ ਹੋਣ ਤੋਂ ਬਾਅਦ ਸਾਊਦੀ ਅਰਬ ਨੇ ਐਲਾਨ ਕਰ ਦਿੱਤਾ ਹੈ ਕਿ ਫਲਸਤੀਨ ਮਸਲੇ ਦੇ ਹੱਲ ਕਰਨ ਤੋਂ ਬਾਅਦ ਹੀ ਇਜ਼ਰਾਈਲ ਨਾਲ ਕੋਈ ਸਮਝੌਤਾ ਕੀਤਾ ਜਾ ਸਕਦਾ ਹੈ।

ਅਮਰੀਕਾ ਦੀ ਭੂਮਿਕਾ: ਪਿਛਲੇ ਕੁਝ ਸਮੇਂ ਤੋਂ ਅਰਬ ਦੇਸ਼ , ਖਾਸ ਕਰ ਸਾਊਦੀ ਅਰਬ, ਮਿਸਰ, ਅਮੀਰਾਤ, ਅਮਰੀਕੀ ਦਾਇਰੇ ਤੋਂ ਬਾਹਰ ਆ ਕੇ ਭਾਰਤ, ਚੀਨ, ਰੂਸ ਆਦਿ ਦੇਸ਼ਾਂ ਨਾਲ ਆਰਥਕ ਤੇ ਕੂਟਨੀਤਕ ਸੰਬੰਧ ਵਧਾ ਰਹੇ ਹਨ, ਪਰ ਇਹ ਮੰਨਣਾ ਪਵੇਗਾ ਕਿ ਆਪਣੀ ਸੁਰੱਖਿਆ ਦੇ ਮਾਮਲੇ ਵਿਚ ਉਹ ਅਜੇ ਵੀ ਅਮਰੀਕਾ ਉਪਰ ਨਿਰਭਰ ਕਰਦੇ ਹਨ। ਇਹ ਨਿਰਭਰਤਾ ਉਨ੍ਹਾਂ ਦੀ ਫਲਸਤੀਨ ਪ੍ਰਤੀ ਨੀਤੀ ਨੂੰ ਵੀ ਪ੍ਰਭਾਵਤ ਕਰਦੀ ਹੈ, ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਇਹ ਦੇਸ਼ ਈਰਾਨ ਅਤੇ ਹੂਤੀ ਹਮਾਸ, ਇਰਾਕ ਸ਼ੀਆ ਮਿਲਸ਼ੀਆ ਆਦਿ ਤੋਂ ਖੌਫਜ਼ਦਾ ਹਨ ਅਤੇ ਅਮਰੀਕਾ ਤੋਂ ਸੁਰੱਖਿਆ ਕਵੱਚ ਭਾਲਦੇ ਹਨ, ਜੋ ਇਨ੍ਹਾਂ ਨੂੰ ਹਥਿਆਰ ਤੇ ਹੋਰ ਫੌਜੀ ਸਾਜ਼ੋ-ਸਮਾਨ ਮੁਹੱਈਆ ਕਰਦਾ ਹੈ। ਇਸ ਲਈ ਫਲਸਤੀਨ ਪ੍ਰਤੀ ਉਨ੍ਹਾਂ ਦੀ ਨੀਤੀ ਵੀ ਅਮਰੀਕਾ ਜ਼ਰੂਰ ਪ੍ਰਭਾਵਤ ਕਰੇਗਾ। ਇਜ਼ਰਾਈਲ - ਹਮਾਸ ਜੰਗ ਜੋ ਹੁਣ ਇਜ਼ਰਾਈਲ-ਹਿਜ਼ਬੁੱਲ੍ਹਾ ਦਰਮਿਆਨ ਜੰਗ ਤੱਕ ਪਹੁੰਚ ਕੇ ਈਰਾਨ-ਇਜ਼ਰਾਈਲ ਜੰਗ ਵਲ ਵਧ ਰਹੀ ਹੈ। ਅਰਬ ਦੇਸ਼ਾਂ ਲਈ ਰਾਜਨੀਤਕ ਕੂਟਨੀਤਕ ਸਮੱਸਿਆ ਬਣ ਗਈ ਹੈ। ਦੁਚਿੱਤੀ ਦੇ ਆਲਮ ਵਿਚ ਹਨ, ਖੁੱਲ੍ਹ ਕੇ ਕਿਸੇ ਇੱਕ ਪਾਸੇ ਦਾ ਸਮਰਥਨ ਨਹੀਂ ਕਰ ਰਹੇ।

ਸੱਤ ਅਕਤੂਬਰ ਤੋਂ ਬਾਅਦ ਦੇ ਅਰਬ ਇਲਾਕੇ ਦੇ ਘਟਨਾਕਰਮ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਅਰਬ ਦੇਸ਼ਾਂ ਦੇ ਗਾਜ਼ਾ ਤੇ ਫਲਸਤੀਨ ਪ੍ਰਤੀ ਨੀਤੀ ਦੇ ਸਪੱਸ਼ਟ ਸੰਕੇਤ ਨਹੀਂ ਮਿਲਦੇ। ਜ਼ਿਆਦਾਤਰ ਦੇਸ਼ ਆਪਣੀ ਸੁਰੱਖਿਆ, ਆਪਣੇ ਕੌਮੀ ਹਿੱਤਾਂ ਪ੍ਰਤੀ ਚਿੰਤਤ ਹਨ ਅਤੇ ਇਹ ਵੀ ਚਾਹੁੰਦੇ ਹਨ ਕਿ ਇਸ ਖੇਤਰ ਵਿਚ ਕਿਸੇ ਤਰ੍ਹਾਂ ਅਮਨ ਬਹਾਲ ਹੋਵੇ, ਆਰਥਿਕ, ਸਮਾਜਿਕ ਵਿਕਾਸ ਦੇ ਲਈ ਰਾਹ ਪੱਧਰਾ ਹੋਵੇ।

ਸਫ਼ਾ 2 ਦੀ ਬਾਕੀ

## ਸਦਗੁਰੂ ਦੇ ਈਸ਼ਾ ਫਾਊਂਡੇਸ਼ਨ 'ਤੇ ਕਿਉਂ ਉੱਠੇ ਸਵਾਲ ?...

ਹੁਣ ਪਟੀਸ਼ਨਕਰਤਾ ਦੀ ਸ਼ਿਕਾਇਤ ਇਹ ਹੈ ਕਿ ਫਾਊਂਡੇਸ਼ਨ ਕੁਝ ਵਿਅਕਤੀਆਂ ਨਾਲ ਦੁਰਵਿਹਾਰ ਕਰ ਰਹੀ ਹੈ, ਬ੍ਰੇਨਵਾਸ਼ ਕਰਕੇ ਅਤੇ ਉਨ੍ਹਾਂ ਨੂੰ ਭਿਖਸ਼ੂ ਬਣਾ ਕੇ ਅਤੇ ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦੇ ਰਹੀ। ਮੌਜੂਦਾ ਪਟੀਸ਼ਨ ਵਿੱਚ ਪਟੀਸ਼ਨਕਰਤਾ ਦੁਆਰਾ ਸੰਸਥਾ ਦੇ ਅੰਦਰ ਦੀ ਸਥਿਤੀ ਦੀ ਵੀ ਵਿਆਪਕ ਆਲੋਚਨਾ ਕੀਤੀ ਗਈ ਹੈ। ਹਾਈ ਕੋਰਟ ਨੇ ਆਪਣੇ ਆਦੇਸ਼ ਵਿੱਚ ਕਿਹਾ ਗਿਆ ਹੈ।

ਪਟੀਸ਼ਨ ਵਿੱਚ ਫਾਊਂਡੇਸ਼ਨ ਵਿੱਚ ਕੰਮ ਕਰਨ ਵਾਲੇ ਇੱਕ ਡਾਕਟਰ ਵਿਰੁੱਧ ਪੋਕਸੋ ਕੇਸ ਬਾਰੇ ਵੀ ਗੱਲ ਕੀਤੀ ਗਈ ਸੀ। ਪਟੀਸ਼ਨਕਰਤਾ ਵਿਅਕਤੀਗਤ ਤੌਰ 'ਤੇ ਇਹ ਦਰਜ ਕਰੇਗਾ ਕਿ ਹਾਲ ਹੀ ਵਿੱਚ ਇੱਕ ਡਾਕਟਰ, ਜੋ ਕਿ ਉਸੇ ਸੰਸਥਾ ਵਿੱਚ ਕੰਮ ਕਰ ਰਿਹਾ ਹੈ, ਦੇ ਖਿਲਾਫ ਪੋਕਸੋ ਦੇ ਤਹਿਤ ਇੱਕ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਵਿਅਕਤੀ 'ਤੇ ਦੋਸ਼ ਇਹ ਸੀ ਕਿ ਉਸ ਨੇ ਆਦਿਵਾਸੀ ਸਰਕਾਰੀ ਸਕੂਲ 'ਚ ਪੜ੍ਹਦੀਆਂ 12 ਲੜਕੀਆਂ ਨਾਲ ਸਰੀਰਕ ਛੇੜਛਾੜ ਕੀਤੀ ਹੈ।

ਹਾਲਾਂਕਿ ਪ੍ਰੋਫੈਸਰ ਕਾਮਰਾਜ ਦੀਆਂ ਧੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਈਸ਼ਾ ਫਾਊਂਡੇਸ਼ਨ ਵਿਖੇ ਉਨ੍ਹਾਂ ਦਾ ਠਹਿਰਨਾ ਸਵੈਇੱਛਤ ਹੈ, ਜਸਟਿਸ ਸੁਬਰਾਮਨੀਅਮ ਅਤੇ ਸਿਵਗਨਨਮ ਇਸ ਦਲੀਲ ਨਾਲ ਪੂਰੀ ਤਰ੍ਹਾਂ ਰਾਜ਼ੀ ਨਹੀਂ ਸਨ। ਹਾਈ ਕੋਰਟ ਕੋਰਟ ਦੇ ਬੈਂਚ ਨੇ ਕਿਹਾ—ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇੱਕ ਵਿਅਕਤੀ, ਜਿਸ ਨੇ ਆਪਣੀ ਧੀ ਦਾ ਵਿਆਹ ਕਰਵਾ ਦਿੱਤਾ ਹੋਵੇ , ਉਹ ਦੂਜਿਆਂ ਦੀਆਂ ਧੀਆਂ ਨੂੰ ਸਿਰ ਝੁਕਾ ਕੇ ਇੱਕ ਸੰਨਿਆਸੀ ਦੀ ਜ਼ਿੰਦਗੀ ਜਿਉਣ ਲਈ ਕਿਉਂ ਉਤਸ਼ਾਹਤ ਕਰ ਰਿਹਾ ਹੈ। ਇਹ ਸ਼ੱਕ ਹੈ, ਚਿੰਤਾਜਨਕ ਹੈ।

ਈਸ਼ਾ ਫਾਊਂਡੇਸ਼ਨ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਕੇ ਰਾਜੇਂਦਰ ਕੁਮਾਰ ਨੇ ਕਿਹਾ ਕਿ ਬਾਲਗਾਂ ਨੂੰ ਆਪਣੀ ਜ਼ਿੰਦਗੀ ਬਾਰੇ ਆਪਣੇ ਫੈਸਲੇ ਲੈਣ ਦਾ ਅਧਿਕਾਰ ਹੈ, ਜਿਸ ਵਿੱਚ ਅਧਿਆਤਮਿਕ ਮਾਰਗ ਅਪਣਾਉਣ ਦੀ ਚੋਣ ਵੀ ਸ਼ਾਮਲ ਹੈ। ਉਸ ਨੇ ਦਲੀਲ ਦਿੱਤੀ ਕਿ ਅਜਿਹੇ ਨਿੱਜੀ ਫੈਸਲਿਆਂ ਬਾਰੇ ਅਦਾਲਤ ਦੀ ਜਾਂਚ ਬੇਲੋੜੀ ਸੀ, ਕਿਉਂਕਿ ਔਰਤਾਂ ਸਪੱਸ਼ਟ ਤੌਰ 'ਤੇ ਆਪਣੀ ਮਰਜ਼ੀ ਨਾਲ ਕੰਮ ਕਰ ਰਹੀਆਂ ਸਨ।

ਜਸਟਿਸ ਸੁਬਰਾਮਨੀਅਮ ਨੇ ਬੇਟੀਆਂ ਨੂੰ ਕਿਹਾ—ਤੁਸੀਂ ਅਧਿਆਤਮਿਕਤਾ ਦੇ ਮਾਰਗ 'ਤੇ ਹੋਣ ਦਾ ਦਾਅਵਾ ਕਰਦੇ ਹੋ। ਕੀ ਤੁਸੀਂ ਆਪਣੇ ਮਾਪਿਆਂ ਨੂੰ ਨਜ਼ਰਅੰਦਾਜ਼ ਕਰਨਾ ਪਾਪ ਨਹੀਂ ਸਮਝਦੇ? 'ਸਭ ਨੂੰ ਪਿਆਰ ਕਰੋ ਅਤੇ ਕਿਸੇ ਨਾਲ ਨਫ਼ਰਤ ਨਾ ਕਰੋ' ਭਗਤੀ ਦਾ ਸਿਧਾਂਤ ਹੈ, ਪਰ ਅਸੀਂ ਤੁਹਾਡੇ ਵਿੱਚ ਤੁਹਾਡੇ ਮਾਪਿਆਂ ਲਈ ਬਹੁਤ ਨਫ਼ਰਤ ਵੇਖ ਰਹੇ ਹਾਂ। ਤੁਸੀਂ ਉਨ੍ਹਾਂ ਨੂੰ ਇੱਜ਼ਤ ਨਾਲ ਸੰਬੋਧਨ ਵੀ ਨਹੀਂ ਕਰ ਰਹੇ ਹੋ। ਬੇਟੀਆਂ ਦੇ ਬਿਆਨਾਂ ਅਤੇ ਈਸ਼ਾ ਫਾਊਂਡੇਸ਼ਨ ਵੱਲੋਂ ਪੇਸ਼ ਕੀਤੇ ਬਚਾਅ ਦੇ ਬਾਵਜੂਦ ਅਦਾਲਤ ਨੇ ਇਸ ਮਾਮਲੇ ਨੂੰ ਇੱਕ ਕਦਮ ਹੋਰ ਅੱਗੇ ਵਧਾਉਂਦੇ ਹੋਏ ਵਧੀਕ ਸਰਕਾਰੀ ਵਕੀਲ ਈ. ਰਾਜ ਥਿਲਕ ਨੂੰ ਇੱਕ ਵਿਆਪਕ ਸਥਿਤੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਰਿਪੋਰਟ ਵਿੱਚ ਸਾਰੇ ਅਪਰਾਧਿਕ ਮਾਮਲਿਆਂ ਨੂੰ ਸ਼ਾਮਲ ਕੀਤੇ ਜਾਣ ਦੀ ਉਮੀਦ ਹੈ, ਜੋ ਈਸ਼ਾ ਫਾਊਂਡੇਸ਼ਨ ਦੇ ਖਿਲਾਫ ਲੰਬਿਤ ਪਏ ਹਨ।

2016 ਤੋਂ ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਅਧਿਆਤਮਿਕ ਨੇਤਾ ਸਦਗੁਰੂ ਜੱਗੀ ਵਾਸੂਦੇਵ ਦੇ ਈਸ਼ਾ ਫਾਊਂਡੇਸ਼ਨ ਸੈਂਟਰ ਤੋਂ ਛੇ ਲੋਕ ਲਾਪਤਾ ਹੋ ਗਏ ਸਨ, ਪਰ ਇਹ ਅਸਪੱਸ਼ਟ ਹੈ ਕਿ ਉਨ੍ਹਾਂ ਵਿੱਚੋਂ ਕੋਈ ਵਾਪਸ ਆਇਆ ਹੈ ਜਾਂ ਨਹੀਂ, ਪੁਲਸ ਨੇ ਮਦਰਾਸ ਹਾਈ ਕੋਰਟ ਨੂੰ ਦੱਸਿਆ ਹੈ।

ਇਸ ਖਬਰ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਈਸ਼ਾ ਫਾਊਂਡੇਸ਼ਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਝੂਠ ਹੈ। ਫਾਊਂਡੇਸ਼ਨ ਨੇ ਇਕ ਬਿਆਨ 'ਚ ਕਿਹਾ—ਈਸ਼ਾ ਯੋਗਾ ਕੇਂਦਰ ਤੋਂ 2016 ਤੋਂ ਛੇ ਲੋਕਾਂ ਦੇ ਗਾਇਬ ਹੋਣ ਦਾ ਦਾਅਵਾ ਕਰਨ ਵਾਲੀ ਖਬਰ ਪੂਰੀ ਤਰ੍ਹਾਂ ਨਾਲ ਝੂਠੀ ਅਤੇ ਬੇਬੁਨਿਆਦ ਹੈ।



ਈਸ਼ਾ ਫਾਊਂਡੇਸ਼ਨ ਨੇ ਇਸ ਮਾਮਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ।

ਬੀਤੀ 3 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਪੁਲਸ ਦੀ ਅਗਲੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਅਤੇ ਮਾਮਲੇ ਨੂੰ ਮਦਰਾਸ ਹਾਈ ਕੋਰਟ ਤੋਂ ਆਪਣੇ ਕੋਲ ਤਬਦੀਲ ਕਰ ਦਿੱਤਾ।

ਤਤਕਾਲੀ ਚੀਫ਼ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਮਨੋਜ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਦੋਵੇਂ ਔਰਤਾਂ ਬਾਲਗ ਸਨ ਅਤੇ ਆਪਣੀ ਮਰਜ਼ੀ ਨਾਲ ਜੀ ਰਹੀਆਂ ਸਨ। ਪਟੀਸ਼ਨ ਦਾ ਉਦੇਸ਼ ਉਦੋਂ ਪੂਰਾ ਹੋਇਆ, ਜਦੋਂ ਉਨ੍ਹਾਂ ਦੋਹਾਂ ਔਰਤਾਂ ਨੇ ਸਪੱਸ਼ਟ ਕੀਤਾ ਕਿ ਉਹ ਡੇਰੇ ਦੇ ਅੰਦਰ ਹੀ ਰਹਿਣਾ ਚਾਹੁੰਦੀਆਂ ਹਨ।

ਸੁਪਰੀਮ ਕੋਰਟ ਦੀ ਬੈਂਚ ਨੇ ਨੋਟ ਕੀਤਾ ਕਿ ਪਿਛਲੀ ਸੁਣਵਾਈ ਦੌਰਾਨ ਉਸ ਨੇ ਦੋ ਔਰਤਾਂ ਨਾਲ ਨਿੱਜੀ ਤੌਰ 'ਤੇ ਗੱਲ ਕੀਤੀ ਸੀ। ਬਾਰ ਅਤੇ ਬੈਂਚ ਨੇ ਚੰਦਰਚੂੜ ਦੇ ਹਵਾਲੇ ਨਾਲ ਕਿਹਾ—ਉਨ੍ਹਾਂ ਦੋਵਾਂ ਨੇ ਕਿਹਾ ਕਿ ਉਹ ਉੱਥੇ ਆਪਣੀ ਮਰਜ਼ੀ ਨਾਲ ਰਹਿ ਰਹੀਆਂ ਹਨ ।

ਬੈਂਚ ਨੇ ਕਿਹਾ—ਇਹ ਕਾਰਵਾਈਆਂ ਲੋਕਾਂ ਨੂੰ ਬਦਨਾਮ ਕਰਨ ਅਤੇ ਸੰਸਥਾਵਾਂ ਨੂੰ ਬਦਨਾਮ ਕਰਨ ਲਈ ਨਹੀਂ ਹੋ ਸਕਦੀਆਂ।

ਸੁਪਰੀਮ ਕੋਰਟ ਨੇ ਹਾਲਾਂਕਿ ਕਿਹਾ ਕਿ ਹੈਬੀਅਸ ਕਾਰਪਸ ਪਟੀਸ਼ਨ ਨੂੰ ਬੰਦ ਕਰਨਾ ਪੁਲਸ ਨੂੰ ਫਾਊਂਡੇਸ਼ਨ ਦੇ ਖਿਲਾਫ ਹੋਰ ਜਾਂਚਾਂ ਨੂੰ ਅੱਗੇ ਵਧਾਉਣ ਤੋਂ ਨਹੀਂ ਰੋਕਦਾ।

ਸੰਵਿਧਾਨ ਦਾ ਆਰਟੀਕਲ 226 ਹਾਈ ਕੋਰਟਾਂ ਨੂੰ ਕਿਸੇ ਵੀ ਵਿਅਕਤੀ, ਅਥਾਰਟੀ ਜਾਂ ਸਰਕਾਰ ਨੂੰ ਰਿੱਟ, ਆਦੇਸ਼ ਅਤੇ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ, ਭਾਵੇਂ ਇਹ ਉਨ੍ਹਾਂ ਦੇ ਖੇਤਰੀ ਅਧਿਕਾਰ ਖੇਤਰ ਤੋਂ ਬਾਹਰ ਹੋਵੇ।

ਬੈਂਚ ਨੇ ਇਹ ਵੀ ਕਿਹਾ ਕਿ ਦੋ ਔਰਤਾਂ ਦੇ ਪਿਤਾ ਨੂੰ ਆਪਣੀਆਂ ਧੀਆਂ ਦਾ ਭਰੋਸਾ ਆਪਣੇ ਤੌਰ 'ਤੇ ਜਿੱਤਣਾ ਹੋਵੇਗਾ, ਬਾਰ ਅਤੇ ਬੈਂਚ ਨੇ ਰਿਪੋਰਟ ਕੀਤੀ। ਚੰਦਰਚੂੜ ਨੇ ਕਿਹਾ—ਬਾਲਗ ਬੱਚਿਆਂ ਲਈ ਤੁਹਾਨੂੰ ਉਨ੍ਹਾਂ ਦਾ ਵਿਸ਼ਵਾਸ ਜਿੱਤਣਾ ਹੋਵੇਗਾ।

ਬੈਂਚ ਨੇ ਇਹ ਵੀ ਕਿਹਾ—ਜਦੋਂ ਤੁਹਾਡੇ ਕੋਲ ਔਰਤਾਂ ਅਤੇ ਨਾਬਾਲਗ ਬੱਚੇ ਹਨ, ਤਾਂ ਇੱਕ ਅੰਦਰੂਨੀ ਸ਼ਿਕਾਇਤ ਕਮੇਟੀ ਹੋਣੀ ਚਾਹੀਦੀ ਹੈ।ਵਿਚਾਰ ਕਿਸੇ ਸੰਗਠਨ ਨੂੰ ਬਦਨਾਮ ਕਰਨਾ ਨਹੀਂ, ਪਰ ਕੁਝ ਜ਼ਰੂਰਤਾਂ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਆਖਰੀ ਸਫ਼ਾ ਦੀ ਬਾਕੀ

## ਅਰੁਣਾਚਲ ਦਰਸ਼ਨ...

ਰੇਡੀਓ ਰੀਲੇਅ ਸਟੇਸ਼ਨ ਵੀ ਹੈ। ਹੁਣ ਤਾਂ ਸੈਟੇਲਾਈਟ ਜ਼ਰੀਏ ਆਖਰੀ ਪੋਸਟ ਤੱਕ ਡਿੱਸ਼ਾਂ ਵੀ ਚੱਲਦੀਆਂ ਹਨ।

ਅਗਲੇ ਦਿਨ ਬੇਟਾ ਸਾਫ਼ ਮੌਸਮ ਦਾ ਲਾਹਾ ਲੈਂਦਿਆਂ ਮੈਨੂੰ ਤਵਾਂਗ ਦਾ ਮਸ਼ਹੂਰ ਗੋਂਫ਼ਾ ਵਿਖਾਉਣ ਲੈ ਗਿਆ। ਏਥੇ ਜੋ ਵੇਖਿਆ, ਹੈਰਾਨੀਜਨਕ ਸੀ। ਮਹਾਤਮਾ ਬੁੱਧ ਦੀ ਵਿਸ਼ਾਲ ਤਾਂਬੇ ਦੀ ਮੂਰਤੀ, ਜਿਸ ਦੀ ਵੀਹ ਫੁੱਟ ਦੇ ਕਰੀਬ ਮਾਰੀ ਚੌਂਕੜੀ ਅਤੇ ਨਾਭੀ ਇਕ ਮੰਜ਼ਲ, ਉਸ ਤੋਂ ਬਾਅਦ ਨਾਭੀ ਤੋਂ ਮੋਢਿਆਂ ਤੱਕ ਦੂਜੀ ਮੰਜ਼ਲ ਅਤੇ ਬੁੱਧ ਦੇ ਗਲ਼ੇ ਸਮੇਤ ਸਿਰ ਤੀਜੀ ਮੰਜ਼ਲ ਵਿੱਚ ਸੀ, ਜੋ ਅਸੀਂ ਪੌੜੀਆਂ ਚੜ੍ਹ ਕੇ ਵੇਖਿਆ। ਕੋਈ ਸਪੀਕਰ, ਕੋਈ ਸ਼ੋਰ-ਸ਼ਰਾਬਾ ਨਹੀਂ। ਯਾਕ ਦੇ ਘਿਓ ਦੇ ਬਲਦੇ ਦੀਵੇ ਸ਼ਾਂਤੀ ਦਾ ਸੰਦੇਸ਼ ਦੇ ਰਹੇ ਸਨ। ਟਾਂਵਾਂ-ਟਾਂਵਾਂ ਸੈਲਾਨੀ ਅਤੇ ਸਥਾਨਕ ਲਾਮੇ ਲੋਕ ਲੱਕੜ ਦੇ ਰੂਲਿਆਂ ਉੱਪਰ ਲਿਖੀ ਇਬਾਰਤ ਨੂੰ ਚੱਕੀਆਂ ਵਾਂਗ ਘੁੰਮਾਅ ਕੇ ਇਬਾਦਤ ਕਰਦੇ ਆਪਣੀ ਆਸਥਾ ਦਾ ਪ੍ਰਗਟਾਵਾ ਕਰਦੇ ਅੱਗੇ ਲੰਘ ਜਾਂਦੇ। ਮੂੰਹ ਵਿਚ ਕੀ ਮਿਣ-ਮਿਣ ਕਰ ਰਹੇ ਸਨ, ਕੁੱਝ ਸਮਝ ਨਹੀਂ ਪੈਂਦਾ ਸੀ।

ਰੂਲਿਆਂ ਉੱਪਰ ਲਿਖੀ ਭਾਸ਼ਾ ਦੀ ਸਮਝ ਨਹੀਂ ਪੈਂਦੀ, ਜਿਵੇਂ ਚੀਨੀ ਜਾਂ ਭੁਟਾਨੀ ਹੋਵੇ। ਇੰਝ ਹੀ ਘਰਾਂ ਵਿੱਚ ਥਾਂ-ਥਾਂ ਵੀਹ-ਤੀਹ ਫੁੱਟ ਉੱਚੇ ਕੋਈ 8-9 ਇੰਚ ਮੋਟੇ ਲੱਕੜ ਦੇ ਖੰਭਿਆਂ ਨਾਲ ਫੁੱਟ ਕੁ ਚੌੜਾ ਖੰਭੇ ਜਿੰਨਾ ਹੀ ਲੰਮਾ ਕੱਪੜਾ ਵੀ ਉਸੇ ਭਾਸ਼ਾ ਵਿੱਚ ਲਿਖਿਆ ਝੂਲਦਾ ਹੈ।

ਇਹ ਲੋਕ ਕਿਸੇ ਨਾਲ ਜ਼ਿਆਦਾ ਘੁਲ਼ਦੇ-ਮਿਲਦੇ ਨਹੀਂ। ਰਵਾਇਤ ਮੁਤਾਬਿਕ ਹਰ ਘਰ ਦਾ ਤੀਜਾ ਬੱਚਾ ਮੁੰਡਾ, ਮੁੰਡਿਆਂ ਵਾਲੇ ਗੋਂਫ਼ੇ ਵਿੱਚ ਅਤੇ ਕੁੜੀ, ਕੁੜੀਆਂ ਵਾਲੇ ਗੋਂਫ਼ੇ ਵਿੱਚ ਭੇਜਣਾ ਲਾਜ਼ਮੀ ਹੁੰਦਾ ਹੈ ਜੋ ਉਥੇ ਹੀ ਧਾਰਮਿਕ ਵਿੱਦਿਆ ਪ੍ਰਾਪਤ ਕਰਕੇ ਸਾਰੀ ਉਮਰ ਬ੍ਰਹਮਚਾਰ ਧਾਰਨ ਕਰਦੇ ਹਨ।

ਇਕ ਪ੍ਰੰਪਰਾ ਹੈ ਕਿ ਕਿਸੇ ਪ੍ਰਾਣੀ ਦੀ ਮੌਤ ਹੋਣ 'ਤੇ ਇਨ੍ਹਾਂ ਦਾ ਧਰਮ ਗੁਰੂ ਜਿਵੇਂ ਕਹੇਗਾ, ਉਵੇਂ ਹੀ ਕੀਤਾ ਜਾਂਦਾ ਹੈ। ਜੇ ਉਹ ਕਹੇ ਸਾੜ ਦਿਓ, ਦੱਬ ਦਿਓ ਜਾਂ ਟੁਕੜੇ ਕਰਕੇ ਮੱਛੀਆਂ ਨੂੰ ਪਾ ਦਿਓ, ਤਾਂ ਉਹੀ ਹੁਕਮ ਤਾਮੀਲ ਕੀਤਾ ਜਾਂਦਾ ਹੈ। ਕੋਈ ਰੋਣਾ-ਧੋਣਾ ਨਹੀਂ।

ਇਹ ਲੋਕ ਗੋਰੇ-ਚਿੱਟੇ ਬਹੁਤ ਹੁੰਦੇ ਹਨ, ਪਰ ਨਹਾਉਂਦੇ ਬਹੁਤ ਘੱਟ ਹਨ। ਹਰ ਦੁਕਾਨ ਵਿੱਚ ਸੁੱਕੀਆਂ ਮਿਰਚਾਂ ਵਾਂਗ ਸੁੱਕੀਆਂ ਛੋਟੀਆਂ ਮੱਛੀਆਂ, ਯਾਕ ਦਾ ਸੁੱਕਾ ਮਾਸ ਰੱਖਿਆ ਹੁੰਦਾ ਹੈ, ਜਿੱਥੇ ਖਲੋਣਾ ਮੁਸ਼ਕਲ ਹੋ ਜਾਂਦਾ ਹੈ। ਕੋਈ-ਕੋਈ ਦੁਕਾਨ ਮਾਰਵਾੜੀ ਸੇਠ ਅਤੇ ਸਰਦਾਰ ਦੀ ਵੀ ਮਿਲ ਜਾਂਦੀ ਹੈ।

ਡਿਫ਼ੈਂਸ ਪੱਖੋਂ ਇਸ ਸੈਕਟਰ ਵਿੱਚ ਭਾਰਤ ਦੀ ਸਥਿਤੀ 1962 ਤੋਂ ਕਈ ਗੁਣਾਂ ਬਿਹਤਰ ਹੈ। ਸ਼ਕਤੀਸ਼ਾਲੀ ਤੋਪਖਾਨਾ ਆਖਰੀ ਪੋਸਟ ਤੱਕ ਪਹੁੰਚ ਕਰ ਚੁੱਕਾ ਹੈ। ਤਵਾਂਗ ਤੋਂ 25-30 ਕਿਲੋਮੀਟਰ ਚੜ੍ਹਾਈ ਤੋਂ ਬਾਅਦ ਉਤਰਾਈ ਚੀਨ ਵੱਲ ਨੂੰ ਹੈ। ਸਰਹੱਦ ਐਨੀ ਲੰਮੀ-ਚੌੜੀ ਹੋਣ ਦੇ ਬਾਵਜੂਦ ਘੁਸਪੈਠ ਦੀਆਂ ਖਬਰਾਂ ਤੋਂ ਇਲਾਵਾ ਪਾਕਿ ਸਰਹੱਦ ਵਾਂਗ ਝੜਪਾਂ ਨਹੀਂ ਹੁੰਦੀਆਂ। ਸਰਹੱਦ ਉੱਤੇ ਕੋਈ ਤਣਾਅ ਨਹੀਂ। ਹਰ ਮਹੀਨੇ ਫਲੈਗ ਮੀਟਿੰਗ ਹੁੰਦੀ ਹੈ। ਵਪਾਰਕ ਪੱਖ ਤੋਂ ਕੋਈ ਵਧੀਆ ਸਰੋਤ ਨਹੀਂ ਦਿਸਿਆ। ਹੁਣ ਕਿਤੇ-ਕਿਤੇ ਬਾਗਾਂ ਦਾ ਉਪਰਾਲਾ ਹੋ ਰਿਹਾ ਹੈ।

ਬੇਟੇ ਨੇ ਨਵੇਂ ਸਾਲ ਦੀ ਛੁੱਟੀ ਮਨਜ਼ੂਰ ਕਰਵਾ ਕੇ ਗੁਹਾਟੀ ਤੋਂ ਰਾਜਧਾਨੀ ਐਕਸਪ੍ਰੈੱਸ ਵਿੱਚ ਪਹਿਲਾਂ ਹੀ ਸੀਟਾਂ ਬੁੱਕ ਕਰਵਾ ਛੱਡੀਆਂ ਸਨ। ਮੇਰੀ ਇਹ 30-32 ਸਾਲ ਬਾਅਦ ਮੁੜ ਕੀਤੀ ਯਾਤਰਾ ਯਾਦਗਾਰੀ ਹੋ ਨਿੱਬੜੀ। ਬੇਟੇ ਦੇ ਸਾਥੀਆਂ ਤੋਂ ਜਨਵਰੀ ਦੇ ਪਹਿਲੇ ਹਫ਼ਤੇ ਵਿਦਾਇਗੀ ਲੈਂਦਿਆਂ ਫੌਜੀ ਬੱਚਿਆਂ ਦੀਆਂ ਅੱਖਾਂ ਵਿੱਚ ਸੱਚੇ ਪਿਆਰ ਦੇ ਹੰਝੂ ਸਨ। ਤਵਾਂਗ ਵਿੱਚ ਫੌਜੀ ਬੱਚਿਆਂ ਨਾਲ ਮਹੀਨਾ ਭਰ ਰਹਿ ਕੇ ਮੈਨੂੰ ਇੰਝ ਲੱਗ ਰਿਹਾ ਸੀ, ਜਿਵੇਂ ਮੈਂ ਫੌਜ ਵਿੱਚ ਹੀ ਮੁੜ ਨੌਕਰੀ ਕਰ ਰਿਹਾ ਹੋਵਾਂ ਅਤੇ ਬੇਟੇ ਨਾਲ ਹੀ ਛੁੱਟੀ ਜਾ ਰਿਹਾ ਹੋਵਾਂ। ਤੁਰਦਿਆਂ ਬੇਟੇ ਦਾ ਮਦਰਾਸੀ ਦੋਸਤ ਚਿੱਲਾਪਨ ਕਹਿ ਰਿਹਾ ਸੀ, "ਨਾਇਕ ਸਾਹਬ, ਛੁੱਟੀ ਕਾਟ ਕਰ ਆਤੇ ਸਮੇਂ ਮੰਮੀ ਸੇ ਕੋਆ (ਖੋਆ) ਲਾਨਾ ਮੱਤ ਭੂਲਨਾ।"

**ਸੰਪਰਕ : 94656-56214**

ਸਫ਼ਾ 3 ਦੀ ਬਾਕੀ

## ਮਾਨਵੀ ਸੰਵੇਦਨਾਵਾਂ ਤੇ ਮਸ਼ੀਨੀ ਬੁੱਧੀ ...

ਇਹ ਸੁਵਿਧਾਵਾਂ ਸਿੱਧੇ/ਅਸਿੱਧੇ ਤੌਰ 'ਤੇ ਤਨ-ਮਨ/ਧਨ ਨਾਲ ਜੁੜੀਆਂ ਹਨ। ਯੂਨੀਵਰਸਿਟੀ ਵਿਚ ਕਾਰਜਗਤ ਪੰਜਾਬੀ ਭਾਸ਼ਾ ਸਾਹਿਤ ਦੇ ਰੁਲੇ-ਖੁਲੇ ਪੰਤਾਲੀ ਸਾਲਾਂ ਅਧਿਆਪਕ ਦੀ ਜੀਵਨ-ਕਹਾਣੀ ਨਾਲ ਨਾਟ-ਵਾਤਾਵਰਣ ਉਸਾਰਿਆ ਗਿਆ ਹੈ।ਨਾਟ-ਕਥਾ ਦਾ ਸੰਖਿਪਤ ਵੇਰਵਾ ਇੰਜ ਹੈ:-ਸਿਧਾਰਥ ਨੂੰ ਤਿੰਨ ਸਾਲ ਪਹਿਲਾਂ ਉਸ ਦੀ ਪਹਿਲੀ ਪਤਨੀ ਅਨੀਤਾ ਛੱਡ ਚੁੱਕੀ ਹੈ, ਜੋ ਲੈਜੀਬੀਅਨ ਹੈ।ਦੂਜੀ ਗਰਮ ਸੁਭਾਅ ਵਾਲੀ ਕਿਰਨਜੋਤ ਤੋਂ ਵੀ ਅਸੰਤੁਸ਼ਟ ਹੈ।ਇਸ ਲਈ ਉਹ ਅੰਮ੍ਰਿਤਾ ਸਿੰਘ ਕੋਲ ਪਹੁੰਚ ਕਰਦਾ ਹੈ; ਜੋ ਉਸ ਨੂੰ ਮਾਂ, ਪੁੱਤ ਲਈ ਮਿੱਠ ਬੋਲੜੀ ਸਾਥਣ/ਰੋਬੋ ਤਿਆਰ ਕਰਕੇ ਦੇ ਸਕੇ। ਅੰਮ੍ਰਿਤਾ ਉਸ ਦੇ ਸੋਸ਼ਲ ਅਕਾਊਂਟ ਅਤੇ ਨਿੱਜੀ ਮੁਲਾਕਾਤਾਂ 'ਚੋਂ ਤਿਆਰ ਸਰਵੇਖਣ ਦੇ ਆਧਾਰ ਉਤੇ 'ਕਰੁਣਾ' ਨਾਮੀ ਮਸ਼ੀਨੀ ਔਰਤ ਤਿਆਰ ਕਰ ਦਿੰਦੀ ਹੈ। ਦਿਲਚਸਪ ਸਥਿਤੀ ਇਹ ਹੈ ਕਿ ਇਸ ਨਵ-ਨਿਰਮਾਣਤ 'ਕਰੁਣਾ' ਦੇ ਸਵਾਗਤ ਲਈ ਅਨੀਤਾ ਅਤੇ ਕਿਰਨਜੋਤ ਨੇ ਵੀ ਹਾਜ਼ਰੀ ਭਰੀ ਹੈ। ਜਸ਼ਨਈ ਮਾਹੌਲ ਵਿਚ ਕਰੁਣਾ ਬਾਰੇ ਉਦੈ ਹੋਏ ਵਿਚਾਰਧਾਰਕ ਸਵਾਲ ਵਿਚ ਜਵਾਬ ਆਉਂਦਾ ਹੈ:-'ਇਹ ਸਭ ਕੁਝ ਐ। ਨੁਕਰਾਣੀ ਵੀ।ਮਾਲਕਣ ਵੀ ਅਤੇ ਗਣਿਕਾ ਵੀ।.. ਇਹ ਕੇਵਲ ਹੁਕਮ ਮੰਨੇਗੀ ਬਿਨਾਂ ਕਿਸੇ ਟੈਨਸ਼ਨ ਦੇ। ਲੱਗਦੈ, ਅਸੀਂ ਸੰਸਾਰ ਦੀਆਂ ਆਖਰੀ ਔਰਤਾਂ ਹੋਵਾਂਗੀਆਂ। ਦਾ ਲਾਸਟ ਵੀਮਨ ਆਵਦ ਵਰਲਡ' (ਸੋ ਦਰੁ, ਸਫ਼ਾ/90) ਕਸਟਮਾਈਜ਼ ਕੀਤੀ ਕਰੁਣਾ ਨਾਲ ਜ਼ਿੰਦਗੀ ਤਾਂ ਸੁਖਾਲੀ ਚੱਲਣ ਲੱਗਦੀ ਹੈ, ਪਰ ਕੁਝ ਸਮੇਂ ਬਾਅਦ ਸਿਧਾਰਥ ਦੀ ਇਕਾਗਰਤਾ ਭੰਗ ਹੋਣ ਲੱਗਦੀ ਹੈ। ਸੰਵੇਦਨਾਵਾਂ, ਝਗੜੇ-ਝੇੜੇ, ਟਕਰਾਅ, ਤਣਾਅ ਆਦਿ ਦੇ ਘਟਣ ਨਾਲ ਅੱਕ-ਥੱਕ ਕੇ ਅੰਮ੍ਰਿਤਾ ਨਾਲ ਰਿਸ਼ਤਾ ਜੋੜਦਾ ਹੈ ਤਾਂ ਉਹ ਕਹਿੰਦੀ ਹੈ : 'ਨਹੀਂ, ਨਹੀਂ, ਸਿਧਾਰਥ, ਤੁਸੀਂ ਗਲਤ ਸਮਝ ਗਏ! ਅਸੀਂ ਵਿਆਹ ਦੇ ਪਵਿੱਤਰ ਬੰਧਨ ਵਿੱਚ ਨਹੀਂ, ਸਗੋਂ ਪ੍ਰੇਮ ਦੇ ਸੁੰਦਰ ਰਿਸ਼ਤੇ ਵਿੱਚ ਜੁੜਨ ਜਾ ਰਹੇ ਹਾਂ.' (ਸੋ ਦਰੁ, ਸਫ਼ਾ/129) ਇਸ ਸੰਬੋਧਨੀ ਲਹਿਜ਼ੇ ਦੇ ਆਖ਼ਰੀ ਵਾਕ : 'ਤੁਹਾਨੂੰ ਇਹ ਜਾਣ ਕੇ ਪਤਾ ਨਹੀਂ ਖੁਸ਼ੀ ਹੋਵੇਗੀ ਜਾਂ ਹੈਰਾਨੀ ਕਿ ਕਰੁਣਾ ਵਰਗਾ ਮੇਰਾ ਸੂਝਵਾਨ ਸਾਥੀ ਵੀ ਛੇਤੀ ਹੀ ਇੱਥੇ ਪਹੁੰਚਣ ਵਾਲੈ।' (ਸੋ ਦਰੁ, ਸਫ਼ਾ/130) ਨਾਲ ਤਾੜੀਆਂ ਦੀ ਗੂੰਜ ਵਿਚ ਨਾਟਕ ਸਮਾਪਤ ਹੋ ਜਾਂਦਾ ਹੈ।

ਨਾਟਕ ਵਿਚ 'ਦੇਹ/ਦੇਹੀ' ਨਾਲ ਜੁੜੀਆਂ ਸੰਵੇਦਨਾਵਾਂ/ਸੰਕਲਪਾਂ ਨੂੰ ਸਮਝਣ ਲਈ ਨਿਮਨ ਲਿਖਤ ਸੰਵਾਦ ਮਦਦਗਾਰ ਹੋ ਸਕਦੇ ਹਨ:-

ਅਨੀਤਾ : ਡਾਕਟਰ, ਤੁਸੀਂ ਮਾਨਸਿਕ ਰੋਗਾਂ ਦੇ ਮਾਹਰ ਹੋ। ਮੈਂ ਨਹੀਂ ਸਮਝਦੀ ਕਿ ਲੈਜੀਬੀਅਨ ਹੋਣਾ ਇੱਕ ਰੋਗ ਐ।ਸਿਧਾਰਥ, ਲੈਜਬੀਨ ਹੋਣਾ ਸਾਡੀ ਆਪਣੀ ਚੋਣ ਨਹੀਂ ਸੀ।ਤੁਹਾਨੂੰ, ਸਾਡੀ ਦੇਹ ਦੀ ਇਸ ਹਕੀਕਤ ਨੂੰ ਸਵੀਕਾਰ ਕਰਨਾ ਪੈਣਾ ਕਿ ਅਸੀਂ ਕੌਣ ਹਾਂ।(ਸੋ ਦਰੁ, ਸਫ਼ਾ/80)

?ਸਿਧਾਰਥ ਅੰਮ੍ਰਿਤਾ ਨੂੰ ਕਿਰਨਜੋਤ ਬਾਰੇ ਦੱਸਦਾ ਹੈ :- ਉਹ ਮੈਨੂੰ ਚੋਟੀ 'ਤੇ ਪੁਚਾ ਕੇ ਆਖਦੀ, ਦੇਖ ਤੂੰ ਆਪਣੀ ਮੰਜ਼ਲ ਫਤਿਹ ਕਰ ਲਈ ਐ, ਮੈਨੂੰ ਵੀ ਲੈ ਚੱਲ ਮੇਰੀ ਮੰਜ਼ਲ ਵੱਲ।(ਸੋ ਦਰੁ, ਸਫ਼ਾ/86)

ਕਰੁਣਾ ਦਰਸ਼ਕਾਂ ਨੂੰ ਸੰਬੋਧਿਤ ਹੁੰਦੀ ਹੈ : ਮੰਨਣਾ ਪਵੇਗਾ ਕਿ ਮਾਨਵ ਦੇਹੀ ਤੋਂ ਬਿਨਾਂ ਗਿਆਨ ਆਪਣੇ ਲਖਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ..ਹਾਂ, ਇੰਨਾ ਜ਼ਰੂਰ ਹੈ ਕਿ ਜ਼ਿੰਦਗੀ ਦੇ ਰੀਅਲ ਡਰਾਮੇ ਵਿੱਚ ਹੁਣ ਮੇਰੇ ਵਰਗੇ ਵਰਚੁਅਲ ਕਰੈਕਟਰ ਵੀ ਸ਼ਾਮਲ ਹੋ ਗਏ ਨੇ।(ਸੋ ਦਰੁ, ਸਫ਼ਾ/100)

ਅੰਮ੍ਰਿਤਾ, ਸਿਧਾਰਥ ਨੂੰ-ਇੱਕ-ਦੂਜੇ ਦੇ ਸੱਖਣੇਪਨ ਨੂੰ ਭਰਨ ਵਾਲੇ ਪੂਰਕ ਬਣੀਏ। ਆਈ ਮਿਨ ਸਾਡਾ ਸੰਬੰਧ ਬੌਧਿਕ ਨੇੜਤਾ ਤੋਂ ਡੂੰਘਾ ਹੋਣਾ ਚਾਹੀਦੈ।(ਸੋ ਦਰੁ, ਸਫ਼ਾ/126)

ਮਨੁੱਖ ਮਨ ਦੇ ਨਾਲ-ਨਾਲ ਤਨ ਨਾਲ ਵੀ ਸੋਚਦਾ ਹੈ।ਮਸ਼ੀਨਾਂ ਕਰੁਣਾ ਵਰਗੀਆਂ ਇਕ ਜਾਂ ਇਕ ਤੋਂ ਵਧੀਕ ਮਲਟੀਟਾਸਕਿੰਗ ਔਰਤਾਂ ਤਾਂ ਬਣਾ ਸਕਦੀ ਹੈ, ਪਰ ਕਰੁਣਾ ਵੱਲੋਂ ਅੰਮ੍ਰਿਤਾ ਪੈਦਾ ਕਰਨਾ ਕਠਿਨ ਹੈ।ਇਹ ਟੂਲ ਮਨੁੱਖੀ ਜ਼ਿੰਦਗੀ ਦਾ ਸਹਾਇਕ ਹੋ ਸਕਦਾ ਹੈ; ਬਦਲ ਮੁਸ਼ਕਲ। ਤਕਨੀਕੀ ਔਜ਼ਾਰਾਂ/ਸੱਭਿਆਚਾਰ ਵਿਚ ਮਨੁੱਖ ਦੀ ਗੁੰਝਲ ਉਲਝਦੀ ਵੀ ਹੈ ਤੇ ਸੁਲਝਦੀ ਵੀ। ਡਾਟਾ, ਬੌਧਿਕਤਾ ਵਿਚ ਬਦਲਣ ਦਾ ਵਿਖਾਵਾ ਵੀ ਕਰਦਾ ਹੈ।'ਮਿਸ਼ਨ ਹੈਪੀਨਸ' ਦੇ ਬੈਨਰ ਹੇਠ ਫਾਰਮਾਸਿਊਟੀਕਲ ਇੰਡਸਟਰੀ, ਬਿਊਟੀ ਇੰਡਸਟਰੀ, ਕਲਚਰਲ ਇੰਡਸਟਰੀ, ਐਂਟਰਟੇਨਮੈਂਟ ਇੰਡਸਟਰੀ, ਯੋਗ ਮੈਡੀਸਨ, ਮੋਟੀਵੇਸ਼ਨ, ਪਾਲੇਟਿਕਸ ਆਦਿ ਬੜਾ ਕੁਝ ਸ਼ਾਮਲ ਹੋ ਰਿਹਾ ਹੈ।

'ਗਲੋਬਲ ਮਾਈਂਡ' ਵਿਚ ਰਿਸ਼ਤਿਆਂ ਦੇ ਬੰਧਨ-ਮੁਕਤ ਹੋਣ ਕਾਰਨ ਸਾਂਝ ਖੁਰ ਰਹੀ ਹੈ। ਇਕੱਲਤਾ, ਬੇਗਾਨਗੀ ਵੱਲ ਵਧਦੇ ਸਮਾਜਿਕ ਦ੍ਰਿਸ਼ ਵਿਚ ਸਕੂਨ ਪ੍ਰਾਪਤੀ ਦੇ ਬਦਲ ਤਲਾਸ਼ੇ ਜਾ ਰਹੇ ਹਨ।ਇਸ ਬਦਲ ਵਿਚ 'ਪ੍ਰੇਮ' ਵੱਡਾ ਸੂਤਰ ਹੋ ਸਕਦਾ ਹੈ; ਨਾਟਕ ਇਹੋ ਕਹਿੰਦੇ ਹਨ।ਤੇ ਬਾਣੀ ਵੀ ਪ੍ਰੇਮ ਮਾਰਗ 'ਤੇ ਚੱਲਣ ਦੀ ਸਲਾਹ ਦਿੰਦੀ ਹੈ।

ਪ੍ਰੇਮ; ਦਿਲ ਤੋਂ ਸਰੀਰ ਦੀਆਂ ਸਾਰੀਆਂ ਨਸਾਂ ਤੱਕ ਤਰੰਗਾਂ ਛੇੜਦਾ ਹੈ। ਸਾਜ਼ ਵਾਂਗ ਇਕਸੁਰ ਕਰਦਾ ਹੈ। ਪ੍ਰੇਮ ਨੂੰ ਸ਼ਕਤੀ ਦੇਹ 'ਚੋਂ ਹੀ ਮਿਲਦੀ ਹੈ ਤੇ ਦੇਹ ਦੀ ਆਪਣੀ ਭਾਸ਼ਾ ਹੁੰਦੀ ਹੈ। ਫ਼ਰੀਦ ਕਾਵਿ ਵਿਚ ਦੇਹ, ਪ੍ਰੇਮ ਦਾ ਅਨੂਠਾ ਕਾਵਿ-ਪ੍ਰਵਚਨ ਸਿਰਜਿਆ ਗਿਆ ਹੈ। ਫ਼ਰੀਦ ਬਾਣੀ ਜਿੱਥੇ ਗੁਰਬਾਣੀ/ਗੁਰਮਤਿ ਕਾਵਿ ਦਾ ਅੰਗ ਹੈ, ਉੱਥੇ ਪੰਜਾਬੀ ਸੂਫ਼ੀ ਕਾਵਿ ਦਾ ਆਦਿ ਬਿੰਦੂ ਵੀ ਹੈ।ਦੇਹ/ਪ੍ਰੇਮ ਨਾਲ ਜੁੜੇ ਸਲੋਕਾਂ ਦੀ ਚੋਣ ਕਰਕੇ ਨਾਟ-ਚਰਚਾ ਵਿਚ ਵਾਧਾ ਕੀਤਾ ਜਾ ਸਕਦਾ ਹੈ।ਇਹ ਖ਼ਿਆਲ ਵੀ ਹੁਣੇ-ਹੁਣੇ ਹੀ ਆਇਆ ਹੈ। ਸਮਾਪਤੀ ਸ਼ਬਦਾਂ ਵੇਲੇ। ਇਸ ਸੰਵਾਦ ਵੱਲ ਵੀ ਪਰਤਾਂਗੇ ਕਦੇ, ਕਿਉਂਕਿ ਠੋਸ ਸੰਵਾਦ; ਅਮੁੱਕ ਹੁੰਦੈ।

ਇਨ੍ਹਾਂ ਦੋਵੇਂ ਨਾਟਕਾਂ ਦਾ ਸੰਗਲੀਬੱਧ ਅਧਿਐਨ ਸੰਭਵ ਹੈ। ਦੋਵਾਂ ਨਾਟਕਾਂ ਦੀ ਪੜ੍ਹਤ/ਪੇਸ਼ਕਾਰੀ ਵਿਚ ਬੌਧਿਕ ਪਾਠਕ/ਦਰਸ਼ਕ ਦੀ ਪ੍ਰਸੰਗਿਕਤਾ ਗੌਰਯੋਗ ਹੈ। ਦੂਜੇ ਬੰਨੇ ਨਾਟਕ ਦੀ ਮੰਚ ਯੋਗਤਾ ਸਾਧਾਰਨ ਦਰਸ਼ਕ/ਪਾਠਕ ਨਾਲ ਵੀ ਜੁੜੀ ਹੁੰਦੀ ਹੈ।ਅਜਿਹੇ ਨਾਟ-ਸੰਵਾਦ ਨੂੰ ਜਨ-ਚੇਤਨਾ ਦਾ ਮਾਧਿਅਮ ਬਣਾਉਣ ਲਈ ਜਨ-ਸਾਧਾਰਨ ਦੀ ਬੋਲੀ ਤੱਕ ਵੀ ਪਹੁੰਚਣਾ ਚਾਹੀਦਾ ਹੈ। ਪੰਜਾਬ ਦਾ ਬਹੁਤਾ ਹਿੱਸਾ ਅਜੇ ਪਿੰਡਾਂ ਵਿਚ ਬਚਿਆ ਹੋਇਆ ਹੈ।'ਸੁਰਤਿ' ਦੇ ਤਾਜ਼ੇ ਅੰਕ ਵਿਚ ਅਮਰਜੀਤ ਗਰੇਵਾਲ ਨੇ ਖ਼ੁਦ ਕਿਹਾ ਹੈ : ਪੰਜਾਬ ਇਕ ਜ਼ਿੰਮੇਵਾਰੀ ਦਾ ਨਾਂਅ ਹੈ।

**ਸੰਪਰਕ-85281-00088**

24-Nov-Sunday.qxd 11/23/2024 11:07 PM Page 2



ਯਾਤਰਾ ਬਿਰਤਾਂਤ

# ਅਰੁਣਾਚਲ ਦਰਸ਼ਨ

## ਤਰਸੇਮ ਸਿੰਘ ਭੰਗੂ

ਸੰਨ 2006 ਵਿੱਚ ਵੱਡਾ ਬੇਟਾ ਬਲਜਿੰਦਰ ਸਿੰਘ ਸਿਗਨਲ ਕੋਰ ਵਿੱਚ ਬਤੌਰ ਮਕੈਨਿਕ ਭਰਤੀ ਹੋ ਗਿਆ ਸੀ। ਉਸ ਦੀ ਤੀਜੀ ਪੋਸਟਿੰਗ ਅਰੁਣਾਚਲ ਪ੍ਰਦੇਸ਼ ਦੇ ਅਖੀਰਲੇ ਜ਼ਿਲ੍ਹੇ ਤਵਾਂਗ ਦੀ ਸੀ। ਜਦੋਂ ਉਹ ਛੁੱਟੀ ਆਇਆ ਤਾਂ ਮੈਂ ਉਸ ਨਾਲ ਆਪਣੀ ਫੌਜ ਦੀ ਨੌਕਰੀ ਦੌਰਾਨ 1991-92 ਵੇਲੇ ਦੇ ਅਨੁਭਵ ਸਾਂਝੇ ਕੀਤੇ। ਉਸ ਮੁਤਾਬਿਕ ਹੁਣ ਉਸ ਸੈਕਟਰ ਵਿੱਚ ਬੜੇ ਵੱਡੇ ਪੱਧਰ 'ਤੇ ਬਦਲਾਅ ਹੋਏ ਹਨ। ਪਹਿਲਾਂ ਨਿਊ ਮੀਸਾਮਾਰੀ ਤੱਕ ਤਿੰਨ ਵਾਰ ਟਰੇਨ ਬਦਲੀ ਕਰਨੀ ਪੈਂਦੀ ਸੀ, ਉਸ ਤੋਂ ਅੱਗੇ ਇਕਹਿਰੀ ਸੜਕ 'ਤੇ ਤਿੰਨ ਟਨ ਗੱਡੀਆਂ ਵਿੱਚ ਸਫ਼ਰ ਕਰਨਾ ਪੈਂਦਾ ਸੀ। ਉਸ ਵੇਲੇ ਵੱਡੀ ਰੇਲ ਪਟੜੀ ਪਹਾੜ ਦੀ ਜੜ੍ਹ ਬਾਲਿੰਗਪਾਂਗ ਤੱਕ ਨਿਰਮਾਣ ਅਧੀਨ ਸੀ। ਬੇਟੇ ਅਨੁਸਾਰ ਹੁਣ ਕੋਈ ਟਰੇਨ ਨਹੀਂ ਬਦਲਣੀ ਪੈਂਦੀ। ਦਿੱਲੀ ਤੋਂ ਸਿੱਧੀ ਗੁਹਾਟੀ ਤੱਕ ਰਾਜਧਾਨੀ ਐਕਸਪ੍ਰੈੱਸ ਅਤੇ ਸ਼ਤਾਬਦੀ ਗੱਡੀਆਂ ਜੋ ਬਹੁਤ ਤੇਜ਼ ਚੱਲਦੀਆਂ ਹਨ, ਨੇ ਸਫ਼ਰ ਹੋਰ ਵੀ ਆਸਾਨ ਕਰ ਦਿੱਤਾ ਹੈ। ਹੁਣ ਹਰ ਜਵਾਨ ਨੂੰ ਪਹਿਲੇ ਦਰਜੇ ਦਾ ਰੇਲਵੇ ਵਾਰੰਟ ਮਿਲਦਾ ਹੈ। ਜਵਾਨਾਂ ਨੂੰ ਲੈ ਕੇ ਜਾਣ ਲਈ ਟਰਾਂਜਿਟ ਕੈਂਪ ਤੋਂ ਬੱਸਾਂ ਚੱਲਦੀਆਂ ਹਨ।




ਬੇਟੇ ਦੇ ਮੂੰਹੋਂ ਅਜਿਹਾ ਕੁੱਝ ਸੁਣ ਕੇ ਇਕ ਵਾਰ ਫਿਰ ਉਹ ਇਲਾਕਾ ਵੇਖਣ ਨੂੰ ਮੇਰਾ ਦਿਲ ਕੀਤਾ। ਬੇਸ਼ੱਕ ਮੇਰੀ ਪਲਟਣ ਉਸ ਇਲਾਕੇ ਵਿੱਚ ਰਹਿ ਆਈ ਸੀ, ਪਰ ਮੈਂ ਨਹੀਂ ਸੀ ਜਾ ਸਕਿਆ। ਬੇਟੇ ਨੇ ਕਿਹਾ, "ਡੈਡੀ, ਮੈਂ ਯੂਨਿਟ ਜਾ ਕੇ ਤੁਹਾਨੂੰ ਫ਼ੈਮਲੀ ਵਾਰੰਟ ਭੇਜ ਦਿਆਂਗਾ, ਤੁਸੀਂ ਸੀਟ ਬੁੱਕ ਕਰਵਾ ਲੈਣਾ, ਦਸੰਬਰ ਮਹੀਨਾ ਉਥੇ ਰਹਿਣਾ, ਜਨਵਰੀ ਵਿੱਚ ਨਵੇਂ ਸਾਲ ਦੀ ਛੁੱਟੀ ਲੈ ਕੇ ਇਕੱਠੇ ਹੀ ਆ ਜਾਵਾਂਗੇ।"

ਬੇਟੇ ਨੇ ਯੂਨਿਟ ਪਹੁੰਚ ਕੇ ਵਾਰੰਟ ਪੋਸਟ ਕਰਕੇ ਮੈਨੂੰ ਫੋਨ ਕਰ ਦਿੱਤਾ। ਦਸੰਬਰ ਦੇ ਪਹਿਲੇ ਹਫ਼ਤੇ ਸੀਟ ਮਿਲ ਗਈ। ਹੁਣ ਅਤੇ ਤੀਹ-ਬੱਤੀ ਸਾਲ ਪਹਿਲਾਂ ਦੇ ਫੌਜੀ ਜੀਵਨ ਵਿੱਚ ਬੜਾ ਫਰਕ ਮਹਿਸੂਸ ਹੋਇਆ। ਉਦੋਂ ਪੂਰੇ ਮਹੀਨੇ ਬਾਅਦ ਘਰਦਿਆਂ ਦੀ ਤੇ ਆਪਣੀ ਖਬਰ-ਸੁਰਤ ਹਰੇ ਲਿਫ਼ਾਫ਼ੇ ਜ਼ਰੀਏ ਮਿਲਦੀ ਸੀ। ਹੁਣ ਮਿੰਟ-ਮਿੰਟ ਦੀ ਖਬਰ ਫੋਨ 'ਤੇ ਮਿਲ ਜਾਂਦੀ ਹੈ। ਬੇਟੇ ਨੇ ਆਪਣੇ ਕੱਪੜਿਆਂ ਤੋਂ ਇਲਾਵਾ ਹੋਰ ਕੁਝ ਵੀ ਚੁੱਕਣ ਤੋਂ ਵਰਜ ਦਿੱਤਾ ਸੀ, ਪਰ ਉਸ ਦੀ ਮਾਂ ਨੇ ਪੰਜ ਕਿੱਲੋ ਖੋਆ ਅਤੇ ਘਰ ਦੇ ਘਿਓ ਦਾ ਡੱਬਾ ਪੁੱਤਰ ਵਾਸਤੇ ਇਹ ਕਹਿੰਦਿਆਂ ਮੇਰੇ ਹਵਾਲੇ ਕਰ ਦਿੱਤਾ, ਤੂੰ ਕਿਹੜਾ ਤੁਰ ਕੇ ਜਾਣੈ!

ਅੰਮ੍ਰਿਤਸਰ ਤੋਂ ਦਿੱਲੀ ਤੱਕ ਸ਼ਤਾਬਦੀ ਅਤੇ ਦਿੱਲੀ ਤੋਂ ਰਾਜਧਾਨੀ ਐਕਸਪ੍ਰੈੱਸ ਵਿੱਚ ਸਫ਼ਰ ਕਰਦਿਆਂ ਮਹਿਸੂਸ ਹੋਇਆ, "ਸੂਬੇਦਾਰਾ, ਤੂੰ ਤਾਂ ਵੀਹ ਸਾਲ ਬਾਥਰੂਮਾਂ ਨੇੜੇ ਬਕਸੇ ਰੱਖ ਕੇ ਸਫ਼ਰ ਕਰਦਿਆਂ ਨੌਕਰੀ ਦੌਰਾਨ ਭੱਠ ਹੀ ਝੋਕਿਆ, ਨਜ਼ਾਰੇ ਤਾਂ ਹੁਣ ਨੇ!"

ਟਰੇਨ ਵਿੱਚ ਖਾਣ-ਪੀਣ ਤੋਂ ਲੈ ਕੇ ਕੰਬਲ਼ ਤੱਕ ਦੀ ਸਹੂਲਤ ਸੀ। ਲੰਮੇ ਸਫ਼ਰ ਦਾ ਪਤਾ ਹੀ ਨਾ ਲੱਗਾ। ਗੁਹਾਟੀ ਰੇਲਵੇ ਸਟੇਸ਼ਨ ਉੱਤੇ ਉੱਤਰ ਕੇ ਮੋਟੇ ਅੱਖਰਾਂ ਵਿੱਚ ਲਿਖੇ 'ਟਰਾਂਜਿਟ ਕੈਂਪ ਬੱਸ' ਵਾਲੀ ਗੱਡੀ ਵਿੱਚ ਆਪਣੀ ਸਾਬਕਾ ਪਛਾਣ ਦੱਸ ਕੇ ਬੈਠ ਗਿਆ।

ਮੈਂ ਦੱਸ ਦਿਆਂ ਕਿ ਜੋ ਫੌਜੀ ਨੌਕਰੀ 'ਤੇ ਹੁੰਦਾ ਹੈ, ਉਸ ਦੇ ਪਰਵਾਰ ਨੂੰ ਰੈਂਕ ਮੁਤਾਬਕ ਸਹੂਲਤਾਂ ਮਿਲਦੀਆਂ ਹਨ। ਬੇਟਾ ਤਾਂ ਨਾਇਕ ਸੀ, ਪਰ ਮੈਂ ਖੁਦ ਜੇ.ਸੀ.ਓ. ਸੇਵਾ-ਮੁਕਤ ਸਾਂ, ਇਸ ਲਈ ਮੈਨੂੰ ਜੇ.ਸੀ.ਓ. ਰਿਹਾਇਸ਼ ਅਤੇ ਮੈੱਸ ਸਹੂਲਤ ਆਪਣੇ-ਆਪ ਹੀ ਮਿਲ ਗਈ ਸੀ। ਅਗਲੇ ਦਿਨ ਅਫ਼ਸਰ-ਜੇ.ਸੀ.ਓ. ਬੱਸ ਵਿੱਚ ਅਗਲੇ ਪੜਾਅ ਲਈ ਸਫ਼ਰ ਸ਼ੁਰੂ ਹੋਇਆ। ਗੁਹਾਟੀ ਤੋਂ ਤੇਜਪੁਰ ਨੂੰ ਆਉਂਦਿਆਂ ਵਿਸ਼ਾਲ ਬ੍ਰਹਮਪੁੱਤਰ ਦਰਿਆ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਛੋਟੀਆਂ-ਵੱਡੀਆਂ ਕਿਸ਼ਤੀਆਂ, ਬੋਟ ਅਤੇ ਸਟੀਮਰ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਸਨ। ਤੇਜਪੁਰ ਤੋਂ ਛੋਟੀਆਂ ਬੱਸਾਂ 'ਤੇ ਸਵਾਰ ਹੋਣਾ ਸੀ।

ਮੈਨੂੰ ਯਾਦ ਹੈ ਕਿ 1992 ਵੇਲੇ ਇਹ ਵਿਸ਼ਾਲ ਪੁਲ਼ ਨਿਰਮਾਣ ਅਧੀਨ ਸੀ। ਇਹ ਪੁਲ਼ ਬਣਦਿਆਂ ਹਰ ਸਾਲ ਆਉਂਦੇ ਹੜ੍ਹਾਂ ਕਾਰਨ ਅੱਧਿਓਂ ਵੱਧ ਮਟੀਰੀਅਲ ਤਾਂ ਰੁੜ੍ਹ ਹੀ ਗਿਆ ਹੋਣੈ। ਹੁਣ ਇਸ ਪੁਲ਼ ਦੇ ਹੇਠਾਂ-ਉੱਤੇ ਰੇਲ ਅਤੇ ਸੜਕੀ ਆਵਾਜਾਈ ਚੱਲ ਰਹੀ ਸੀ।

ਸਫ਼ਰ ਵਿੱਚ ਕੋਈ ਸਾਥੀ ਹੋਵੇ ਤਾਂ ਸਫ਼ਰ ਅਕਾਊ ਨਹੀਂ ਹੁੰਦਾ। ਬੱਸ ਵਿੱਚ ਬੈਠਿਆਂ ਨਾਲ ਦੀ ਸੀਟ ਵਾਲਾ ਛੁੱਟੀ ਕੱਟ ਕੇ ਜਾ ਰਿਹਾ ਇਕ ਸੂਬੇਦਾਰ ਮੇਰਾ ਵਾਕਫ਼ ਬਣ ਗਿਆ ਸੀ। ਤੇਜਪੁਰੋਂ ਰੰਗਾਪਾੜਾ ਅਤੇ ਬਾਲੀਪਾੜਾ ਤੋਂ ਹੁੰਦਿਆਂ ਹੋਇਆਂ ਬਾਲਿੰਗਪਾਂਗ ਤੱਕ ਬਿਲਕੁਲ ਪੱਧਰਾ ਇਲਾਕਾ ਹੈ। ਬਾਲਿੰਗਪਾਂਗ ਤੱਕ ਦੇ ਰੇਲ ਪ੍ਰੋਜੈਕਟ ਦੇ ਨਿਸ਼ਾਨ ਨਹੀਂ ਦਿਸੇ, ਸ਼ਾਇਦ ਸਿਆਸਤ ਦੀ ਭੇਟ ਚੜ੍ਹ ਗਿਆ ਹੋਵੇਗਾ। ਚਾਲੀ ਕਿਲੋਮੀਟਰ ਚੱਲਣ ਤੋਂ ਬਾਅਦ ਬਾਲਿੰਗਪਾਂਗ ਫੌਜੀ ਟੀ.ਸੀ.ਪੀ.ਹੈ। ਇੱਥੇ ਕਾਨਵਾਈ ਦਸ ਮਿੰਟ ਰੁਕਦੀ ਹੈ। ਇਸ ਤੋਂ ਬਾਅਦ ਚੀੜ, ਦਿਆਰ, ਬੈਂਤ, ਬਾਂਸ ਅਤੇ ਜੰਗਲੀ ਕੇਲੇ ਦਾ ਸੰਘਣਾ ਜੰਗਲ ਸ਼ੁਰੂ ਹੋ ਜਾਂਦਾ ਹੈ। ਸਿਰ ਪਰਨੇ ਵਹਿੰਦੇ ਪਹਾੜੀ ਨਾਲੇ ਦਾ ਸ਼ੋਰ ਅਤੇ ਰਿੜਕਿਆ ਪਾਣੀ ਚੜ੍ਹਾਈ ਚੜ੍ਹਦਿਆਂ ਦਿਸਦਾ ਹੈ। ਏਥੋਂ ਸੇਸਾ ਕੈਂਪ ਤੱਕ ਦੀ ਚੜ੍ਹਾਈ ਫੌਜੀ ਬੱਸਾਂ ਦੀ ਬਾਂ-ਬਾਂ ਕਰਵਾ ਦੇਂਦੀ ਹੈ। ਇਸ ਜਗ੍ਹਾ ਫੌਜ ਵੱਲੋਂ ਚਾਹ-ਪਕੌੜਾ ਦਿੱਤਾ ਜਾਂਦਾ ਹੈ। ਵੀਹ ਮਿੰਟ ਦੀ ਬਰੇਕ ਤੋਂ ਬਾਅਦ ਫਿਰ ਜ਼ੀਰੋ ਪੁਆਇੰਟ ਤੱਕ ਚੜ੍ਹਾਈ ਤੋਂ ਮਗਰੋਂ ਉਤਰਾਈ ਸ਼ੁਰੂ ਹੁੰਦੀ ਹੈ। ਹਾਉਂਕਦੀਆਂ ਗੱਡੀਆਂ ਨੂੰ ਜਿਵੇਂ ਸਾਹ ਆ ਜਾਂਦਾ ਹੈ। ਤੀਹ ਸਾਲ ਪਹਿਲਾਂ ਦੀ ਬਨਿਸਪਤ ਸੜਕ ਚੌੜੀ ਕਰ ਦਿੱਤੀ ਹੋਈ ਹੈ, ਪਰ ਟੁੱਟੀ ਹੋਈ ਹੈ। ਪਹਿਲਾਂ ਸਿੰਗਲ ਰੋਡ ਹੋਣ ਕਰਕੇ ਉੱਪਰੋਂ ਆ ਰਹੀ ਕਾਨਵਾਈ ਦਾ ਸੇਸਾ ਕੈਂਪ ਇੰਤਜ਼ਾਰ ਕੀਤਾ ਜਾਂਦਾ ਸੀ। ਬਰੇਕਾਂ ਵੱਜਣ ਕਰਕੇ ਚੀਂ-ਚੀਂ ਦੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਹਨ। ਖੜ੍ਹੀ ਉਤਰਾਈ ਅਤੇ ਕੂਹਣੀ ਮੋੜ ਹਨ। ਹਰ ਮੋੜ ਦੇ ਕਿਨਾਰੇ ਚਾਲਕਾਂ ਨੂੰ ਸਾਵਧਾਨ ਕਰਦੇ ਟ੍ਰੈਫਿਕ ਸਿੰਬਲ ਲੱਗੇ ਹੋਏ ਹਨ। ਦੁਹਾਂਗ ਤੋਂ 17-18 ਕਿਲੋਮੀਟਰ ਪਹਿਲਾਂ ਪੱਧਰੀ ਸੜਕ ਹੈ, ਜੋ ਨਾਲੇ ਦੇ ਨਾਲ-ਨਾਲ ਚੱਲਦੀ ਹੈ। ਟੈਂਗਾ ਵੈਲੀ ਸੇਸਾ ਕੈਂਪ ਤੋਂ 52 ਕਿਲੋਮੀਟਰ ਹੈ। ਇੱਥੇ ਰਾਤ ਰੁਕਣਾ ਪੈਂਦਾ ਹੈ। ਫੌਜੀ ਟਰਾਂਜਿਟ ਕੈਂਪਾਂ ਵਿੱਚ ਅੱਜਕੱਲ੍ਹ ਰਿਹਾਇਸ਼ ਅਤੇ ਖਾਣੇ ਦਾ ਬਹੁਤ ਵਧੀਆ ਪ੍ਰਬੰਧ ਹੈ। ਇੱਥੋਂ ਸਵੇਰੇ ਸੱਤ ਵਜੇ ਕਾਨਵਾਈ ਚੱਲਦੀ ਹੈ। ਟੈਂਗਾ ਵੈਲੀ ਨਿਕਲਦਿਆਂ ਹੀ ਖੜ੍ਹੀ ਚੜ੍ਹਾਈ 22 ਕਿਲੋਮੀਟਰ ਤੋਂ ਬਾਅਦ ਪ੍ਰਦੇਸ਼ ਦਾ ਜ਼ਿਲ੍ਹਾ ਬੋਮਡੀਲਾ ਆਉਂਦਾ ਹੈ, ਜੋ ਡਲਹੌਜ਼ੀ ਦਾ ਭੁਲੇਖਾ ਪਾਉਂਦਾ ਹੈ। ਇਸ ਪਹਾੜੀ ਸ਼ਹਿਰ ਦੇ ਚਾਰ-ਚੁਫੇਰੇ ਬਾਗ ਹਨ। ਬੋਮਡੀਲਾ ਦੀ ਸਖਤ ਚੜ੍ਹਾਈ ਖਤਮ ਹੁੰਦਿਆਂ ਜਲਦੀ ਹੀ ਸਖਤ ਉਤਰਾਈ ਖਤਮ ਹੋ ਜਾਂਦੀ ਹੈ। ਉੱਚੇ ਪਹਾੜਾਂ ਵਿੱਚ ਨੀਮ ਪਹਾੜੀ ਜਿਹਾ ਇਲਾਕਾ ਸ਼ੁਰੂ ਹੋ ਜਾਂਦਾ ਹੈ। 52 ਕਿਲੋਮੀਟਰ ਮਗਰੋਂ ਦੀਰਾਂਗ ਕਸਬਾ ਹੈ। ਉਸ ਤੋਂ ਨੌਂ ਕਿਲੋਮੀਟਰ ਅੱਗੇ ਸੈਪਰ ਕੈਂਪ ਹੈ। ਇੱਥੇ ਫਿਰ ਕਾਨਵਾਈ ਵਾਸਤੇ ਚਾਹ-ਪਕੌੜੇ ਦਾ ਬੰਦੋਬਸਤ ਹੈ।

ਸੂਬੇਦਾਰ ਨਿਰਮਲ ਮੇਰੇ ਨਾਲ ਘੁਲ-ਮਿਲ ਗਿਆ ਹੈ। ਉਹ ਪੁੱਛਦਾ ਹੈ, "ਸਾਹਬ, ਤੁਹਾਡੇ ਵੇਲੇ ਵੀ ਇੰਝ ਹੀ ਸੀ?"

"ਹਾਂ, ਇਸ ਤਰ੍ਹਾਂ ਹੀ ਸੁਣਿਆ ਸੀ, ਪਰ ਮੈਂ ਤੇਜਪੁਰ ਤੋਂ ਅੱਗੇ ਨਹੀਂ ਸੀ ਆਇਆ। ਹਾਂ, ਉਸ ਵੇਲੇ ਬੱਸਾਂ ਨਹੀਂ ਸੀ ਚੱਲਦੀਆਂ, ਸਫ਼ਰ ਕਾਫੀ ਔਖਾ ਸੀ।"

ਚਾਹ ਪੀ ਕੇ ਸੈਪਰ ਕੈਂਪ ਤੋਂ ਫਿਰ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਸੱਪ ਵਾਂਗ ਵਲ਼ ਖਾਂਦੀ ਕਾਲੀ ਸੜਕ ਦਿਸਦੀ ਹੈ। ਦਸ ਕਿਲੋਮੀਟਰ ਚੜ੍ਹਾਈ ਚੜ੍ਹਨ ਤੋਂ ਬਾਅਦ 1962 ਦੀ ਹਿੰਦ-ਚੀਨ ਜੰਗ ਦਾ ਵਾਰ ਮੈਮੋਰੀਅਲ ਨਿਕਮਾਡਾਂਗ ਹੈ।

ਵੈਸੇ ਮੈਨੂੰ ਇਤਿਹਾਸ ਦਾ ਪਤਾ ਹੈ, ਫਿਰ ਵੀ ਨਿਰਮਲ ਸਿੰਘ ਕੋਲੋਂ ਸੁਣਦਿਆਂ ਚੰਗਾ ਲੱਗ ਰਿਹਾ ਹੈ। "ਸਾਹਬ ਏਥੇ ਚੀਨੀ ਫੌਜ ਨਾਲ ਗਹਿਗੱਚ ਲੜਾਈ ਹੋਈ ਸੀ। ਏਥੇ ਹੀ ਕਹਿੰਦੇ ਨੇ ਕਿ ਉਸ ਵੇਲੇ ਦੇ ਬ੍ਰਿਗੇਡ ਕਮਾਂਡਰ ਬ੍ਰਿਗੇਡੀਅਰ ਹੁਸ਼ਿਆਰ ਸਿੰਘ ਨੂੰ ਚੀਨੀ ਫੌਜ ਨੇ ਜੀਪ ਪਿੱਛੇ ਬੰਨ੍ਹ ਕੇ ਸ਼ਹੀਦ ਕੀਤਾ ਸੀ।"


ਸ਼ਹੀਦਾਂ ਦੇ ਚਰਨਾਂ ਵਿੱਚ ਸ਼ਰਧਾ ਨਾਲ ਸਿਰ ਆਪਣੇ-ਆਪ ਝੁਕ ਜਾਂਦਾ ਹੈ। ਸ਼ਹੀਦੀ ਸਮਾਰਕ ਉੱਤੇ ਖਿੜੇ ਰੰਗ-ਬਿਰੰਗੇ ਫੁੱਲ ਇੰਜ ਲੱਗਦੇ ਹਨ, ਜਿਵੇਂ ਸ਼ਹੀਦ ਖਿੜੇ ਮੱਥੇ ਸੁਆਗਤ ਕਰਦੇ ਕਹਿ ਰਹੇ ਹੋਣ, "ਜੀ ਆਇਆਂ ਨੂੰ ਦੇਸ਼ ਵਾਸੀਓ, ਅਸੀਂ ਹਮੇਸ਼ਾ ਪਹਿਰੇ 'ਤੇ ਹਾਂ।"

ਏਥੋਂ 28 ਕਿਲੋਮੀਟਰ ਸੈਂਗੇ ਕੈਂਪ ਹੈ। ਨਿਰਮਲ ਨੇ ਦੱਸਿਆ, "ਜੋ ਸੈਨਿਕ ਸੇਲਾ ਤੋਂ ਪਹਿਲਾਂ ਅਹੀਰਗੜ੍ਹ ਅਤੇ ਬੈਸਾਖੀ ਰਹਿੰਦੀਆਂ ਯੂਨਿਟਾਂ ਵਿੱਚ ਜਾਣ ਵਾਲੇ ਹਨ, ਉਹ ਏਥੇ ਸੱਤ ਦਿਨ ਪੌਣ-ਪਾਣੀ ਬਦਲੀ ਕਰਦੇ ਹਨ, ਫਿਰ ਮਿਲਟਰੀ ਹਸਪਤਾਲ ਤੋਂ ਫਿਟਨੈੱਸ ਲੈ ਕੇ ਅੱਗੇ ਜਾਂਦੇ ਹਨ। ਜਿਨ੍ਹਾਂ ਨੇ ਸੇਲਾ ਤੋਂ ਅੱਗੇ ਤਵਾਂਗ ਜਾਣਾ ਹੈ, ਉਹ ਸਿੱਧੇ ਹੀ ਨਿਕਲ ਜਾਂਦੇ ਹਨ।"

ਸੂਬੇਦਾਰ ਨਿਰਮਲ ਸਿੰਘ ਨੇ ਏਥੇ ਹੀ ਉਤਰਨਾ ਸੀ। ਉਹ ਫਤਿਹ ਬੁਲਾ ਕੇ ਉੱਤਰ ਗਿਆ। ਸੈਂਗੇ ਕੈਂਪ ਉਤਰਨ ਵਾਲਿਆਂ ਨੂੰ ਉਤਾਰ ਕੇ ਕਾਨਵਾਈ ਚੱਲ ਪਈ। ਆਕਸੀਜਨ ਦੀ ਘਾਟ ਹੋਣ ਕਰਕੇ ਏਥੇ ਸਾਹ ਘੁੱਟਦਾ ਮਹਿਸੂਸ ਹੋ ਰਿਹਾ ਸੀ।

ਸੈਂਗੇ ਕੈਂਪ ਤੋਂ 12 ਕਿਲੋਮੀਟਰ ਦੂਰ ਬੈਸਾਖੀ ਟੀ.ਸੀ.ਪੀ. ਹੈ। ਏਥੋਂ ਅੱਗੇ ਬਰਫ਼ ਵਿਚ ਚੱਲਣ ਵਾਸਤੇ ਨਾਨ ਸਕਿੱਡ ਚੇਨ ਲਾਉਣੀ ਲਾਜ਼ਮੀ ਹੈ, ਕਿਉਂਕਿ ਬਰਫ਼ ਪੈ ਚੁੱਕੀ ਹੈ, ਪਰ ਰਸਤਾ ਸਾਫ਼ ਹੈ। ਬੈਸਾਖੀ ਤੋਂ ਅੱਗੇ ਅਹੀਰਗੜ੍ਹ ਹੈ, ਜਿੱਥੇ 30 ਸਾਲ ਪਹਿਲਾਂ ਮੇਰੀ ਯੂਨਿਟ ਦੀ ਇਕ ਕੰਪਨੀ ਰਹਿ ਚੁੱਕੀ ਸੀ। ਮੈਂ ਆ ਨਹੀਂ ਸਕਿਆ ਸੀ। ਏਥੋਂ ਸੇਲਾ ਟਾਪ ਤੱਕ 16 ਕਿਲੋਮੀਟਰ ਸਿੱਧੀ ਚੜ੍ਹਾਈ ਹੈ। ਖੁਸ਼ਕ ਅਤੇ ਪਥਰੀਲੀ ਪਹਾੜੀ 'ਤੇ ਪਾਣੀ ਦੀ ਬੂੰਦ ਤੱਕ ਨਹੀਂ ਮਿਲਦੀ, ਕੋਈ ਦਰੱਖਤ ਨਹੀਂ, ਕੋਈ ਪਰਿੰਦਾ ਨਹੀਂ। ਫੌਜੀ ਖੇਤਰ ਦੇ ਨੇੜੇ ਪਹਾੜੀ ਨਸਲ ਦੇ ਜੱਤਲ਼ ਕੁੱਤੇ ਨਜ਼ਰ ਆਉਂਦੇ ਹਨ। ਸੇਲਾ ਟਾਪ ਦੀ ਉਚਾਈ ਸਮੁੰਦਰੀ ਤਲ ਤੋਂ 16400 ਫੁੱਟ ਹੈ। ਸੇਲਾ ਪਹਾੜੀ ਕੱਟ ਕੇ ਸੜਕ ਕੱਢੀ ਗਈ ਹੈ। ਸੇਲਾ ਪਾਰ ਕਰਦਿਆਂ ਹੀ ਇਕ ਜੰਮੀ ਹੋਈ ਝੀਲ ਹੈ। ਝੀਲ ਦੇ ਦੁਆਲਿਓਂ ਘੁੰਮ ਕੇ ਉਤਰਾਈ ਸ਼ੁਰੂ ਹੋ ਜਾਂਦੀ ਹੈ। ਖੁਸ਼ਕ ਪਹਾੜਾਂ ਉੱਤੇ ਪਈ ਚਿੱਟੀ ਬਰਫ਼ ਵਿੱਚ ਚੀੜ ਦੇ ਛੋਟੇ-ਵੱਡੇ ਦਰੱਖਤ ਹਨ। ਕਿਤੇ-ਕਿਤੇ ਯਾਕਾਂ ਦੇ ਝੁੰਡ ਵਿੱਚ ਲਾਮਾ ਜਾਤੀ ਦੇ ਫੀਨੇ ਨੱਕਾਂ ਵਾਲੇ, ਗੰਦੇ-ਮੰਦੇ ਕੋਟਾਂ ਨੂੰ ਰੱਸੀਆਂ ਲਪੇਟ ਕੇ ਬੰਨ੍ਹੇ ਲੱਕ, ਹੌਲੀ-ਹੌਲੀ ਚੱਲਦੇ ਨਜ਼ਰੀਂ ਪੈਂਦੇ ਹਨ। ਕਿਤੇ-ਕਿਤੇ ਸੜਕ ਕਿਨਾਰੇ ਬਾਂਸ ਪਾੜ ਕੇ ਬਣਾਈਆਂ ਛੋਟੀਆਂ-ਛੋਟੀਆਂ ਝੁੱਗੀਆਂ ਹਨ। ਕਿਤੇ ਬੇਲਚੇ ਫੜੀ ਬਰਫ਼ ਹਟਾਉਂਦੇ ਮਰਦ-ਤੀਵੀਆਂ ਇਕੱਠੇ ਹੀ ਦਿਸਦੇ ਹਨ। ਸੇਲਾ ਤੋਂ ਬਾਅਦ ਸੱਤ ਕਿਲੋਮੀਟਰ ਦੂਰ ਨੂਰਾ ਨਾਂਗ ਅਤੇ ਤੰਬੀਪੁਰਮ ਤੋਂ ਮਗਰੋਂ ਪੰਦਰਾਂ ਕਿਲੋਮੀਟਰ ਦੂਰੀ 'ਤੇ ਕਿਲ੍ਹਾ ਜਸਵੰਤ ਗੜ੍ਹ ਹੈ। ਇਹ ਕਿਸੇ ਬਾਦਸ਼ਾਹ ਵੱਲੋਂ ਤਾਮੀਰ ਕਰਵਾਇਆ ਹੋਇਆ ਕਿਲ੍ਹਾ ਨਹੀਂ ਹੈ, ਪਰ ਕਿਲ੍ਹੇ ਤੋਂ ਕਿਵੇਂ ਵੀ ਘੱਟ ਨਹੀਂ, ਕਿਉਂਕਿ ਏਥੇ 1962 ਵਿੱਚ 20 ਅਕਤੂਬਰ ਤੋਂ 21 ਨਵੰਬਰ ਤੱਕ ਹਿੰਦ-ਚੀਨ ਦੀ ਜੰਗ ਦਰਮਿਆਨ ਘਮਸਾਨ ਦਾ ਯੁੱਧ ਹੋਇਆ ਸੀ।

ਜਸਵੰਤ ਗੜ੍ਹ ਦੀ ਉਚਾਈ 12500 ਫੁੱਟ ਹੈ। ਏਥੇ ਕਾਨਵਾਈ ਅੱਧਾ-ਪੌਣਾ ਘੰਟਾ ਰੁਕਦੀ ਹੈ। ਜੰਗ ਵੇਲੇ ਦਾ ਪੂਰਾ ਵੇਰਵਾ ਲਿਖਿਆ ਹੋਇਆ ਹੈ, ਜੋ ਇੰਜ ਹੈ:-ਪਹਿਲਾ ਹਮਲਾ 17 ਨਵੰਬਰ 5 ਵਜੇ ਸਿਵਲ ਦੇ ਭੇਸ ਵਿੱਚ ਸੀ, ਜੋ ਭਾਰਤੀ ਜਵਾਨਾਂ ਨੇ ਫੇਲ੍ਹ ਕਰ ਦਿੱਤਾ। 17 ਨਵੰਬਰ ਨੂੰ ਹੀ 7:45 ਵਜੇ ਫਿਰ ਹਮਲਾ ਹੋਇਆ। 9:10 ਵਜੇ ਤੋਪਖਾਨੇ ਨੇ ਮਾਰਟਰ ਗੰਨਾਂ ਨਾਲ ਹਮਲਾ ਕੀਤਾ। ਇਹ ਹਮਲਾ ਵੀ ਹਿੰਦੋਸਤਾਨੀ ਫੌਜ ਨੇ ਨਕਾਰਾ ਕਰ ਦਿੱਤਾ। ਇਹ ਮੋਰਚਾ 4 ਗੜ੍ਹਵਾਲ ਰੈਜੀਮੈਂਟ ਨੇ ਸੰਭਾਲਿਆ ਹੋਇਆ ਸੀ। ਜ਼ਮੀਨੀ ਸਥਿਤੀ ਇੰਜ ਹੈ ਕਿ ਉੱਚੀ ਪਹਾੜੀ ਦੇ ਨਾਲ ਸਿਰਫ਼ ਡੰਡੀਨੁਮਾ ਰਸਤਾ ਸੀ, ਜਿੱਥੋਂ ਚੀਨੀ ਫੌਜ ਚੜ੍ਹ ਸਕਦੀ ਸੀ। ਉਹ ਰਸਤਾ ਜਵਾਨਾਂ ਨੇ ਰੋਕਿਆ ਹੋਇਆ ਸੀ। ਚੀਨ ਦੀ ਇਕ ਐੱਮ.ਐੱਮ ਜੀ. ਭਾਰਤੀ ਫੌਜ ਦਾ ਬਹੁਤ ਨੁਕਸਾਨ ਕਰ ਚੁੱਕੀ ਸੀ। ਇਸ ਨੂੰ ਨਕਾਰਾ ਕਰਨ ਲਈ ਲਾਂਸਨਾਇਕ ਤਿਰਲੋਕ ਸਿੰਘ ਨੇਗੀ, ਰਾਈਫ਼ਲਮੈਨ ਜਸਵੰਤ ਸਿੰਘ ਅਤੇ ਗੋਪਾਲ ਸਿੰਘ ਗੋਸਾਈਂ ਵਲੰਟੀਅਰ ਹੋਏ। ਜਸਵੰਤ ਸਿੰਘ ਨੇ ਕਰਾਲਿੰਗ ਕਰਕੇ ਨੇੜੇ ਜਾ ਕੇ ਗ੍ਰਨੇਡ ਸੁੱਟਿਆ। ਦੂਜੇ ਸਾਥੀ ਕਵਰਿੰਗ ਫ਼ਾਇਰ ਦੇ ਰਹੇ ਸਨ। ਜਸਵੰਤ ਗੰਭੀਰ ਜ਼ਖਮੀ ਹੋ ਕੇ ਵੀ ਚੀਨੀਆਂ ਕੋਲੋਂ ਐੱਮ.ਐੱਮ.ਜੀ. ਖੋਹ ਕੇ ਵਾਪਸ ਆ ਰਿਹਾ ਸੀ ਤਾਂ ਜਸਵੰਤ ਸਿੰਘ ਦੇ ਸਿਰ ਵਿੱਚ ਲੱਗੀ ਗੋਲ਼ੀ ਜਾਨਲੇਵਾ ਸਾਬਤ ਹੋਈ। ਇਸ ਕਾਰਵਾਈ ਵਿੱਚ ਤਿਰਲੋਕ ਸਿੰਘ ਨੇਗੀ ਵੀ ਸ਼ਹੀਦ ਹੋ ਗਿਆ। ਗੋਪਾਲ ਸਿੰਘ ਗੋਸਾਈਂ ਬਚ ਗਿਆ ਸੀ, ਜੋ ਜ਼ਖਮੀ ਹਾਲਤ ਵਿੱਚ ਖੋਹੀ ਐੱਮ.ਐੱਮ.ਜੀ. ਲੈ ਕੇ ਮੋਰਚੇ ਵਿੱਚ ਵਾਪਸ ਆ ਗਿਆ ਸੀ। ਇਸ ਹੌਸਲੇ ਵਾਲੀ ਕਾਰਵਾਈ ਨਾਲ ਸਾਰੇ ਹਥਿਆਰ ਹਰਕਤ ਵਿੱਚ ਆ ਗਏ। ਇਹ ਕਾਰਵਾਈ ਐਨੀ ਤੇਜ਼ੀ ਨਾਲ ਹੋਈ ਕਿ 15 ਮਿੰਟ ਤੋ ਵੱਧ ਸਮਾਂ ਨਹੀਂ ਲੱਗਾ। ਚੌਥਾ ਹਮਲਾ 11:45 ਵਜੇ ਫਿਰ ਸਫਲਤਾ ਨਾਲ ਰੋਕ ਲਿਆ ਗਿਆ। ਪੰਜਵਾਂ 2:45 ਵਜੇ ਨਕਾਰਾ ਕਰਕੇ ਦੁਸ਼ਮਣ ਨੂੰ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ ਗਿਆ। ਦੁਸ਼ਮਣ ਵਾਪਸ ਹੋਣ ਤੱਕ ਤਕਰੀਬਨ 300 ਜਵਾਨ ਸ਼ਹੀਦ ਜਾਂ ਜ਼ਖਮੀ ਹੋ ਗਏ। ਫੋਰ ਗੜ੍ਹਵਾਲ ਰਾਈਫ਼ਲ ਦੇ ਜਸਵੰਤ ਸਮੇਤ ਦੋ ਜਵਾਨ ਸ਼ਹੀਦ ਹੋਏ ਤੇ ਜ਼ਖਮੀ। 'ਬੈਟਲ ਆਫ਼ ਆਨਰ ਨੂਰਾ ਨਾਂਗ' ਫੋਰ ਗੜ੍ਹਵਾਲ ਰਾਈਫ਼ਲ ਨੂੰ ਸਨਮਾਨਿਤ ਕੀਤਾ ਗਿਆ। ਲਾਂਸਨਾਇਕ ਤਿਰਲੋਕ ਸਿੰਘ ਨੇਗੀ ਨੂੰ ਵੀਰ ਚੱਕਰ, ਜਸਵੰਤ ਸਿੰਘ ਨੂੰ ਮਹਾਂਵੀਰ ਚੱਕਰ (ਮਰਨੋ ਪਰੰਤ) ਅਤੇ ਗੋਪਾਲ ਸਿੰਘ ਗੋਸਾਈਂ ਨੇ ਜਿਊਂਦੇ ਜੀ ਵੀਰ ਚੱਕਰ ਪ੍ਰਾਪਤ ਕੀਤਾ। ਚੀਨ ਦੇ ਇਕ ਬ੍ਰਿਗੇਡ ਨੂੰ ਕੁਝ ਜਵਾਨਾਂ ਵੱਲੋਂ 72 ਘੰਟੇ ਰੋਕ ਕੇ ਰੱਖਣਾ ਇਕ ਮਿਸਾਲ ਹੈ। ਏਥੇ 1962 'ਚ ਇਸ ਸੈਕਟਰ ਵਿੱਚ ਲੜਨ ਵਾਲੀਆਂ ਬਾਰਾਂ ਯੂਨਿਟਾਂ ਦੇ ਫਲੈਗ ਚੜ੍ਹਦੇ ਹਨ ਅਤੇ ਸ਼ਹੀਦੀ ਜੋਤ ਵੀ ਜਗਦੀ ਹੈ। ਇਸ ਜੰਗ ਬਾਰੇ ਸੁਣੀਆਂ-ਅਣਸੁਣੀਆਂ ਕਹਾਣੀਆਂ ਕਈ ਲੋਕ ਦੱਸਦੇ ਹਨ, ਜੋ ਮੰਨਣਯੋਗ ਨਹੀਂ ਲੱਗਦੀਆਂ, ਜਿਵੇਂ ਨੂਰਾਂ ਅਤੇ ਸੇਲਾ ਨਾਂਅ ਦੀਆਂ ਕੁੜੀਆਂ ਵੱਲੋਂ ਲੜਾਈ ਵਿੱਚ ਜਸਵੰਤ ਦੀ ਮਦਦ ਕਰਨਾ। ਲੋਕਾਂ ਅਨੁਸਾਰ ਸੇਲਾ ਦੇ ਨਾਂਅ ਨਾਲ ਸੇਲਾ ਪਹਾੜੀ ਅਤੇ ਨੂਰਾਂ ਦੇ ਨਾਂਅ ਨਾਲ ਨੂਰਾਨਾਂਗ ਹੈ। ਮੇਰੀ ਸਮਝ ਮੁਤਾਬਿਕ ਪਹਾੜੀ ਇਲਾਕੇ ਵਿੱਚ ਪਹਾੜ ਕੱਟ ਕੇ ਕੱਢੇ ਰਸਤੇ ਨੂੰ 'ਲਾ' ਕਿਹਾ ਜਾਂਦਾ ਹੈ, ਭਾਵ ਦਰਾ, ਇਸ ਤੋਂ ਪਾਰ। ਜਿਵੇਂ ਸੰਗਰੀਲਾ, ਬੋਮਡੀਲਾ, ਸੇਲਾ, ਜ਼ੋਜੀਲਾ, ਬੁਮਲਾ, ਲੁਮਲਾ ਅਨੇਕਾਂ ਅਜਿਹੇ ਨਾਂਅ ਮਿਲ ਜਾਂਦੇ ਹਨ। ਨੂਰਾਨਾਂਗ ਜਗ੍ਹਾ 'ਤੇ ਨੌਰੰਗ ਸਿੰਘ ਦੇ ਨਾਂਅ ਦਾ ਪੱਥਰ ਲੱਗਾ ਹੋਇਆ ਹੈ, ਜਿਸ ਉੱਤੇ ਉਸ ਜਵਾਨ ਦਾ ਨੰਬਰ ਲਿਖਿਆ ਹੋਇਆ ਹੈ। ਸ਼ਾਇਦ ਨੂਰਾਨਾਂਗ ਉਸ ਤੋਂ ਪ੍ਰਚੱਲਤ ਹੈ।




ਸਾਡੀ ਕਾਨਵਾਈ ਦਿਨ ਢਲੇ ਤਵਾਂਗ ਜ਼ਿਲ੍ਹੇ ਦੀ ਪਰੇਡ ਗਰਾਉਂਡ ਵਿੱਚ ਸੀ। ਬੇਟਾ ਅੱਗਿਓਂ ਲੈਣ ਆਇਆ ਸੀ। ਮੌਸਮ ਖਰਾਬ ਹੋਣਾ ਸ਼ੁਰੂ ਹੋ ਗਿਆ ਸੀ। ਬੇਟੇ ਮੁਤਾਬਿਕ ਇੱਥੇ ਬਰਫ਼ ਘੱਟ ਪੈਂਦੀ ਹੈ, ਪਰ ਠੰਢ ਹੱਡ ਚੀਰ ਰਹੀ ਸੀ। ਬੇਟੇ ਨੇ ਸਨੋਅ ਕੋਟ ਫੜਾਉਂਦਿਆਂ ਪਹਿਨਣ ਦੀ ਹਦਾਇਤ ਕੀਤੀ।

ਫੌਜੀਆਂ ਦੀ ਪ੍ਰਾਹੁਣਚਾਰੀ ਇਵੇਂ ਸੀ ਕਿ ਜਿਵੇਂ ਮੈਂ ਬੇਟੇ ਦੇ ਸਾਰੇ ਸੈਕਸ਼ਨ ਦਾ ਹੀ ਪਿਓ ਹੋਵਾਂ। ਸਾਰੇ ਹੀ ਪਾਪਾ ਜੀ, ਐਨੇ ਪਿਆਰ ਨਾਲ ਸੰਬੋਧਨ ਕਰ ਰਹੇ ਸਨ ਕਿ ਮਾਂ-ਬਾਪ ਨੂੰ ਬੁਲਾਉਣ ਲਈ ਤਰਸੇ ਬੱਚਿਆਂ ਦੀਆਂ ਭਾਵਨਾਵਾਂ ਨੇ ਮੈਨੂੰ ਭਾਵੁਕ ਕਰ ਦਿੱਤਾ ਸੀ। ਫੌਜ ਵਿੱਚ ਕਿਸੇ ਸਾਥੀ ਦਾ ਗੈਸਟ ਆਇਆ, ਇਕ ਤਰ੍ਹਾਂ ਦੂਜਿਆਂ ਵਾਸਤੇ ਜਸ਼ਨ ਦਾ ਬਹਾਨਾ ਹੁੰਦਾ ਹੈ। ਅਜਿਹੇ ਪਲ ਮੇਰੇ ਜੀਵਨ ਦਾ ਹਿੱਸਾ ਵੀ ਰਹੇ ਸਨ। ਘਰੋਂ ਆਈ ਕੋਈ ਵੀ ਚੀਜ਼ ਕੋਈ ਮੂੰਹ ਲੁਕਾਅ ਕੇ ਨਹੀਂ ਖਾਂਦਾ। ਚਾਹ ਆਉਣ 'ਤੇ ਮੈਂ ਬੈਗ ਵਿੱਚੋਂ ਖੋਏ ਵਾਲਾ ਡੱਬਾ ਕੱਢ ਕੇ ਜਵਾਨਾਂ ਦੇ ਅੱਗੇ ਰੱਖ ਦਿੱਤਾ। ਵੱਖ-ਵੱਖ ਸੂਬਿਆਂ ਤੋਂ ਇਕੱਠੇ ਬੈਠ ਕੇ ਖਾਂਦੇ ਜਵਾਨ ਮੈਨੂੰ ਇਕ ਮਾਂ ਦੇ ਪੁੱਤਰ ਲੱਗੇ।

ਸੂਬੇ ਦਾ ਆਖਰੀ ਜ਼ਿਲ੍ਹਾ ਤਵਾਂਗ ਕਾਫ਼ੀ ਸੰਘਣੀ ਅਬਾਦੀ ਵਾਲਾ ਹੈ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



# ਪ੍ਰਕਿਰਤੀ ਤੇ ਸੁੰਦਰਤਾ ਦਾ ਨਮੂਨਾ ਨਿਆਗਰਾ ਫਾਲਜ਼

ਨਿਆਗਰਾ ਫਾਲ ਦੁਨੀਆ ਦੇ ਸਭ ਤੋਂ ਵੱਡੇ ਤੇ ਸਭ ਤੋਂ ਪ੍ਰਸਿੱਧ ਪਾਣੀ ਦੇ ਵਹਿੰਦੇ ਸ਼ਕਤੀਸ਼ਾਲੀ ਝਰਨਿਆਂ ਵਿੱਚੋਂ ਇੱਕ ਹੈ, ਜੋ ਟਰਾਂਟੋ (ਓਂਟਾਰੀਓ) ਤੋਂ 130 ਕਿਲੋਮੀਟਰ ਦੇ ਕਰੀਬ ਪੈਂਦਾ ਹੈ। ਇਸ ਦੇ ਇੱਕ ਪਾਸੇ ਲੱਗਦੀ ਹੈ ਕੈਨੇਡਾ ਦੀ ਸਰਹੱਦ ਤੇ ਦੂਸਰੇ ਪਾਸੇ ਲੱਗਦੀ ਅਮਰੀਕਾ ਦੇਸ਼ ਦੀ। ਇਨ੍ਹਾਂ ਦੋਵਾਂ ਦੇਸ਼ਾਂ ਦੀ ਸਰਹੱਦ 'ਤੇ ਪੈਂਦੇ ਤਿੰਨ ਵਿਸ਼ਾਲਮਈ ਝਰਨੇ ਦੇਸ਼ਾਂ-ਵਿਦੇਸ਼ਾਂ ਤੋਂ ਆਉਂਦੇ ਸੈਲਾਨੀਆਂ ਲਈ ਇਸ ਲਈ ਖਿੱਚ ਦਾ ਕੇਂਦਰ ਹਨ ਕਿ ਇਨ੍ਹਾਂ ਦੀ ਕੁਦਰਤੀ ਸੁੰਦਰਤਾ, ਸ਼ਕਤੀਸ਼ਾਲੀ ਪਾਣੀ ਦੇ ਵਹਾਅ ਅਤੇ ਅਣਗਿਣਤ ਆਕਰਸ਼ਕ ਦ੍ਰਿਸ਼ ਹਨ, ਉੱਥੇ ਇਹ ਝਰਨੇ ਸੈਲਾਨੀਆਂ ਦੇ ਮਨੋਰੰਜਨ ਦਾ ਮੁੱਖ ਕੇਂਦਰ ਹਨ। ਨਿਆਗਰਾ ਫਾਲ 'ਚ ਇਨ੍ਹਾਂ ਝਰਨਿਆ ਨੂੰ ਪੈਦਲ ਚੱਲ ਕੇ, ਜ਼ਿਪ ਲਾਈਨ, ਸਮੁੰਦਰੀ ਬੇੜੇ (ਕਰੂਜ਼), ਹੈਲੀਕਾਪਟਰ ਰਾਹੀ ਦੇਖ ਸਕਦੇ ਹਾਂ।

### ਪੈਦਲ ਚੱਲ ਕੇ ਦੇਖਣ ਦੇ ਨਜ਼ਾਰੇ

ਨਿਆਗਰਾ ਫਾਲ ਦਰਿਆ ਦੇ ਕੰਢੇ-ਕੰਢੇ ਪੱਕਾ ਸ਼ਾਨਦਾਰ ਰਸਤਾ ਮੌਜੂਦ ਹੈ। ਇਸ ਰਸਤੇ 'ਤੇ ਚਲਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ ਨਿਆਗਰਾ ਫਾਲ ਦੇ ਠਾਠਾਂ ਮਾਰਦੇ ਸਮੁੰਦਰੀ ਪਾਣੀ ਦੀ ਸ਼ਕਤੀ ਨੂੰ ਨੇੜਿਓਂ ਵੇਖ ਕੇ ਤਿੰਨ ਪ੍ਰਮੁੱਖ ਫਾਲਜ਼ ਦਾ ਬੇਹੱਦ ਖ਼ੂਬਸੂਰਤ ਅਤੇ ਰੋਮਾਂਚਕ ਅਨੁਭਵ ਹਾਸਲ ਕਰਦੇ ਹਨ। ਜਦੋਂ ਨਿਆਗਰਾ ਫਾਲ ਦਰਿਆ ਦੇ ਕੰਢੇ-ਕੰਢੇ ਪੈਦਲ ਚੱਲਦੇ ਹਾਂ ਤਾਂ ਪਾਣੀ ਦੇ ਝਰਨਿਆਂ ਦੀਆਂ ਆਵਾਜ਼ਾਂ ਬਿਲਕੁਲ ਸੰਗੀਤਮਈ ਧੁੰਨ ਵਰਗੀਆਂ ਮਹਿਸੂਸ ਹੁੰਦੀਆਂ ਹਨ, ਜਿਸ ਨੂੰ ਸੁਣ ਕੇ ਮਨ ਤਰੋਤਾਜ਼ਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਫਾਲਜ਼ ਦੇ ਪਾਣੀ ਦੀਆਂ ਪ੍ਰਕਿਰਤੀਆਂ ਸਭ ਤੋਂ ਸੁੰਦਰ ਤੇ ਸ਼ਾਨਦਾਰ ਰਚਨਾਵਾਂ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਡਿੱਗਦੇ ਪਾਣੀ ਤੋਂ ਅਸਮਾਨ ਵੱਲ ਉਠੀਆਂ ਬੱਦਲ ਦੀਆਂ ਲਹਿਰਾਂ, ਧੁੰਦ ਵਰਗਾ ਮੌਸਮ ਤੇ ਪਾਣੀ ਦੀਆਂ ਛੋਟੀਆਂ-ਛੋਟੀਆਂ ਬੂੰਦਾਂ ਨਿਆਗਰਾ ਫਾਲ ਖੇਤਰ ਵਿੱਚ ਮੀਲਾਂ ਦੂਰੀ 'ਤੇ ਜਦੋਂ ਪੈਂਦੀਆਂ ਹਨ ਤਾਂ ਗਰਮੀ ਦੇ ਇਸ ਮੌਸਮ ਵਿੱਚ ਠੰਢ ਤੇ ਤਾਜ਼ਗੀ ਵਿੱਚ ਅਲੱਗ ਜਿਹਾ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇਸ ਦੇ ਆਲੇ-ਦੁਆਲੇ ਹਰੇ-ਭਰੇ, ਰੰਗ-ਬਰੰਗੇ ਫੁੱਲਾਂ, ਸ਼ੁੱਧ ਵਾਤਾਵਰਣ, ਸੁੰਦਰ ਪਾਰਕ, ਬੱਚਿਆਂ ਲਈ ਮਨੋਰੰਜਨ ਦੇ ਕਈ ਸਾਧਨ, ਝੂਲੇ, ਪਾਰਕ ਖੂਬਸੂਰਤੀ ਦੀ ਅਗਵਾਈ ਭਰਦੇ ਹਨ। ਫਾਲਜ਼ ਦੇ ਸਾਹਮਣੇ ਆਲੀਸ਼ਾਨ ਹੋਟਲ, ਉੱਚੀਆਂ-ਉੱਚੀਆਂ ਦਿਲਕਸ਼ ਇਮਾਰਤਾਂ, ਸ਼ਾਨਦਾਰ ਸੜਕਾਂ, ਸੜਕਾਂ 'ਤੇ ਚੱਲਣ ਵਾਲੇ ਵਾਹਨ ਆਦਿ ਲੋਕਾਂ ਵਿੱਚ ਅਨੁਸ਼ਾਸਨ ਤੇ ਪਿਆਰ ਦੀ ਭਾਵਨਾ ਦੇਸ਼ ਪ੍ਰਤੀ ਸਲਾਹੁਣਯੋਗ ਕੰਮਾਂ ਦੀ ਤਰਜਮਾਨੀ ਕਰਦੇ ਹਨ।

ਨਿਆਗਰਾ ਫਾਲਜ਼ ਦਾ ਰਾਤ ਸਮੇਂ ਮਨਮੋਹਕ ਦ੍ਰਿਸ਼ ਹੋਰ ਵੀ ਖਿੱਚ ਭਰਪੂਰ ਬਣ ਜਾਂਦਾ ਹੈ, ਜਦੋਂ ਇਹਨਾਂ ਤਿੰਨ ਫਾਲਜ਼ ਉੱਪਰ ਰੰਗ-ਬਿਰੰਗੀਆਂ ਰੋਸ਼ਨੀਆਂ ਛੱਡੀਆਂ ਜਾਂਦੀਆਂ ਹਨ ਤਾਂ ਉਸ ਸਮੇ ਫਾਲਜ਼ ਦੀਆ ਧਾਰਾ ਜਗਮਗਾਉਂਦੀਆਂ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆ ਹਨ, ਜਿਸ ਦਾ ਅਨੁਭਵ ਯਾਦਗਾਰ ਪਲ ਬਣ ਜਾਂਦਾ ਹੈ।

ਨਿਆਗਰਾ ਫਾਲ ਵਿੱਖੇ ਬਾਕਮਾਲ ਆਤਿਸ਼ਬਾਜੀ ਵੀ ਰਾਤ ਸਮੇਂ ਸੈਲਾਨੀਆਂ ਲਈ ਮਨੋਰੰਜਨ ਭਰਪੂਰ ਹੈ, ਜਿਸ ਨੂੰ ਵੇਖ ਕੇ ਖਾਸ ਕਰਕੇ ਬੱਚੇ ਝੂਮ ਉਠਦੇ ਹਨ, ਦੂਸਰਾ ਰੰਗਬਰੰਗੀ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਨਿਆਗਰਾ ਫਾਲਜ਼ ਦੀਆਂ ਲਹਿਰਾਂ ਰੌਸ਼ਨੀ ਦੀ ਖੇਡ ਵਿੱਚ ਤਬਦੀਲ ਹੋ ਜਾਂਦੀਆਂ ਹਨ, ਜਿਸ ਨਾਲ ਸੈਲਾਨੀਆ ਨੂੰ ਇੱਕ ਆਨੰਦਮਈ ਅਤੇ ਮਨਮੋਹਕ ਨਜ਼ਾਰਾ ਆਉਂਦਾ ਹੈ।

ਨਿਆਗਰਾ ਫਾਲਜ਼ ਵਿੱਚ ਸਥਿਤ ਸਤਰੰਗੀ ਪੀਂਘ ਦੀ ਖੂਬਸੂਰਤੀ ਦਾ ਦ੍ਰਿਸ਼ ਕਮਾਲ ਦਾ ਹੁੰਦਾ ਹੈ। ਸ਼ਾਮ ਦੇ ਸਮੇਂ, ਜਦੋਂ ਸੂਰਜ ਡੁੱਬਣ ਲਗਦਾ ਹੈ, ਸਤਰੰਗੀ ਪੀਂਘ ਨਿਆਗਰਾ ਫਾਲਜ਼ ਉੱਪਰ ਗੇਟ ਵਾਂਗ ਦਿਖਾਈ ਦੇਣ ਲੱਗ ਪੈਂਦੀ ਹੈ ਤਾਂ ਇਹ ਸਤਰੰਗੀ ਪੀਂਘ ਦਾ ਦ੍ਰਿਸ਼ ਹਰ ਵੇਖਣ ਵਾਲੇ ਦੇ ਦਿਲ ਨੂੰ ਖੁਸ਼ੀ ਤੇ ਅਦਭੁਤਤਾ ਨਾਲ ਭਰ ਦਿੰਦਾ ਹੈ।

ਨਿਆਗਰਾ ਫਾਲਜ਼ ਦਰਿਆ, ਤਿੰਨ ਝਰਨੇ ਤੇ ਹੋਰ ਵੱਖ-ਵੱਖ ਖੂਬਸੂਰਤ ਦ੍ਰਿਸ਼ ਦੇਖਣ ਲਈ ਇਸੇ ਰਸਤੇ ਦੇ ਚਲਦੇ ਕੁਝ ਦੂਰਬੀਨ ਦਾ ਪੱਕੇ ਤੌਰ 'ਤੇ ਪ੍ਰਬੰਧ ਮੌਜੂਦ ਹੈ, ਜਿਸ ਦਾ ਲੁਤਫ ਤੇ ਵੱਖ-ਵੱਖ ਦ੍ਰਿਸ਼ ਦੇਖਣ ਲਈ ਸੈਲਾਨੀ ਇਨ੍ਹਾਂ ਦੂਰਬੀਨਾਂ ਦਾ ਇਸਤੇਮਾਲ ਕਰਦੇ ਹਨ।

**ਜਿਪ ਲਾਈਨ** : ਨਿਆਗਰਾ ਫਾਲ ਵਿਖੇ ਜਿਪ ਲਾਈਨ ਸੈਲਾਨੀਆਂ ਲਈ ਇੱਕ ਬੇਹਤਰੀਨ ਅਤੇ ਰੋਮਾਂਚਕ ਚਾਲਕ ਸਾਧਨ ਹੈ, ਜੋ ਕਿ ਦੁਨੀਆ ਭਰ ਦੇ ਸੈਲਾਨੀਆਂ ਲਈ ਇੱਕ ਖਾਸ ਆਕਰਸ਼ਣ ਹੈ। ਇਸ ਦੀ ਸ਼ੁਰੂਆਤ ਇੱਕ ਉੱਚ ਪਲੇਟਫਾਰਮ ਤੋਂ ਹੁੰਦੀ ਹੈ, ਜਿਥੋਂ ਤੁਸੀਂ ਨਿਆਗਰਾ ਫਾਲ ਦੀ ਸੁੰਦਰਤਾ ਨੂੰ ਕਾਫੀ ਉੱਚਾਈ ਤੋਂ ਡੂੰਘਾਈ ਵਿਚ ਦੇਖ ਸਕਦੇ ਹੋ ਅਤੇ ਜਿਪ ਲਾਈਨ 'ਤੇ ਸਵਾਰ ਹੋ ਕੇ ਦਰਿਆ ਦੇ ਜਲਵਿਆਂ ਦੇ ਨਾਲ-ਨਾਲ ਪ੍ਰਸਿੱਧ ਜਲਪ੍ਰਪਾਤਾਂ ਦੇ ਜ਼ੋਰਦਾਰ ਦ੍ਰਿਸ਼ ਵੇਖ ਸਕਦੇ ਹੋ। ਜਿਪ ਲਾਈਨ 'ਤੇ ਸਵਾਰ ਹੋ ਕੇ ਹਵਾ ਵਿੱਚ ਉਡਦਿਆਂ, ਹਵਾ ਦੀ ਸ਼ਾਂਤ, ਮਧੁਰ ਅਤੇ ਫਾਲ ਤੋਂ ਡਿੱਗਦੇ ਪਾਣੀ ਦੀ ਗਰਜਣ ਦੀ ਆਵਾਜ਼ ਵੀ ਸੁਣਾਈ ਦੇਵੇਗੀ। ਇਹ ਜਿਪ ਲਾਈਨ, ਜੋ ਤੁਹਾਡੇ ਅੰਦਰਲੇ ਜਨੂੰਨ ਨੂੰ ਜਗਾਉਂਦਾ ਹੈ ਅਤੇ ਇੱਕ ਅਜਿਹੀ ਯਾਦਗਾਰ ਯਾਤਰਾ ਬਣਾਉਂਦਾ ਹੈ, ਜੋ ਜੀਵਨ ਦੇ ਆਖ਼ਰੀ ਪਲਾਂ ਤੱਕ ਯਾਦ ਰਹਿੰਦੀ ਹੈ।

**ਸਮੁੰਦਰੀ ਬੇੜੇ (ਕਰੂਜ਼)** : ਨਿਆਗਰਾ ਫਾਲਜ਼ ਓਂਟਾਰੀਓ (ਪਾਣੀ ਦੇ ਝਰਨਿਆਂ) ਵਿਖੇ ਚੱਲਦੇ ਸਮੁੰਦਰੀ ਬੇੜਿਆ (ਕਰੂਜ਼) ਦੀ ਅੰਤਰਾਸ਼ਟਰੀ ਪੱਧਰ 'ਤੇ ਤੂਤੀ ਬੋਲਦੀ ਹੈ। ਬੇੜਿਆ ਦੇ ਝੂਟੇ ਤੇ ਬੇੜਿਆਂ 'ਤੇ ਚੜ੍ਹ ਕੇ ਵੱਖ-ਵੱਖ ਦ੍ਰਿਸ਼ ਦੇਖਣੇ ਵਾਹ-ਵਾਹ ਦੇ ਹੱਕਦਾਰ ਹਨ। ਇਸੇ ਲਈ ਇਹ ਜਗ੍ਹਾ ਹਮੇਸ਼ਾ ਹਜ਼ਾਰਾਂ ਸੈਲਾਨੀਆਂ ਨਾਲ ਭਰੀ ਰਹਿੰਦੀ ਹੈ। ਜਦੋਂ ਸਮੁੰਦਰੀ ਬੇੜਾ ਪਾਣੀ ਦੇ ਰਸਤੇ ਤੋਂ ਨਿਆਗਰਾ ਫਾਲਜ਼ ਦੇ ਨੇੜੇ ਪਹੁੰਚਦਾ ਹੈ, ਤਾਂ ਬੇੜੇ ਦਾ ਹਿਲਣਾ ਵਧ ਜਾਂਦਾ ਹੈ। ਦਰਿਆ ਦੇ ਪਾਣੀ ਦਾ ਵਹਾਅ ਤੇ ਉੱਤੋਂ-ਹੇਠਾਂ ਡਿੱਗ ਰਹੇ ਝਰਨੇ ਦੇ ਪਾਣੀ ਦੀ ਰਫ਼ਤਾਰ ਕਾਰਨ ਬੇੜੇ ਨੂੰ ਝਰਨੇ ਅੰਦਰ ਘੁਸਪੈਠ ਕਰਨੀ ਪੈਂਦਾ ਹੈ ਤਾਂ ਉਸ ਸਮੇਂ ਬੇੜੇ ਦੀ ਜ਼ੋਰਅਜ਼ਮਾਈ ਦੇਖਣ ਯੋਗ ਹੁੰਦੀ ਹੈ, ਜਦੋਂ ਬੇੜਾ ਫਾਲਜ਼ ਦੇ ਅੰਦਰ ਚਲਿਆ ਜਾਂਦਾ ਹੈ। ਉਸ ਸਮੇਂ ਪਾਣੀ ਦੀਆਂ ਧਾਰਾਂ ਤੇ ਪਾਣੀ ਦੀਆ ਛਿਟਾਂ ਸੈਲਾਨੀਆ ਨੂੰ ਆਪਣੀ ਬੁੱਕਲ ਵਿੱਚ ਲੈ ਲੈਂਦੀਆ ਹਨ ਤੇ ਫਿਰ ਪ੍ਰਬੰਧਕਾ ਵੱਲੋ ਮੁਹੱਈਆ ਕੀਤਾ ਰੇਨ ਕੋਟ ਵੀ ਨਾ ਪਾਉਣ ਦੇ ਬਰਾਬਰ ਵਾਲੀ ਗੱਲ ਹੋ ਜਾਂਦੀ ਹੈ, ਕਿਉਂਕਿ ਸੈਲਾਨੀ ਮੀਂਹ ਦੇ ਪੈਣ ਨਾਲ ਅੱਧ-ਪਚੱਧੇ ਭਰ ਜਾਂਦੇ ਹਨ, ਇਸ ਦੇ ਬਾਵਜੂਦ ਇਸ ਸਮੇ ਬੇੜੇ ਤੋਂ ਥੋੜ੍ਹਾ ਉੱਪਰ ਨਿਆਗਰਾ ਫਾਲ ਦੀਆਂ ਵਿਸ਼ਾਲ ਧਾਰਾਵਾਂ ਵੇਖੀਆਂ ਜਾ ਸਕਦੀਆਂ ਹਨ, ਜਿਹੜੀਆਂ ਸਮੁੰਦਰ ਵਾਂਗ ਡਿੱਗਦੀਆਂ ਹਨ, ਜੋ ਹੇਠਾਂ ਦਰਿਆ ਵਿੱਚ ਡਿੱਗ ਕੇ ਖੂਬਸੂਰਤੀ ਨੂੰ ਜਨਮ ਦਿੰਦੀਆਂ ਹਨ। ਇਸ ਸਮੇਂ ਹਵਾ ਦੀ ਤੇਜ਼ੀ ਅਤੇ ਪਾਣੀ ਦਾ ਨਿਰੰਤਰ ਛਿੜਕਾਅ ਮਿਲ ਕੇ ਸੈਲਾਨੀਆ ਨੂੰ ਆਪਣੇ ਰੰਗ ਵਿੱਚ ਰੰਗ ਲੈਂਦਾ ਹੈ, ਜੋ ਸੈਲਾਨੀਆਂ ਨੂੰ ਮੁੜ-ਮੁੜ ਆਉਣ ਲਈ ਪ੍ਰੇਰਿਤ ਕਰਦਾ ਹੈ।



**ਹੈਲੀਕਾਪਟਰ** : ਆਪਣੇ ਬਜਟ ਨੂੰ ਮੁੱਖ ਰੱਖਦਿਆ ਸੈਲਾਨੀ ਨਿਆਗਰਾ ਫਾਲਜ਼ ਦੀ ਚਮਕ-ਦਮਕ, ਆਲੇ-ਦੁਆਲੇ ਦੇ ਹਰੇ-ਭਰੀ ਮੈਦਾਨਾਂ, ਤਿੰਨਾਂ ਫਾਲਜ਼ ਦੀ ਖੂਬਸੂਰਤੀ, ਸ਼ਾਨਦਾਰ, ਵਿਸ਼ਾਲ ਤੇ ਉੱਚੀਆਂ ਇਮਾਰਤਾਂ, ਨਿਆਗਰਾ ਦਰਿਆ ਦੇ ਵੱਡੇ ਪਾਣੀ ਦੇ ਖਿੱਤੇ ਅਤੇ ਹੇਠਾਂ ਖੜੇ ਹੋਏ ਯਾਤਰੀਆਂ ਦੇ ਨਜ਼ਾਰਿਆਂ ਨੂੰ ਹੈਲੀਕਾਪਟਰ ਦੀ ਉਡਾਨ ਜ਼ਰੀਏ ਬਹੁਤ ਹੀ ਵਿਆਪਕ ਅਤੇ ਉੱਚਾਈ ਤੋਂ ਵੇਖ ਸਕਦੇ ਹੋ ਅਤੇ ਇਨ੍ਹਾਂ ਹੁਸੀਨ ਯਾਦਾਂ ਨੂੰ ਆਪਣੇ ਦਿਲ ਵਿੱਚ ਹਮੇਸ਼ਾ ਲਈ ਸਮਾਅ ਸਕਦੇ ਹੋ। ਗਰਮੀ ਦੀ ਰੁੱਤ ਵਿੱਚ ਬੱਚਿਆਂ ਨੂੰ ਸਕੂਲੀ ਛੁੱਟੀਆਂ ਹੋਣ ਕਾਰਕੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਤੋਂ ਸੈਲਾਨੀ ਨਿਆਗਰਾ ਫਾਲ ਦਾ ਨਜ਼ਾਰਾ ਲੈਣ ਲਈ ਰੋਜ਼ਾਨਾ ਵੱਡੀ ਗਿਣਤੀ ਵਿੱਚ ਆਉਂਦੇ ਹਨ ਤੇ ਮਹੌਲ ਇੱਥੇ ਪੂਰੇ ਮੇਲੇ ਵਰਗਾ ਬਣਿਆ ਹੁੰਦਾ ਹੈ। ਜੇ ਇਸ ਨਿਆਗਰਾ ਫਾਲ ਦੇ ਦਿਲਖਿੱਚਵੇਂ ਨਜ਼ਾਰੇ, ਇਸ ਦੀ ਖੂਬਸੂਰਤੀ, ਹਰਿਆ-ਭਰਿਆ ਸ਼ੁੱਧ ਵਾਤਾਵਰਣ, ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ, ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਦਾ ਲੋਕਾ ਨੂੰ ਮਿਲਦਾ ਪੂਰਨ ਸਹਿਯੋਗ, ਵਧੀਆ ਅਨੁਸ਼ਾਸਸਨ ਆਦਿ ਦੇ ਜੇ ਤੁਸੀਂ ਵੀ ਨਜ਼ਾਰੇ ਦੇਖਣੇ ਚਾਹੁੰਦੇ ਹੋ ਤਾਂ ਕੈਨੇਡਾ ਦੇ ਨਿਯਮਾਂ ਨੂੰ ਮੁੱਖ ਰੱਖਦੇ ਹੋਏ ਪਹੁੰਚ ਜਾਓ ਕੈਨੇਡਾ ਦਾ ਨਿਆਗਰਾ ਫਾਲ ਦੇਖਣ ਲਈ।

**— ਰਾਜਿੰਦਰ ਸਿੰਘ ਰਾਜਨ ਪਠਾਨਕੋਟ**

ਸੰਪਰਕ 94174-27656

# ਬਾਲ ਕੋਨਾ









ਇਹ ਸਾਰੀਆਂ ਤਸਵੀਰਾਂ ਅਰੋਹੀ ਸ਼ਰਮਾ, ਪੰਜਵੀਂ, ਕੇਂਦਰੀ ਵਿਦਿਆਲਿਆ ਟੀ ਪੀ ਬਲਾਕ ਪੀਤਮਪੁਰਾ, ਨਵੀਂ ਦਿੱਲੀ ਦੀਆਂ ਹਨ।